# ਅਜ਼ਾਦੀ-ਲਹਿਰ, ਦੇਸ਼-ਭਗਤ ਅਜ਼ਾਦੀ-ਘੁਲਾਟੀਏ

## ਅਤੇ

# ਗੁਰਦੁਆਰਾ ਸੁਧਾਰ ਲਹਿਰ ਦੇ ਯੋਧੇ

## ਜਿਲ੍ਹਾ ਤਰਨਤਾਰਨ

ਜਸਵਿੰਦਰ ਸਿੰਘ ਮਾਣੋ ਚਾਹਲ

ਪ੍ਰਕਾਸ਼ਕ : ਅਜ਼ਾਦ ਬੁੱਕ ਡਿਪੂ, ਹਾਲ ਬਜ਼ਾਰ, ਅੰਮ੍ਰਿਤਸਰ

| | |
|---|---|
| **ਅਜ਼ਾਦੀ ਲਹਿਰ, ਦੇਸ਼-ਭਗਤ ਆਜ਼ਾਦੀ-ਘੁਲਾਟੀਏ** | **AZADI LEHAR, DESH-GHAGT, AZADI-GULATIE** |
| **ਅਤੇ ਗੁਰਦੁਆਰਾ ਸੁਧਾਰ ਲਹਿਰ ਦੇ ਯੋਧੇ** | **ATE GURDURA SUDHAR LEHAR DE YODHE** |


| | |
|---|---|
| **ਲੇਖਕ :** | **WRITER :** |
| **ਜਸਵਿੰਦਰ ਸਿੰਘ ਮਾਣੋ ਚਾਹਲ** | **JASWINDER SINGH MANO CHAHAL** |
| **ਪਾਰਕ ਐਵੇਨਿਊ, ਤਰਨ ਤਾਰਨ** | **PARK AVENUE, TARN-TARAN** |
| **ਮੋ: ਨੰ: 9463613035** | **Mob. No. 9463613035** |

**Email : jmanochahal54@gmail.com**



All rights are reserved



ISBN :

1st Edition : 2026

ਮੁੱਲ :

PUBLISHERS : AZAD BOOK DEPOT

HALL BAZAAR AMRITSAR


ਇਸ ਕਲਮ ਤੋਂ ਪਹਿਲੀਆਂ ਲਿਖਤਾਂ :-

1. ਵਰਦੀ ਦਾ ਮੁੱਲ (ਕਹਾਣੀ ਸੰਗ੍ਰਹਿ)
2. ਮੈਂ ਜਾਣਿਆ ਦੁਖ ਮੁਝ ਕੋ (ਸਵੈ ਬਿਰਤਾਂਤ)
3. ਬਦਲੇ ਰੰਗ ਪੰਜਾਬ ਦੇ (ਵਾਰਤਕ)
4. ਮੇਰਾ ਪਿਡ ਤੇ ਮੇਰੇ ਲੋਕ (ਵਾਰਤਕ)
5. 19 ਕਲਮਾਂ 72 ਰੰਗ
6. ਦਲਦਲ (ਕਹਾਣੀ ਸੰਗ੍ਰਹਿ)
7. ਸੁਲ਼ਗਦੇ ਹਰਫ਼ਾਂ ਦੀ ਲੋਅ (ਕਾਵਿ ਸੰਗ੍ਰਹਿ)

ਸੇਵਾ ਦੇਸ਼ ਦੀ ਜਿੰਦੜੀਏ ਬਹੁਤ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।

ਜਿਨ੍ਹਾਂ ਦੇਸ਼-ਸੇਵਾ ਵਿੱਚ ਪੈਰ ਪਾਇਆ, ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

ਸ਼ਹੀਦ ਕਰਤਾਰ ਸਿੰਘ ਸਰਾਭਾ

ਬੱਬਰ ਅਕਾਲੀ ਲਹਿਰ ਦੇ ਪਹਿਲੇ ਛੇ ਸ਼ਹੀਦਾਂ ਦੀ ਸ਼ਹੀਦੀ ਦੇ (ਮਿਤੀ 27 ਫ਼ਰਵਰੀ 1926 ਤੋਂ 27 ਫ਼ਰਵਰੀ 2027 ਤੱਕ) ਸੌ ਸਾਲ ਪੂਰੇ ਹੋਣ ਦੀ ਯਾਦ ਵਿੱਚ

ਸਮਰਪਿਤ : ਉਹਨਾਂ ਸਾਰੇ ਦੇਸ਼-ਭਗਤ ਅਜ਼ਾਦੀ-ਘੁਲਾਟੀਆਂ ਨੂੰ ਜਿਨਾਂ ਨੇ ਦੇਸ਼ ਦੀ ਅਜ਼ਾਦੀ ਲਈ ਆਪਣੇ ਤੇ ਆਪਣੇ ਪਰਿਵਾਰਾਂ ਦੇ ਸਾਰੇ ਸੁਖ-ਸਹੂਲਤਾਂ ਕੁਰਬਾਨ ਕਰਕੇ ਅਸਹਿ ਦੁੱਖ ਅਤੇ ਮੁਸੀਬਤਾਂ ਸਹਾਰੀਆਂ।

ਅਤੇ

ਉਹਨਾਂ ਸਾਰੇ ਪਰਿਵਾਰਾਂ ਨੂੰ ਵੀ ਜਿਨ੍ਹਾਂ ਨੂੰ ਆਪਣੇ ਵਡੇਰਿਆਂ ਵੱਲੋਂ ਦੇਸ਼-ਸੇਵਾ ਲਈ ਕੀਤੀਆਂ ਕੁਰਬਾਨੀਆਂ ਤੇ ਮਾਣ ਹੈ।

1. ਤਸਵੀਰ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਤਰਨਤਾਰਨ

2. ਨਕਸ਼ਾ ਜਿਲ੍ਹਾ ਤਰਨਤਾਰਨ

3. ਤਸਵੀਰ ਜਹਾਜ਼ ਕਾਮਾਗਾਟਾ ਮਾਰੂ

4. ਤਸਵੀਰ ਪੰਜ ਦੇਸ਼-ਭਗਤ ਕਿਸਾਨ ਮੋਰਚਾ 1938

**ਦੇਸ਼-ਭਗਤਾਂ ਦੀਆਂ ਫੋਟੋਆਂ**

| | | | |
|---|---|---|---|
| ਬਾ. ਗੁਰਦਿੱਤ ਸਿੰਘ | ਭਾ: ਭਾਗ ਸਿੰਘ ਭਿੱਖੀਵਿੰਡ | ਬਾ.ਵਿਸਾਖਾ ਸਿੰਘ ਦਦੇਹਰ | ਭਾ: ਹਜ਼ਾਰਾ ਸਿੰਘ ਦਦੇਹਰ |
| ਭਾ ਕੇਸਰ ਸਿੰਘ ਠੱਠਗੜ੍ਹ | ਬਾਬਾ ਸੁੱਚਾ ਸਿੰਘ ਚੋਹਲਾ | ਭਾ. ਮੋਹਨ ਸਿੰਘ ਵੈਦ | ਸ੍ਰ. ਤੇਜਾ ਸਿੰਘ ਸਮੁੰਦਰੀ |
| ਸ਼. ਊਧਮ ਸਿੰਘ ਕਸੇਲ | ਜਗਤ ਸਿੰਘ ਸੁਰਸਿੰਘ | ਸੋਹਨ ਲਾਲ ਪਾਠਕ ਪੱਟੀ | ਭਾ: ਸੰਤਾ ਸਿੰਘ ਗੰਡੀਵਿੰਡ |
| ਜਥੇਦਾਰ ਤੇਜਾ ਸਿੰਘ ਭੁੱਚਰ | ਬਾਬਾ ਬਿਸ਼ਨ ਸਿੰਘ ਪਹਿਲਵਾਨ ਦਦੇਹਰ | ਬਾਬਾ ਬਿਸ਼ਨ ਸਿੰਘ ਦਦੇਹਰ | ਦਫ਼ੇਦਾਰ ਲਛਮਣ ਸਿੰਘ ਚੂਸਲੇਵਵ |
| ਮੰਗਲ ਸਿੰਘ ਲਾਲਪੁਰ | ਕਿਹਰ ਸਿੰਘ ਮਰਾਹਣਾ | ਸ਼ਹੀਦ ਕਾਲਾ ਸਿੰਘ ਜਗਤਪੁਰ | ਸ਼ਹੀਦ ਹਰਨਾਮ ਸਿੰਘ ਠੱਠੀਖਾਰਾ |
| ਸ਼ਹੀਦ ਆਤਮਾਸਿੰਘ ਠੱਠੀਖਾਰਾ | ਸ੍ਰ ਪਰਤਾਪ ਸਿੰਘ ਕੈਰੋਂ | ਕਾ ਜਗਜੀਤ ਸਿੰਘ ਆਨੰਦ | ਕਾ ਦਰਸ਼ਨ ਸਿੰਘ ਝਬਾਲ |

ਤਰਤੀਬ

ੳ) ਦੋ ਸ਼ਬਦ ਆਪਣੇ ਵੱਲੋਂ
ਅ) ਜਿਲ੍ਹਾ ਤਰਨ ਤਾਰਨ ਬਾਰੇ ਆਮ ਜਾਣਕਾਰੀ
1. ਅੰਗਰੇਜ਼ਾਂ ਦੀ ਭਾਰਤ ਵਿਚ ਆਮਦ
2. ਅੰਗਰੇਜ਼ ਹਕੂਮਤ ਵਿਰੁੱਧ ਆਦਿ-ਵਾਸੀ ਸੰਘਰਸ਼ ਅਤੇ ਵਿਦਰੋਹ
3. ਕਾਲ਼ਿਆਂ ਵਾਲ਼ੇ ਖੂਹ ਦੀ ਘਟਨਾ
4. ਅੰਗਰੇਜ਼ ਸਾਮਰਾਜ ਦੇ ਵਿਰੋਧੀ (ਬਾਗ਼ੀ-ਪੰਜਾਬੀ) ਡਾਕੂ
5. ਨਾਮਧਾਰੀ ਲਹਿਰ
6. ਪਗੜੀ ਸੰਭਾਲ ਲਹਿਰ
7. ਕਾਲ਼ੇ ਪਾਣੀਆਂ ਦੀ ਦਾਸਤਾਨ
8. ਕਾਮਾਗਾਟਾ ਮਾਰੂ ਦਾ ਦੁਖਾਂਤ
9. ਗ਼ਦਰ ਲਹਿਰ
10. ਜੱਲ੍ਹਿਆਂਵਾਲ਼ੇ ਬਾਗ ਦਾ ਖ਼ੂਨੀ ਕਾਰਾ
11. ਬੱਬਰ ਅਕਾਲੀ ਲਹਿਰ
12. 21 ਵੇਂ ਰਸਾਲੇ ਦੇ ਦੇਸ਼-ਭਗਤ
13. ਕਾਂਗਰਸ ਅਤੇ ਅਜ਼ਾਦੀ ਲਹਿਰ
14. ਸ਼ਹੀਦ ਭਗਤ ਸਿੰਘ ਤੇ ਕਮਿਊਨਿਸਟ ਲਹਿਰ
15. ਕਿਸਾਨ ਮੋਰਚਾ ਲਹੌਰ-1938-39
16. ਹਰਸ਼ਾ ਛੀਨਾ ਮੋਘਾ ਮੋਰਚਾ
17. ਰਿਆਸਤੀ ਪਰਜਾ ਮੰਡਲ, ਮੁਜ਼ਾਰਾ ਲਹਿਰ ਅਤੇ ਤਿਲੰਗਾਨਾ ਦਾ ਜ਼ਮੀਨੀ ਘੋਲ਼
18. ਅਕਾਲੀ ਅਤੇ ਗੁਰਦੁਆਰਾ ਸੁਧਾਰ ਲਹਿਰ
19. ਅਜ਼ਾਦ ਹਿੰਦ ਫੌਜ
20. ਸ਼ਹੀਦਾਂ ਦੀ ਰਾਜਧਾਨੀ ਪਿੰਡ ਸੁਰ ਸਿੰਘ
21. ਦੇਸ਼-ਭਗਤਾਂ ਦੀਆਂ ਜੀਵਨ-ਯਾਦਾਂ
21.1 ਬਾਬਾ ਗੁਰਦਿੱਤ ਸਿੰਘ ਸਰਹਾਲ਼ੀ
21.2 ਭਾਈ ਭਾਗ ਸਿੰਘ ਭਿੱਖੀਵਿੰਡ
21.3 ਬਾਬਾ ਕੇਸਰ ਸਿੰਘ ਠੱਠਗੜ੍ਹ
21.4 ਬਾਬਾ ਵਿਸਾਖਾ ਸਿੰਘ ਦਦੇਹਰ ਸਾਹਿਬ
21.5 ਭਾਈ ਹਜ਼ਾਰਾ ਸਿੰਘ ,, ,,
21.6 ਬਾਬਾ ਈਸ਼ਰ ਸਿੰਘ ਮਰਹਾਣਾ
21.7 ਬਾਬਾ ਸੁੱਚਾ ਸਿੰਘ ਚੋਹਲਾ ਸਾਹਿਬ
21.8 ਬਾਬਾ ਸ਼ੇਰ ਸਿੰਘ ਵੇਈਂ ਪੂਈਂ
21.9 ਭਾਈ ਮੋਹਨ ਸਿੰਘ ਵੈਦ
21.10 ਲ਼ਾਲਾ ਰਾਮ ਨਾਥ ਪੁਰੀ
21.11 ਭਾਈ ਊਧਮ ਸਿੰਘ ਕਸੇਲ
21.12 ਸ੍ਰ ਤੇਜਾ ਸਿੰਘ ਸਮੁੰਦਰੀ
21.13 ਸ੍ਰ ਸੋਹਨ ਸਿੰਘ ਖਡੂਰ ਸਾਹਿਬ

21.14 ਸ਼ਹੀਦ ਸੋਹਨ ਲਾਲ ਪਾਠਕ ਪੱਟੀ
21.15 ਭਾਈ ਭਗਵਾਨ ਸਿੰਘ ਪ੍ਰੀਤਮ
21.16 ਬਾਬਾ ਮੇਹਰ ਸਿੰਘ ਅਲੀ ਪੁਰ
21.17 ਬਾਬਾ ਸੰਤਾ ਸਿੰਘ ਗੰਡੀਵਿੰਡ
21.18 ਜਥੇਦਾਰ ਤੇਜਾ ਸਿੰਘ ਭੁੱਚਰ
21.19 ਗ਼ਦਰੀ ਹਰਨਾਮ ਸਿੰਘ ਠੱਠੀਖਾਰਾ
21.20 ਗ਼ਦਰੀ ਸ਼ਹੀਦ ਬਾਬਾ ਜਿੰਦਰ ਸਿੰਘ ਦੂਧਾਧਾਰੀ
21.21 ਸ੍ਰ ਅਮਰ ਸਿੰਘ ਝਬਾਲ
21.22 ਸ੍ਰ ਸੋਭਾ ਸਿੰਘ ਮਰਹਾਣਾ
21.23 ਸ੍ਰ ਪਰਸਾ ਸਿੰਘ ਨੌਰੰਗਾਬਾਦ
21.24 ਸ੍ਰ ਸਰਮੁਖ ਸਿੰਘ ਝਬਾਲ
21.25 ਸ੍ਰ ਜਸਵੰਤ ਸਿੰਘ ਝਬਾਲ
21.26 ਜਥੇਦਾਰ ਊਧਮ ਸਿੰਘ ਨਾਗੋ ਕੇ
21.27 ਸ੍ਰ ਸੇਵਾ ਸਿੰਘ ਸੇਵਕ
21.28 ਅਣਗੌਲ਼ਿਆ ਦੇਸ਼-ਭਗਤ ਇੰਦਰ ਸਿੰਘ ਮਰਾਰੀ
21.29 ਜਥੇਦਾਰ ਮੋਹਨ ਸਿੰਘ ਨਾਗੋ ਕੇ
21.30 ਗਿਆਨੀ ਸ਼ੰਕਰ ਸਿੰਘ
21.31 ਸ੍ਰ ਈਸ਼ਰ ਸਿੰਘ ਮਝੈਲ
21.32 ਸ੍ਰ ਪ੍ਰਤਾਪ ਸਿੰਘ ਕੈਰੋਂ
21.33 ਸ੍ਰ ਕਰਨੈਲ ਸਿੰਘ ਜੌਹਲ ਰਾਜੂ ਸਿੰਘ
21.34 ਬਾਬਾ ਅਰਜਨ ਸਿੰਘ ਗੜਗੱਜ
21.35 ਸ੍ਰ ਜਸਵੰਤ ਸਿੰਘ ਕੈਰੋਂ
21.36 ਸ੍ਰ ਸੋਹਨ ਸਿੰਘ ਨੌਰੰਗਾਬਾਦ
21.37 ਸ੍ਰ ਹਰਨਾਮ ਸਿੰਘ ਕਾਹਨਾ
21.38 ਗਿਆਨੀ ਪ੍ਰੀਤਮ ਸਿੰਘ ਸਰਲੀ
21.39 ਸ੍ਰ ਜੋਗਿੰਦਰ ਸਿੰਘ ਤਰਨਤਾਰਨ
21.40 ਗਿਆਨੀ ਕਰਤਾਰ ਸਿੰਘ ਟੱਲੀ ਵਾਲ਼ਾ
21.41 ਸ੍ਰ ਜੋਗਿੰਦਰ ਸਿੰਘ ਸ਼ਾਂਤ
21.42 ਸ੍ਰੀ ਰਾਮ ਨਾਥ ਤਰਨਤਾਰਨ
21.43 ਸ੍ਰ ਗੁਰਦਿਆਲ ਸਿੰਘ ਢਿੱਲੋਂ
21.44 ਜਥੇਦਾਰ ਮੋਹਨ ਸਿੰਘ ਤੁੜ
21.45 ਸ੍ਰੀ ਹਰਭਜਨ ਦਾਸ ਸੋਹਲ
21.46 ਸ੍ਰੀ ਲਛਮਣ ਦਾਸ ਨੰਦ ਪੁਰ
21.47 ਸ੍ਰ ਬਚਿੱਤਰ ਸਿੰਘ ਮਾੜੀ ਕੰਬੋ ਕੇ
21.48 ਸ੍ਰ ਸੁਰਿੰਦਰ ਸਿੰਘ ਕੰਵਲ
21.49 ਸਵਾਮੀ ਦਰਸ਼ਨ ਦਾਸ
21.50 ਕਾਮਰੇਡ ਜਗਜੀਤ ਸਿੰਘ ਆਨੰਦ

21.51 ਕਾਮਰੇਡ ਦਰਸ਼ਨ ਸਿੰਘ ਝਬਾਲ
21.52 ਸ੍ਰ ਮੱਸਾ ਸਿੰਘ ਨੰਦ ਪੁਰ
21.53 -100 ਕੁਝ ਦੇਸ਼-ਭਗਤ ਹੋਰ
21.101-133 ਚੋਹਲਾ ਸਾਹਿਬ ਦੇ ਦੇਸ਼-ਭਗਤ

21.134-757 ਹੋਰ ਅਜ਼ਾਦੀ ਘੁਲਾਟੀਆਂ ਦੇ ਬਹੁਤ ਸੰਖੇਪ ਵੇਰਵੇ

# ਮੁੱਖ-ਬੰਦ

## ਦੋ ਆਪਣੇ ਵੱਲੋਂ

ਮੈਂ ਇਤਿਹਾਸਕਾਰ ਨਹੀ ਹਾਂ ਪਰ ਇਤਿਹਾਸ ਦਾ ਪਾਠਕ ਜਰੂਰ ਹਾਂ। ਫਿਰ ਇਤਿਹਾਸ ਦੀਆਂ ਵਿੱਥਾਂ-ਖੂੰਜਾਂ ਫਰੋਲ਼ਦੀ ਇਹ ਪੁਸਤਕ ਲਿਖਣ ਲਈ ਮੇਰਾ ਹੌਂਸਲਾ ਕਿਵੇਂ ਪਿਆ? ਜਾਂ ਉਹ ਕਿਹੜੇ ਕਾਰਨ ਹਨ ਜਿਹਨਾਂ ਨੇ ਮੈਨੂੰ ਇਸ ਕੰਮ ਲਈ ਪ੍ਰੇਰਿਤ ਕੀਤਾ? ਇਹ ਗੱਲ ਮੈਂ ਪਾਠਕਾਂ ਨਾਲ ਸਾਂਝੀ ਕਰਨੀ ਚਹੁੰਦਾ ਹਾਂ। ਇਸ ਦਾ ਇਕ ਕਾਰਨ ਤਾਂ ਇਹ ਹੈ ਕਿ ਕੁਝ ਸਾਲ ਪਹਿਲਾਂ ਮੈਨੂੰ ਸ੍ਰ ਸੁਖਬੀਰ ਸਿੰਘ ਆਈ. ਏ. ਐਸ. ਡਿਪਟੀ ਕਮਿਸ਼ਨਰ ਅੰਮ੍ਰਿਤਸਰ ਵੱਲੋਂ ਛਪਵਾਈ ਗਈ ਪੁਸਤਕ "ਸੁਤੰਤਰਤਾ ਸੰਗ੍ਰਾਮੀਏਂ ਜਿਲ੍ਹਾ ਅੰਮ੍ਰਿਤਸਰ" ਪੜ੍ਹਨ ਦਾ ਮੌਕਾ ਮਿਲਿਆ ਸੀ। ਜਿਸ ਸਮੇਂ ਉਹ ਪੁਸਤਕ ਲਿਖੀ ਗਈ ਸੀ ਉਸ ਸਮੇਂ ਜਿਲ੍ਹਾ ਤਰਨਤਾਰਨ ਅੰਮ੍ਰਿਤਸਰ ਦਾ ਹੀ ਹਿੱਸਾ ਸੀ। 2006 ਵਿਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਚਾਰ ਸੌ ਸਾਲਾ ਸ਼ਹੀਦੀ ਸ਼ਤਾਬਦੀ ਦੇ ਮੌਕੇ ਤਰਨਤਾਰਨ ਨੂੰ ਵੱਖਰਾ ਜਿਲ੍ਹਾ ਬਣਾ ਦਿੱਤਾ ਸੀ। ਅੰਮ੍ਰਿਤਸਰ ਵਾਲ਼ੀ ਉਸ ਪੁਸਤਕ ਦਾ ਚੇਤਾ ਕਰਦਿਆਂ ਮੇਰੇ ਮਨ 'ਚ ਜਿਲ੍ਹਾ ਤਰਨਤਾਰਨ ਦੇ ਦੇਸ਼-ਭਗਤ ਅਜ਼ਾਦੀ-ਘੁਲਾਟੀਆਂ ਬਾਰੇ ਵੱਖਰੀ ਪੁਸਤਕ ਲਿਖਣ ਦਾ ਖਿਆਲ ਆਇਆ। ਦੇਸ਼ ਦੀ ਅਜ਼ਾਦੀ ਲਈ ਜਾਨਾਂ ਵਾਰਨ ਵਾਲ਼ੇ ਦੇਸ਼-ਭਗਤਾਂ ਦਾ ਪਰਿਵਾਰ ਬਹੁਤ ਵੱਡਾ ਹੈ ਇਸ ਲਈ ਪਹਿਲਾਂ ਸਾਨੂੰ ਆਪਣੇ ਜਿਲ੍ਹੇ ਦੇ ਦੇਸ਼-ਭਗਤਾਂ ਬਾਰੇ ਜਾਣਕਾਰੀ ਹੋਣੀ ਜ਼ਰੂਰੀ ਹੈ।

ਦੂਸਰਾ ਕਾਰਨ ਇਹ ਹੈ ਕਿ ਦੇਸ਼ ਦੀ ਅਜ਼ਾਦੀ ਲਈ ਕੁਰਬਾਨੀਆਂ ਕਰਨ ਵਾਲੇ ਹਜ਼ਾਰਾਂ ਦੇਸ਼-ਭਗਤਾਂ ਦਾ ਮੇਰੇ ਸਿਰ ਜੋ ਕਰਜ਼ਾ ਹੈ, ਇਹ ਪੁਸਤਕ ਲਿਖ ਕੇ ਉਹਦਾ ਕੁਝ ਹਿੱਸਾ ਮੋੜਨ ਦੀ ਤਸੱਲੀ ਹਾਸਲ ਕਰਨਾ। ਤੀਸਰਾ ਕਾਰਨ ਮੇਰਾ ਆਪਣੇ ਵਿਹਲੇ ਸਮੇਂ ਦੀ ਸੁਚੱਜੀ ਵਰਤੋਂ ਕਰਨਾ ਹੈ।ਪਿਛਲੇ ਸਾਲ ਜਦੋਂ ਸਤਵੀਂ ਪੁਸਤਕ 'ਸੁਲਗਦੇ ਹਰਫ਼ਾਂ ਦੀ ਲੋਅ' ਛਪਣ ਲਈ ਪ੍ਰੈਸ ਨੂੰ ਭੇਜ ਕੇ ਵਿਹਲਾ ਹੋਇਆ ਤਾਂ ਮੈਂ ਇਸ ਪੁਸਤਕ ਲਈ ਸਮਗਰੀ ਇਕੱਠੀ ਕਰਨ ਦਾ ਮਨ ਬਣਾਇਆ। ਇਹ ਗੱਲ ਜਦੋਂ ਮੈਂ ਇਤਿਹਾਸ ਦੇ ਲੇਖਕ ਡਾ. ਅਜਮੇਰ ਸਿੰਘ ਨਾਲ਼ ਸਾਂਝੀ ਕੀਤੀ ਤਾਂ ਉਹਨਾਂ ਨੇ ਨਾ ਕੇਵਲ ਮੇਰੇ ਇਸ ਫ਼ੈਸਲੇ ਦੀ ਸਰਾਹਨਾ ਕਰਕੇ ਮੇਰੀ ਹੌਂਸਲਾ-ਅਫ਼ਜ਼ਾਈ ਕੀਤੀ ਸਗੋਂ ਕੁਝ ਹਵਾਲਾ-ਪੁਸਤਕਾਂ ਵੀ ਸੁਝਾਈਆਂ ਅਤੇ ਕੁਝ ਆਪਣੇ ਕੋਲੋਂ ਵੀ ਦਿੱਤੀਆਂ। ਮੈਂ ਉਹਨਾਂ ਦਾ ਤਹਿ ਦਿਲੋਂ ਧੰਨਵਾਦੀ ਹਾਂ।ਮੈਂ ਸ੍ਰ ਸੁਰਜੀਤ ਸਿੰਘ ਭੁੱਚਰ ਪੋਤਰਾ ਜਥੇਦਾਰ ਤੇਜਾ ਸਿੰਘ ਭੁੱਚਰ ਦਾ ਵੀ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਲੋੜੀਂਦੀ ਜਾਣਕਾਰੀ ਦੇ ਕੇ ਪੁਸਤਕ ਲਿਖਣ ਲਈ ਹੱਲਾਸ਼ੇਰੀ ਦਿੱਤੀ।

ਇਹ ਇਤਿਹਾਸਕ ਕਾਰਜ ਪੂਰਾ ਕਰਨ ਲਈ ਹਵਾਲਾ ਪੁਸਤਕਾਂ ਉਪਲੱਬਧ ਕਰਾਉਣ ਲਈ ਭਾਈ ਮੋਹਨ ਸਿੰਘ ਜੀ ਵੈਦ ਯਾਦਗਾਰੀ ਲਾਇਬ੍ਰੇਰੀ ਦੇ ਇਨਚਾਰਜ ਭਾਈ ਦੀਦਾਰ ਸਿੰਘ ਅਤੇ ਸ੍ਰ ਤਾਰਾ ਸਿੰਘ ਜੀ ਦਾ ਵੀ ਧੰਨਵਾਦ ਕਰਨਾ ਬਣਦਾ ਹੈ ਜਿਹਨਾਂ ਨੇ ਆਪ ਖੇਚਲ ਕਰਕੇ ਲਾਇਬ੍ਰੇਰੀ ਦੀਆਂ ਅਲਮਾਰੀਆਂ ਫੋਲ ਕੇ ਪੁਸਤਕਾਂ ਲੱਭ ਕੇ ਦਿੱਤੀਆਂ। ਭਾਈ ਦੀਦਾਰ ਸਿੰਘ ਜੀ ਤਾਂ ਕੋਈ ਪੁਸਤਕ ਲਾਇਬ੍ਰੇਰੀ ਵਿੱਚ ਨਾ ਮਿਲੇ ਤਾਂ ਉਚੇਚੀ ਅੰਮ੍ਰਿਤਸਰ ਤੋਂ ਵੀ ਮੰਗਵਾ ਦੇਂਦੇ ਹਨ। ਇਹੋ ਜਿਹੇ ਸੱਜਣਾਂ ਦੀ ਇਹ ਸੇਵਾ ਵੀ ਕੁਝ ਪੜ੍ਹਨ-ਲਿਖਣ ਦੀ ਪ੍ਰੇਰਨਾ ਦੇਂਦੀ ਹੈ। ਮੈਂ ਸ੍ਰ ਗੁਰਪ੍ਰੀਤ ਸਿੰਘ ਗੰਡੀਵਿੰਡ ਅਤੇ ਤਰਕਸ਼ੀਲ ਆਗੂ ਸੁਖਵਿੰਦਰ ਸਿੰਘ ਖਾਰਾ ਦਾ ਵੀ ਧੰਨਵਾਦੀ ਹਾਂ ਜਿਹਨਾਂ ਨੇ ਕ੍ਰਮਵਾਰ 'ਗ਼ਦਰੀ ਬਾਬਾ ਸੰਤਾ ਸਿੰਘ ਗੰਡੀਵਿੰਡ', 'ਗ਼ਦਰੀ ਬਾਬਾ ਵਿਸਾਖਾ ਸਿੰਘ ਦਦੇਹਰ ਸਾਹਿਬ' ਅਤੇ 'ਗ਼ਦਰੀ ਬਾਬਾ ਸੁੱਚਾ ਸਿੰਘ ਚੋਹਲਾ ਸਾਹਬ' ਵਰਗੀਆਂ ਦੁਰਲੱਭ ਪੁਸਤਕਾਂ ਮੇਰੇ ਹੱਥਾਂ ਵਿਚ ਦਿੱਤੀਆਂ। ਮੈਂ ਉਹਨਾਂ ਸਾਰੇ ਇਤਿਹਾਸ ਦੇ ਵਿਦਵਾਨਾਂ ਦਾ ਵੀ ਰਿਣੀ ਹਾਂ ਜਿਹਨਾਂ ਦੀਆਂ ਪੁਸਤਕਾਂ ਮੈਂ ਹਵਾਲੇ ਵਜੋਂ ਵਰਤੀਆਂ ਹਨ। ਮੈਂ ਜਿਲ੍ਹਾ ਤਰਨਤਾਰਨ ਦੇ ਵੱਧ ਤੋਂ ਵੱਧ ਸੰਘਰਸ਼ੀ ਯੋਧਿਆਂ, ਦੇਸ਼-ਭਗਤ ਅਜ਼ਾਦੀ ਘੁਲਾਟੀਆਂ ਅਤੇ ਗੁਰਦੁਆਰਾ ਸੁਧਾਰ ਲਹਿਰ ਵਿਚ ਕੁਰਬਾਨੀਆਂ ਦੇਣ ਵਾਲ਼ੇ ਯੋਧਿਆਂ ਦੇ ਵੇਰਵੇ ਇਕੱਠੇ ਕਰਕੇ ਛਾਪਣ ਦਾ ਜਤਨ ਕੀਤਾ ਹੈ ਫਿਰ ਵੀ ਹੋ ਸਕਦਾ ਹੈ ਕਿ ਕਿਧਰੇ ਕੋਈ ਨਾਮ ਲਿਖਣੋ ਰਹਿ ਗਿਆ ਹੋਵੇ, ਇਸ ਲਈ ਮੈਂ ਦੇਸ਼-ਭਗਤ ਪਰਿਵਾਰਾਂ ਤੋਂ ਖ਼ਿਮਾ ਦਾ ਯਾਚਕ ਹਾਂ। ਮੇਰੇ ਵਰਗੇ ਕੱਚ-ਘਰੜ ਲਿਖਾਰੀ ਲਈ ਏਡੇ ਵੱਡੇ ਖਿਲਾਰੇ ਵਿੱਚ ਇਹ ਵੀ ਹੋ ਸਕਦਾ ਹੈ ਕਿ ਕਿਸੇ ਦੇਸ਼-ਭਗਤ ਦਾ ਨਾਂ ਦੋ ਵਾਰ ਲਿਖਿਆ ਗਿਆ ਹੋਵੇ, ਅਜਿਹੀ ਉਕਾਈ ਲਈ ਮੈਂ ਪਾਠਕਾਂ ਤੋਂ ਅਗੇਤੀ ਮੁਆਫ਼ੀ ਚਹੁੰਦਾ ਹਾਂ। ਸਭ ਕੁਝ ਦੇ ਬਾਵਜੂਦ ਮੈਂ ਆਪਣੇ ਪਾਠਕਾਂ ਨੂੰ ਆਪਣੇ ਜਿਲ੍ਹੇ ਨਾਲ਼ ਸਬੰਧਿਤ ਦੇਸ਼-ਭਗਤਾਂ ਬਾਰੇ ਜਾਣਕਾਰੀ ਦੇਣ ਵਿਚ ਕਿੰਨਾ ਕੁ ਸਫ਼ਲ ਹੋਇਆ ਹਾਂ ਜਾਂ ਇਹ ਪੁਸਤਕ ਪਾਠਕਾਂ ਲਈ ਕਿੰਨੀ ਕੁ ਲਾਭਦਾਇਕ ਹੈ, ਇਸ ਦਾ ਫ਼ੈਸਲਾ ਤਾਂ ਪਾਠਕਾਂ ਨੇ ਕਰਨਾ ਹੈ। ਇਸ ਲਈ ਫੀਡ-ਬੈਕ ਦੀ ਆਸ ਰੱਖਦਾ ਹੋਇਆ,

ਤੁਹਾਡਾ ਆਪੇ-ਬਣਿਆ ਇਤਿਹਾਸਕਾਰ, ਜਸਵਿੰਦਰ ਸਿੰਘ 'ਮਾਣੋ ਚਾਹਲ', ਮੋ. ਨੰ. 9463613035

## ਜਿਲ੍ਹਾ ਤਰਨਤਾਰਨ ਬਾਰੇ ਆਮ ਜਾਣਕਾਰੀ

ਜਿਲ੍ਹਾ ਤਰਨਤਾਰਨ ਜੋ ਕਿ ਪਹਿਲਾਂ ਅੰਮ੍ਰਿਤਸਰ ਜਿਲ੍ਹੇ ਦਾ ਹੀ ਹਿੱਸਾ ਸੀ, ਦੀ ਸਥਾਪਨਾ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ 16 ਜੂਨ 2006 ਨੂੰ ਸਿੱਖਾਂ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਚੌਥੀ ਸ਼ਹੀਦੀ ਸ਼ਤਾਬਦੀ ਦੇ ਮੌਕੇ ਤੇ ਕੀਤੀ ਸੀ। ਤਰਨਤਾਰਨ ਸ਼ਹਿਰ ਦੀ ਸਥਾਪਨਾ ਗੁਰੂ ਅਰਜਨ ਦੇਵ ਜੀ ਨੇ ਇਹ ਜ਼ਮੀਨ ਮੁੱਲ ਲੈ ਕੇ 1590-96 ਵਿਚਕਾਰ ਕੀਤੀ ਸੀ। ਉਹਨਾਂ ਨੇ ਸ਼ਹਿਰ ਦੇ ਵਿਚਕਾਰ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਦੀ ਉਸਾਰੀ ਕਰਵਾ ਕੇ ਨਾਲ ਜੁੜਵਾਂ ਵਿਸ਼ਾਲ ਤਲਾਅ ਅਤੇ ਤਲਾਅ ਦੇ ਦੁਆਲ਼ੇ ਪਰਿਕਰਮਾ ਦਾ ਨਿਰਮਾਣ ਕੀਤਾ। ਤਲਾਅ ਦਾ ਰਕਬਾ 6 ਏਕੜ ਤੋਂ ਵੱਧ ਹੈ। ਇਸ ਦੀ ਲੰਬਾਈ 861 ਫੁੱਟ, ਚੌੜਾਈ 733 ਫੁੱਟ ਅਤੇ ਡੂੰਘਾਈ 17 ਫੁੱਟ ਦੱਸੀ ਜਾਂਦੀ ਹੈ। ਮਗਰੋਂ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਕਾਲ ਵਿੱਚ ਗੁਰਦੁਆਰੇ ਦੀ ਇਮਾਰਤ ਤੇ ਸੋਨੇ ਦੇ ਪੱਤਰੇ ਜੜਨ ਦੀ ਸੇਵਾ ਕੀਤੀ।

ਗੁਰੂ ਸਾਹਿਬ ਨੇ ਪਰਿਕਰਮਾ ਦੇ ਦੁਆਲ਼ੇ ਬੁੰਗਿਆਂ ਦਾ ਨਿਰਮਾਣ ਵੀ ਕਰਵਾਇਆ ਸੀ ਤਾਂ ਕਿ ਦੂਰ ਦੁਰਾਡੇ ਦੇ ਪਿੰਡਾਂ ਤੋਂ ਆਏ ਲੋਕ ਰਾਤ ਨੂੰ ਇੱਥੇ ਵਿਸ਼ਰਾਮ ਕਰ ਸਕਣ। ਬਾਅਦ ਵਿੱਚ ਇਹਨਾਂ ਬੁੰਗਿਆਂ ਨੂੰ ਮਹੱਤਵਹੀਣ ਸਮਝ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹਟਾ ਦਿੱਤਾ ਸੀ। ਪੁਰਾਣੇ ਵੇਲ਼ਿਆਂ ਵਿੱਚ ਗੁਰਦੁਆਰੇ ਦੀ ਪਰਿਕਰਮਾ ਵਿੱਚ ਇੱਟਾਂ ਦਾ ਫਰਸ਼ ਲਾਇਆ ਗਿਆ ਸੀ ਤੇ ਆਲ਼ੇ ਦੁਆਲ਼ੇ ਸਾਰੀ ਪਰਿਕਰਮਾ ਵਿੱਚ ਅੰਬਾਂ ਦੇ ਦਰੱਖਤ ਹੁੰਦੇ ਸਨ ਜੋ ਬਾਅਦ ਵਿੱਚ ਕਾਰ ਸੇਵਾ ਵਾਲ਼ੇ ਬਾਬਿਆਂ ਦੀ ਕਰਨੀ ਦਾ ਸ਼ਿਕਾਰ ਹੋ ਗਏ ਅਤੇ ਇੱਟਾਂ ਦੇ ਫਰਸ਼ ਨੂੰ ਸੰਗਮਰਮਰ ਵਿੱਚ ਬਦਲ ਦਿੱਤਾ ਗਿਆ। ਹੁਣ ਫਿਰ ਤੋਂ ਪ੍ਰਬੰਧਕਾਂ ਦਾ ਵਾਤਾਵਰਨ ਵੱਲ ਧਿਆਨ ਮੁੜਨ ਤੇ ਵੱਡੇ ਵੱਡੇ ਗਮਲਿਆ ਵਿੱਚ ਕੁਝ ਬੂਟੇ ਲਾਏ ਗਏ ਹਨ ਜੋ ਅੰਦਰਲੇ ਮਹੌਲ ਨੂੰ ਸੁੰਦਰ ਤੇ ਦਿਲਖਿਚਵਾਂ ਬਣਾਉਂਦੇ ਹਨ। ਇਸ ਗੁਰਦੁਆਰੇ ਦਾ ਸਰੋਵਰ ਸੰਸਾਰ ਭਰ ਵਿੱਚ ਸਭ ਤੋਂ ਵੱਡਾ ਹੈ ਅਤੇ ਹਰ ਮੱਸਿਆ ਨੂੰ ਇੱਥੇ ਭਾਰੀ ਮੇਲਾ ਲਗਦਾ ਹੈ। ਭਾਵੇਂ ਗੁਰਬਾਣੀ ਵਿੱਚ ਤੀਰਥ ਇਸ਼ਨਾਨ ਦਾ ਖੰਡਨ ਕੀਤਾ ਗਿਆ ਹੈ ਪਰ ਫਿਰ ਵੀ ਲੋਕ ਦੂਰੋਂ ਦੂਰੋਂ ਸ਼ਰਧਾ ਵੱਸ ਮੱਸਿਆ ਦਾ ਇਸ਼ਨਾਨ ਕਰਨ ਇੱਥੇ ਆਉਂਦੇ ਹਨ। ਗੁਰੂ ਅਰਜਨ ਦੇਵ ਜੀ ਪਹਿਲੇ ਗੁਰੂ ਸਨ ਜਿਨ੍ਹਾਂ ਨੇ ਇੱਥੇ ਕੋਹੜਿਆਂ ਦਾ ਇਲਾਜ ਕਰਨ ਨੂੰ ਤਰਜੀਹ ਦਿੱਤੀ।

ਗੁਰਦੁਆਰਾ ਸ੍ਰੀ ਗੋਇੰਦਵਾਲ਼ ਸਾਹਿਬ, ਗੁਰੂ ਕਾ ਖੂਹ, ਗੁਰਦੁਆਰਾ ਖੂਹ ਬੀਬੀ ਭਾਨੀ, ਗੁਰਦੁਆਰਾ ਟੱਕਰ ਸਾਹਿਬ, ਗੁਰਦੁਆਰਾ ਲਕੀਰ ਸਾਹਿਬ, ਗੁਰਦੁਆਰੇ ਸ੍ਰੀ ਖਡੂਰ ਸਾਹਿਬ (ਅੱਠ ਗੁਰੂ ਸਾਹਿਬਾਨਾਂ ਦੀ ਚਰਨ-ਛੂਹ ਪ੍ਰਾਪਤ ਧਰਤੀ), ਝੂਲਣੇ ਮਹਿਲ ਠੱਠੀ ਖਾਰਾ, ਗੁਰਦੁਆਰਾ ਚੋਹਿਲਾ ਸਾਹਿਬ, ਗੁਰਦੁਆਰਾ ਚੁਬੱਚਾ ਸਾਹਿਬ ਸਰਹਾਲ਼ੀ, ਗੁਰਦੁਆਰਾ ਬਾਬਾ ਬਿਧੀ ਚੰਦ ਸੁਰਸਿੰਘ ਤੇ ਪੱਟੀ, ਗੁਰਦੁਆਰਾ ਬੀਬੀ ਵੀਰੋ ਝਬਾਲ ਕਲਾਂ, ਗੁਰਦੁਆਰਾ ਬਾਬਾ ਬੋਤਾ ਸਿੰਘ ਗਰਜਾ ਸਿੰਘ ਕੈਰੋਂਵਾਲ਼-ਨੂਰਦੀ, ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ, ਗੁਰਦੁਆਰਾ ਲਕੀਰ ਸਾਹਿਬ ਗੋਹਲਵੜ, ਗੁਰਦੁਆਰਾ ਸ਼ਹੀਦ ਭਾਈ ਮਹਾਂ ਸਿੰਘ ਰਟੌਲ਼, ਗੁਰਦੁਆਰਾ ਬਾਬਾ ਦੀਪ ਸਿੰਘ ਪਹੂਵਿੰਡ, ਗੁਰਦੁਆਰਾ ਭਾਈ ਤਾਰਾ ਸਿੰਘ ਵਾਂ, ਗੁਰਦੁਆਰਾ ਭਾਈ ਤਾਰੂ ਸਿੰਘ ਪੂਹਲਾ, ਗੁਰਦੁਆਰਾ ਬਾਬਾ ਬੀਰ ਸਿੰਘ ਨੌਰੰਗਾਬਾਦ, ਰੱਤੋ ਕੇ ਅਤੇ ਗੱਗੋ ਬੂਆ, ਗੁਰਦੁਆਰਾ ਸੈਣ ਭਗਤ ਠੱਠੀ ਸੋਹਲ ਅਤੇ ਗੁਰਦੁਆਰਾ ਬਾਬਾ ਜੱਲ੍ਹਣ ਨੁਸ਼ਹਿਰਾ ਢਾਲਾ ਆਦਿ ਹੋਰ ਪ੍ਰਸਿੱਧ ਧਾਰਮਿਕ ਸਥਾਨ ਇਸ ਜਿਲ੍ਹੇ ਵਿੱਚ ਪੈਂਦੇ ਹਨ। ਸ਼ਹਿਰ ਵਿੱਚ ਰੇਲ ਜੰਕਸ਼ਨ ਹੈ ਜਿਸ ਤੋਂ ਅੰਮ੍ਰਿਤਸਰ, ਪੱਟੀ ਅਤੇ ਬਿਆਸ ਨੂੰ ਰੇਲਾਂ ਚੱਲਦੀਆਂ ਹਨ ਅਤੇ ਪੱਟੀ-ਫ਼ਿਰੋਜ਼ਪੁਰ ਰੇਲਵੇ ਲਾਈਨ ਦਾ ਪ੍ਰੋਜੈਕਟ ਰੇਲਵੇ ਵਿਭਾਗ ਦੇ ਵਿਚਾਰ-ਅਧੀਨ ਹੈ। ਜਿਲ੍ਹੇ ਵਿੱਚ ਹਾਈ ਵੇਅ, ਰਾਜ ਮਾਰਗ ਅਤੇ ਪੇਂਡੂ ਸੜਕਾਂ ਦਾ ਜਾਲ ਵਿਛਿਆ ਹੋਇਆ ਹੈ। ਲੋੜੀਂਦੀ ਤਦਾਦ ਵਿੱਚ ਸਕੂਲ, ਕਾਲਜ ਅਤੇ ਹਸਪਤਾਲ ਵੀ ਹਨ ਜਿਹਨਾਂ ਵਿੱਚ ਵਧੀਆ ਸਹੂਲਤਾਂ ਦੇਣ ਲਈ ਮੁਲਾਜ਼ਮਾਂ ਦੀਆਂ ਖਾਲੀ ਪਈਆਂ ਪੋਸਟਾਂ ਭਰਨ ਅਤੇ ਸਮੇਂ ਅਨੁਸਾਰ ਇਨਫਰਾ ਸਟਰਕਚਰ ਨੂੰ ਅੱਪਗ੍ਰੇਡ ਕਰਨ ਦੀ ਲੋੜ ਹੈ। ਭਾਵੇਂ ਪ੍ਰਾਈਵੇਟ ਨਰਸਿੰਗ ਟਰੇਨਿੰਗ ਕਾਲਜ ਮੌਜੂਦ ਹਨ ਪਰ ਜਿਲ੍ਹੇ ਵਿਚ ਅਜੇ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ ਦੀ ਅਣਹੋਂਦ ਹੈ।

1716 ਤੋਂ 1810 ਤੱਕ ਇਹ ਇਲਾਕਾ ਭੰਗੀ ਮਿਸਲ ਦੇ ਢਿੱਲੋਂ ਸਰਦਾਰਾਂ ਦੇ ਕੰਟਰੋਲ ਹੇਠ ਰਿਹਾ ਹੈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਸੂਰਜ ਡੁੱਬਣ ਤੋਂ ਬਾਅਦ ਅੰਗਰੇਜ਼ਾਂ ਦੇ ਕੰਟਰੋਲ ਵਿੱਚ ਆ ਗਿਆ। ਦੇਸ਼ ਅਜ਼ਾਦ ਹੋ ਜਾਣ ਤੋਂ ਪਹਿਲਾਂ ਤੇ ਬਾਅਦ ਇਸ

ਦੀ ਧਰਤੀ ਨੇ ਕਈ ਰੰਗ ਵੇਖੇ ਹਨ। ਤਰਨਤਾਰਨ ਦੀ ਧਰਤੀ ਨੇ ਸੈਂਕੜੇ ਦੇਸ਼ ਭਗਤਾਂ ਤੇ ਯੋਧਿਆਂ ਨੂੰ ਜਨਮ ਦਿੱਤਾ ਹੈ ਜਿਹਨਾਂ ਨੇ ਦੇਸ਼ ਨੂੰ ਅਜ਼ਾਦ ਕਰਾਉਣ ਲਈ ਅਸਹਿ ਤੇ ਅਕਹਿ ਕਸ਼ਟ ਸਹਾਰੇ, ਅੰਗਰੇਜ਼ ਪੁਲਿਸ ਦੀ ਮਾਰ-ਕੁੱਟ ਅਤੇ ਤਸੀਹੇ ਆਪਣੇ ਪਿੰਡੇ ਤੇ ਝੱਲੇ, ਜੇਲ੍ਹਾਂ ਵਿੱਚ ਭੁੱਖਾਂ-ਤੇਹਾਂ ਕੱਟੀਆਂ, ਜਾਇਦਾਦਾਂ ਜ਼ਬਤ ਕਰਵਾਈਆਂ, ਘਰੋਂ ਬੇਘਰ ਹੋਏ ਰਹੇ, ਆਪਣੇ ਬੱਚਿਆਂ ਨੂੰ ਨਿਆਸਰੇ ਛੱਡਿਆ, ਨਾ ਚੱਜ ਦੀ ਸਿੱਖਿਆ ਦਿਵਾ ਸਕੇ ਤੇ ਨਾ ਲੋੜ ਪੈਣ ਤੇ ਚੰਗਾ ਇਲਾਜ ਕਰਵਾ ਸਕੇ ਪਰ ਦੇਸ਼ ਨੂੰ ਅਜ਼ਾਦ ਕਰਵਾਉਣ ਵਿੱਚ ਕਾਮਯਾਬੀ ਹਾਸਲ ਕੀਤੀ। ਅਜ਼ਾਦੀ ਤੋਂ ਬਾਅਦ ਪੰਜਾਬ ਨੇ ਹਰ ਖੇਤਰ ਵਿੱਚ ਤਰੱਕੀ ਕੀਤੀ ਪਰ ਸਾਮਰਾਜੀਆਂ ਨੂੰ ਇਹ ਚੰਗੀ ਨਾ ਲੱਗੀ ਤਾਂ ਉਹਨੇ ਆਪਣੀਆਂ ਏਜੰਸੀਆਂ ਰਾਹੀਂ ਹਾਕਮ ਜਮਾਤਾਂ ਦੀ ਛਤਰ-ਛਾਇਆ ਹੇਠ ਫ਼ਿਰਕੂ ਪਾੜਾ ਪਾਉਣ ਦੀ ਖੇਡ ਖੇਡੀ। 1978 ਤੋਂ 82 ਤੱਕ (ਨਿਰੰਕਾਰੀ ਕਾਂਡ ਤੋਂ ਧਰਮ ਯੁੱਧ ਮੋਰਚੇ ਦੇ ਆਰੰਭ ਤੱਕ) ਫ਼ਿਰਕੂ ਨਫ਼ਰਤ ਦੀ ਕਾਂਗ ਵਧਦੀ ਗਈ। 1982-92 ਤੱਕ ਚਰਮ ਸੀਮਾ ਤੇ ਪਹੁੰਚ ਗਈ ਅਤੇ ਇਸ ਜਿਲ੍ਹੇ ਨੂੰ ਅਤਿਵਾਦ/ਖਾੜਕੂਵਾਦ ਦੀ ਸਭ ਤੋਂ ਵੱਧ ਮਾਰ ਸਹਿਣੀ ਪਈ। ਪੂਰਾ ਦਹਾਕਾ ਸਰਕਾਰੀ ਤੇ ਗੈਰ ਸਰਕਾਰੀ ਦਹਿਸ਼ਤ ਦਾ ਬੋਲ-ਬਾਲਾ ਰਿਹਾ। ਇਸ ਤੋਂ ਬਾਅਦ ਨਸ਼ਿਆਂ ਦਾ ਕਹਿਰ ਵਰਤਿਆ ਤੇ ਰਹਿੰਦੀ ਕਸਰ ਪਰਵਾਸ ਵਿੱਚ ਹੋਏ ਵਾਧੇ ਨੇ ਕੱਢ ਦਿੱਤੀ। ਆਸ ਕਰਨੀ ਬਣਦੀ ਹੈ ਕਿ ਮੁੜ ਤੋਂ ਇਹ ਜਿਲ੍ਹਾ ਤਰੱਕੀ ਦੀਆਂ ਮੰਜ਼ਿਲਾਂ ਵੱਲ ਵਧਦਾ ਨਜ਼ਰ ਆਵੇਗਾ। ਮੁੱਖ ਤੌਰ ਤੇ ਜਿਲ੍ਹਾ ਖੇਤੀ ਪ੍ਰਧਾਨ ਹੈ ਤੇ ਉਦਯੋਗਿਕ ਵਿਕਾਸ ਨਾਂਹ ਦੇ ਬਰਾਬਰ ਹੈ।

ਹਿੰਦ ਪਾਕਿ ਜੰਗ 1965 ਵੇਲ਼ੇ ਖੇਮਕਰਨ ਸੈਕਟਰ ਵਿੱਚ ਆਸਲ ਉਤਾੜ ਦੀ ਥਾਂ ਤੇ ਅਬਦਲ ਹਮੀਦ ਵੱਲੋਂ ਪਾਕਿਸਤਾਨੀ ਪੈਟਨ ਟੈਂਕਾਂ ਦਾ ਮੂੰਹ ਮੋੜਨ ਦੀ ਗਾਥਾ ਵੀ ਇਸ ਜਿਲ੍ਹੇ ਦੇ ਹੀ ਹਿੱਸੇ ਆਈ ਹੈ ਅਤੇ 1971 ਦੀ ਜੰਗ ਵਿਚ ਜਨਰਲ ਹਰਬਖ਼ਸ਼ ਸਿੰਘ ਦੀ ਅਗਵਾਈ ਹੇਠ ਭਾਰਤੀ ਫੌਜ ਵੱਲੋਂ ਖਾਲੜਾ-ਖੇਮਕਰਨ ਸੈਕਟਰ ਵਿੱਚ ਅੱਗੇ ਵਧ ਕੇ ਦੁਸ਼ਮਣ ਦਾ ਮੁਕਾਬਲਾ ਬਹਾਦਰੀ ਨਾਲ਼ ਕਰਦਿਆਂ ਪਾਕਿਸਤਾਨੀ ਫੌਜ ਨੂੰ ਹਾਰ ਦੇਣ ਦਾ ਸਿਹਰਾ ਵੀ ਇਸ ਇਲਾਕੇ ਨੂੰ ਹੀ ਜਾਂਦਾ ਹੈ। ਹਰੀ ਕੇ ਝੀਲ ਅਤੇ ਪਰਵਾਸੀ ਪੰਛੀਆਂ ਦੀ ਪਨਾਹਗਾਹ ਵੀ ਸਾਡੇ ਜਿਲ੍ਹੇ ਵਿੱਚ ਹੀ ਪੈਂਦੀ ਹੈ।

- ਜਿਲ੍ਹੇ ਨੂੰ ਪ੍ਰਬੰਧਕੀ ਅਧਾਰ ਤੇ ਤਿੰਨ ਤਹਿਸੀਲਾਂ ਵਿੱਚ ਵੰਡਿਆ ਗਿਆ ਹੈ - ਤਰਨਤਾਰਨ, ਪੱਟੀ ਤੇ ਖਡੂਰ ਸਾਹਿਬ। ਇਹਨਾਂ ਤਹਿਸੀਲਾਂ ਨੂੰ ਲੋੜ ਅਨੁਸਾਰ ਅੱਗੇ ਸਬ-ਤਹਿਸੀਲਾਂ ਵਿੱਚ ਵੀ ਵੰਡਿਆ ਗਿਆ ਹੈ।
- ਜਿਲ੍ਹੇ ਦਾ ਕੁੱਲ ਰਕਬਾ 2449 ਵਰਗ ਕਿਲੋਮੀਟਰ ਹੈ।
- 2011 ਦੀ ਮਰਦਮ ਸ਼ੁਮਾਰੀ ਮੁਤਾਬਕ ਜਿਲ੍ਹੇ ਦੀ ਅਬਾਦੀ 11,19,627 ਹੈ ਤੇ ਵਸੋਂ ਘਣਤਾ ਪ੍ਰਤੀ ਵਰਗ ਕਿਲੋਮੀਟਰ 457 ਹੈ।
- ਪੇਂਡੂ ਵਸੋਂ 9,77,832 ਅਤੇ ਸ਼ਹਿਰੀ ਵਸੋਂ 1,41,795 ਹੈ।
- 5,89,369 ਮਰਦ ਅਤੇ 5,30,258 ਔਰਤਾਂ ਹਨ।
- 6,66,162 ਪੜ੍ਹੇ ਅਤੇ 4,53,465 ਅਨਪੜ੍ਹ ਹਨ।
- ਖੁੱਲ 2,03,421 ਪਰਿਵਾਰ ਹਨ।
- 3,77,468 ਅਨੁਸੂਚਿਤ ਜਾਤੀ ਨਾਲ਼ ਸਬੰਧਤ ਹਨ।
  ਨੋਟ :- ਇਸ ਸਾਲ ਸ਼ੁਰੂ ਹੋਣ ਵਾਲੀ ਜਨ-ਗਣਨਾ ਨਾਲ ਰਕਬੇ ਤੋਂ ਬਿਨਾਂ ਬਾਕੀ ਸਾਰੇ ਅੰਕੜੇ ਬਦਲ ਜਾਣਗੇ।
- ਪਹਿਲੀ ਭਾਸ਼ਾ ਪੰਜਾਬੀ ਤੇ ਦੂਜੀ ਭਾਸ਼ਾ ਹਿੰਦੀ ਹੈ। ਇਹ ਸਿੱਖ ਧਰਮ ਦੀ ਬਹੁਲਤਾ ਵਾਲ਼ਾ ਜਿਲ੍ਹਾ ਹੈ।
- ਉੱਤਰ ਵੱਲ ਜਿਲ੍ਹਾ ਅੰਮ੍ਰਿਤਸਰ, ਦੱਖਣ ਵੱਲ ਫ਼ਿਰੋਜ਼ਪੁਰ, ਪੂਰਬ ਵੱਲ ਕਪੂਰਥਲਾ ਅਤੇ ਪੱਛਮ ਵੱਲ ਪਾਕਿਸਤਾਨ ਦੀ ਸਰਹੱਦ ਹੈ।
- ਜਿਲ੍ਹੇ ਵਿੱਚ ਹੇਠ ਲਿਖੇ ਪਿੰਡ, ਸ਼ਹਿਰ ਅਤੇ ਕਸਬੇ ਹਨ :-
- ਐਮਾਂ ਕਲਾਂ, ਐਮਾਂ ਖ਼ੁਰਦ, ਐਮਾਂ ਮੱਲ੍ਹੀਆਂ, ਅਲਾਦੀਨ ਪੁਰ, ਅਲਾਵਲ ਪੁਰ, ਅਹਿਮਦ ਪੁਰਾ, ਅਕਬਰ ਪੁਰਾ, ਅਹਿਮਦ ਪੁਰ, ਅਲਗੋਂ ਕਲਾਂ, ਅਲਗੋਂ ਖੁਰਦ, ਅਲੀ ਪੁਰ, ਅੰਮੀ ਸ਼ਾਹ, ਅਮੀਰ ਕੇ, ਆਸਲ ਉਤਾਰ, ਆਸਲ ਭੂਰੇ, ਅਇਆਮਪੁਰ, ਅਲੀਆ, ਅੱਲੋਵਾਲ਼, ਅਨਾਇਤਪੁਰ।
- ਬਾਣੀਆਂ, ਬਹਾਦਰ ਪੁਰ (ਖ.ਸਾ.), ਬਹਾਦਰ ਨਗਰ (ਪੱਟੀ), ਬਰਵਾਲਾ, ਬਚੜੇ, ਬਾਠ, ਬੁੱਘਾ, ਬਾਕੀ ਪੁਰ, ਬਾਲੇ ਚੱਕ, ਬਾਗੜੀਆਂ, ਬਨਵਾਲੀ ਪੁਰ, ਬਹਿਲਾ, ਬੇਗਮ ਪੁਰ, ਬੰਗਲਾ ਰਾਇ, ਬਾਹਮਣੀ ਵਾਲ਼ਾ, ਬੱਲ੍ਹੜ ਕੇ, ਬਿਹਾਰੀ ਪੁਰ, ਬੋਦੇਵਾਲ਼, ਬੈਂਕਾ, ਬਲ੍ਹੇਰ, ਬੂੜ ਚੰਦ, ਬਾਸਰਕੇ, ਬਰਗਾੜੀ, ਬੱਲਿਆਂ ਵਾਲਾ, ਬਿੱਲਿਆਂ ਵਾਲਾ, ਬੱਠੇ ਭੈਣੀ, ਬੇਗੇਪੁਰ, ਬਹਿੜਵਾਲ, ਬੁੱਘਾ, ਬ੍ਰਹਮ ਪੁਰਾ, ਬੂਆ, ਬੁਰਜ 169, ਬੋਪਾਰਾਏ, ਬੂਹ, ਬੁਰਜ ਦੇਵਾ ਸਿੰਘ, ਬੁਰਜ ਪੂਹਲਾ, ਬੁਰਜ ਰਾਏ ਕੇ, ਭਾਣੇ ਕੇ, ਭੰਗਾਲ਼ਾ, ਭਾਓਵਾਲ਼,

ਭੋਜੇ ਕੇ, ਭੂਰਾ ਹਥਾੜ, ਭੂਰਾ ਕਰੀਮ ਪੁਰਾ, ਭੂਰਾ ਕੋਨਾ, ਭੈਲ਼ ਢਾਏ ਵਾਲੇ, ਭਜੋਵਾਲੀ, ਭਲਾਈ ਪੁਰ ਡੋਗਰਾਂ, ਭਲੋਜਲਾ, ਭੋਈਆਂ, ਭੂਤ ਵਿੰਡ, ਭੈਣੀ ਮੱਟੂਆਂ, ਭੈਣੀ ਸਿਧਵਾਂ, ਭੈਣੀ ਗੁਰਮੁਖ ਸਿੰਘ, ਭੈਣੀ ਮੱਸਾ ਸਿੰਘ, ਭਗਵਾਨ ਪੁਰਾ, ਭੱਗੂ ਪੁਰਾ, ਭੱਠਲ ਭਾਈ ਕੇ, ਭੱਠਲ ਸਹਿਜਾ ਸਿੰਘ, ਭਣੀ ਕੇ, ਭੋਜੀਆਂ, ਭੁੱਚਰ ਕਲਾਂ, ਭੁੱਚਰ ਖ਼ੁਰਦ, ਭੰਡਾਲ, ਭੂਰੇ, ਭੁੱਲਰ, ਭਰੋਵਾਲ, ਭੁੱਸੇ, ਭਾਈ ਲੱਧੂ।

- ਚੱਕ ਬਨਵਾਲੀਪੁਰ, ਚੱਕ ਸਰਹਾਲ਼ੀ, ਚੱਕ ਸਿਕੰਦਰ, ਚੱਕ ਲੱਧੇ ਕੇ, ਚੱਕ ਦੇਸਲ, ਚੱਕ ਗਗੜੇ ਵਾਲ, ਚੱਕ ਕਰੇ ਖਾਂ, ਚੱਕ ਮਹਿਰ, ਚੀਮਾ ਖ਼ੁਰਦ, ਚੇਲਾ, ਚੂੰਘ, ਚੂਸਲੇਵੜ, ਚੰਬਾ ਕਲਾਂ, ਚੰਬਾ ਖ਼ੁਰਦ, ਚੰਬਲ, ਚੁਤਾਲ਼ਾ, ਚੀਮਾ ਕਲਾਂ, ਚਾਹਲ, ਚੌਧਰੀ ਵਾਲਾ, ਛਿਛਰੇਵਾਲ, ਛੀਨਾ ਬਿਧੀ ਚੰਦ, ਛਾਪਾ, ਚਰਾਗ ਪੁਰ, ਚੋਹਲਾ ਸਾਹਿਬ।
- ਦਬੁਰਜੀ, ਦਦੇਹਰ ਸਾਹਿਬ, ਦਾਸੂਵਾਲ, ਦੁੱਬਲ਼ੀ, ਡੱਲ, ਡਲੀਰੀ, ਡਿੱਬੀ ਪੁਰ, ਡੂਮਣੀ ਵਾਲਾ, ਡਾਲੇ ਕੇ, ਧਿੰਗਾਣਾ, ਧਾਰੀਵਾਲ, ਢੋਟਾ, ਧੂੰਦਾ, ਢੋਲਣ, ਦੋਦੇ, ਧੁੰਨ, ਧੁੰਨ ਢਾਏ ਵਾਲਾ, ਦਿਲਾਵਲ ਪੁਰ, ਦਾਰਾ ਪੁਰ, ਦੇਹਲਾਂ ਵਾਲਾ, ਦੀਨੇਵਾਲ, ਦੁਲਚੀ ਪੁਰ, ਦਿਆਲ ਪੁਰ, ਦੋਦੇ, ਦਾਊਦ ਪੁਰਾ, ਦਰਾਜ ਕੇ, ਦੂਹਲ ਕੋਨਾ, ਦੂਹਲ ਨੌ, ਡਿੱਬੀ ਪੁਰਾ, ਦੋਦੀਪੁਰ, ਢਾਲਾ, ਢੰਡ, ਢੋਲਣ, ਧੱਤਲ, ਢੋਟੀਆਂ, ਡਿਆਲ ਰਾਜਪੂਤਾਂ, ਦੋਬਲੀਆਂ, ਡੁੱਗਰੀ, ਦੁਗਲ ਵਾਲਾ, ਦੁਰਗਾਪੁਰ ਗਰਬੀ, ਦੁਰਗਾ ਪੁਰ ਸ਼ਕਰੀ, ਡਿਆਲ, ਦਿਆਲ ਰਾਜਪੂਤਾਂ, ਢਾਲਾ-ਹਵੇਲੀਆਂ, ਦੇਊ, ਡੇਰਾ ਸਾਹਿਬ, ਧਾਰੀਵਾਲ।
- ਏਕਲ ਗੱਡਾ, ਫਤਿਹਾਬਾਦ, ਫ਼ਤਿਹਪੁਰ, ਫਾਜ਼ਲਪੁਰ।
- ਗੱਗੋ ਬੂਆ, ਗੁਪਾਲਾ, ਗੱਗੜ ਕੇ, ਗੱਜ਼ਲ, ਗਦਾਈ ਕੇ, ਗਗੜੇ ਵਾਲ, ਗਾਜ਼ੀ ਪੁਰ, ਗਿੱਲ ਕਲੇਰ, ਗਿੱਲ ਪਿਨ, ਗੁੱਜਰਪੁਰਾ, ਗੋਇੰਦਵਾਲ, ਘਰਿਆਲ਼ਾ, ਘੁੱਲੇ ਵਾਲ਼ਾ, ਘਸੀਟਪੁਰ, ਘੱਗੇ, ਘੜਕਾ, ਗੰਡੀਵਿੰਡ (ਧੱਤਲ), ਗੰਡੀਵਿੰਡ (ਸਰਾਂ) ਗਿਦੜੀ ਬਘਿਆੜੀ, ਗਹਿਰੀ, ਘੜਕਾ, ਗਿੱਲ ਵੜੈਚ, ਗੋਹਲਵੜ, ਗੋਰਖਾ, ਗੁਲਾਲੀ ਪੁਰ।
- ਹਰੀ ਕੇ, ਹੰਸਾਂ ਵਾਲਾ, ਹੋਠੀਆਂ, ਹਰਦੋ ਸਰਲੀ, ਹਰਦੋ ਚੱਕ ਬਾਂਬਾ, ਹਰਬੰਸ ਪੁਰਾ।
- ਜਲਾਲਾਬਾਦ, ਜਾਮਾਰਾਏ, ਜਾਤੀ ਉਮਰਾ, ਜਹਾਂਗੀਰ, ਜਵੰਧਪੁਰ, ਜੌਹਲ ਢਾਏਵਾਲਾ, ਜੱਲ੍ਹੇ ਵਾਲਾ, ਜੌੜਾ, ਜੰਡ, ਜੰਡੋ ਕੇ, ਜਮਾਲ ਪੁਰ, ਜਰਮਸਤ ਪੁਰ, ਜੀਓ ਬਾਲਾ, ਜੱਟਾ, ਜਵੰਧਾ ਕਲਾਂ, ਜਵੰਧਾ ਖ਼ੁਰਦ, ਜਗਤ ਪੁਰਾ, ਜੱਲੋ ਕੇ, ਜੋਧ ਸਿੰਘ ਵਾਲਾ, ਜੌੜ ਸਿੰਘ ਵਾਲਾ, ਜਿੰਦਾਂ ਵਾਲਾ, ਜੌਣੇ ਕੇ, ਝਬਾਲ ਕਲਾਂ, ਝਬਾਲ ਖ਼ੁਰਦ, ਝਾਮਕੇ ਕਲਾਂ, ਝਾਮਕੇ ਖ਼ੁਰਦ, ਝੰਡੇਰ (ਤ.ਤਾ.), ਝੰਡੇਰ (ਖ.ਸਾ.), ਜੋਧ ਪੁਰ, ਜੌਹਲ ਰਾਜੂ ਸਿੰਘ, ਝੁੱਗੀਆਂ ਕਾਲੂ, ਝੁੱਗੀਆਂ ਨੱਥਾ ਸਿੰਘ, ਝੁੱਗੀਆਂ ਨੂਰ ਮੁਹੰਮਦ, ਝੁੱਗੀਆਂ ਪੀਰ ਬਖ਼ਸ਼।
- ਕੱਦ ਗਿੱਲ, ਕਾਹਲਵਾਂ, ਕੈਰੋਂ, ਕਿਰਤੋਵਾਲ, ਕੈਰੋਂਵਾਲ, ਕੱਕਾ ਕੰਡਿਆਲਾ, ਕੋਹਾੜਕਾ, ਕਲੇਰ, ਕਲੇਰ ਢਏ ਵਾਲਾ, ਕੰਬੋਅ ਢਾਏ ਵਾਲੇ, ਕੱਲ੍ਹਾ, ਕੰਗ, ਕਿਸ਼ਨ ਗੜ੍ਹ, ਕਮਾਲ ਪੁਰ, ਕਾਲ਼ੇ ਕੇ ਉਤਾਰ, ਕੱਚਾ ਪੱਕਾ, ਕੁੱਲਾ, ਕੜਿਆਲਾ, ਕੋਟ ਬੁੱਢਾ, ਕੋਟ ਦਾਤਾ, ਕਲਸੀਆਂ ਕਲਾਂ, ਕਲਸੀਆਂ ਖ਼ੁਰਦ, ਕਲੰਜਰ, ਕਾਲ਼ੀਆ, ਕਲਸ, ਕੇਸੂ ਪੁਰਾ, ਕਾਲ਼ੇ, ਕੋਟਲੀ ਸੁਰ ਸਿੰਘ, ਕੋਟਲੀ ਵਸਾਵਾ ਸਿੰਘ, ਕੁੱਲਾ, ਕੁੱਤੀ ਵਾਲਾ, ਕੰਬੋਅ, ਕਸੇਲ, ਕਾਜ਼ੀਕੋਟ, ਕੌੜਾ ਵਿਧਾਨ, ਖੱਬੇ ਰਾਜਪੂਤਾਂ, ਖੱਬੇ ਡੋਗਰਾਂ, ਖਹਿਰਾ, ਖਾਰਾ, ਖਾਲੜਾ, ਖੈਰਦੀਨ ਕੇ, ਖੇਮਕਰਨ, ਖੇੜਾ, ਖੱਖ, ਖਾਨ ਛਾਬੜੀ, ਖਾਨ ਰਜ਼ਾਦਾ, ਖਡੂਰ ਸਾਹਿਬ, ਖਵਾਸਪੁਰ, ਖੇਲਾ, ਖੋਜਕੀਪੁਰ, ਕਿੜੀ ਬੋਦਲ, ਕਿੜੀਆਂ, ਕਿੜੀ ਸ਼ਾਹੀ, ਕਿਲ੍ਹਾ ਕਵੀ ਸੰਤੋਖ ਸਿੰਘ, ਕਿੜੀਆਂ, ਕੋਟ ਦਸੰਧੀ ਮੱਲ, ਕੋਟ ਧਰਮਚੰਦ ਕਲਾਂ, ਕੋਟ ਧਰਮਚੰਦ ਖ਼ੁਰਦ, ਕੋਟ ਜਸਪਤ, ਕੋਟ ਮੁਹੰਮਦ ਖਾਂ, ਕੋਟਲੀ (ਰਟੌਲ), ਕੋਟਲੀ ਸਰੂ ਖਾਂ, ਕੁੜੀ ਵਲਾਹ, ਕੋਟ ਸਿਵਿਆਂ, ਕਾਜ਼ੀ ਚੱਕ, ਕਾਲ਼ੀਆ, ਕਰਮੂੰਵਾਲ਼ਾ।
- ਲਾਲ ਪੁਰ, ਲੁਹਾਰ, ਲਾਲੂ ਘੁੰਮਣ, ਲਹੁਕਾ, ਲਖਨਾ, ਲਾਖਣਾ।
- ਮੱਲ ਮੋਹਰੀ, ਮਲ੍ਹੀਆ, ਮਾਲੂ ਵਾਲ਼ ਕਲਾਂ, ਮਹਮਦੀ ਵਾਲ਼ਾ, ਮਾਣਕ ਪੁਰਾ, ਮਾੜੀ ਮੇਘਾ, ਮਾੜੀ ਗੌੜ ਸਿੰਘ, ਮਾੜੀ ਕੰਬੋ ਕੇ, ਮਾੜੀ ਉੱਦੋ ਕੇ, ਮਾੜੀ ਸਮਰਾ, ਮਾੜੀ ਨੌ ਅਬਾਦ, ਮਰ੍ਹਾੜ, ਮਾਲ ਚੱਕ, ਮੱਲ੍ਹਾ, ਮਾਨਕ ਦੇਕੇ, ਮੰਡਿਆਲਾ, ਮਿਆਣੀ, ਮੀਆਂਵਿੰਡ, ਮੀਆਂ ਵਾਲਾ, ਮੁਨਾਵਾਂ, ਮੁੱਠਿਆਂ ਵਾਲਾ, ਮੁਗਲ ਚੱਕ (ਪੱਟੀ), ਮੁਗਲ ਚੱਕ ਪੰਨੂਆਂ, ਮੁਗਲ ਚੱਕ (ਬਹਿਲਾ), ਮੰਮਣ ਕੇ, ਮਾਣੋ ਚਾਹਲ ਕਲਾਂ, ਮਾਣੋ ਚਾਹਲ ਖ਼ੁਰਦ, ਮਰਹਾਣਾ, ਮਿਆਣੀ, ਮੀਆਂ ਪੁਰ, ਮੀਰਪੁਰ, ਮੋਹਨ ਪੁਰਾ, ਮੂਸੇ, ਮੁਰਾਦ ਪੁਰ, ਮੁਗਲਾਣੀ, ਮੁੰਡਾ ਪਿੰਡ, ਮਰਗਿੰਦ ਪੁਰਾ, ਮੱਖੀ ਕਲਾਂ, ਮਾਣਕ ਪੁਰਾ, ਮਲਾਹਾਂ ਵਾਲ਼ਾ, ਮਾਨ, ਮਰ੍ਹਾੜ, ਮੁਗਲ, ਮਨਿਹਾਲ਼ਾ ਜੈ ਸਿੰਘ, ਮਹਿਮੂਦ ਪੁਰ, ਮਾਹਣੇ ਕੇ, ਮੱਦਰ ਮਥਰਾ ਭਾਗੀ, ਮਾਛੀ ਕੇ, ਮਸਤਗੜ, ਮਹਿੰਦੀਪੁਰ, ਮੰਡਾਲ੍ਹਾ, ਮਾਲਚੱਕ।
- ਨਬੀ ਪੁਰ, ਨਦੋਹਰ, ਨਾਰਲੀ, ਨਾਰਲਾ, ਨਾਗੋ ਕੇ, ਨੱਥੋ ਕੇ, ਨੰਦ ਪੁਰ, ਨੱਥੂ ਪੁਰ, ਨੱਥੂ ਚੱਕ, ਨੱਥੂ ਪੁਰ ਟੋਡਾ, ਨੌਰੰਗਾਬਾਦ, ਨੁਸ਼ਹਿਰਾ ਪੰਨੂਆਂ, ਨਸ਼ਹਿਰਾ ਢਾਲਾ, ਨੋਨੇ, ਨੂਰਪੁਰ, ਨੂਰਵਾਲ਼ਾ।

- ਪਨਗੋਟਾ, ਪਰਿੰਘੜੀ, ਪਰਾਗ ਪੁਰਾ, ਪੱਟੀ, ਪੂਹਲਾ, ਪਹੂਵਿੰਡ, ਪੂਨੀਆਂ, ਪਹਿਲਵਾਨ ਕੇ, ਪੱਧਰੀ ਕਲਾਂ, ਪੱਧਰੀ ਖ਼ੁਰਦ, ਪਿੱਦੀ, ਪੱਖੋ ਕੇ, ਪੱਖੋ ਪੁਰਾ, ਪਲਾਸੌਰ, ਪੰਡੋਰੀ ਗੋਲਾ, ਪੰਡੋਰੀ ਰਣਸਿੰਘ, ਪੰਡੋਰੀ ਰੋਮਾਣਾ, ਪੰਡੋਰੀ ਹਸਨ, ਪੰਡੋਰੀ ਸਿਧਵਾਂ, ਪੰਡੋਰੀ ਤਖ਼ਤਮੱਲ, ਪੰਜਵੜ, ਪਿੰਡੀਆਂ, ਫੇਲੋ ਕੇ, ਫਰੰਦੀਪੁਰ, ਫਤਹਿਪੁਰ ਸੁੱਗਾ, ਫ਼ਤੇਹਪੁਰ।
- ਰਾਹਲ ਚਾਹਲ, ਰੱਖ ਦੀਨੇ ਵਾਲ, ਰੱਖ ਗਗੜੇਵਾਲ, ਰੱਖ ਬਨਵਾਲੀ ਪੁਰ, ਰਾਮ ਪੁਰ ਨਰੋਤਮ ਪੁਰ, ਰੱਤੋ ਕੇ, ਰਾਜੋ ਕੇ, ਰਾਮਖਾਰਾ, ਰਾਧਲ ਕੇ, ਰਾਮ ਸਿੰਘ ਵਾਲ਼ਾ, ਰੱਖ ਬੋਹੜੂ, ਰੱਖ ਸਰਾਂ ਅਮਾਨਤ ਖਾਂ, ਰੱਖ ਸ਼ੇਖ ਫੱਤਾ, ਰੈਸ਼ੀਆਣਾ, ਰੱਖ ਸ਼ੇਰੋਂ, ਰਾਮਰੌਣੀ, ਰਾਣੀਆਂ, ਰਾਣੀ ਵਲਾਹ, ਰਸੂਲਪੁਰ, ਰਟੌਲ, ਰੂੜੇ ਆਸਲ, ਰੂੜੀਵਾਲ਼ਾ, ਰੱਤਗੁੱਦਾ, ਰਾਏ ਪੁਰ ਬਲੀਮ।
- ਸਭਰਾ, ਸੈਦੋ, ਸੈਦ ਪੁਰ, ਸ਼ਹੀਦ, ਸਫਾ ਸਿੰਘ ਵਾਲ਼ਾ, ਸੰਗਵਾਂ, ਸੀਤੋ ਮੈ ਝੁੱਗੀਆਂ, ਸੀਤੋ ਨੌ ਅਬਾਦ, ਸ਼ਹੀਦ, ਸਾਂਧਰਾ, ਸਾਂਡਪੁਰਾ, ਸਿਧਵਾਂ, ਸਨਖ਼ਤਰਾ, ਸਰਾਏ ਵਲਟੋਹਾ, ਸਹਿੰਸਰਾ, ਸੱਕਿਆਂ ਵਾਲੀ, ਸੰਘਰ, ਸੰਘਰ ਕੋਟ, ਸਰਾਂ ਤਲਵੰਡੀ, ਸਿੰਘ ਪੁਰਾ, ਸੁੱਗਾ, ਸਖੀਰਾ, ਸ਼ੇਰੋਂ, ਸ਼ਹਾਬ ਪੁਰ, ਸਿੰਘਪੁਰਾ, ਸ਼ੰਗਾਰ ਪੁਰ, ਸੰਗਤਪੁਰ, ਸੰਘੇ, ਸਰਾਏ ਦੀਵਾਨਾ, ਸਰਾਂ ਅਮਾਨਤ ਖਾਂ, ਸਰਾਹਲ਼ੀ ਮੰਡਾਂ, ਸਰਹਾਲ਼ੀ ਕਲਾਂ, ਸਰਹਾਲ਼ੀ ਖ਼ੁਰਦ, ਸਖੀਰਾ, ਸ਼ਹਾਬਪੁਰ, ਸ਼ਹਿਬਾਜ਼ ਪੁਰ, ਸ਼ਕਰੀ, ਸ਼ੇਖ, ਸ਼ੇਖ ਚੱਕ, ਸੂਰ ਵਿੰਡ, ਸੁਹਾਵਾ, ਸ਼ੁਕਰ ਚੱਕ, ਸੋਹਲ।
- ਟਾਂਡਾ, ਠੱਠਾ, ਠੱਠੀ, ਠਰੂ, ਠੱਠ ਗੜ੍ਹ, ਠੱਠੀਆਂ ਮਹੰਤਾਂ, ਠੱਕਰ ਪੁਰਾ, ਠੱਠੀਆਂ ਖ਼ੁਰਦ, ਠੱਠੀ ਜੈਮਲ ਸਿੰਘ।
- ਤਲਵੰਡੀ ਸੋਭਾ ਸਿੰਘ, ਤਲਵੰਡੀ ਮੋਹਰ ਸਿੰਘ, ਤੱਖੂ ਚੱਕ, ਤੁੰਗ, ਤੂਤ, ਤੁੜ, ਥੇਹ ਬਾਹਮਣਾ, ਥੇਹ ਰਾਜਬਾ, ਥੇਹ ਚਾਹਲ, ਤਖ਼ਤੂਚੱਕ, ਤਲਵੰਡੀ ਸੋਭਾ ਸਿੰਘ, ਤਲਵੰਡੀ ਮੁਤਸੱਦਾ ਸਿੰਘ।
- ਉਸਮਾਂ, ਉੱਬੋ ਕੇ, ਉੱਪਲ, ਉਮਰਾ ਬਾਠ।
- ਵੇਈਂਪੁਈਂ, ਵੈਰੋਂਵਾਲ਼, ਵੜਿੰਗ ਸੂਬਾ ਸਿੰਘ, ਵਲਟੋਹਾ, ਵਲੀਪੁਰ, ਵਾਂ (ਸਬਾਜ਼ਪੁਰ), ਵਾਂ ਤਾਰਾ ਸਿੰਘ, ਵਾੜਾ ਤੇਲੀਆਂ, ਵਾੜਾ ਸ਼ੇਰ ਸਿੰਘ, ਵਰਨਾਲ਼ਾ, ਵਰਾਣਾ, ਵਰਿਆਂਹ, ਵੜਿੰਗ, ਜ਼ਿਨਾਰਦਾਰ।

## 1. ਅੰਗਰੇਜ਼ਾਂ ਦੀ ਭਾਰਤ ਵਿਚ ਆਮਦ

ਦੇਸ਼ ਭਗਤਾਂ, ਅਜ਼ਾਦੀ ਘੁਲਾਟੀਆਂ ਅਤੇ ਗੁਰਦੁਆਰਾ ਸੁਧਾਰ ਲਹਿਰ ਦੇ ਯੋਧਿਆਂ ਬਾਰੇ ਕੁਝ ਲ਼ਿਖਣ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਕਿ ਭਾਰਤ ਵਰਗੇ ਵਿਸ਼ਾਲ ਦੇਸ਼ ਵਿਚ ਸਮੁੰਦਰ ਪਾਰ ਕਰਕੇ ਅੰਗਰੇਜ਼ਾਂ ਦੀ ਭਾਰਤ ਵਿਚ ਐਂਟਰੀ ਕਿਵੇਂ ਹੋਈ? ਉਹਨਾਂ ਨੇ ਆਪਣੇ ਵਪਾਰਕ ਹਿੱਤਾਂ ਨੂੰ ਸੁਰੱਖਿਅਤ ਕਰਨ ਲਈ ਸਾਡੇ ਦੇਸ਼ ਦੀ ਰਾਜਨੀਤਿਕ ਸੱਤਾ ਤੇ ਕੰਟਰੋਲ ਹਾਸਲ ਕਿਵੇਂ ਕੀਤਾ? ਇਹ ਸਭ ਕੁਝ ਜਾਣ ਲੈਣ ਤੋਂ ਬਾਅਦ ਭਾਰਤੀ ਲੋਕਾਂ ਵੱਲੋਂ ਅੰਗਰੇਜ਼ਾਂ ਦਾ ਵਿਰੋਧ ਕਰਨ ਤੇ ਅਜ਼ਾਦੀ ਹਾਸਲ ਕਰਨ ਲਈ ਚੱਲੀਆਂ ਵੱਖ ਵੱਖ ਲਹਿਰਾਂ ਬਾਰੇ

ਸੰਖੇਪ ਜਾਣਕਾਰੀ ਹਾਸਲ ਕਰਨੀ ਵੀ ਜ਼ਰੂਰੀ ਹੈ। ਇਸ ਲਈ ਆਓ ਪਹਿਲਾਂ ਇਹਨਾਂ ਤਿੰਨਾਂ ਨੁਕਤਿਆਂ ਤੇ ਕੇਂਦਰਤ ਵੱਖ ਵੱਖ ਘਟਨਾਵਾਂ ਬਾਰੇ ਜਾਣਕਾਰੀ ਹਾਸਲ ਕਰੀਏ।

31 ਦਸੰਬਰ, 1600 ਨੂੰ ਮਹਾਂਰਾਣੀ ਐਲਿਜ਼ਬਥ-1 ਨੇ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਨੂੰ ਪੂਰਬੀ ਭਾਰਤ ਨਾਲ ਵਪਾਰ ਕਰਨ ਦਾ ਸ਼ਾਹੀ ਫ਼ੁਰਮਾਨ ਜਾਰੀ ਕੀਤਾ। 24 ਅਗਸਤ 1608 ਨੂੰ ਪਹਿਲੇ ਬ੍ਰਿਟਿਸ਼ ਸਮੁੰਦਰੀ ਜਹਾਜ਼ 'ਹੈਕਟਰ' ਨੇ ਭਾਰਤ ਦੀ ਗੁਜਰਾਤ ਵਿਚਲੀ ਸੂਰਤ ਦੀ ਬੰਦਰਗਾਹ ਤੇ ਲੰਗਰ ਸੁੱਟਿਆ। ਇਸ ਦਾ ਕੈਪਟਨ ਹਾਕਿਨਜ਼ 1609 ਤੋਂ 1611 ਤੱਕ ਭਾਰਤ ਵਿੱਚ ਵਪਾਰ ਕਰਨ ਦੀ ਖੁੱਲ੍ਹ ਲੈਣ ਲਈ ਮੁਗਲ ਬਾਦਸ਼ਾਹ ਜਹਾਂਗੀਰ ਦੇ ਦਰਬਾਰ ਦੇ ਸੰਪਰਕ ਵਿੱਚ (ਆਗਰਾ ਵਿੱਚ) ਰਿਹਾ ਪਰ ਉਸ ਤੋਂ ਪਹਿਲਾਂ ਭਾਰਤ ਵਿੱਚ ਮੌਜੂਦ ਪੁਰਤਗਾਲੀ ਵਪਾਰੀਆਂ ਦੇ ਦਬਾਅ ਕਾਰਨ ਉਹਨੂੰ ਬਾਦਸ਼ਾਹ ਪਾਸੋਂ ਕੋਈ ਫ਼ੁਰਮਾਨ ਪ੍ਰਾਪਤ ਨਾ ਹੋਇਆ। ਆਪਣੇ ਮੰਤਵ ਦੀ ਪ੍ਰਾਪਤੀ ਲਈ ਅੰਗਰੇਜ਼ ਵਪਾਰੀ ਟੋਲੇ ਨੇ ਸੂਰਤ ਦੇ ਨੇੜੇ ਸਵਾਲੀ ਦੇ ਸਥਾਨ ਤੇ 1612 ਵਿੱਚ ਹੋਈ ਮੁੱਠ-ਭੇੜ ਵਿੱਚ ਪੁਰਤਗਾਲੀ ਵਪਾਰੀ ਟੋਲੇ ਨੂੰ ਸਖਤ ਹਾਰ ਦਿੱਤੀ। ਜਿਸ ਦੇ ਨਤੀਜੇ ਵਜੋਂ ਬਾਦਸ਼ਾਹ ਜਹਾਂਗੀਰ ਨੇ ਅੰਗਰੇਜ਼ਾਂ ਨੂੰ ਭਾਰਤ ਵਿੱਚ ਵਪਾਰ ਕਰਨ ਅਤੇ ਸੂਰਤ ਵਿੱਚ ਉਦਯੋਗ ਸਥਾਪਤ ਕਰਨ ਦੀ ਆਗਿਆ ਦੇ ਦਿੱਤੀ। ਫਲਸਰੂਪ 1612 ਵਿੱਚ ਅੰਗਰੇਜ਼ਾਂ ਨੇ ਸੂਰਤ ਵਿੱਚ ਆਪਣਾ ਪਹਿਲਾ ਉਦਯੋਗ ਸਥਾਪਤ ਕੀਤਾ।

1615 ਤੋਂ 1618 ਤੱਕ ਸਰ ਥੌਮਸ ਰੋਅ ਨਾਂ ਦੇ ਅੰਗਰੇਜ਼ ਪਦ-ਅਧਿਕਾਰੀ, ਜੋ ਬ੍ਰਿਟਿਸ਼ ਕਿੰਗ ਜੇਮਜ਼-1 ਦਾ ਦੂਤ ਬਣ ਕੇ ਜਹਾਂਗੀਰ ਦੇ ਦਰਬਾਰ ਵਿੱਚ ਹਾਜ਼ਰ ਹੋਇਆ ਸੀ, ਨੇ ਹਿੰਦਸਤਾਨ ਦੇ ਮੁਗਲ ਸਮਰਾਟ ਜਹਾਂਗੀਰ ਤੋਂ ਭਾਰਤ ਵਿੱਚ ਵਪਾਰ ਕਰਨ ਦੇ ਲਿਖਤੀ ਅਧਿਕਾਰ ਪ੍ਰਾਪਤ ਕੀਤੇ। ਵਪਾਰਕ ਕਾਰੋਬਾਰ ਵਧਾਉਣ ਲਈ 1639 ਵਿਚ ਮਦਰਾਸ, 1668 ਵਿਚ ਬੰਬੇ ਅਤੇ 1690 ਵਿਚ ਕਲਕੱਤਾ ਵਿਚ ਉਦਯੋਗ ਸਥਾਪਤ ਕਰ ਲਏ। ਆਰੰਭ ਵਿਚ ਕੰਪਨੀ ਕੇਵਲ ਗਰਮ ਮਸਾਲਿਆਂ ਦੇ ਵਪਾਰ ਤੱਕ ਸੀਮਤ ਸੀ ਪਰ ਸਹਿਜੇ ਸਹਿਜੇ ਉਹਨੇ ਸੂਤੀ ਕੱਪੜਾ, ਰੇਸ਼ਮ, ਨੀਲ, ਨਮਕ ਅਤੇ ਚਾਹ-ਪੱਤੀ ਉਦਯੋਗ ਵੱਲ ਵਧਣਾ ਸ਼ੁਰੂ ਕਰ ਦਿੱਤਾ। ਅਗਲੇ ਕਦਮ ਵਜੋਂ ਉਹਨਾਂ ਨੇ ਪ੍ਰਸਿੱਧ ਭਾਰਤੀ ਬੰਦਰਗਾਹਾਂ ਤੇ ਬਣਾਏ ਆਪਣੇ ਗੁਦਾਮਾਂ ਅਤੇ ਵਪਾਰਕ ਵਸਤਾਂ ਦੀ ਸੁਰੱਖਿਆ ਲਈ ਕਦਮ ਚੁੱਕਦੇ ਹੋਏ ਸੁਰੱਖਿਆ ਦਸਤੇ ਕਾਇਮ ਕੀਤੇ ਜਿਹਨਾਂ ਨੇ ਬਾਅਦ ਵਿਚ ਨਿੱਜੀ ਫੌਜ ਦਾ ਰੂਪ ਧਾਰਨ ਕਰ ਲਿਆ। ਇਸ ਅੰਗਰੇਜ਼ ਕੰਪਨੀ ਨੇ ਆਪਣਾ ਪ੍ਰਭਾਵ ਵਧਾਉਣ ਲਈ ਪੁਰਤਗਾਲੀਆਂ, ਡੱਚਾਂ ਅਤੇ ਫਰਾਂਸੀਸੀਆਂ ਨਾਲ ਸਖ਼ਤ ਮੁਕਾਬਲਾ ਕੀਤਾ ਅਤੇ ਸਫ਼ਲਤਾ ਪ੍ਰਾਪਤ ਕੀਤੀ। ਚਲਾਕ ਅੰਗਰੇਜ਼ ਕੌਮ ਨੇ ਜਲਦੀ ਹੀ ਭਾਰਤੀ ਵਪਾਰੀਆਂ ਨੂੰ ਵੀ ਮੁਕਾਬਲੇ ਤੋਂ ਬਾਹਰ ਕਰ ਦਿੱਤਾ। ਕੰਪਨੀ ਨੇ ਆਪਣੇ ਵਪਾਰ ਅਤੇ ਸੁਰੱਖਿਆ ਦਸਤਿਆਂ ਲਈ ਬਿਨਾਂ ਪ੍ਰਵਾਨਗੀ ਨਾ ਕੇਵਲ ਮਦਰਾਸ, ਕਲਕੱਤੇ ਅਤੇ ਬੰਬਈ ਵਿੱਚ ਕਿਲ੍ਹੇ ਤਾਮੀਰ ਕੀਤੇ ਸਗੋਂ ਭਾਰਤੀ ਸਿਪਾਹੀਆਂ ਦੀ ਭਰਤੀ ਕਰਕੇ ਨਿੱਜੀ ਸੈਨਾ ਵੀ ਬਣਾ ਲਈ।

ਇਧਰ ਅੰਗਰੇਜ਼ਾਂ ਦੀ ਈਸਟ ਇੰਡੀਅਨ ਕੰਪਨੀ ਆਪਣੇ ਪੈਰ ਪਸਾਰੀ ਜਾ ਰਹੀ ਸੀ ਤੇ ਉਧਰ ਮੁਗਲ ਸਾਮਰਾਜ ਦਾ ਸੂਰਜ ਅਸਤ ਹੋਣ ਵੱਲ ਜਾ ਰਿਹਾ ਸੀ। ਔਰੰਗਜ਼ੇਬ ਦੀ ਮੌਤ ਤੋਂ ਬਾਅਦ ਇਹ ਹੋਰ ਰਸਾਤਲ ਵੱਲ ਚਲਾ ਗਿਆ। ਕੰਪਨੀ ਨੇ ਇਸ ਦਾ ਫ਼ਾਇਦਾ ਉਠਾਉਂਦੇ ਹੋਏ ਬੰਗਾਲ ਦੀ ਰਾਜਨੀਤੀ ਵਿੱਚ ਦਖ਼ਲ ਦੇਣਾ ਸ਼ੁਰੂ ਕਰ ਦਿੱਤਾ ਅਤੇ ਬੰਗਾਲ ਦੇ ਨਵਾਬ ਦੇ ਹੁਕਮਾਂ ਦੀ ਅਵੱਗਿਆ ਕਰਨੀ ਸ਼ੁਰੂ ਕਰ ਦਿੱਤੀ। ਕੰਪਨੀ ਦੀ ਨੀਅਤ ਨੂੰ ਭਾਂਪਦਿਆਂ 1756 ਵਿੱਚ ਨਵਾਬ ਸਿਰਾਜਉਦੌਲਾ ਨੇ ਕੰਪਨੀ ਦੇ ਕਲਕੱਤੇ ਦੇ ਫ਼ੋਰਟ ਵਿਲੀਅਮ ਕਿਲ੍ਹੇ ਤੇ, ਜਿਹੜਾ ਕੰਪਨੀ ਨੇ ਨਵਾਬ ਦੀ ਆਗਿਆ ਤੋਂ ਬਿਨਾਂ ਬਣਾਇਆ ਸੀ, ਕਬਜ਼ਾ ਕਰ ਲਿਆ। ਪਰ 1757 ਦੀ ਪਲਾਸੀ ਦੀ ਲੜਾਈ ਵਿਚ ਗਦਾਰ ਮੀਰ ਜਾਫ਼ਰ ਦੀ ਮਦਦ ਨਾਲ ਕੰਪਨੀ ਦੀ ਨਿੱਜੀ ਫੌਜ ਨੇ ਸਿਰਾਜਉਦੌਲਾ ਨੂੰ ਸਖ਼ਤ ਹਾਰ ਦੇ ਕੇ ਮੀਰ ਜਾਫ਼ਰ ਤੋਂ ਬੰਗਾਲ ਦਾ ਦੀਵਾਨੀ (ਮਾਲ ਆਬਿਆਨਾ ਇਕੱਠਾ ਕਰਨ ਦਾ) ਅਧਿਕਾਰ ਪ੍ਰਾਪਤ ਕਰ ਲਿਆ। 1764 ਵਿਚ ਬਕਸਰ ਦੀ ਲੜਾਈ ਵਿਚ ਬੰਗਾਲ ਦੇ ਨਵਾਬ ਸ਼ਾਹ ਆਲਮ ਦੂਜੇ ਅਤੇ ਅਵਧ ਦੇ ਨਵਾਬ ਨੂੰ ਹਰਾ ਕੇ ਬੰਗਾਲ, ਬਿਹਾਰ ਅਤੇ ਉੜੀਸਾ ਦੇ ਦੀਵਾਨੀ ਅਧਿਕਾਰ ਪ੍ਰਾਪਤ ਕੀਤੇ। ਇਸ ਤੋਂ ਬਾਅਦ 1767 ਤੋਂ 1799 ਤੱਕ ਕੰਪਨੀ ਨੇ ਹੈਦਰ ਅਲੀ ਅਤੇ ਉਸ ਦੇ ਪੁੱਤਰ ਟੀਪੂ ਸੁਲਤਾਨ ਨਾਲ ਮੈਸੂਰ ਦੀਆਂ ਕਈ ਲੜਾਈਆਂ ਲੜੀਆਂ। ਆਖ਼ਰ ਟੀਪੂ ਸੁਲਤਾਨ ਦੀ ਮੌਤ ਹੋ ਜਾਣ ਤੇ ਮੈਸੂਰ ਦੀ ਰਿਆਸਤ ਤੇ ਕਬਜ਼ਾ ਕਰ ਲਿਆ ਅਤੇ ਵਪਾਰ ਦੀ ਥਾਂ ਰਾਜ ਦਾ ਝੰਡਾ ਝੁਲਾ ਦਿੱਤਾ। 1773 ਵਿਚ ਉਹਨਾਂ ਨੇ ਕਲਕੱਤਾ ਨੂੰ ਰਾਜਧਾਨੀ ਬਣਾ ਕੇ ਰਾਜ-ਪ੍ਰਬੰਧ ਚਲਾਉਣ ਲਈ ਬਾਕਾਇਦਾ ਵਾਰਨ ਹੇਸਟਿੰਗਜ਼ ਨੂੰ ਗਵਰਨਰ ਜਨਰਲ ਥਾਪ ਦਿੱਤਾ।

1775 ਤੋਂ 1818 ਤੱਕ ਮਰਾਠਾ ਸ਼ਕਤੀ ਨਾਲ ਕੀਤੇ ਯੁੱਧਾਂ ਦੇ ਕਾਰਨ ਕੰਪਨੀ ਦਾ ਪ੍ਰਭਾਵ ਵਧ ਗਿਆ ਸੀ ਪਰ ਇਸ ਤੋਂ ਬਾਅਦ ਕੰਪਨੀ ਨੇ ਸ਼ਾਤਰਾਨਾ ਢੰਗ ਨਾਲ ਸੰਧੀਆਂ ਕਰਕੇ ਆਪਣੀ ਸ਼ਕਤੀ ਨੂੰ ਵਧਾਇਆ। ਇਹਨਾਂ ਸੰਧੀਆਂ ਵਿਚ ਲਾਰਡ ਵੈਲਜ਼ਲੀ ਦੀ

ਸਹਾਇਕ ਸੰਧੀ ਅਤੇ ਲਾਰਡ ਡਲਹੌਜ਼ੀ ਦੀ ਲੈਪਸ ਦੀ ਨੀਤੀ ਮਸ਼ਹੂਰ ਹੈ। ਸਹਾਇਕ ਸੰਧੀ ਰਾਹੀਂ ਲਾਰਡ ਵੈਲਜ਼ਲੀ ਨੇ ਭਾਰਤੀ ਰਾਜਿਆਂ ਨੂੰ ਕੰਪਨੀ ਦੀਆਂ ਫੌਜਾਂ ਨੂੰ ਆਪਣੇ ਰਾਜ ਵਿੱਚ ਰੱਖਣ ਅਤੇ ਇਸ ਦਾ ਸਾਰਾ ਖ਼ਰਚਾ ਚੁੱਕਣ ਲਈ ਮਜਬੂਰ ਕੀਤਾ ਅਤੇ ਲੈਪਸ ਦੀ ਨੀਤੀ ਰਾਹੀਂ ਲਾਰਡ ਡਲਹੌਜ਼ੀ ਨੇ ਬਿਨਾਂ ਵਾਰਸ (ਪੁੱਤਰ) ਮਰ ਜਾਣ ਵਾਲ਼ੇ ਭਾਰਤੀ ਰਾਜਿਆਂ ਦਾ ਰਾਜ ਜਬਰਦਸਤੀ ਕੰਪਨੀ ਦੇ ਅਧਿਕਾਰ ਖੇਤਰ ਵਿਚ ਲੈਣ ਦਾ ਰਾਹ ਅਪਨਾਇਆ। ਇਸ ਤਰ੍ਹਾਂ ਬਹੁਤ ਸਾਰੇ ਭਾਰਤੀ ਰਾਜਿਆਂ ਦੀਆਂ ਰਿਆਸਤਾਂ ਨੂੰ ਈਸਟ ਇੰਡੀਆ ਕੰਪਨੀ ਨੇ ਆਪਣੇ ਕੰਟਰੋਲ ਹੇਠ ਕਰ ਲਿਆ। 1757 ਤੱਕ ਜਿਹੜੀ ਕੰਪਨੀ ਸਿਰਫ਼ ਵਪਾਰ ਕਰਨ ਤੱਕ ਸੀਮਤ ਸੀ ਤੇ ਉਹਦਾ ਕੰਟਰੋਲ ਕੇਵਲ ਬੰਦਰਗਾਹਾਂ, ਗੁਦਾਮਾਂ ਤੇ ਵਪਾਰਕ ਰਸਤਿਆਂ ਨਾਲ ਜੁੜਿਆ ਹੋਇਆ ਸੀ, ਉਹ ਪਲਾਸੀ ਦੀ ਲੜਾਈ ਤੋਂ ਬਾਅਦ ਦੀਵਾਨੀ ਅਧਿਕਾਰ ਪ੍ਰਾਪਤ ਕਰਨ ਅਤੇ ਆਪਣੀ ਫੌਜ ਸ਼ਕਤੀ ਦੇ ਬਲਬੋਤੇ ਭਾਰਤ ਦੇ ਬਹੁਤੇ ਰਾਜਾਂ ਤੇ ਕੰਟਰੋਲ ਕਰਨ ਵਿਚ ਕਾਮਯਾਬ ਹੋ ਗਈ। ਸਥਾਨਕ ਭਾਰਤੀ ਰਾਜੇ ਅੰਗਰੇਜ਼ਾਂ ਦੇ ਹੱਥਾਂ ਦੀ ਕੱਠਪੁਤਲੀ ਬਣ ਗਏ। ਕੰਪਨੀ ਵਪਾਰੀ ਦੀ ਹੈਸੀਅਤ ਤੋਂ ਉੱਠ ਕੇ ਕੁਝ ਇਲਾਕਿਆਂ ਦੀ ਮਾਲਕ ਅਤੇ ਹੁਕਮਰਾਨ ਬਣ ਗਈ।

ਭਾਵੇਂ ਈਸਟ ਇੰਡੀਆ ਕੰਪਨੀ ਦੀ ਦੱਖਣ ਪੂਰਬ ਤੋਂ ਸ਼ੁਰੂ ਕੀਤੀ ਇਲਾਕਾਈ ਜਿੱਤਾਂ ਦੀ ਮੁਹਿੰਮ ਲਗਾਤਾਰ ਅੱਗੇ ਵਧਦੀ ਹੋਈ ਪੂਰਬੀ ਪੰਜਾਬ ਤੱਕ ਪਹੁੰਚ ਗਈ ਸੀ ਪਰ ਅਜ਼ਾਦ ਸਿੱਖ ਸਾਮਰਾਜ ਦੇ ਬਲੀ ਯੋਧੇ ਮਹਾਰਾਜਾ ਰਣਜੀਤ ਸਿੰਘ ਨੇ 1809 ਵਿਚ ਅੰਮ੍ਰਿਤਸਰ ਦੀ ਸੰਧੀ ਕਰਕੇ ਅੰਗਰੇਜ਼ਾਂ ਨੂੰ ਸਤਲੁਜ ਦਰਿਆ ਤੋਂ ਪਾਰ ਰਹਿਣ ਲਈ ਮਜਬੂਰ ਕਰ ਦਿੱਤਾ। ਕੰਪਨੀ ਦੀਆਂ ਫੌਜਾਂ ਨੂੰ ਸਤਲੁਜ ਪਾਰ ਕਰਨ ਤੋਂ ਤਾਂ ਰੋਕ ਦਿੱਤਾ ਗਿਆ ਪਰ ਸਤਲੁਜ ਤੇ ਜਮਨਾ ਵਿਚਕਾਰ ਪੈਂਦੀਆਂ ਪਟਿਆਲਾ, ਨਾਭਾ ਤੇ ਜੀਂਦ ਵਰਗੀਆਂ ਸਿੱਖ ਰਿਆਸਤਾਂ ਦੇ ਰਾਜੇ ਅੰਗਰੇਜ਼ਾਂ ਦੀ ਸੁਰੱਖਿਆ ਛਤਰੀ ਹੇਠ ਰਹਿ ਗਏ। ਇਸ ਤੋਂ ਬਾਅਦ ਲੱਗ ਭੱਗ 30 ਸਾਲ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਸਾਮਰਾਜ ਦੀਆਂ ਹੱਦਾਂ ਨੂੰ ਅਫਗਾਨਿਸਤਾਨ ਤੇ ਕਸ਼ਮੀਰ ਤੱਕ ਵਧਾਇਆ ਪਰ 1839 ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਉਹਦੇ ਰਣਨੀਤਿਕ ਸਮਝ ਤੋਂ ਊਣੇ ਵਾਰਸ, ਗਦਾਰਾਂ ਦੀਆਂ ਕੂਟਨੀਤਿਕ ਚਾਲਾਂ ਦਾ ਸ਼ਿਕਾਰ ਹੋ ਗਏ ਅਤੇ ਵਿਸ਼ਾਲ ਸਿੱਖ ਰਾਜ ਨੂੰ ਸੰਭਾਲ ਨਾ ਸਕੇ। ਫਿਰ ਵੀ ਸਿੱਖ ਫੌਜਾਂ ਨੇ, ਅੰਗਰੇਜ਼ ਕੰਪਨੀ ਦੀਆਂ ਫੌਜਾਂ ਨਾਲ਼ ਹੋਈਆਂ ਐਂਗਲੋ-ਸਿੱਖ ਲੜਾਈਆਂ ਜਿਵੇਂ ਮੁਦਕੀ, ਫ਼ਿਰੋਜ਼ਸ਼ਾਹ, ਅਲੀਵਾਲ, ਸਭਰਾਵਾਂ ਅਤੇ ਚੇਲਿਆਂ ਵਾਲਾ ਆਦਿ ਸਥਾਨਾਂ ਤੇ ਜਾਨ-ਹੂਲਵੀਂ ਲੜਾਈ ਲੜਦਿਆਂ ਬਹਾਦਰੀ ਦੇ ਜੌਹਰ ਦਿਖਾਏ ਪਰ ਲੋਭ-ਲਾਲਚਾਂ ਵੱਸ ਆਪਣੇ ਹੀ ਕੁਝ ਦਰਬਾਰੀਆਂ ਵੱਲੋਂ ਕੀਤੀ ਗਦਾਰੀ ਦਾ ਸ਼ਿਕਾਰ ਹੋ ਕੇ ਆਖ਼ਰ ਜਿੱਤ ਕੇ ਵੀ ਹਾਰ ਗਏ।

ਇਹਨਾਂ ਹਾਰਾਂ ਦੇ ਬਾਵਜੂਦ ਭਾਈ ਮਹਾਰਾਜ ਸਿੰਘ ਨੇ ਅੰਗਰੇਜ਼ ਸਾਮਰਾਜ ਨਾਲ਼ ਟੱਕਰ ਲੈਣ ਦਾ ਫ਼ੈਸਲਾ ਕੀਤਾ। ਉਹ ਜਿਲ੍ਹਾ ਅੰਮ੍ਰਿਤਸਰ ਦਾ ਜੰਮਪਲ (ਅਤੇ ਬਾਬਾ ਬੀਰ ਸਿੰਘ ਨਰੰਗਾਬਾਦ ਦਾ ਚੇਲਾ) ਸੀ। ਉਸ ਨੇ ਸਿੱਖ ਫੌਜਾਂ ਦੀਆਂ ਅੰਗਰੇਜ਼ਾਂ ਨਾਲ਼ ਹੋਈਆਂ ਲੜਾਈਆਂ ਵਿਚ ਕੁੰਜੀਵਤ ਰੋਲ਼ ਨਿਭਾਇਆ ਸੀ। 1844 ਵਿੱਚ ਹੋਈ ਬਾਬਾ ਬੀਰ ਸਿੰਘ ਦੀ ਸ਼ਹੀਦੀ ਤੋਂ ਬਾਅਦ ਉਹਨੇ ਇੱਕ ਵਾਰ ਫਿਰ ਸਿੱਖ ਰਿਆਸਤੀ ਰਾਜਿਆਂ ਅਤੇ ਪਹਾੜੀ ਰਾਜਿਆਂ ਨੂੰ ਇਕਮੁੱਠ ਕਰਕੇ ਅੰਗਰੇਜ਼ਾਂ ਨਾਲ਼ ਦਸਤ-ਪੰਜਾ ਲੈਣ ਲਈ ਪਲਾਨ ਬਣਾਇਆ। ਪਰ ਇਹਨਾਂ ਅੰਗਰੇਜ਼-ਭਗਤ ਰਾਜਿਆਂ ਵੱਲੋਂ ਸਾਥ ਨਾ ਮਿਲਣ ਕਾਰਨ 28 ਦਸੰਬਰ 1849 ਨੂੰ ਹੋਈ ਛੋਟੀ ਜਿਹੀ ਮੁੱਠਭੇੜ ਸਮੇਂ ਅੰਗਰੇਜ਼ਾਂ ਨੇ ਉਹਨੂੰ ਗ੍ਰਿਫ਼ਤਾਰ ਕਰਕੇ ਸਿੰਗਾਪੁਰ ਜੇਲ੍ਹ ਵਿਚ ਭੇਜ ਦਿੱਤਾ। ਇੱਥੇ ਜੇਲ੍ਹ ਵਿਚਲੀਆਂ ਸਖ਼ਤੀਆਂ ਨਾ ਸਹਾਰਦੇ ਹੋਏ 5 ਜੁਲਾਈ 1856 ਨੂੰ ਉਹ ਸ਼ਹੀਦੀ ਜਾਮ ਪੀ ਗਿਆ। ਸਿੱਖ ਇਤਿਹਾਸ ਵਿਚ ਉਹਨੂੰ ਇਕ ਸੰਤ-ਸਿਪਾਹੀ ਦਾ ਦਰਜਾ ਹਾਸਲ ਹੈ, ਆਊਟਰਾਮ ਪਾਰਕ ਸਿੰਗਾਪੁਰ ਵਿਚ ਉਹਦੀ ਸਮਾਧੀ ਬਣੀ ਹੋਈ ਹੈ ਅਤੇ ਉਹਨੂੰ ਅੰਗਰੇਜ਼ ਸਾਮਰਾਜ ਵਿਰੁੱਧ ਅਜ਼ਾਦੀ ਦੀ ਲੜਾਈ ਦਾ ਸ਼ਹੀਦ ਮੰਨਿਆ ਜਾਂਦਾ ਹੈ। ਇਹਨਾਂ ਹਾਰਾਂ ਤੋਂ ਬਾਅਦ ਦੋ ਤਿੰਨ ਸਾਲਾਂ ਵਿਚ ਹੀ ਕੰਪਨੀ ਨੇ ਮਹਾਰਾਜਾ ਰਣਜੀਤ ਸਿੰਘ ਦੇ ਵਾਰਸਾਂ ਨੂੰ ਖਾਨਾ-ਜੰਗੀ ਤੇ ਕੂਟਨੀਤੀ ਰਾਹੀਂ ਨਿਸਕ੍ਰਿਆ ਕਰ ਦਿੱਤਾ ਅਤੇ 1849 ਵਿਚ ਪੂਰਨ ਤੌਰ ਤੇ ਪੰਜਾਬ ਨੂੰ ਅੰਗਰੇਜ਼ ਸਾਮਰਾਜ ਦਾ ਅੰਗ ਬਣਾ ਲਿਆ।

ਉਧਰ ਭਾਰਤੀ ਰਾਜਿਆਂ ਨੂੰ ਮਜਬੂਰਨ ਕੰਪਨੀ ਦੀਆਂ ਫੌਜਾਂ ਆਪਣੇ ਇਲਾਕੇ ਵਿਚ ਰੱਖ ਕੇ ਉਹਨਾਂ ਨੂੰ ਤਨਖ਼ਾਹ ਦੇਣੀ ਪਈ। ਭਾਰਤੀ ਰਾਜੇ ਅਧੀਨਗੀ ਦੀ ਹਾਲਤ ਵਿਚ ਕੰਪਨੀ ਦੀ ਆਗਿਆ ਤੋਂ ਬਿਨਾਂ ਕਿਸੇ ਨਾਲ਼ ਕੋਈ ਸੰਧੀ ਸਮਝੌਤਾ ਨਹੀਂ ਕਰ ਸਕਦੇ ਸਨ। ਇਸ ਤਰ੍ਹਾਂ ਬਿਨਾਂ ਕੋਈ ਮਹਿੰਗੀਆਂ ਜੰਗਾਂ ਲੜਨ ਦੇ ਅੰਗਰੇਜ਼ਾਂ ਨੇ ਕੂਟਨੀਤਕ ਚਾਲਾਂ ਤੇ ਨੀਤੀਆਂ ਨਾਲ ਭਾਰਤ ਵਿਚ ਆਪਣੀ ਫੌਜੀ ਸ਼ਕਤੀ ਤੇ ਹੁਕਮਰਾਨਾ ਪ੍ਰਭਾਵ ਨੂੰ ਵਧਾਇਆ। ਪਰ 1857 ਵਿਚ ਅੰਗਰੇਜ਼ਾਂ ਦੀਆਂ ਇਹਨਾਂ ਨੀਤੀਆਂ ਤੋਂ ਭਾਰਤੀ ਰਾਜਿਆਂ ਦੀ ਨਰਾਜ਼ਗੀ ਕਾਰਨ, ਕਿਸਾਨਾਂ ਤੇ ਲਾਏ ਟੈਕਸਾਂ, ਸ਼ਹਿਰਾਂ ਵਿਚ ਬ੍ਰਿਟਿਸ਼ ਉਦਯੋਗਾਂ ਦੇ ਮਾਲ ਦਾ ਹੜ੍ਹ ਆ ਜਾਣ ਕਾਰਨ, ਦੇਸੀ ਦਸਤਕਾਰਾਂ ਦੇ ਬੇਰੋਜ਼ਗਾਰ ਹੋਣ, ਭਾਰਤੀ ਸੱਭਿਆਚਾਰ ਨੂੰ ਹੋਣ ਵਾਲੇ ਨੁਕਸਾਨ, ਇਸਾਈ ਮਿਸ਼ਨਰੀਆਂ ਦੇ ਗਰੀਬ ਤੇ ਪੇਂਡੂ ਭਾਰਤੀ ਇਲਾਕਿਆਂ ਵਿਚ ਪ੍ਰਚਾਰ ਤੇਜ਼ ਕਰਨ, ਕੰਪਨੀ ਦੀ ਫੌਜ ਵਿਚ 80% ਭਾਰਤੀ ਫੌਜੀਆਂ ਨਾਲ ਤਨਖ਼ਾਹ ਅਤੇ ਤਰੱਕੀਆਂ ਦੇ ਸਵਾਲ ਤੇ ਹੁੰਦੇ ਵਿਤਕਰੇ ਕਾਰਨ, ਉਹਨਾਂ ਦੀ ਮਰਜੀ ਵਿਰੁੱਧ ਸਮੁੰਦਰੋਂ ਪਾਰ ਭੇਜਣ (ਜੋ ਕਿ ਹਿੰਦੂ ਵਿਸ਼ਵਾਸਾਂ ਦੇ ਖ਼ਿਲਾਫ਼ ਸੀ) ਅਤੇ ਸਿਪਾਹੀਆਂ ਨੂੰ ਦਿੱਤੇ ਜਾਂਦੇ ਚਰਬੀ ਵਾਲ਼ੇ ਕਾਰਤੂਸਾਂ ਦੇ ਸਿਟੇ

ਵਜੋਂ ਭਾਰਤੀ ਰਾਜਿਆਂ ਅਤੇ ਫੌਜੀਆਂ ਵਿਚ ਵਿਦਰੋਹ ਦੀ ਜਵਾਲਾ ਭੜਕ ਪਈ। ਇਸ ਵਿਦਰੋਹ ਨੂੰ ਅੰਗਰੇਜ਼ਾਂ ਨੇ ਪੂਰੀ ਤਾਕਤ ਨਾਲ ਦਬਾ ਦਿੱਤਾ ਅਤੇ 1858 ਦੇ ਗਵਰਨਮੈਂਟ ਆਫ ਇੰਡੀਆ ਐਕਟ ਰਾਹੀਂ 1.11.1858 ਨੂੰ ਭਾਰਤ ਕੰਪਨੀ ਦੀ ਥਾਂ ਸਿੱਧਾ ਅੰਗਰੇਜ਼ ਹਕੂਮਤ ਦੇ ਅਧੀਨ ਹੋ ਗਿਆ।

ਭਾਰਤੀ ਮਾਮਲਿਆਂ ਤੇ ਸਿੱਧਾ ਕੰਟਰੋਲ ਸਥਾਪਤ ਕਰਨ ਲਈ ਬ੍ਰਿਟਿਸ਼ ਸਰਕਾਰ ਵੱਲੋਂ ਇਕ ਸੈਕਟਰੀ ਆਫ ਸਟੇਟ ਅਤੇ ਇਕ ਅੰਗਰੇਜ਼ ਅਧਿਕਾਰੀ ਨੂੰ ਗਵਰਨ ਜਨਰਲ ਆਫ ਇੰਡੀਆ ਨਿਯੁਕਤ ਕੀਤਾ ਗਿਆ ਜਿਸ ਦੀ ਥਾਂ ਬਾਅਦ ਵਿਚ ਵਾਇਸਰਾਏ ਬਣਾਏ ਜਾਣ ਲੱਗੇ। ਅੱਗੋਂ ਹੋਰ ਕਿਸੇ ਬਗਾਵਤ ਨੂੰ ਰੋਕਣ ਲਈ ਭਾਰਤੀ ਫੌਜ ਵਿੱਚ ਅੰਗਰੇਜ਼ਾਂ ਦੀ ਨਫ਼ਰੀ ਵਧਾਈ ਗਈ, ਸਿੱਖ, ਗੋਰਖਾ, ਪਠਾਣ ਆਦਿ ਫ਼ਿਰਕਾ ਅਧਾਰਤ ਫੌਜੀ-ਭਰਤੀ ਨੂੰ ਉਤਸ਼ਾਹਤ ਕੀਤਾ ਗਿਆ ਅਤੇ ਏਕਤਾ ਨੂੰ ਤੋੜਨ ਲਈ ਭਾਰਤੀ ਫੌਜੀਆਂ ਨੂੰ ਜਾਤ, ਧਰਮ ਤੇ ਖੇਤਰੀ ਅਧਾਰ ਤੇ ਵੰਡ ਦਿੱਤਾ ਗਿਆ। ਹਿੰਦੂ, ਮੁਸਲਮ ਤੇ ਜਾਤੀ ਅਧਾਰ ਤੇ ਵੰਡੋ ਤੇ ਰਾਜ ਕਰੋ ਦੀ ਨੀਤੀ ਅਪਨਾਈ ਗਈ। ਉੱਚ ਪ੍ਰਬੰਧਕੀ ਪੋਸਟਾਂ ਤੋਂ ਭਾਰਤੀਆਂ ਨੂੰ ਯੋਗ ਹੋਣ ਦੇ ਬਾਵਜੂਦ ਵੀ ਦੂਰ ਰੱਖਿਆ ਗਿਆ। ਰਿਆਸਤੀ ਰਾਜਿਆਂ ਨੂੰ ਅੰਗਰੇਜ਼ਾਂ ਦੇ ਵਫ਼ਾਦਾਰ ਰਹਿਣ ਦੀ ਸ਼ਰਤ ਤੇ ਉਹਨਾਂ ਦਾ ਰਾਜ ਮੋੜ ਦਿੱਤਾ ਗਿਆ। ਪਰ ਬ੍ਰਿਟਿਸ਼ ਹਿੱਤਾਂ ਲਈ ਭਾਰਤੀ ਸਰੋਤਾਂ ਦੀ ਲੁੱਟ ਜਾਰੀ ਰਹੀ। ਅੰਗਰੇਜ਼ ਕਪਾਹ, ਪਟਸਨ ਤੇ ਚਾਹ ਦਾ ਕੱਚਾ ਮਾਲ ਆਪਣੇ ਦੇਸ਼ ਨੂੰ ਭੇਜਣ ਤੇ ਕੇਂਦਰਿਤ ਰਹੇ। ਆਪਣੇ ਫੌਜੀ ਅਤੇ ਵਪਾਰਕ ਹਿੱਤਾਂ ਨੂੰ ਬੜਾਵਾ ਦੇਣ ਲਈ ਅੰਗਰੇਜ਼ਾਂ ਨੇ ਭਾਰਤ ਵਿਚ ਡਾਕ-ਤਾਰ, ਰੇਲਵੇ, ਨਹਿਰਾਂ ਅਤੇ ਸੜਕਾਂ ਦਾ ਪਸਾਰ ਕੀਤਾ। ਅੰਗਰੇਜ਼ਾਂ ਨੇ ਭਾਰਤੀ ਮਾਨਸਿਕਤਾ ਨੂੰ ਧਿਆਨ ਵਿਚ ਰੱਖਦਿਆਂ ਭਾਰਤੀ ਲੋਕਾਂ ਨੂੰ ਨਰਾਜ਼ ਕਰਨ ਵਾਲੇ ਸੁਧਾਰਾਂ ਤੋਂ ਪ੍ਰਹੇਜ਼ ਕਰਨਾ ਬਿਹਤਰ ਸਮਝਿਆ। ਮਿਸ਼ਨਰੀ ਪ੍ਰਚਾਰ ਘਟਾਇਆ ਗਿਆ ਪਰ ਪੱਛਮੀ ਤਰਜ਼ ਦੀ ਸਿੱਖਿਆ ਨੀਤੀ ਅਪਨਾਈ ਰੱਖੀ। ਇਸ ਤਰ੍ਹਾਂ ਭਾਰਤ ਵਰਗੇ ਵਿਸ਼ਾਲ ਦੇਸ਼ ਨੂੰ ਸ਼ਾਤਰ ਅੰਗਰੇਜ਼ ਕੌਮ ਨੇ ਪੂਰੀ ਤਰ੍ਹਾਂ ਆਪਣੇ ਕਬਜ਼ੇ ਹੇਠ ਕਰ ਲਿਆ।

## 2. ਅੰਗਰੇਜ਼ ਹਕੂਮਤ ਵਿਰੁੱਧ ਆਦਿ-ਵਾਸੀ ਸੰਘਰਸ਼ ਅਤੇ ਵਿਦਰੋਹ

ਗੁਲਾਮੀ ਦੇ ਪੂਰੇ ਸੌ ਸਾਲ ਬਾਅਦ ਬਰਤਾਨਵੀ ਸਾਮਰਾਜ ਦੀ ਲੁੱਟ ਅਤੇ ਵਿਤਕਰੇ ਵਿਰੁੱਧ ਜਥੇਬੰਦਕ ਅਤੇ ਹਥਿਆਰ-ਬੰਦ ਲਹਿਰਾਂ ਸਰਗਰਮ ਹੋ ਗਈਆਂ। ਭਾਰਤ ਦੇ ਇਤਿਹਾਸ ਵਿਚ 1857 ਦੇ ਵਿਦਰੋਹ ਨੂੰ ਅਜ਼ਾਦੀ ਦੀ ਪਹਿਲੀ ਲੜਾਈ ਕਰਕੇ ਜਾਣਿਆ ਜਾਂਦਾ ਹੈ ਪਰ ਕੁਝ ਇਤਿਹਾਸਕਾਰ ਨਾ ਤਾਂ ਇਹਨੂੰ ਪਹਿਲੀ ਲੜਾਈ ਮੰਨਦੇ ਹਨ ਅਤੇ ਨਾ ਹੀ 'ਸੁਤੰਤਰਤਾ ਸੰਗਰਾਮ'। ਇਹਨਾਂ ਵਿਚ ਡਾ ਮੌਜੂਮਦਾਰ ਅਤੇ ਸ੍ਰ ਕਿਰਪਾਲ ਸਿੰਘ ਨਾਰੰਗ ਆਦਿ ਸ਼ਾਮਲ ਹਨ। ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਜੀ ਵੀ ਆਪਣੀ ਪੁਸਤਕ 'ਡਿਸਕਵਰੀ ਆਫ ਇੰਡੀਆ' ਵਿਚ ਇਸ ਵਿਦਰੋਹ ਨੂੰ ਕੁਝ ਕੁ ਰਜਵਾੜਿਆਂ ਅਤੇ ਉਹਨਾਂ ਦੇ ਪੈਰੋਕਾਰਾਂ ਦੀ ਨਿੱਜੀ ਭੜਾਸ ਹੀ ਮੰਨਦੇ ਹਨ। ਉਹਨਾਂ ਦਾ ਮੱਤ ਹੈ ਕਿ ਇਹ ਪਹਿਲਾ ਵਿਦਰੋਹ ਹਿੰਦੁਸਤਾਨੀ ਰਾਜਿਆਂ-ਰਾਣੀਆਂ ਅਤੇ ਨਵਾਬਾਂ ਵੱਲੋਂ ਅੰਗਰੇਜ਼ਾਂ ਨੂੰ ਭਾਰਤ ਵਿੱਚੋਂ ਬਾਹਰ ਕੱਢਣ ਲਈ ਨਹੀਂ ਸਗੋਂ ਆਪਣੀਆਂ ਖੋਹੀਆਂ ਗਈਆਂ ਰਿਆਸਤਾਂ ਨੂੰ ਮੁੜ ਪ੍ਰਾਪਤ ਕਰਨ ਲਈ ਲੜਿਆ ਗਿਆ ਸੀ।

ਭਾਵੇਂ ਇਸ ਵਿਦਰੋਹ ਵਿੱਚ ਕੁਝ ਨਿਰਸਵਾਰਥ ਲੋਕ ਵੀ ਸ਼ਾਮਲ ਹੋ ਗਏ ਸਨ ਪਰ ਉਹਨਾਂ ਦੀ ਕੋਈ ਜਨਤਕ ਜਥੇਬੰਦੀ ਨਾ ਹੋਣ ਕਾਰਨ ਕੀਤੀਆਂ ਗਈਆਂ ਕੁਰਬਾਨੀਆਂ ਨਾਲ ਮਨ-ਇੱਛਤ ਨਤੀਜੇ ਨਾ ਨਿਕਲੇ। ਇੱਥੇ ਇਹ ਦੱਸਣਾ ਕੁਥਾਂ ਨਹੀਂ ਹੋਵੇਗਾ ਕਿ ਇਸ ਗ਼ਦਰ ਤੋਂ ਪਹਿਲਾਂ ਵੀ ਅੰਗਰੇਜ਼ ਬਸਤੀਵਾਦੀਆਂ ਵਿਰੁੱਧ ਭਾਰਤ ਦੇ ਕੁਝ ਆਦਿ-ਵਾਸੀ ਸਮੂਹਾਂ ਵੱਲੋਂ ਅੰਗਰੇਜ਼ਾਂ ਨੂੰ ਬਾਗ਼ੀ ਤੇਵਰ ਦਿਖਾਏ ਗਏ ਸਨ। ਆਦਿ-ਵਾਸੀਆਂ ਨੂੰ ਆਮ ਤੌਰ ਤੇ ਅਤਿ ਪਛੜੇ ਗਰੀਬ, ਅਨਪੜ੍ਹ, ਜਾਹਲ ਅਤੇ ਅਸੱਭਿਆ ਮਨੁੱਖ ਸਮਝਿਆ ਜਾਂਦਾ ਹੈ ਜਦ ਕਿ ਉਹ ਭਾਰਤ ਦੇ ਮੂਲ ਨਿਵਾਸੀ ਹਨ ਅਤੇ ਸਮੇਂ ਦੇ ਹਾਕਮਾਂ ਵੱਲੋਂ ਉਹਨਾਂ ਨੂੰ ਅੱਗੇ ਵਧਣ ਦੇ ਬਰਾਬਰ ਮੌਕੇ ਨਹੀ ਦਿੱਤੇ ਗਏ। ਭਾਰਤ ਵਿੱਚ ਆਰੀਆ ਲੋਕਾਂ ਦਾ ਬੋਲਬਾਲਾ ਹੋਣ ਕਾਰਨ ਇਹਨਾਂ ਆਦਿ-ਵਾਸੀਆਂ ਦੁਆਰਾ ਆਪਣੇ ਸਭਿਆਚਾਰ ਅਤੇ ਸੰਸਕ੍ਰਿਤੀ ਨੂੰ ਬਚਾਉਣ ਲਈ ਅੰਗਰੇਜ਼ ਸਾਮਰਾਜ ਵਿਰੁੱਧ ਕੀਤੀਆਂ ਗਈਆਂ ਹਥਿਆਰ-ਬੰਦ ਅਤੇ ਜਥੇਬੰਦ ਬਗ਼ਾਵਤਾਂ ਨੂੰ ਇਤਿਹਾਸ ਵਿੱਚ ਯੋਗ ਸਥਾਨ ਨਹੀਂ ਦਿੱਤਾ ਜਾਂਦਾ ਅਤੇ ਨਾ ਹੀ (ਕੁਝ ਅਗਾਂਹਵਧੂ ਵਿਦਵਾਨਾਂ ਤੋਂ ਬਿਨਾਂ) ਇਹਨਾਂ ਬਗ਼ਾਵਤਾਂ ਦੌਰਾਨ ਉਹਨਾਂ ਦੁਆਰਾ ਕੀਤੀਆਂ ਗਈਆਂ ਕੁਰਬਾਨੀਆਂ ਨੂੰ ਕੋਈ ਯਾਦ ਕਰਦਾ ਹੈ।

ਇਹਨਾਂ ਬਗ਼ਾਵਤਾਂ ਵਿੱਚ **ਭੀਲ ਬਗ਼ਾਵਤ 1817-19, ਕੋਲ ਵਿਦਰੋਹ 1831-32, ਖੋਂਡ ਬਗ਼ਾਵਤ 1837-56, ਸੰਥਾਲ ਵਿਦਰੋਹ 1855-56, ਵਹਾਬੀ ਸੰਘਰਸ਼ 1830-1870, ਬਿਰਸਾ ਮੁੰਡਾ ਲਹਿਰ 1895-1900 ਅਤੇ ਰੰਪਾ ਬਗ਼ਾਵਤ 1922-24** ਵਰਨਣਯੋਗ ਹਨ। ਰਾਜਸਥਾਨ, ਗੁਜਰਾਤ ਅਤੇ ਮੱਧ ਪ੍ਰਦੇਸ਼ ਦੇ ਕੁਝ ਇਲਾਕਿਆਂ ਵਿੱਚ ਭੀਲ ਜਾਤੀ ਦੇ ਲੋਕਾਂ ਨੇ ਭੀਮਾ ਨਾਇਕ, ਅਤੇ ਸੇਵਾਰਾਮ ਵਰਗੇ ਆਗੂਆਂ ਦੀ ਅਗਵਾਈ ਹੇਠ ਅੰਗਰੇਜ਼ਾਂ ਦੁਆਰਾ ਕੀਤੀ ਗਈ ਜ਼ਮੀਨ ਦੀ ਬੇਦਖ਼ਲੀ ਅਤੇ ਠੋਸੇ ਗਏ ਟੈਕਸਾਂ ਵਿਰੁੱਧ ਜੰਗਲਾਂ ਚੋਂ ਬ੍ਰਿਟਿਸ਼ ਪੁਲਿਸ ਤੇ ਗੁਰੀਲਾ ਹਮਲੇ ਸ਼ੁਰੂ ਕੀਤੇ। ਇੱਸੇ ਤਰ੍ਹਾਂ ਉੜੀਸਾ ਦੇ ਪਹਾੜੀ ਖੇਤਰਾਂ ਵਿੱਚ ਰਹਿੰਦੇ ਖੋਂਡ ਕਬੀਲੇ ਨੇ 1837-56 ਤੱਕ ਅੰਗਰੇਜ਼ਾਂ ਦਾ ਵਿਰੋਧ ਕੀਤਾ। ਭਾਵੇਂ ਇਹ ਵਿਦਰੋਹ ਅੰਗਰੇਜ਼ਾਂ ਨੇ ਤਾਕਤ ਦੇ ਜ਼ੋਰ ਨਾਲ ਦਬਾ ਦਿੱਤੇ ਪਰ ਇਹਨਾਂ ਬਗ਼ਾਵਤਾਂ ਨੇ ਆਦਿ-ਵਾਸੀਆਂ ਦੇ ਮਨ ਵਿੱਚ ਅੰਗਰੇਜ਼ਾਂ ਦੇ ਵਿਰੋਧ ਦੀ ਭਾਵਨਾ ਨੂੰ ਹੋਰ ਮਜਬੂਤ ਕੀਤਾ । ਜਦੋਂ ਅੰਗਰੇਜ਼ਾਂ ਨੇ ਆਦਿ-ਵਾਸੀਆਂ ਦੇ ਰਿਵਾਇਤੀ ਜ਼ਮੀਨੀ ਪ੍ਰਬੰਧ ਦੀ ਥਾਂ ਜ਼ਿਮੀਦਾਰਾ ਸਿਸਟਮ ਲਾਗੂ ਕਰਨ ਦੀ ਕੋਸ਼ਸ਼ ਕੀਤੀ, ਆਦਿ-ਵਾਸੀ ਇਲਾਕਿਆਂ ਵਿੱਚ ਜ਼ਮੀਨ ਦੀ ਮਾਲਕੀ ਬਾਹਰੀ ਲੋਕਾਂ ਨੂੰ ਦੇਣ ਦੇ ਪ੍ਰਬੰਧ ਕੀਤੇ, ਸ਼ਾਹੂਕਾਰਾਂ ਨੂੰ ਮਨ-ਮਰਜੀ ਦਾ ਵਿਆਜ਼ ਲਾ ਕੇ ਲੁੱਟ ਕਰਨ ਦੀ ਆਗਿਆ ਦਿੱਤੀ, ਭ੍ਰਿਸ਼ਟ ਪੁਲਿਸ ਤੇ ਅਦਾਲਤੀ ਪ੍ਰਬੰਧ ਲਾਗੂ ਕਰਨ ਦੀ ਕੋਸ਼ਸ਼ ਕੀਤੀ ਅਤੇ ਸਦੀਆਂ ਤੋਂ ਚੱਲੇ ਆਉਂਦੇ ਸਮਾਜਿਕ ਤੇ ਸਮੂਹਿਕ ਆਦਿ-ਵਾਸੀ ਜ਼ਮੀਨੀ ਪ੍ਰਬੰਧ ਵਿੱਚ ਤਬਦੀਲੀ ਕਰਨ ਲਈ ਜਤਨ ਕੀਤੇ ਤਾਂ ਛੋਟਾ ਨਾਗਪੁਰ ਦੀਆਂ ਪਹਾੜੀਆਂ, ਮੌਜੂਦਾ ਛਤੀਸਗੜ੍ਹ, ਪੱਛਮੀ ਬੰਗਾਲ ਅਤੇ ਬਿਹਾਰ ਦੇ ਜੰਗਲਾਂ ਦੇ ਆਦਿ-ਵਾਸੀਆਂ ਨੇ ਸਮੂਹਿਕ ਤੌਰ ਤੇ ਜਥੇਬੰਦ ਹੋ ਕੇ ਇਸ ਦਾ ਹਥਿਆਰ-ਬੰਦ ਵਿਰੋਧ ਕੀਤਾ।

ਉਹਨਾਂ ਨੇ ਪੁਲਿਸ-ਥਾਣਿਆਂ, ਅਦਾਲਤਾਂ, ਸ਼ਾਹੂਕਾਰਾਂ ਅਤੇ ਬ੍ਰਿਟਿਸ਼ ਅਧਿਕਾਰੀਆਂ ਤੇ ਹਮਲੇ ਕੀਤੇ। ਬਰਛੇ, ਕੁਹਾੜੇ ਅਤੇ ਤੀਰ-ਕਮਾਨ ਵਰਗੇ ਆਪਣੇ ਰਿਵਾਇਤੀ ਹਥਿਆਰਾਂ ਨਾਲ਼ ਬ੍ਰਿਟਿਸ਼ ਫੌਜ ਅਤੇ ਪੁਲਿਸ ਦਾ ਮੁਕਾਬਲਾ ਕੀਤਾ ਪਰ ਆਧੁਨਿਕ ਹਥਿਆਰਾਂ ਵਾਲੀ ਫੌਜ ਤੇ ਪੁਲਿਸ ਸਾਹਮਣੇ ਉਹਨਾਂ ਦੀ ਪੇਸ਼ ਨਾ ਗਈ। ਪੁਲਿਸ ਨੇ ਪਿੰਡਾਂ ਦੇ ਪਿੰਡ ਸਾੜ ਸੁੱਟੇ, ਹਜ਼ਾਰਾਂ ਆਦਿ-ਵਾਸੀ ਕਾਰਕੁੰਨਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ, ਗ੍ਰਿਫ਼ਤਾਰੀਆਂ ਕਰਕੇ ਮੁਕਦਮੇ ਚਲਾਏ ਅਤੇ ਬਾਗ਼ੀਆਂ ਤੇ ਕਾਬੂ ਪਾ ਲਿਆ। **ਕੋਲ ਵਿਦਰੋਹ** ਦੀ ਅਗਵਾਈ ਬਿੰਦਰਾਏ ਮਾਨਕੀ, ਸਿੰਗਰਾਏ ਮਾਨਕੀ, ਜੋਆ ਭਗਤ ਅਤੇ ਬੁੱਧੂ ਭਗਤ ਨੇ ਕੀਤੀ, **ਸੰਥਾਲੀ ਬਗ਼ਾਵਤ** ਦੇ ਆਗੂ ਸਿੱਧੂ ਮੁਰਮੂ, ਕਨਹੂ ਮੁਰਮੂ, ਚਾਂਦ ਮੁਰਮੁਰ, ਭੈਰਵ ਮੁਰਮੂ ਅਤੇ ਮਹਿਲਾ ਆਗੂ ਫੁੱਲੋ-ਝਾਨੋ ਸਨ। ਇਹਨਾਂ ਵਿਦਰੋਹਾਂ ਕਾਰਨ ਸੰਥਾਲ ਪਰਗਨਾ ਐਕਟ 1855 ਅਤੇ ਆਦਿ-ਵਾਸੀ ਖੇਤਰ ਲਈ ਵੱਖਰਾ ਪ੍ਰਸ਼ਾਸਨ ਹੋਂਦ ਵਿੱਚ ਆਇਆ।

ਅਜਿਹੀ ਇੱਕ ਬਗ਼ਾਵਤ ਜਿਸ ਦਾ ਜ਼ਿਕਰ ਸ੍ਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਰੋਜ਼ਾਨਾ ਦੇਸ਼ ਸੇਵਕ ਵਿੱਚ ਛਪੇ ਆਪਣੇ ਇੱਕ ਲੇਖ ਵਿੱਚ ਕੀਤਾ ਹੈ, **ਵਹਾਬੀਆਂ** ਦਾ ਬਰਤਾਨਵੀ ਸਰਕਾਰ ਵਿਰੁੱਧ ਲੰਬਾ ਸੰਘਰਸ਼ ਹੈ। ਵਹਾਬੀ ਮੁਸਲਮਾਨਾਂ ਦਾ ਇੱਕ ਸੁੰਨੀ ਫ਼ਿਰਕਾ ਹੈ ਜਿੰਨ੍ਹਾ ਦੀ ਵਧੇਰੇ ਵਸੋਂ ਉੱਤਰੀ ਭਾਰਤ ਵਿੱਚ ਹੈ। ਵਹਾਬੀ ਲਹਿਰ ਇੱਕ ਧਾਰਮਿਕ ਲਹਿਰ ਸੀ ਜੋ ਈਸਟ ਇੰਡੀਆ ਕੰਪਨੀ ਵੱਲੋਂ ਕਿਸਾਨਾਂ ਦੀਆਂ ਜ਼ਮੀਨਾ ਹੜੱਪਣ ਅਤੇ ਨਵਾਂ ਜ਼ਮੀਨੀ ਪ੍ਰਬੰਧ ਲਾਗੂ ਕਰਨ ਵਿਰੁੱਧ 1830 ਤੋਂ 1870 ਤੱਕ ਚਲਦੀ ਰਹੀ। ਇਸ ਦਾ ਮੋਢੀ ਸਯਦ ਅਹਿਮਦ ਬਰੇਲਵੀ ਸੀ ਜੋ ਕੰਪਨੀ ਵਿਰੁੱਧ ਰਿਵਾਇਤੀ ਹਥਿਆਰਾਂ ਨਾਲ ਲੜਦਾ ਹੋਇਆ 1831 ਵਿੱਚ ਬਾਲਾਕੋਟ ਦੀ ਲੜਾਈ ਵਿੱਚ ਮਾਰਿਆ ਗਿਆ। ਉਸ ਤੋਂ ਬਾਅਦ ਬੰਗਾਲ ਦਾ ਟੀਟੂ ਮੀਰ ਜਿਹੜਾ ਆਪਣੇ 15 ਹਜ਼ਾਰ ਤੋਂ ਵੱਧ ਵਹਾਬੀ ਸਿਪਾਹੀਆਂ ਦਾ ਬਹਾਦਰ ਜਰਨੈਲ ਸੀ, ਵੀ 1832 ਵਿੱਚ ਕੰਪਨੀ ਦੀਆਂ ਫੌਜਾਂ ਵਿਰੁੱਧ ਲੜਦਾ ਹੋਇਆ ਸ਼ਹੀਦ ਹੋ ਗਿਆ।

ਇਸ ਲੜਾਈ ਵਿੱਚ ਪੀਰ ਸ਼ਰੀਅਤ ਉੱਲਾ ਦੀ ਮੌਤ ਤੋਂ ਬਾਅਦ ਉਸ ਦੇ ਪੁੱਤਰ ਮੁਹੰਮਦ ਮੁਹਾਸ਼ਿਨ ਨੇ ਵਹਾਬੀ ਲਹਿਰ ਦੀ ਅਗਵਾਈ ਸੰਭਾਲੀ। ਉਹਨੇ ਪੂਰਬੀ ਬੰਗਾਲ ਵਿੱਚ ਅੰਗਰੇਜ਼ਾਂ ਦਾ ਪੂਰਨ ਬਾਈਕਾਟ ਕਰਦਿਆਂ ਜ਼ਮੀਨਾਂ ਦਾ ਲਗਾਨ ਤੇ ਸ਼ਾਹੂਕਾਰਾ ਵਿਆਜ਼ ਦੇਣਾ ਬੰਦ ਕਰਕੇ ਆਪਣੀ ਹਕੂਮਤ ਦਾ ਐਲਾਨ ਕੀਤਾ। ਆਪਣੇ ਸੈਨਕ, ਆਪਣੇ ਅਫਸਰ ਅਤੇ ਆਪਣੀਆਂ ਅਦਾਲਤਾਂ ਬਣਾਈਆਂ। ਭਾਵੇਂ ਉਸ ਦੇ ਸ਼ਰਧਾਲੂਆਂ ਦੀ ਗਿਣਤੀ 40,000 ਤੱਕ ਪਹੁੰਚ ਗਈ ਸੀ ਪਰ ਕੰਪਨੀ ਦੀ ਵੱਡੀ ਫੌਜ ਅੱਗੇ ਰਵਾਇਤੀ ਹਥਿਆਰਾਂ ਨਾਲ ਲੜਨ ਵਾਲੇ ਵਹਾਬੀਆਂ ਦੀ ਪੇਸ਼ ਨਾ ਗਈ ਅਤੇ ਕੰਪਨੀ ਨੇ ਮੁਹੰਮਦ ਮੁਹਾਸ਼ਿਨ ਨੂੰ ਗ੍ਰਿਫ਼ਤਾਰ ਕਰ ਕੇ ਸਾਲਾਂ ਬੱਧੀ ਜੇਲ੍ਹ ਵਿੱਚ ਤਸੀਹੇ ਦੇ ਕੇ 1860 ਵਿੱਚ ਮਾਰ ਦਿੱਤਾ। ਉਹਦੀ ਮੌਤ ਤੋਂ ਬਾਅਦ ਵਹਾਬੀ ਲਹਿਰ ਦਾ ਕੇਂਦਰ ਬੰਗਾਲ ਤੋਂ ਬਦਲ ਕੇ ਬਿਹਾਰ ਚਲੇ ਗਿਆ। ਸੱਯਦ ਅਹਿਮਦ ਬਰੇਲਵੀ ਦੇ ਪੈਰੋਕਾਰ ਪੀਰ ਜੀਆ ਮੀਆਂ ਦੀ ਸਰਪ੍ਰਸਤੀ ਹੇਠ ਇਨਾਇਤ ਅਲੀ ਤੇ ਵਿਲਾਇਤ ਅਲੀ ਨਾਂ ਦੇ ਦੋ ਭਰਾਵਾਂ ਨੇ ਵਹਾਬੀ ਲਹਿਰ ਨੂੰ ਮੁੜ ਜਥੇਬੰਦ ਕਰਕੇ ਸਰਗਰਮ ਕੀਤਾ ਅਤੇ ਬਿਹਾਰ ਦੇ ਸਿਤਾਨਾ ਕਸਬੇ ਨੂੰ ਇਸ ਦਾ ਕੇਂਦਰ ਬਣਾਇਆ।

1863 ਵਿੱਚ ਅੰਗਰੇਜ਼ਾਂ ਨੇ ਆਪਣੀ ਫੌਜੀ ਸ਼ਕਤੀ ਵਧਾ ਕੇ ਵਹਾਬੀ ਟਿਕਾਣਿਆਂ ਤੇ ਜ਼ੋਰਦਾਰ ਹਮਲਾ ਕੀਤਾ। ਆਹਮੋ ਸਾਹਮਣੇ ਦੀ ਗਹਿਗਚ ਲੜਾਈ ਵਿੱਚ ਦੋਹਾਂ ਧਿਰਾਂ ਦਾ ਭਾਰੀ ਜਾਨੀ ਨੁਕਸਾਨ ਹੋਇਆ। ਅੰਗਰੇਜ਼ ਫੌਜ ਨੇ ਅਲੀ ਭਰਾਵਾਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਅੰਬਾਲਾ ਜੇਲ੍ਹ ਵਿੱਚ ਫਾਂਸੀ ਦੇ ਦਿੱਤੀ। ਮੁਹੰਮਦ ਉੱਲਾ ਦੀ ਪਟਨਾ ਜੇਲ੍ਹ ਵਿੱਚ ਮੌਤ ਹੋ ਗਈ। ਮੁਹੰਮਦ ਅਬਦੁੱਲਾ ਨੂੰ ਕਲਕੱਤਾ ਦੇ ਚੀਫ਼ ਜਸਟਿਸ ਦੇ ਕਤਲ ਅਤੇ ਸ਼ੇਰ ਅਲੀ ਖ਼ਾਨ ਨੂੰ ਲਾਰਡ ਮੇਓ ਦੇ ਕਤਲ ਦੇ ਸਬੰਧ ਵਿੱਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ। ਭਾਵੇਂ ਅੰਗਰੇਜ਼ ਹਕੂਮਤ ਨੇ ਵਹਾਬੀ ਲਹਿਰ ਨੂੰ ਤਾਕਤ ਦੇ ਜ਼ੋਰ ਨਾਲ ਕੁਚਲ ਦਿੱਤਾ ਪਰ ਇਸ ਲਹਿਰ ਨੇ ਲੋਕਾਂ ਦੇ ਮਨ ਵਿੱਚ ਅੰਗਰੇਜ਼ਾਂ ਵਿਰੁੱਧ ਨਫ਼ਰਤ ਪੈਦਾ ਕਰਕੇ 1857 ਦੇ ਗ਼ਦਰ ਲਈ ਭੋਂ ਤਿਆਰ ਕਰਨ ਵਿੱਚ ਅਹਿਮ ਭੂਮਕਾ ਨਿਭਾਈ।

**ਬਿਰਸਾਇਤ ਵਿਦਰੋਹ** ਦਾ ਆਗੂ **ਬਿਰਸਾ ਮੁੰਡਾ** ਸੀ। ਉਹਨੇ ਆਪਣੇ ਮੁੰਡਾ ਕਬੀਲੇ ਨੂੰ ਜਥੇਬੰਦ ਕਰਕੇ 1895 ਤੋਂ 1900 ਤੱਕ ਹਥਿਆਰ-ਬੰਦ ਸੰਘਰਸ਼ ਕੀਤਾ। ਸਾਰਾ ਕਬੀਲਾ ਉਹਨੂੰ 'ਧਰਤੀ ਅੱਬਾ' ਕਹਿੰਦਾ ਸੀ। ਇਸ ਵਿਦਰੋਹ ਦਾ ਖੇਤਰ ਵੀ ਛੋਟਾ ਨਾਗਪੁਰ ਦੀਆਂ ਪਹਾੜੀਆਂ (ਮੌਜੂਦਾ ਝਾਰਖੰਡ ਦਾ ਭੂ-ਭਾਗ) ਸੀ। ਇਸ ਵਿਦਰੋਹ ਦੇ ਕਾਰਨ ਓਹੀ ਸਨ ਜੋ ਉੱਪਰ ਵਰਨਣ ਕੀਤੇ ਗਏ ਹਨ ਅਰਥਾਤ ਅੰਗਰੇਜ਼ਾਂ ਦੁਆਰਾ ਲਿਆਂਦੀ ਗਈ ਜ਼ਿਮੀਦਾਰਾ ਪ੍ਰਣਾਲੀ, ਜੰਗਲ ਕਨੂੰਨ ਅਤੇ ਇਸਾਈ ਮਿਸ਼ਨਰੀਆਂ ਦੇ ਦਖ਼ਲ ਕਾਰਨ ਆਦਿ-ਵਾਸੀਆਂ ਦੀ ਜ਼ਮੀਨ, ਧਰਮ, ਸੰਸਕ੍ਰਿਤੀ ਅਤੇ ਰਿਵਾਇਤੀ ਹੱਕ ਖ਼ਤਰੇ ਵਿੱਚ ਚਲੇ ਗਏ। ਉਹਨਾਂ ਦਾ ਆਰਥਿਕ ਸ਼ੋਸ਼ਣ ਅਤੇ ਸਮਾਜਿਕ ਬੇਇਨਸਾਫ਼ੀ ਵਧ ਗਈ। ਸਿੱਟੇ ਵਜੋਂ **ਮੁੰਡਾ** ਕਬੀਲੇ ਨੇ ਧਾਰਮਿਕ ਅਤੇ ਰਾਜਨੀਤਿਕ ਸੰਘਰਸ਼ ਸ਼ੁਰੂ ਕੀਤਾ ਜੋ ਹਥਿਆਣ-ਬੰਦ ਵਿਦਰੋਹ ਵਿੱਚ ਬਦਲ ਗਿਆ। ਅੰਗਰੇਜ਼ ਸੈਨਾ ਨੇ ਬਿਰਸਾ ਦੇ ਵਿਰੁੱਧ ਸਖਤ ਕਦਮ ਚੁੱਕੇ। ਆਖ਼ਰ ਤਿੰਨ ਫ਼ਰਵਾਰੀ 1900 ਨੂੰ ਜਾਮਕੋਈ ਦੇ ਜੰਗਲ ਵਿੱਚੋਂ ਬਿਰਸਾ ਦੀ ਗ੍ਰਿਫ਼ਤਾਰੀ ਹੋ ਗਈ। ਬਿਰਸਾ ਸਮੇਤ 460 ਆਦਿ-ਵਾਸੀਆਂ ਤੇ ਮੁਕਦਮਾ ਦਰਜ ਕੀਤਾ ਗਿਆ। ਇਹਨਾਂ ਚੋਂ ਇੱਕ ਨੂੰ ਮੌਤ ਦੀ ਸਜ਼ਾ, 39 ਨੂੰ ਆਜੀਵਨ ਕਾਰਾਵਾਸ ਅਤੇ 23 ਨੂੰ 14 ਸਾਲ ਤੱਕ ਦੀ ਲੰਮੀ ਜੇਲ੍ਹ ਦੀਆਂ ਸਖਤ ਸਜ਼ਾਵਾਂ ਦਿੱਤੀਆਂ ਗਈਆਂ। ਬਿਰਸਾ ਸਮੇਤ ਛੇ ਜਣਿਆਂ ਦੀ ਜੇਲ੍ਹ ਦੀਆਂ ਸਖਤੀਆਂ ਕਾਰਨ ਜੇਲ੍ਹ ਵਿੱਚ ਹੀ ਮੌਤ ਹੋ ਗਈ। 9 ਜੂਨ 1900 ਨੂੰ ਬਿਰਸਾ ਮੁੰਡਾ ਦੀ ਮੌਤ ਹੋ ਜਾਣ ਪਿੱਛੋਂ ਮੁੰਡਾ ਵਿਦਰੋਹ ਸ਼ਾਂਤ ਹੋ ਗਿਆ ਪਰ 1908 ਵਿੱਚ ਅੰਗਰੇਜ਼ਾਂ ਨੇ ਛੋਟਾ ਨਾਗਪੁਰ ਟੈਨੇਂਟ ਐਕਟ ਪਾਸ ਕਰਕੇ ਆਦਿ-ਵਾਸੀਆਂ ਦੀ ਜ਼ਮੀਨ ਸੁਰੱਖਿਅਤ ਕਰ ਦਿੱਤੀ। ਇਸ ਤਰ੍ਹਾਂ ਦੀ ਇੱਕ ਹੋਰ ਬਗ਼ਾਵਤ ਆਂਧਰਾ ਪ੍ਰਦੇਸ਼ ਦੇ ਜੰਗਲੀ ਖੇਤਰ ਦੀ **ਰੰਪਾ ਦੀ ਬਗ਼ਾਵਤ** ਹੈ ਜੋ 1922-24 ਵਿਚਕਾਰ ਹੋਈ। ਬ੍ਰਿਟਿਸ਼ ਫੌਜ ਨੇ ਇਹ ਬਗ਼ਾਵਤ ਵੀ ਕੁਚਲ ਦਿੱਤੀ ਅਤੇ ਇਸ ਦੇ ਆਗੂ **ਅਲੂਰੀ ਸੀਤਾਰਾਮ ਰਾਜੂ** ਨੂੰ ਗ੍ਰਿਫ਼ਤਾਰ ਕਰਕੇ ਫਾਂਸੀ ਦੇ ਦਿੱਤੀ। ਇਸ ਬਗ਼ਾਵਤ ਨੇ ਆਂਧਰਾ ਖੇਤਰ ਵਿੱਚ ਕੌਮੀ ਅਜ਼ਾਦੀ ਦੇ ਅੰਦੋਲਨ ਨੂੰ ਮਜਬੂਤ ਕੀਤਾ ਅਤੇ **ਸ਼ਹੀਦ ਅਲੂਰੀ ਸੀਤਾਰਾਮ ਰਾਜੂ** ਆਂਧਰਾ ਦੇ ਲੋਕਾਂ ਲਈ ਲੋਕ-ਨਾਇਕ ਬਣ ਗਿਆ। 1945 ਵਿੱਚ ਤਾਮਲਨਾਡੂ ਦੇ ਖੱਬੇ-ਪੱਖੀ ਵਿਚਾਰਾਂ ਵਾਲੇ ਲੋਕਾਂ ਨੇ ਬਰਤਾਨਵੀ ਸਾਸ਼ਨ ਵਿਰੁੱਧ ਹਥਿਆਰ-ਬੰਦ ਬਗ਼ਾਵਤ ਕੀਤੀ ਜਿਸ ਦੇ ਨਤੀਜੇ ਵਜੋਂ **ਮਦੁਰਾਈ ਸਾਜ਼ਿਸ਼ ਕੇਸ** ਅਧੀਨ ਐਨ. ਸ਼ੰਕਰੱਈਆ, ਕੇ. ਬਾਲਾ ਸੁਬਰਾਮਨੀਅਮ, ਐਸ. ਰਾਮਾਚੰਦਰਨ, ਪੀ. ਸੁਬਰਾਮਨੀਅਮ ਅਤੇ ਆਰ. ਕ੍ਰਿਸ਼ਨਾਮੂਰਤੀ ਦੇ ਵਿਰੁੱਧ ਕੇਸ ਦਰਜ ਕੀਤੇ ਗਏ ਪਰ ਲੋਕ-ਰਾਇ ਹੱਕ ਵਿੱਚ ਹੋਣ ਅਤੇ ਸਬੂਤਾਂ ਦੀ ਘਾਟ ਕਾਰਨ ਕੇਸ ਖ਼ਾਰਜ ਹੋ ਗਏ। ਇਹਨਾਂ ਚੋਂ ਬਹੁਤੇ ਆਗੂ ਮਗਰੋਂ ਕਮਿਊਨਿਸਟ ਪਾਰਟੀ ਦੇ ਮੈਂਬਰ ਬਣ ਗਏ।

ਬੇਸ਼ੱਕ ਬਰਤਾਨਵੀ ਹਾਕਮਾਂ ਨੇ ਇਹਨਾਂ ਵਿਦਰੋਹਾਂ ਤੇ ਕਾਬੂ ਪਾ ਲਿਆ ਸੀ ਪਰ ਉਹਨਾਂ ਨੂੰ ਆਦਿ-ਵਾਸੀਆਂ ਦੇ ਪਿਤਾ-ਪੁਰਖੀ ਅਧਿਕਾਰਾਂ ਨੂੰ ਮਾਨਤਾ ਦੇਣੀ ਪਈ, ਸ਼ਾਹੂਕਾਰਾਂ ਦੀ ਲਗਾਮ ਕੱਸਣੀ ਪਈ ਅਤੇ ਇਲਾਕੇ ਤੋਂ ਬਾਹਰਲੇ ਲੋਕਾਂ ਨੂੰ ਜ਼ਮੀਨ ਦੀ ਮਾਲਕੀ ਤਬਦੀਲ ਕਰਨ ਤੇ ਵੀ ਰੋਕ ਲਾਉਣੀ ਪਈ। ਇਹਨਾਂ ਬਗ਼ਾਵਤਾਂ ਨੇ ਜਿੱਥੇ ਆਦਿ-ਵਾਸੀਆਂ ਵਿੱਚ ਸਮੂਹਿਕ ਏਕਤਾ ਅਤੇ ਸੰਘਰਸ਼ ਦੀ ਭਾਵਨਾ ਪੈਦਾ ਕੀਤੀ ਉੱਥੇ ਭਾਰਤ ਦੇ ਬਾਕੀ ਇਨਸਾਫ਼-ਪਸੰਦ ਲੋਕਾਂ ਨੂੰ ਦੇਸ਼-ਵਿਆਪੀ ਕੌਮੀ ਅਜ਼ਾਦੀ ਦੇ ਘੋਲ਼ ਲਈ ਉਤਸ਼ਾਹਤ ਕੀਤਾ।

ਅੰਗਰੇਜ਼ ਸਾਮਰਾਜੀਆਂ ਵਿਰੁੱਧ ਆਦਿ-ਵਾਸੀਆਂ ਦੁਆਰਾ ਕੀਤੇ ਇਸ ਸਿਰੜ੍ਹੀ ਸੰਘਰਸ਼ ਅਤੇ ਉਹਨਾਂ ਦੁਆਰਾ ਕੀਤੀਆਂ ਗਈਆਂ ਭਾਰੀ ਕੁਰਬਾਨੀਆਂ ਨੂੰ ਸਲਾਮ ਕਰਨਾ ਬਣਦਾ ਹੈ।

## 3. ਅਜ਼ਾਦੀ ਸੰਗਰਾਮ ਦਾ ਪਹਿਲਾ ਗਾਂਧੀਵਾਦੀ ਅੰਦੋਲਨ ਕੂਕਾ ਲਹਿਰ

ਹਿੰਦੁਸਤਾਨ ਨੂੰ ਅੰਗਰੇਜ਼ਾਂ ਦੇ ਪੰਜੇ ਚੋਂ ਛਡਾਉਣ ਲਈ ਅਨੇਕਾਂ ਲਹਿਰਾਂ ਨੇ ਆਪਣੇ ਰੰਗ ਵਿਖਾਏ ਸਨ। ਦੇਸ਼ ਨੂੰ ਅਜ਼ਾਦ ਕਰਾਉਣ ਦਾ ਸਿਹਰਾ ਆਮ ਤੌਰ ਤੇ ਕਾਂਗਰਸ ਨੇ ਆਪਣੇ ਸਿਰ ਬੰਨ੍ਹਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ। ਅਜ਼ਾਦੀ ਤੋਂ ਬਾਅਦ ਰਾਜ-ਸੱਤਾ ਤੇ ਕਾਂਗਰਸ ਦਾ ਕਬਜ਼ਾ ਹੋ ਜਾਣ ਕਾਰਨ ਇਸ ਧਾਰਨਾ ਨੂੰ ਹੋ ਬਲ ਮਿਲਿਆ ਪਰ ਇਹ ਪੂਰਾ ਸੱਚ ਨਹੀਂ ਹੈ। ਬਿਨਾਂ ਸ਼ੱਕ ਕਾਂਗਰਸ ਅਜ਼ਾਦੀ ਦੀ ਲਹਿਰ ਵਿੱਚ ਇੱਕ ਵੱਡੀ ਧਿਰ ਸੀ ਪਰ ਦੇਸ਼ ਨੂੰ ਅਜ਼ਾਦੀ ਦੇ ਮੁਕਾਮ ਤੇ ਪਹੁੰਚਾਉਣ ਵਿੱਚ ਉਹ ਇੱਕੋ-ਇੱਕ ਤਾਕਤ ਨਹੀਂ ਸੀ। ਸੱਚ ਤਾਂ ਇਹ ਹੈ ਕਿ ਕਾਂਗਰਸ ਦੇ ਆਹਿੰਸਾਵਾਦੀ ਢੰਗ ਨੂੰ ਬੇਅਸਰ ਮੰਨਦਿਆਂ ਸਾਮਰਾਜ ਨਾਲ ਸਿੱਧੇ ਮੱਥੇ ਟੱਕਰ ਲੈਣ ਲਈ ਅਨੇਕਾਂ ਹੋਰ ਲਹਿਰਾਂ ਮੈਦਾਨ ਵਿੱਚ ਨਾ ਆਉਂਦੀਆਂ ਤਾਂ ਅਜ਼ਾਦੀ ਦੀ ਮੰਜ਼ਿਲ ਹੋਰ ਅੱਗੇ ਖਿਸਕ ਜਾਂਦੀ। ਇਸ ਲਈ ਅੰਗਰੇਜ਼-ਵਿਰੋਧੀ ਬਾਕੀ ਲਹਿਰਾਂ ਨੂੰ ਨਜ਼ਰ-ਅੰਦਾਜ਼ ਕਰਨਾ ਜਾਂ ਘਟਾ ਕੇ ਵੇਖਣਾ ਸਮੁੱਚੇ ਇਤਿਹਾਸ ਨਾਲ ਬੇ-ਇਨਸਾਫ਼ੀ ਹੋਵੇਗੀ। ਇਤਿਹਾਸ ਨੂੰ ਵਾਚਣ ਤੋਂ ਪਤਾ ਲਗਦਾ ਹੈ ਕਿ ਕਾਂਗਰਸ ਨੂੰ ਅਜ਼ਾਦੀ ਲਹਿਰ ਦੌਰਾਨ ਅੰਗਰੇਜ਼ ਸਾਮਰਾਜ ਵੱਲੋਂ ਬਹੁਤ ਘੱਟ ਜਾਂ ਨਰਮ ਸਜ਼ਾਵਾਂ ਦਾ ਸਾਹਮਣਾ ਕਰਨਾ ਪਿਆ ਪਰ ਅੰਗਰੇਜ਼ਾਂ ਨਾਲ ਕਰੜੇ ਹੱਥੀਂ ਸਿੱਝਣ ਵਾਲਿਆਂ ਨੂੰ ਘਰ-ਪਰਿਵਾਰ ਦੇ ਉਜਾੜੇ, ਜਾਇਦਾਦ ਜ਼ਬਤੀਆਂ, ਕੁਰਕੀਆਂ, ਬਾ-ਮੁਸ਼ੱਕਤ ਕੈਦਾਂ, ਅੰਨ੍ਹੇ ਸਰੀਰਕ ਕਸ਼ਟਾਂ, ਉਮਰ ਕੈਦਾਂ, ਕਾਲ਼ੇ ਪਾਣੀਆਂ ਦੀਆਂ ਸਜ਼ਾਵਾਂ ਅਤੇ ਫਾਂਸੀਆਂ ਨੂੰ ਸਵੀਕਾਰਨਾ ਪਿਆ। ਆਪਣੀ ਹੋਣੀ ਦਾ ਪ੍ਰਤੱਖ ਪਤਾ ਹੁੰਦਿਆਂ ਵੀ ਉਹ ਦੇਸ਼-ਭਗਤ ਸਾਬਤ-ਕਦਮੀਂ ਆਪਣੇ ਅਕੀਦੇ ਤੇ ਕਾਇਮ ਰਹੇ ਅਤੇ ਹੱਸ ਹੱਸ ਕੇ ਦੇਸ਼ ਤੋਂ ਜਾਨਾਂ ਵਾਰ ਗਏ।

ਅਸੀਂ ਕਾਂਗਰਸ ਸਮੇਤ ਉਹਨਾਂ ਸਾਰੀਆਂ ਲਹਿਰਾਂ ਬਾਰੇ ਹੇਠਾਂ ਕ੍ਰਮਵਾਰ ਸੰਖੇਪ ਵਰਨਣ ਕਰਨ ਦੀ ਕੋਸ਼ਸ਼ ਕਰ ਰਹੇ ਹਾਂ ਜਿਹਨਾਂ ਦੇ ਕਾਰਨ ਅੱਜ ਅਸੀਂ ਅਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਇਹਨਾਂ ਲਹਿਰਾਂ ਵਿੱਚ ਪ੍ਰਮੁਖ ਸਥਾਨ **ਕੂਕਾ ਲਹਿਰ**

ਜਾਂ **ਨਾਮਧਾਰੀ ਅੰਦੋਲਨ** ਦਾ ਹੈ ਜਿਸ ਦੀ ਸ਼ੁਰੂਆਤ ਅਜ਼ਾਦੀ ਦੀ ਪਹਿਲੀ ਲੜਾਈ ਵਜੋਂ ਜਾਣੇ ਜਾਂਦੇ 1857 ਦੇ ਗ਼ਦਰ ਤੋਂ ਇਕ ਮਹੀਨਾ ਪਹਿਲਾਂ ਹੀ ਹੋ ਗਈ ਸੀ। ਬਾਬਾ ਰਾਮ ਸਿੰਘ ਨਾਮਧਾਰੀ ਨੇ ਪੰਜਾਬ ਵਿੱਚ ਬਿਨਾਂ ਕਿਸੇ ਨਿੱਜੀ ਸਵਾਰਥ ਦੇ ਨਿਰੋਲ ਗੋਰਿਆਂ ਨੂੰ ਹਿੰਦੁਸਤਾਨ ਵਿੱਚੋਂ ਬਾਹਰ ਕੱਢਣ ਲਈ ਪਹਿਲੀ ਦੇਸ਼ਭਗਤਕ ਅੰਗਰੇਜ਼-ਵਿਰੋਧੀ ਲਹਿਰ ਸ਼ੁਰੂ ਕੀਤੀ। ਇਹ ਲਹਿਰ ਸਮਾਜਿਕ ਤੇ ਧਾਰਮਿਕ ਸੁਧਾਰਾਂ ਦੇ ਨਾਲ ਅੰਗਰੇਜ਼ ਸਾਮਰਾਜ ਵਿਰੁੱਧ ਸੇਧਤ ਸੀ। ਇਸ ਲਹਿਰ ਰਾਹੀਂ ਅੰਗਰੇਜ਼ ਹਕੂਮਤ ਦਾ ਬਾਈਕਾਟ ਕਰਨ, ਵਿਦੇਸ਼ੀ ਮਾਲ ਨਾ ਵਰਤਣ ਅਤੇ ਹਕੂਮਤ ਵਿਰੁੱਧ ਖੁੱਲ੍ਹਾ ਪ੍ਰਚਾਰ ਕੀਤਾ ਗਿਆ। ਨਾਮਧਾਰੀਆਂ ਵੱਲੋਂ ਚਲਾਈ ਗਈ ਇਸ ਲਹਿਰ ਨੂੰ 'ਕੂਕਾ ਲਹਿਰ' ਕਰਕੇ ਵੀ ਜਾਣਿਆ ਜਾਂਦਾ ਹੈ। ਸਤਿਗੁਰੂ ਰਾਮ ਸਿੰਘ ਜੀ ਦਾ ਜਨਮ 1816 ਵਿਚ ਭੈਣੀ ਸਾਹਿਬ ਜਿਲ੍ਹਾ ਲੁਧਿਆਣਾ ਵਿਚ ਹੋਇਆ ਸੀ। ਬਾਬਾ ਰਾਮ ਸਿੰਘ ਨੇ ਅੰਗਰੇਜ਼ਾਂ ਵਿਰੁੱਧ 1845 ਦੀ ਮੁਦਕੀ ਦੀ ਜੰਗ ਵਿਚ ਮਾਹਰਾਜਾ ਰਣਜੀਤ ਸਿੰਘ ਦੀ ਸਿੱਖ ਫੌਜ ਦੇ ਇਕ ਸੈਨਕ ਵਜੋਂ ਹਿੱਸਾ ਲਿਆ ਸੀ। ਲਾਹੌਰ ਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਜਾਣ ਪਿੱਛੋਂ ਉਹਨਾਂ ਨੇ ਸਿੱਖ ਫੌਜ ਦੀ ਨੌਂਕਰੀ ਛੱਡ ਦਿੱਤੀ ਸੀ। 28 ਦਸੰਬਰ 1949 ਨੂੰ ਸੁਤੰਤਰਤਾ ਸੰਗਰਾਮ ਦੇ ਪਹਿਲੇ ਸ਼ਹੀਦ ਭਾਈ ਮਾਹਰਾਜ ਸਿੰਘ ਦੀ ਗ੍ਰਿਫ਼ਤਾਰੀ ਤੋਂ ਬਾਅਦ ਬਾਬਾ ਰਾਮ ਸਿੰਘ ਨਾਮਧਾਰੀ ਨੇ ਸਿੱਖਾਂ ਵਿੱਚ ਸਦਾਚਾਰ ਦੇ ਡਿੱਗ ਰਹੇ ਮਿਆਰ ਨੂੰ ਉੱਚਾ ਚੁੱਕਣ ਲਈ ਅਤੇ ਅੰਗਰੇਜ਼ਾਂ ਦੀ ਰਾਜਸੀ ਗੁਲਾਮੀ ਤੋਂ ਛੁਟਕਾਰਾ ਪਾਉਣ ਲਈ ਸਰਗਰਮੀਆਂ ਸ਼ੁਰੂ ਕੀਤੀਆਂ।

12 ਅਪ੍ਰੈਲ 1857 ਨੂੰ ਵਿਸਾਖੀ ਵਾਲੇ ਦਿਨ ਭੈਣੀ ਸਾਹਿਬ ਵਿਖੇ ਬਾਬਾ ਜੀ ਨੇ ਤਿਕੋਨਾ ਸਾਫ਼ ਝੰਡਾ ਝੁਲਾ ਕੇ ਅੰਗਰੇਜ਼ਾਂ ਵਿਰੁੱਧ ਅਸਹਿਯੋਗ ਅੰਦੋਲਨ ਸ਼ੁਰੂ ਕੀਤਾ। ਉਹਨਾਂ ਨੇ ਕਚਹਿਰੀਆਂ, ਡਾਕਖ਼ਾਨਿਆਂ, ਰੇਲਾਂ ਅਤੇ ਵਿਦੇਸ਼ੀ ਵਸਤਾਂ ਦਾ ਬਾਈਕਾਟ ਕਰਨ ਦਾ ਸੱਦਾ ਦਿੱਤਾ ਅਤੇ ਆਪਣਾ ਬਦਲਵਾਂ ਡਾਕ-ਪ੍ਰਬੰਧ ਚਾਲੂ ਕੀਤਾ। ਆਪਣੀ ਮੁਹਿੰਮ ਦੀ ਕਾਮਯਾਬੀ ਲਈ ਉਹਨਾਂ ਨੇ ਪੰਜਾਬ ਨੂੰ 22 ਭਾਗਾਂ ਵਿੱਚ ਵੰਡ ਕੇ ਪੜ੍ਹੇ-ਲਿਖੇ ਤੇ ਸਿਆਣੇ 22 ਸੂਬੇ ਨਿਯੁਕਤ ਕੀਤੇ। ਉਹਨਾਂ ਨੇ ਆਪਣੇ ਸੂਬੇ ਅੰਗਰੇਜ਼-ਵਿਰੋਧੀ ਗਵਾਂਢੀ ਦੇਸ਼ਾਂ ਵਿੱਚ ਭੇਜ ਕੇ ਉਹਨਾਂ ਨਾਲ ਤਾਲਮੇਲ ਬਿਠਾਉਣ ਦੀ ਕੋਸ਼ਸ਼ ਕੀਤੀ। ਸਤਗੁਰੂ ਰਾਮ ਸਿੰਘ ਜੀ ਦੀ ਅਗਵਾਈ ਹੇਠ ਕੂਕਾ ਲਹਿਰ ਨੇ ਗਾਂ ਨੂੰ ਪਵਿੱਤਰ ਪਸ਼ੂ ਸਮਝ ਕੇ ਗਊ-ਹੱਤਿਆ ਦਾ ਵਿਰੋਧ ਕੀਤਾ। 1863 ਵਿਚ ਬਾਬਾ ਜੀ ਨੇ ਵਿਆਹ ਸਮੇਂ ਕੀਤੀਆਂ ਜਾਂਦੀਆਂ ਦਾਜ-ਦਹੇਜ ਵਰਗੀਆਂ ਫਾਲਤੂ ਰਸਮਾਂ ਨੂੰ ਪਾਸੇ ਕਰਕੇ ਸਾਦਾ ਆਨੰਦ ਕਾਰਜਾਂ ਦੀ ਸ਼ੁਰੂਆਤ ਕੀਤੀ। ਉਹਨਾਂ ਨੇ ਔਰਤਾਂ ਦੇ ਪੱਖ ਵਿਚ ਅਵਾਜ਼ ਬੁਲੰਦ ਕੀਤੀ, ਅੰਤਰ-ਜਾਤੀ ਅਤੇ ਵਿਧਵਾ ਵਿਆਹ, ਕੁੜੀਆਂ ਦੀ ਪੜ੍ਹਾਈ ਅਤੇ ਲਿੰਗ ਸਮਾਨਤਾ ਨੂੰ ਉਤਸ਼ਾਹਤ ਕੀਤਾ। ਉਸ ਵੇਲੇ ਇਸ ਲਹਿਰ ਦੇ ਨਾਮ-ਧਰੀਕਾਂ ਦੀ ਗਿਣਤੀ ਵਧ ਕੇ ਪੰਜ ਤੋਂ ਦਸ ਲੱਖ ਦੇ ਵਿਚਕਾਰ ਹੋਈ ਦੱਸੀ ਜਾਂਦੀ ਹੈ।

ਇਸ ਤੋਂ ਵੀ ਅੱਗੇ ਜਾਂਦਿਆਂ ਬਾਬਾ ਜੀ ਨੇ ਅੰਗਰੇਜ਼ਾਂ ਦੀ ਗੁਲਾਮੀ ਤੋਂ ਛੁਟਕਾਰਾ ਪਾਉਣ ਲਈ ਘਰੇਲੂ ਵਸਤਾਂ ਦੀ ਵਰਤੋਂ ਤੇ ਜ਼ੋਰ ਦੇਂਦੇ ਹੋਏ ਬ੍ਰਿਟਿਸ਼ ਉਦਯੋਗਾਂ ਰਾਹੀਂ ਤਿਆਰ ਕੀਤੀਆਂ ਵਸਤਾਂ ਦੇ ਬਾਈਕਾਟ ਦਾ ਸੱਦਾ ਦਿੱਤਾ। ਇਸ ਲਹਿਰ ਦੇ ਵਧਦੇ ਕਦਮਾਂ ਤੇ ਰੋਕ ਲਾਉਣ ਅਤੇ ਕਾਬੂ ਪਾਉਣ ਲਈ ਅੰਗਰੇਜ਼ ਹਕੂਮਤ ਨੇ ਬਾਬਾ ਰਾਮ ਸਿੰਘ ਨੂੰ ਪਹਿਲਾਂ ਪਿੰਡ ਭੈਣੀ ਸਾਹਿਬ ਵਿੱਚ ਨਜ਼ਰਬੰਦ ਕਰ ਦਿੱਤਾ ਅਤੇ ਬਾਅਦ ਵਿੱਚ ਗ੍ਰਿਫ਼ਤਾਰ ਕਰਕੇ (ਬਨਵਾਸ ਦੇ ਕੇ) ਰੰਗੂਨ ਜੇਲ੍ਹ ਭੇਜ ਦਿੱਤਾ। ਹੋਰ ਕਈ ਕੂਕਿਆਂ ਦੀਆਂ ਗ੍ਰਿਫ਼ਤਾਰੀਆਂ ਵੀ ਕੀਤੀਆਂ ਗਈਆਂ ਜਿਨ੍ਹਾਂ ਚੋਂ 11 ਨੂੰ ਲੰਮੀ ਕੈਦ ਦੀ ਸਜ਼ਾ ਦੇ ਕੇ ਕਾਲ਼ੇ ਪਾਣੀ ਭੇਜਿਆ ਗਿਆ। ਬਾਬਾ ਜੀ ਜੇਲ੍ਹ ਚੋਂ ਹੀ ਹੁਕਮਨਾਮੇ ਭੇਜ ਕੇ ਸੰਗਤਾਂ ਨੂੰ ਅਗਵਾਈ ਦੇਂਦੇ ਰਹੇ। 29 ਨਵੰਬਰ 1885 ਨੂੰ ਰੰਗੂਨ ਜੇਲ੍ਹ ਵਿਚ ਹੀ ਬਾਬਾ ਰਾਮ ਸਿੰਘ ਜੀ ਦਾ ਦੇਹਾਂਤ ਹੋ ਗਿਆ। ਗਊ-ਹੱਤਿਆ ਤੋਂ ਦੁਖੀ ਹੋਏ ਕੁਝ ਕੂਕਿਆਂ ਨੇ ਹਥਿਆਰ-ਬੰਦ ਵਿਰੋਧ ਵੱਲ ਵਧਦਿਆਂ ਅੰਮ੍ਰਿਤਸਰ ਅਤੇ ਰਾਏਕੋਟ ਦੇ ਬੁੱਚੜਖ਼ਾਨਿਆਂ ਤੇ ਹਮਲਾ ਕਰਕੇ ਕੁਝ ਬੁੱਚੜ ਮਾਰ ਦਿੱਤੇ। ਮੁਖਵਿੰਦਰ ਚੋਹਿਲਾ ਦੇ (ਅੱਜ ਦਾ ਵਿਚਾਰ) ਮੁਤਾਬਕ 15 ਜਨਵਰੀ 1872 ਨੂੰ ਕੁਝ ਕੂਕਿਆਂ ਨੇ ਮਲੇਰਕੋਟਲਾ ਦੀ ਕੋਤਵਾਲੀ ਤੇ ਹਮਲਾ ਕਰਕੇ ਇੱਕ ਠਾਣੇਦਾਰ ਸਮੇਤ 8 ਸਿਪਾਹੀਆਂ ਨੂੰ ਮਾਰ ਦਿੱਤਾ, 7 ਕੂਕੇ ਵੀ ਮਾਰੇ ਗਏ। ਅਗਲੇ ਦਿਨ 16 ਜਨਵਰੀ ਨੂੰ ਪੁਲਿਸ ਨੇ 68 ਕੂਕਿਆਂ ਨੂੰ ਫੜ੍ਹ ਕੇ ਜੇਲ੍ਹ ਵਿਚ ਤਾੜ ਦਿੱਤਾ ਅਤੇ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਮਿ: ਕਾਵਨ ਨੇ ਮਲੇਰਕੋਟਲੇ ਵਿਚ 17 ਜਨਵਰੀ 1872 ਨੂੰ ਇਹਨਾਂ ਕੂਕਿਆਂ ਚੋਂ ਬਿਨਾਂ ਮੁਕਦਮਾ ਚਲਾਏ 49 ਕੂਕਿਆਂ ਨੂੰ ਤੋਪਾਂ ਨਾਲ਼ ਉਡਾ ਦਿੱਤਾ। ਛੋਟੀ ਉਮਰ ਦਾ ਇਕ ਕੂਕਾ ਬਿਸ਼ਨ ਸਿੰਘ ਜੋ ਕੱਦ ਛੋਟਾ ਹੋਣ ਕਾਰਨ ਤੋਪ ਦੇ ਮੂੰਹ ਤੱਕ ਨਹੀਂ ਪਹੁੰਚਦਾ ਸੀ, ਨੂੰ ਤਲਵਾਰ ਨਾਲ਼ ਸ਼ਹੀਦ ਕੀਤਾ ਗਿਆ ਅਤੇ 16 ਕੂਕਿਆਂ ਨੂੰ ਅਗਲੇ ਦਿਨ 18 ਜਨਵਰੀ ਨੂੰ ਤੋਪਾਂ ਨਾਲ ਉਡਾਇਆ ਗਿਆ। ਸ਼ਹੀਦ ਕੂਕਿਆਂ ਦੀ ਯਾਦ ਵਿੱਚ ਮਲੇਰਕੋਟਲਾ ਦੀ ਧਰਤੀ ਤੇ ਇੱਕ ਸ਼ਹੀਦੀ ਸਮਾਰਕ ਬਣਾਇਆ ਗਿਆ ਹੈ ਜਿਸ ਵਿੱਚ ਦੋ ਤੋਪਾਂ ਸਮੇਤ 66 ਮੋਰੀਆਂ ਵਾਲਾ 66 ਫੁੱਟ ਉੱਚਾ ਸਟੀਲ ਦਾ ਖੰਡਾ ਸਥਾਪਿਤ ਕੀਤਾ ਗਿਆ ਹੈ। ਹਰ ਸਾਲ 17 ਜਨਵਰੀ ਨੂੰ ਸ਼ਹੀਦਾਂ ਦੀ ਯਾਦ ਵਿੱਚ ਸਮਾਗਮ ਕੀਤਾ ਜਾਂਦਾ ਹੈ।

ਸਿੰਘ ਸਭਾ ਲਹਿਰ ਦੇ ਸਮਰਥਕ ਡਾ. ਗੰਡਾ ਸਿੰਘ ਵਰਗੇ ਇਤਿਹਾਸਕਾਰ ਨਾਮਧਾਰੀ ਲਹਿਰ ਨੂੰ ਬਗ਼ਾਵਤ ਦੀ ਸ਼੍ਰੇਣੀ ਵਿੱਚ ਨਹੀ ਰੱਖਦੇ। ਉਹ ਕਹਿੰਦੇ ਹਨ ਕਿ ਕੂਕਿਆਂ ਨੇ ਇਸ ਕਥਿਤ ਬਗ਼ਾਵਤ ਦੌਰਾਨ ਕਿਸੇ ਸਰਕਾਰੀ ਅਧਿਕਾਰੀ ਦੀ ਹੁਕਮ-ਅਦੂਲੀ ਨਹੀਂ ਕੀਤੀ, ਨਾ ਕਿਸੇ ਅੰਗਰੇਜ਼ ਨੂੰ ਮਾਰਿਆ ਅਤੇ ਨਾ ਹੀ ਜ਼ਮੀਨ ਦਾ ਮਾਲੀਆ ਦੇਣ ਤੋਂ ਇਨਕਾਰ ਕੀਤਾ। ਇਸ ਕਾਰਨ ਇਹ ਧਾਰਮਿਕ ਸੁਧਾਰ ਲਹਿਰ ਤਾਂ ਹੋ ਸਕਦੀ ਹੈ ਪਰ ਅੰਗਰੇਜ਼ ਸਾਮਰਾਜ ਤੋਂ ਮੁਕਤੀ ਹਾਸਲ ਕਰਨ ਲਈ ਕੋਈ ਵਿਉਂਤਬੱਧ ਲਹਿਰ ਨਹੀਂ ਸੀ। ਫਿਰ ਵੀ ਅਸੀਂ ਕਹਿ ਸਕਦੇ ਹਾਂ ਕਿ ਬਾਬਾ ਰਾਮ ਸਿੰਘ ਦੀ ਅਗਵਾਈ ਹੇਠ ਕੂਕਿਆਂ ਨੇ ਅੰਗਰੇਜ਼ ਸਾਮਰਾਜ ਦੀ ਸੱਤਾ ਨੂੰ ਵੰਗਾਰਿਆ ਅਤੇ ਦੇਸ਼-ਵਾਸੀਆਂ ਨੂੰ ਅੰਗਰੇਜ਼ਾਂ ਖ਼ਿਲਾਫ਼ ਲਾਮਬੰਦ ਕਰਨ ਦੇ ਸੰਜੀਦਾ ਜਤਨ ਕੀਤੇ। ਭਾਵੇਂ ਕੂਕਾ ਲਹਿਰ ਨੂੰ ਸਰਕਾਰ ਨੇ ਕੁਚਲ ਦਿੱਤਾ ਪਰ ਇਸ ਲਹਿਰ ਨੇ ਪੰਜਾਬੀ ਲੋਕਾਂ ਵਿਚ ਅਜ਼ਾਦੀ ਦੀ ਚਿਣਗ ਪੈਦਾ ਕੀਤੀ ਅਤੇ ਅੰਗਰੇਜ਼ਾਂ ਨੂੰ ਪੰਜਾਬ ਦੀ ਕਿਸਾਨੀ ਦੀ ਮੰਦਹਾਲੀ ਰੋਕਣ ਲਈ ਸੋਚਣ ਤੇ ਮਜਬੂਰ ਕੀਤਾ। ਇਸ ਤੋਂ ਬਾਅਦ ਹੀ ਅੰਗਰੇਜ਼ਾਂ ਨੇ ਖੇਤਾਂ ਦੀ ਸਿੰਜਾਈ ਲਈ ਨਹਿਰਾਂ ਕੱਢਣ ਅਤੇ ਮਿੰਟਗੁਮਰੀ, ਮੁਲਤਾਨ ਜਾਂ ਲਾਇਲਪੁਰ ਦੀਆਂ ਬਾਰਾਂ ਵਸਾਉਣ ਵਾਲ਼ੇ ਪਾਸੇ ਮੂੰਹ ਕੀਤਾ।

- ਨਾਮਧਾਰੀ ਜਾਂ ਕੂਕਾ ਲਹਿਰ ਦੌਰਾਨ ਕੁੱਲ 84 ਕੂਕੇ ਸ਼ਹੀਦ ਹੋਏ। ਜਿਨ੍ਹਾਂ ਚੋਂ 66 ਤੋਪਾਂ ਨਾਲ ਉਡਾਏ ਗਏ, ਇੱਕ ਨੂੰ ਤਲਵਾਰ ਨਾਲ ਸ਼ਹੀਦ ਕੀਤਾ ਗਿਆ, 9 ਨੂੰ ਫਾਂਸੀ ਦਿੱਤੀ ਗਈ, 2 ਮਲੌਦ ਦੀ ਜੰਗ ਵਿੱਚ ਅਤੇ 7 ਕੋਟਲੇ ਦੀ ਜੰਗ ਵਿੱਚ ਸ਼ਹੀਦ ਹੋਏ।
- ਜਿਹੜੇ 66 ਕੂਕਿਆਂ ਨੂੰ ਸ਼ਹੀਦ ਕੀਤਾ ਗਿਆ ਉਹਨਾਂ ਵਿਚ ਜਿਲ੍ਹਾ ਤਰਨਤਾਰਨ ਦੇ **ਸ੍ਰ ਹਾਕਮ ਸਿੰਘ ਝਬਾਲ** ਸ਼ਾਮਲ ਸਨ।
- ਇਕ ਹੋਰ ਕੂਕਾ **ਬੀਹਲਾ ਸਿੰਘ ਪਿੰਡ ਨਾਰਲੀ** ਜਿਲ੍ਹਾ ਤਰਨ ਤਾਰਨ ਵੀ ਸ਼ਹੀਦੀ ਜਾਮ ਪੀ ਗਿਆ।

### 4. ਕਾਲਿਆਂ ਵਾਲ਼ੇ ਖੂਹ ਦੀ ਘਟਨਾ – ਅੰਗਰੇਜ਼ ਰਾਜ ਦਾ ਪੰਜਾਬ ਵਿਚ ਪਹਿਲਾ ਖ਼ੂਨੀ ਕਾਰਾ

1857 ਦੇ ਵਿਦਰੋਹ ਦੇ ਸਮਾਨੰਤਰ ਪੰਜਾਬ ਵਿੱਚ ਵਾਪਰੀ ਇਕ ਘਟਨਾ ਦਾ ਜ਼ਿਕਰ ਕਰਨਾ ਨਿਹਾਇਤ ਜ਼ਰੂਰੀ ਹੈ। ਇਹ ਘਟਨਾ ਜੱਲ੍ਹਿਆਂ ਵਾਲ਼ੇ ਬਾਗ ਦੀ ਤਰਜ਼ ਤੇ ਅੰਗਰੇਜ਼ਾਂ ਵੱਲੋਂ ਕੀਤਾ ਇਕ ਵਹਿਸ਼ੀ ਕਾਰਾ ਹੈ। ਇਹ ਘਟਨਾ 1 ਅਗਸਤ 1857 ਨੂੰ ਅਜਨਾਲਾ (ਜਿਲ੍ਹਾ ਅੰਮ੍ਰਿਤਸਰ) ਦੀ ਧਰਤੀ ਤੇ ਵਾਪਰੀ ਜਦੋਂ ਅੰਗਰੇਜ਼ ਅਧਿਕਾਰੀਆਂ ਨੇ 282 ਬ੍ਰਿਟਿਸ਼ ਭਾਰਤੀ ਫੌਜ ਦੇ ਬਾਗੀ ਹੋਏ ਸੈਨਕਾਂ ਨੂੰ ਵਹਿਸ਼ੀ ਢੰਗ ਨਾਲ਼ ਮਾਰ ਮੁਕਾਇਆ। 30 ਜੁਲਾਈ 1857 ਨੂੰ ਵਿਦਰੋਹ ਸ਼ੁਰੂ ਹੋਇਆ। ਚਰਨ ਸਿੰਘ ਭੋਰਛੀ 31 ਜੁਲਾਈ ਲਿਖਦਾ ਹੈ। ਬ੍ਰਿਟਿਸ਼ ਭਾਰਤੀ ਫੌਜ ਦੀ 26 ਵੀਂ ਨੇਟਿਵ ਇਨਫੈਂਟਰੀ ਰੈਜਮੈਂਟ ਦੇ ਲਗ ਭਗ 600 ਸਿਪਾਹੀਆਂ ਨੇ ਮੀਆਂਮੀਰ ਛਾਉਣੀ ਲਾਹੌਰ ਵਿਚ ਸਿਪਾਹੀ ਪ੍ਰਕਾਸ਼ ਸਿੰਘ ਦੀ ਅਗਵਾਈ ਵਿਚ ਅੰਗਰੇਜ਼ਾਂ ਵਿਰੁੱਧ ਬਗਾਵਤ ਕਰ ਦਿੱਤੀ। ਉਹਨਾਂ ਨੇ ਮੇਜਰ ਸਪੈਂਸਰ ਸਮੇਤ ਕੁਝ ਬ੍ਰਿਟਿਸ਼ ਅਫਸਰਾਂ ਨੂੰ ਗੋਲ਼ੀ ਮਾਰ ਕੇ ਮਾਰ ਦਿੱਤਾ ਅਤੇ ਭਗੌੜੇ ਹੋ ਗਏ। ਉਹਨਾਂ ਨੇ ਅੰਮ੍ਰਿਤਸਰ ਪਹੁੰਚਣ ਲਈ ਹੜ੍ਹਾਂ ਕਾਰਨ ਉੱਛਲਦੇ ਰਾਵੀ ਦਰਿਆ ਨੂੰ ਅਜਨਾਲ਼ਾ ਨੇੜਿਉਂ ਪਾਰ ਕਰਨ ਦਾ ਜਤਨ ਕੀਤਾ। ਬਹੁਤ ਸਾਰੇ ਜਵਾਨ ਦਰਿਆ ਕੰਢੇ ਝੱਲ ਵਿਚ ਲੁਕ ਗਏ ਸਨ। ਪਰ ਅੰਮ੍ਰਿਤਸਰ ਤੋਂ ਗੋਰਾ ਫੌਜ ਮੰਗਵਾ ਕੇ ਹੈਨਰੀ ਕੂਪਰ ਡੀ. ਸੀ. ਅੰਮ੍ਰਿਤਸਰ ਦੀ ਕਮਾਨ ਹੇਠ ਉਹਨਾਂ ਨੂੰ ਅਜਨਾਲ਼ਾ ਦੇ ਨੇੜੇ ਘੇਰ ਲਿਆ ਗਿਆ। ਕਾਨ੍ਹਪੁਰ ਵਿਚ ਬਾਗੀਆਂ ਵੱਲੋਂ ਮਾਰੇ ਗਏ 120 ਅੰਗਰੇਜ਼ ਔਰਤਾਂ ਤੇ ਬੱਚਿਆਂ ਦੇ ਕੀਤੇ ਕਤਲ ਤੋਂ ਭੜਕੀ ਬ੍ਰਿਟਿਸ਼ ਸੈਨਾ ਨੇ 218 ਸਿਪਾਹੀਆਂ ਨੂੰ ਪਿੰਡ ਡੱਡੀਆਂ ਸੂਫ਼ੀਆਂ ਵਿਚ ਥਾਂ ਤੇ ਹੀ ਢੇਰੀ ਕਰ ਦਿੱਤਾ। ਬਾਕੀ 282 ਸੈਨਕਾਂ ਨੂੰ ਅਜਨਾਲ਼ਾ ਪੁਲਿਸ ਥਾਣੇ ਦੇ ਇਕ ਛੋਟੇ ਜਿਹੇ ਕਮਰੇ ਵਿਚ ਤਾੜ ਦਿੱਤਾ।

ਦਿਨ ਚੜ੍ਹਨ ਤੱਕ ਬਹੁਤ ਸਾਰੇ ਸੈਨਕ ਦਮ ਘੁੱਟਣ ਨਾਲ ਮਾਰੇ ਗਏ। ਜਿਹੜੇ ਬਚੇ ਉਹਨਾਂ ਨੂੰ ਅੰਨ੍ਹੇ ਵਾਹ ਗੋਲ਼ੀਆਂ ਮਾਰ ਕੇ ਲਾਸ਼ਾਂ ਇਕ ਸੁੱਕੇ ਪਏ ਖੂਹ ਵਿਚ ਸੁੱਟ ਦਿੱਤੀਆਂ ਗਈਆਂ। ਪੂਰੇ 157 ਸਾਲ ਇਸ ਕਤਲਿਆਮ ਦੀ ਕੋਈ ਦੱਸ-ਧੁੱਖ ਨਹੀਂ ਨਿਕਲੀ। 2014 ਵਿਚ ਗੁਰਦੁਆਰਾ ਸ਼ਹੀਦ ਗੰਜ ਕਮੇਟੀ ਦੀ ਅਗਵਾਈ ਹੇਠ ਕੁਝ ਸਥਾਨਕ ਲੋਕਾਂ ਵਲੋਂ ਜਦੋਂ ਖੂਹ ਦੀ ਸਫ਼ਾਈ ਕੀਤੀ ਜਾ ਰਹੀ ਸੀ ਤਾਂ ਉਹਨਾਂ ਨੇ ਕਈ ਦਿਨ ਮਿਹਨਤ ਕਰਕੇ ਖੂਹ ਵਿਚੋਂ ਬਹੁਤ ਸਾਰੇ ਮਨੁੱਖੀ ਪਿੰਜਰ, ਹੱਡੀਆਂ, ਗੋਲ਼ੀਆਂ ਸਮੇਤ ਮਨੁੱਖੀ ਖੋਪੜੀਆਂ ਅਤੇ ਤਕਰੀਬਨ 6000 ਮਨੁੱਖੀ ਦੰਦ ਬਾਹਰ ਕੱਢੇ। ਫੋਰੈਂਸਿਕ ਜਾਂਚ ਰਾਹੀਂ ਪਤਾ ਲਾਇਆ ਗਿਆ ਹੈ ਕਿ ਬਹੁਤਿਆਂ ਦੀ ਮੌਤ ਗੋਲ਼ੀਆਂ ਦੇ ਜ਼ਖ਼ਮਾਂ ਕਾਰਨ ਹੋਈ ਹੈ ਅਤੇ ਇਹਨਾਂ ਚੋਂ ਬਹੁਤੇ 25-30 ਸਾਲ ਦੀ ਉਮਰ ਦੇ ਜਵਾਨ ਸਨ। ਪਹਿਲੀ ਅਗਸਤ 2014 ਨੂੰ 157 ਸਾਲ ਬਾਅਦ

ਇਹਨਾਂ ਸ਼ਹੀਦਾਂ ਦੀਆਂ ਅਸਥੀਆਂ ਦਾ ਬਾਕਾਇਦਾ ਮਰਿਯਾਦਾ ਅਨੁਸਾਰ, ਪੂਰੀਆਂ ਧਾਰਮਿਕ ਰਸਮਾਂ ਨਾਲ਼ ਦਾਹ-ਸੰਸਕਾਰ ਕੀਤਾ ਗਿਆ। ਉਹਨਾਂ ਦੀ ਯਾਦ ਵਿਚ ਹੁਣ ਇਕ ਗੁਰਦੁਆਰਾ ਸ਼ੁਭਾਏਮਾਨ ਹੈ। ਕਿਸੇ ਸਰਕਾਰੀ ਮਦਦ ਤੋਂ ਬਿਨਾਂ ਹੀ ਸਥਾਨਕ ਲੋਕਾਂ ਨੇ ਇਹਨਾਂ ਸ਼ਹੀਦਾਂ ਦੀ ਯਾਦਗਾਰ ਬਣਾਈ ਹੈ। ਇਸ ਯਾਦਗਾਰੀ ਥਾਂ ਨੂੰ **ਸ਼ਹੀਦਾਂ ਦਾ ਖੂਹ ਜਾਂ ਕਾਲ਼ਿਆਂ ਵਾਲਾ ਖੂਹ** ਕਿਹਾ ਜਾਂਦਾ ਹੈ। ਇਹ ਘਟਨਾ ਅੰਗਰੇਜ਼ਾਂ ਤੋਂ ਅਜ਼ਾਦੀ ਹਾਸਲ ਕਰਨ ਲਈ ਭਾਰਤੀ (ਪੰਜਾਬੀ) ਲੋਕਾਂ ਵਲੋਂ ਕੀਤੀਆਂ ਗਈਆਂ ਭਾਰੀ ਕੁਰਬਾਨੀਆਂ ਦੀ ਯਾਦ ਦਿਵਾਉਂਦੀ ਹੈ ਅਤੇ ਅੰਗਰੇਜ਼ਾਂ ਵਲੋਂ ਭਾਰਤੀ ਲੋਕਾਂ ਤੇ ਕੀਤੇ ਵਹਿਸ਼ੀ ਜਬਰ ਨੂੰ ਵੀ ਨੰਗਾ ਕਰਦੀ ਹੈ। ਅੱਜ ਦੇ ਹਾਕਮਾਂ ਤੋਂ ਸਤਾਏ ਜਿਹੜੇ ਲੋਕ ਕਈ ਵਾਰ ਇਹ ਕਹਿੰਦੇ ਸੁਣੇ ਜਾਂਦੇ ਹਨ ਕਿ ਅੰਗਰੇਜ਼ ਦਾ ਰਾਜ ਚੰਗਾ ਸੀ, ਉਹਨਾਂ ਲਈ ਕਾਲ਼ਿਆਂ ਵਾਲ਼ੇ ਖੂਹ ਅਤੇ ਜੱਲ੍ਹਿਆਂ ਵਾਲ਼ੇ ਬਾਗ ਦਾ ਸਾਕਾ ਇਕ ਤਮਾਚਾ ਹੈ।

## 5. ਅੰਗਰੇਜ਼ ਸਾਮਰਾਜ ਦੇ ਵਿਰੋਧੀ ਪੰਜਾਬ ਦੇ ਬਾਗ਼ੀ ਡਾਕੂ

**ਰਾਏ ਅਹਿਮਦ ਖਾਨ ਖਰਲ :-** ਰਾਏ ਅਹਿਮਦ ਖਾਨ ਖਰਲ ਅਤੇ ਨਿਜ਼ਾਮ ਲੋਹਾਰ ਦੀ ਕਹਾਣੀ ਦੱਸਦੀ ਹੈ ਕਿ ਪੁਰਾਣੇ ਪੰਜਾਬ ਦੇ ਕੁਝ ਬਦਮਾਸ਼ ਤੇ ਡਾਕੂ ਵੀ ਆਪਣੇ ਢੰਗ ਨਾਲ਼ ਅੰਗਰੇਜ਼ਾਂ ਵਿਰੁੱਧ ਲੜਦੇ ਰਹੇ ਸਨ। ਰਾਏ ਅਹਿਮਦ ਖਾਨ ਵੀ ਅੰਗਰੇਜ਼ ਰਾਜ ਦਾ ਬਾਗੀ ਤੇ ਖਰਲ ਕਬੀਲੇ ਦਾ ਸਰਦਾਰ ਸੀ। ਉਹਨੂੰ 'ਰਾਵੀ ਦਾ ਰਾਠ' ਕਿਹਾ ਜਾਂਦਾ ਸੀ। ਉਸ ਦਾ ਜਨਮ 1776 ਵਿਚ ਰਾਏ ਨੱਥੂ ਰਾਮ ਖਰਲ ਅਤੇ ਫ਼ਤਿਹ ਬੀਬੀ ਕੰਮੋਕਾ ਦੇ ਘਰ ਸਾਂਦਲ ਬਾਰ ਦੇ ਝਮਰਾ ਪਿੰਡ (ਹੁਣ ਜਿਲ੍ਹਾ ਫ਼ੈਸਲਾਬਾਦ) ਵਿਚ ਹੋਇਆ ਸੀ। ਉਹ ਲੈਂਡ ਲਾਰਡ ਪਰਿਵਾਰ ਦਾ ਫ਼ਰਜ਼ੰਦ ਸੀ ਜਿਹਨੇ ਮਦਰੱਸੇ ਵਿਚ ਪੜ੍ਹਾਈ ਕੀਤੀ। ਉਹ ਘੋੜ ਸਵਾਰੀ ਅਤੇ ਜੰਗੀ ਢੰਗ ਤਰੀਕਿਆਂ ਤੋਂ ਜਾਣੂੰ ਸੀ। ਉਹ ਇਨਸਾਫ਼ ਅਤੇ ਮਨੁੱਖੀ ਹੱਕਾਂ ਦਾ ਅਲੰਬਰਦਾਰ ਸੀ। ਜਦੋਂ ਕੁਝ ਡਾਕੂਆਂ ਦੁਆਰਾ ਬ੍ਰਿਟਿਸ਼ ਪੋਸਟਾਂ ਨੂੰ ਲੁੱਟਿਆ ਗਿਆ ਤਾਂ ਗਗੇਰਾ ਦੇ ਸਹਾਇਕ ਕਮਿਸ਼ਨਰ ਬਰਕਲੇ ਨੇ ਇਲਾਕੇ ਦੇ ਸਰਦਾਰਾਂ ਦੀ ਮੀਟਿੰਗ ਸੱਦ ਕੇ ਮੰਗ ਕੀਤੀ ਕਿ ਬਾਗੀਆਂ ਤੇ ਕਾਬੂ ਪਾਉਣ ਲਈ ਸਰਕਾਰ ਨੂੰ ਸੈਨਿਕ ਅਤੇ ਘੋੜੇ ਦਿੱਤੇ ਜਾਣ। ਅਹਿਮਦ ਖਰਲ ਨੇ ਅਜਿਹਾ ਕਰਨ ਤੋਂ ਠੋਕ ਕੇ ਨਾਂਹ ਕਰ ਦਿੱਤੀ। 8 ਜੁਲਾਈ 1857 ਨੂੰ ਜਦੋਂ ਇਲਾਕੇ ਵਿਚ ਲੋਕਾਂ ਨੇ ਤੰਗ ਆ ਕੇ ਅੰਗਰੇਜ਼ਾਂ ਨੂੰ ਭਾਰੀ ਟੈਕਸ ਦੇਣੇ ਬੰਦ ਕਰ ਦਿੱਤੇ ਤਾਂ ਅੰਗਰੇਜ਼ਾਂ ਨੇ ਜੋਇਆ ਕਬੀਲੇ ਦੇ ਬਹੁਤ ਸਾਰੇ ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਹ ਖ਼ਬਰਾਂ ਸੁਣ ਕੇ ਰਾਏ ਅਹਿਮਦ ਨੇ ਇਸ ਲੋਕ ਰੋਹ ਨੂੰ ਇਕਮੁੱਠ ਕਰਨ ਲਈ ਕੇਂਦਰੀ ਰੋਲ ਅਦਾ ਕੀਤਾ।

ਜੁਲਾਈ 26, 1857 ਨੂੰ ਉਹਨੇ ਕਬੀਲੇ ਦੇ ਨਿਰਦੋਸ਼ ਲੋਕਾਂ ਨੂੰ ਗਗੇਰਾ ਜੇਲ੍ਹ (ਹੁਣ ਜਿਲ੍ਹਾ ਉਕਾੜਾ) ਤੋਂ ਛਡਾਉਣ ਲਈ ਹਮਲਾ ਕੀਤਾ। ਉਹਨੇ ਅੰਗਰੇਜ਼ਾਂ ਵਿਰੁੱਧ ਬਘੇਲਾ, ਫਤਿਆਨਾ, ਵੱਟੂ ਅਤੇ ਕਾਠੀਆ ਆਦਿ ਕਬੀਲਿਆਂ ਦੇ ਲੋਕਾਂ ਨੂੰ ਇਕੱਠੇ ਕਰਕੇ ਗੁਰੀਲਾ ਫੋਰਸ ਬਣਾਈ ਸੀ ਜਿਸ ਦੀ ਗਿਣਤੀ 20 ਹਜ਼ਾਰ ਤੋਂ 30 ਹਜ਼ਾਰ ਤਕ ਸੀ। ਇਸ ਸੈਨਾ ਦੀ ਵਰਤੋਂ ਉਹਨੇ ਅੰਗਰੇਜ਼ ਸੈਨਾ ਦਾ ਇਲਾਕੇ ਤੇ ਕੰਟਰੋਲ ਖ਼ਤਮ ਕਰਨ ਲਈ ਕੀਤੀ। ਇਹ ਸਾਰੇ ਬਾਗੀ ਪੁਲਿਸ ਤੋਂ ਬਚਣ ਲਈ ਜੰਗਲ਼ ਵਿਚ ਰਹਿੰਦੇ ਸਨ। 21 ਸਤੰਬਰ 1857 ਨੂੰ ਜਦੋਂ ਉਹ ਰਾਵੀ ਦਰਿਆ ਕੰਢੇ ਬਾਦ ਦੁਪਹਿਰ ਨਮਾਜ਼ ਪੜ੍ਹ ਰਿਹਾ ਸੀ ਤਾਂ ਅੰਗਰੇਜ਼ ਸੈਨਾ ਨੇ ਘੇਰ ਕੇ ਉਹਨੂੰ ਮਾਰ ਦਿੱਤਾ ਅਤੇ ਦਹਿਸ਼ਤ ਪੈਦਾ ਕਰਨ ਲਈ ਉਹਦਾ ਸਿਰ ਧੜ ਨਾਲੋਂ ਵੱਖ ਕਰ ਦਿੱਤਾ ਗਿਆ। ਮਗਰੋਂ ਉਸ ਦੇ ਜੋਟੀਦਾਰ ਮੁਰਾਦ ਫਤਿਆਨਾ ਨੇ ਲਾਰਡ ਬਰਕਲੇ ਅਤੇ 50 ਹੋਰ ਅੰਗਰੇਜ਼ ਪੁਲਿਸ ਦੇ ਜਵਾਨਾਂ ਨੂੰ ਮੌਤ ਦੇ ਘਾਟ ਉਤਾਰ ਕੇ ਉਹਦੀ ਮੌਤ ਦਾ ਬਦਲਾ ਲਿਆ। ਇਹ ਕਹਾਣੀ ਦਸਦੀ ਹੈ ਕਿ 1857 ਦੀ ਅਜ਼ਾਦੀ ਦੀ ਪਹਿਲੀ ਲੜਾਈ ਦੇ ਇਰਦ ਗਿਰਦ ਪੱਛਮੀ ਪੰਜਾਬ ਵਿਚ ਅੰਗਰੇਜ਼ਾਂ ਵਿਰੁੱਧ ਕਈ ਬਾਗੀ ਸਰਗਰਮ ਸਨ ਜਿਹਨਾਂ ਨੇ ਲੋਕਾਂ ਨੂੰ ਇਕੱਠੇ ਕਰਕੇ ਅੰਗਰੇਜ਼ਾਂ ਵਿਰੁੱਧ ਗੁਰੀਲਾ ਯੁੱਧ ਵਿਚ ਲੜਿਆ।

**ਜਿਲ੍ਹਾ ਤਰਨਤਾਰਨ ਦਾ ਸ਼ਹੀਦ ਬਾਗੀ ਨਿਜ਼ਾਮ ਲੋਹਾਰ** :- ਨਿਜ਼ਾਮ ਲੋਹਾਰ ਜੋ ਤਰਨਤਾਰਨ ਦਾ ਵਾਸੀ ਸੀ ਪੰਜਾਬ ਵਿਚ ਅੰਗਰੇਜ਼ਾਂ ਦਾ ਅਜਿਹਾ ਕੱਟੜ ਦੁਸ਼ਮਣ ਅਤੇ ਕ੍ਰਾਂਤੀਕਾਰੀ ਵਿਦਰੋਹੀ ਸੀ ਜਿਸ ਨੇ ਬਸਤੀਵਾਦੀ ਸਰਕਾਰ ਵਿਰੁੱਧ ਖ਼ੂਨੀ ਲੜਾਈ ਨੂੰ ਅੰਜ਼ਾਮ ਦਿੱਤਾ। ਉਹਨੇ ਅੰਗਰੇਜ਼ਾਂ ਦੇ ਬਸਤੀਵਾਦੀ ਕਨੂੰਨਾਂ ਦਾ ਵਿਰੋਧ ਕੀਤਾ, ਸਰਕਾਰੀ ਅਫਸਰਾਂ ਤੇ ਪੰਜਾਬ ਦੇ ਅਮੀਰ ਲੋਕਾਂ ਨੂੰ ਲੁੱਟਿਆ ਅਤੇ ਅਧਿਕਾਰੀਆਂ ਦੁਆਰਾ ਲੋਕਾਂ ਨੂੰ ਦਬਾਉਣ ਵਿਰੁੱਧ ਸੰਘਰਸ਼ ਲੜਿਆ। ਉਹ ਦੇਸ਼ ਦੀ ਅਜ਼ਾਦੀ ਲਈ ਲੜਨ ਵਾਲ਼ਾ ਕੌਮੀ ਯੋਧਾ ਸੀ ਪਰ ਬਸਤੀਵਾਦੀ ਸਰਕਾਰ ਉਹਨੂੰ ਲੁਟੇਰਾ ਜਾਂ ਡਾਕੂ ਸਮਝਦੀ ਸੀ। ਉਸ ਦਾ ਜਨਮ ਤਰਨਤਾਰਨ ਦੀ ਧਰਤੀ ਤੇ 1835 ਵਿਚ ਇਕ ਗਰੀਬ ਮੁਸਲਿਮ ਪਰਿਵਾਰ ਵਿਚ ਹੋਇਆ ਸੀ। ਉਹ ਆਪਣੇ ਘਰ ਆਪਣੀ ਮਾਂ ਅਤੇ ਭੈਣ ਨਾਲ਼ ਰਹਿੰਦਾ ਸੀ ਯਾਨੀ ਬਾਪ ਸਿਰ ਤੇ ਨਹੀਂ ਸੀ। ਬਚਪਨ ਤੋਂ ਹੀ ਬਾਗੀ ਰੁਚੀਆਂ ਦਾ ਹੋਣ ਕਾਰਨ ਉਹ ਭਾਰਤ ਵਿਚ ਬ੍ਰਿਟਿਸ਼ ਹਕੂਮਤ ਦਾ ਵਿਰੋਧੀ ਸੀ। ਉਹਦਾ ਪਰਿਵਾਰ ਤੇ ਯਾਰ-ਬੇਲੀ ਉਹਦੇ ਅੰਗਰੇਜ਼ਾਂ ਪ੍ਰਤੀ ਵਿਹਾਰ ਤੋਂ ਖ਼ੁਸ਼ ਨਹੀ ਸਨ ਅਤੇ ਉਹ ਉਹਨੂੰ ਇਹੋ ਜਿਹੇ ਵਿਚਾਰਾਂ ਤੋਂ ਦੂਰ ਰਹਿਣ ਦੀ ਸਿੱਖਿਆ ਦੇਂਦੇ ਸਨ ਪਰ ਉਹਦੇ ਬਾਗ਼ੀ ਮਨ ਤੇ ਇਹਨਾਂ ਦਾ ਕੋਈ ਅਸਰ ਨਾ ਹੋਇਆ। ਇਹ ਸਮਾਂ ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਸੁਨਹਿਰੀ ਕਾਲ ਦਾ ਸੀ। ਉਹ ਪੇਸ਼ੇ ਵਜੋਂ ਲੋਹਾਰ ਸੀ ਅਤੇ ਫੌਜਾਂ ਲਈ ਹਥਿਆਰ ਬਣਾਉਣ ਦਾ ਕੰਮ ਕਰਦਾ ਸੀ। ਮਹਾਰਾਜਾ ਦੀ ਮੌਤ ਤੋਂ ਬਾਅਦ ਜਦੋਂ ਉਹ 13-14 ਸਾਲ ਦਾ ਸੀ ਤਾਂ 1849 ਵਿਚ ਅੰਗਰੇਜ਼ਾਂ ਨੇ ਕੁਟਿਲ ਚਾਲਾਂ ਅਤੇ ਕੁਝ ਗ਼ਦਾਰਾਂ ਦੀ ਮਦਦ ਨਾਲ਼ ਮਹਾਰਾਜਾ ਰਣਜੀਤ ਸਿੰਘ ਦੇ ਬਹਾਦਰ ਜਰਨੈਲਾਂ ਵਾਲ਼ੀ ਫੌਜ ਨੂੰ ਭਾਂਜ ਦੇ ਕੇ ਪੰਜਾਬ ਤੇ ਕਬਜ਼ਾ ਕਰ ਲਿਆ।

1860 ਦੇ ਇਰਦ ਗਿਰਦ ਸਥਾਨਕ ਲੋਕਾਂ ਵਿਚ ਬ੍ਰਿਟਿਸ਼ ਸਰਕਾਰ ਵਿਰੁੱਧ ਨਫ਼ਰਤ ਅਤੇ ਵਿਰੋਧੀ ਸੁਰ ਤਿੱਖੀ ਹੋ ਰਹੀ ਸੀ। ਅਜ਼ਾਦੀ ਘੁਲਾਟੀਆਂ ਦੀਆਂ ਸਰਕਾਰ ਵਿਰੁੱਧ ਇਕਮੁੱਠ ਸੰਘਰਸ਼ ਦੀਆਂ ਕੋਸ਼ਿਸ਼ਾਂ ਵਧ ਫੁਲ ਰਹੀਆਂ ਸਨ। ਕਿਹਾ ਜਾਂਦਾ ਹੈ ਕਿ 1868 ਵਿਚ ਇਕ ਬ੍ਰਿਟਿਸ਼ ਅਧਿਕਾਰੀ ਵੱਲੋਂ ਗੱਲ-ਬਾਤ ਦੌਰਾਨ ਭਾਰਤ ਦੀ ਬੇਇਜ਼ਤੀ ਕਰਨ ਤੇ ਨਿਜ਼ਾਮ ਉਹਦੇ ਨਾਲ਼ ਝਗੜ ਪਿਆ ਤੇ ਆਖ਼ਰ ਉਹਨੇ ਅੰਗਰੇਜ਼ ਅਫਸਰ ਨੂੰ ਜਾਨੋਂ ਮਾਰ ਮੁਕਾਇਆ। ਇਸ ਤੋਂ ਬਾਅਦ ਨਿਜ਼ਾਮ ਨੇ ਬਾਗ਼ੀਆਂ ਨੂੰ ਹਥਿਆਰ ਬਣਾ ਕੇ ਦੇਣ ਅਤੇ ਸਰਕਾਰੀ ਅਧਿਕਾਰੀਆਂ ਤੋਂ ਧਨ ਦੌਲਤ ਤੇ ਜ਼ੇਵਰ ਆਦਿ ਲੁੱਟ ਕੇ ਗਰੀਬ ਲੋਕਾਂ ਵਿਚ ਵੰਡ ਦੇਣ ਦੀ ਮੁਹਿੰਮ ਤੇਜ਼ ਕਰ ਦਿੱਤੀ। ਇਸ ਕਾਰਨ ਉਹਨੂੰ ਪੰਜਾਬ ਦਾ 'ਰੌਬਨ ਹੁੱਡ' ਕਿਹਾ ਜਾਣ ਲੱਗਾ। ਸਿੱਟੇ ਵਜੋਂ ਸਰਕਾਰ ਨੇ ਉਹਦੀ ਨਿਗਰਾਨੀ ਸ਼ੁਰੂ ਕਰ ਦਿੱਤੀ ਅਤੇ ਉਹਦੀਆਂ ਗਤੀਵਿਧੀਆਂ ਨੂੰ 'ਤਹਿਰੀਕ ਏ ਜੰਗ ਏ ਅਜ਼ਾਦੀ' ਦੇ ਵਿਦਰੋਹੀਆਂ ਨਾਲ ਜੋੜਨ ਦਾ ਐਲਾਨ ਕੀਤਾ। ਇਸ ਕਾਰਨ ਉਹ ਘਰ ਛੱਡ ਕੇ ਬਾਹਰ ਰਹਿਣ ਲਈ ਮਜਬੂਰ ਹੋ ਗਿਆ। ਉਹ ਕਸੂਰ ਦੇ ਨੇੜੇ ਛਾਂਗਾ ਮਾਂਗਾ ਦੇ ਜੰਗਲਾਂ ਚੋਂ ਨਿਕਲ ਕੇ ਸਰਕਾਰੀ ਅਫਸਰਾਂ ਤੇ ਗੁਰੀਲਾ ਹਮਲਾ ਕਰਦਾ ਅਤੇ ਫਿਰ ਉਸ ਜੰਗਲ਼ ਵਿਚ ਛਿਪ ਜਾਂਦਾ।

1872 ਵਿਚ ਪੁਲਿਸ ਨੇ ਉਹਦੇ ਘਰੋਂ ਇਕ ਗੁਪਤ ਟਿਕਾਣੇ ਤੋਂ ਬਹੁਤ ਸਾਰੇ ਹਥਿਆਰ ਬਰਾਮਦ ਕੀਤੇ। ਇਹ ਵੀ ਕਿਹਾ ਜਾਂਦਾ ਹੈ ਕਿ ਪੁਲਿਸ ਕਪਤਾਨ ਕੋਹਲ ਨੇ ਉਹਦੀ ਭੈਣ ਨਾਲ਼ ਬਲਾਤਕਾਰ ਵੀ ਕੀਤਾ। ਇਹ ਸਦਮਾ ਨਾ ਸਹਾਰਦਿਆਂ ਉਹਦੀ ਮਾਂ ਚੱਲ ਵੱਸੀ। ਅਗਲੀ ਰਾਤ ਨੂੰ ਹੀ ਨਿਜ਼ਾਮ ਨੇ ਪੁਲਿਸ ਥਾਣੇ ਤੇ ਹਮਲਾ ਕਰਕੇ ਕਪਤਾਨ ਕੋਹਲ ਅਤੇ ਐਸ ਪੀ ਰੋਨਾਲਡ ਸਮੇਤ ਹੋਰ ਕਈ ਅਫਸਰਾਂ ਨੂੰ ਮਾਰ ਦਿੱਤਾ। ਇਸ ਘਟਨਾ ਪਿੱਛੋਂ ਉਹ ਲੋਕਾਂ ਦਾ ਹੀਰੋ ਬਣ ਗਿਆ ਅਤੇ ਉਹਨੂੰ ਸਮਾਜ ਤੋਂ ਮਾਣਤਾ ਵੀ ਮਿਲ ਗਈ। ਕੁਝ ਚਿਰ ਬਾਅਦ ਉਹਨੇ ਕਸੂਰ ਦੇ ਵਾਸੀ ਦੋ ਬਾਗੀਆਂ (ਜਬਰੂ ਅਤੇ ਸੂਜਾ ਸਿੰਘ) ਨੂੰ ਪੁਲਿਸ ਦੀ ਹਿਰਾਸਤ ਚੋਂ ਛਡਾ ਲਿਆ। ਉਹ ਦੋਵੇਂ ਉਹਦੇ ਮਿੱਤਰ ਬਣ ਗਏ। ਅਗਲੇ ਸਾਲ ਉਹਨਾਂ ਤਿੰਨਾਂ ਨੇ ਮਿਲ ਕੇ ਅੰਗਰੇਜ਼ਾਂ ਵਿਰੁੱਧ 'ਪੰਜਾਬ ਛੱਡੋ' ਲਹਿਰ ਸ਼ੁਰੂ ਕੀਤੀ। ਬਹੁਤ ਸਾਰੇ ਬਾਗੀ ਲੋਕ ਇਹਦੇ ਨਾਲ਼ ਜੁੜ ਗਏ। ਉਹਨਾਂ ਨੇ ਸਾਰੇ ਪੰਜਾਬ ਵਿਚ ਮੇਲਿਆਂ ਅਤੇ ਇਕੱਠਾਂ ਵਿਚ ਜਾ ਕੇ ਅੰਗਰੇਜ਼ ਅਫਸਰਾਂ ਨਾਲ਼ ਖ਼ੂਨੀ ਝੜਪਾਂ ਕਰਨ ਦੀਆਂ ਯੋਜਨਾਵਾਂ ਬਣਾਈਆਂ।

1877 ਵਿਚ ਨਿਜ਼ਾਮ ਸੂਜਾ ਸਿੰਘ ਦੀ ਬਿਮਾਰ ਮਾਂ ਦਾ ਪਤਾ ਲੈਣ ਗਿਆ। ਉੱਥੋਂ ਉਹਨੂੰ ਪਤਾ ਲੱਗਾ ਕਿ ਸੂਜਾ ਦੇ ਸਬੰਧ ਕਿਸੇ ਪੇਸ਼ਾਵਰ ਔਰਤ ਨਾਲ਼ ਹੋਣ ਕਾਰਨ ਉਹ ਆਪਣੀ ਮਾਂ ਦਾ ਧਿਆਨ ਨਹੀਂ ਰੱਖਦਾ। ਨਿਜ਼ਾਮ ਨੇ ਸੂਜੇ ਨੂੰ ਝਿੜਕਿਆ ਤੇ ਇਸ ਪਾਸਿਓਂ ਰੋਕਣ ਲਈ ਦਬਾਅ ਪਾਇਆ। ਜਦੋਂ ਉਸ ਔਰਤ ਨੂੰ ਪਤਾ ਲੱਗਾ ਤਾਂ ਉਹਨੇ ਸੂਜੇ ਨੂੰ ਨਿਜ਼ਾਮ ਦੇ ਖ਼ਿਲਾਫ਼ ਭੜਕਾਇਆ। ਜ਼ਨਾਨੀ ਪਿੱਛੇ ਲੱਗ ਕੇ ਸੂਜੇ ਨੇ ਪੁਲਿਸ ਨੂੰ ਨਿਜ਼ਾਮ ਦਾ ਅਤਾ-ਪਤਾ ਦੱਸ ਦਿੱਤਾ। ਸੂਜੇ ਦੀ ਇਤਲਾਹ ਤੇ ਪੁਲਿਸ ਨੇ ਨਿਜ਼ਾਮ ਦੇ ਟਿਕਾਣੇ ਨੂੰ ਘੇਰਾ ਜਾ ਪਾਇਆ। ਇਕ ਘੰਟੇ ਦੀ ਆਪਸੀ ਮੁੱਠਭੇੜ ਦੌਰਾਨ ਨਿਜ਼ਾਮ ਮਾਰਿਆ ਗਿਆ। ਇਸ ਤੋਂ ਨਰਾਜ਼ ਹੋ ਕੇ, ਕਰੋਧਿਤ ਹੋਈ ਸੂਜੇ ਦੀ ਮਾਂ ਨੇ ਜਬਰੂ ਦੇ ਸਾਹਮਣੇ, ਸੂਜੇ ਨੂੰ ਮਾਰ ਕੇ ਜਬਰੂ ਨੂੰ ਮੌਕੇ ਦਾ ਗਵਾਹ ਬਣਨ ਲਈ ਕਿਹਾ ਤਾਂ ਕਿ ਉਹ ਸੂਜੇ ਦੀ ਮੌਤ ਪਿੱਛੇ ਅਸਲ ਕਾਰਨ ਲੋਕਾਂ ਸਾਹਮਣੇ ਲਿਆ ਕੇ ਉਹਨੂੰ ਗ਼ਦਾਰ ਸਾਬਤ ਕਰ ਸਕੇ। ਨਿਜ਼ਾਮ ਦੀ ਮੌਤ ਤੋਂ ਬਾਅਦ ਉਹਦੇ ਸੰਸਕਾਰ ਤੇ ਲੋਕਾਂ ਦੇ ਵੱਡੀ ਗਿਣਤੀ ਵਿਚ

ਹਾਜ਼ਰ ਹੋਣ ਦੀ ਖ਼ਾਹਸ਼ ਨੂੰ ਵੇਖਦਿਆਂ ਬ੍ਰਿਟਿਸ਼ ਅਫਸਰਾਂ ਨੇ ਪ੍ਰਤੀ ਵਿਅਕਤੀ ਦੋ ਰੁਪਏ ਦੀ ਫੀਸ ਰੱਖ ਦਿੱਤੀ। ਕਿਹਾ ਜਾਂਦਾ ਹੈ ਕਿ ਨਿਜ਼ਾਮ ਦੀਆਂ ਅੰਤਿਮ ਰਸਮਾਂ ਸਮੇਂ 35000 ਰੁਪਏ ਇਕੱਠੇ ਹੋਏ ਭਾਵ 17500 ਲੋਕ ਸ਼ਾਮਲ ਹੋਏ। ਨਿਜ਼ਾਮ ਦੀ ਯਾਦ ਵਿਚ ਪੱਛਮੀ ਪੰਜਾਬ ਦੇ ਜਮੀਲ ਅਖ਼ਤਰ, ਵਾਹੀਲ ਡਾਰ, ਸੁਧੀਰ ਅਤੇ ਹੁਸਨੈਨ ਵਰਗੇ ਡਾਇਰੈਕਟਰਾਂ ਵੱਲੋਂ ਫ਼ਿਲਮਾਂ ਬਣਾਈਆਂ ਗਈਆਂ ਹਨ ਅਤੇ ਅਮਜ਼ਦ ਇਸਲਾਮ ਦਾ ਲਿਖਿਆ ਤੇ ਰਾਸ਼ਿਦ ਡਾਰ ਦੇ ਨਿਰਦੇਸ਼ਨ ਹੇਠ ਟੀ.ਵੀ. ਸੀਰੀਅਲ ਤਿਆਰ ਕੀਤਾ ਗਿਆ ਹੈ।

## 6. ਪਗੜੀ ਸੰਭਾਲ ਜੱਟਾ ਲਹਿਰ

ਜਦੋਂ ਅੰਗਰੇਜ਼ਾਂ ਨੇ ਬਾਰਾਂ ਅਬਾਦ ਕਰਨ ਲਈ ਨਹਿਰਾਂ ਦਾ ਜਾਲ਼ ਵਿਛਾਇਆ ਅਤੇ ਕਿਸਾਨਾਂ ਦੀ ਫ਼ਸਲ ਨੂੰ ਨਹਿਰੀ ਪਾਣੀ ਮਿਲਣ ਕਰਕੇ ਉਤਪਾਦਨ ਵਧਣ ਲੱਗਾ ਤਾਂ ਹਕੂਮਤ ਨੇ ਜ਼ਮੀਨ ਦਾ ਮਾਲੀਆ ਵਧਾ ਦਿੱਤਾ। ਨਹਿਰੀ ਪਾਣੀ ਦਾ ਟੈਕਸ ਲਾਇਆ ਤਾਂ ਛੋਟੇ ਕਿਸਾਨਾਂ, ਜੋ ਪਹਿਲਾਂ ਹੀ ਕਰਜ਼ੇ ਹੇਠ ਸਨ, ਦੇ ਸੀਨੇ ਅੱਗ ਲੱਗ ਗਈ। ਸ਼ਹੀਦ ਭਗਤ ਸਿੰਘ ਦਾ ਚਾਚਾ ਅਜੀਤ ਸਿੰਘ, ਜੀਹਨੂੰ ਬਹੁਤੇ ਲੋਕ 'ਚਾਚਾ' ਹੀ ਕਹਿੰਦੇ ਸਨ, ਨੇ 1907 ਵਿਚ ਵੱਡੇ ਭਰਾ ਸ੍ਰ ਕਿਸ਼ਨ ਸਿੰਘ (ਸ਼ਹੀਦ ਭਗਤ ਸਿੰਘ ਦੇ ਪਿਤਾ ਜੀ) ਅਤੇ ਲਾਲਾ ਲਾਜਪਤ ਰਾਏ ਨਾਲ ਮਿਲ ਕੇ ਲਾਇਲਪੁਰ ਦੇ ਆਲ਼ੇ ਦੁਆਲ਼ੇ ਨਹਿਰੀ ਕਲੋਨੀਆਂ ਦੇ ਕਿਸਾਨਾਂ ਦੀ ਲੜਾਕੂ ਕਿਸਾਨ ਲਹਿਰ ਜਥੇਬੰਦ ਕੀਤੀ। ਹਜ਼ਾਰਾਂ ਕਿਸਾਨ ਉਹਨਾਂ ਦੁਆਲ਼ੇ ਇਕੱਠੇ ਹੋ ਗਏ। ਸਰਕਾਰ ਦੇ ਵਿਰੋਧੀਆਂ ਤੇ ਸਰਕਾਰੀ ਬੰਦਸ਼ਾਂ ਲੱਗੀਆਂ ਹੋਣ ਕਾਰਨ ਉਹਨਾਂ ਨੇ 'ਭਾਰਤ ਮਾਤਾ ਸੁਸਾਇਟੀ' ਸਥਾਪਤ ਕੀਤੀ। ਉਹਨਾਂ ਦੀ ਅਗਵਾਈ ਹੇਠ ਵੱਡੀ ਗਿਣਤੀ ਵਿਚ ਕਿਸਾਨਾਂ ਨੇ ਖੇਤੀ ਕਨੂੰਨਾਂ ਦਾ ਵਿਰੋਧ ਕਰਦੇ ਹੋਏ ਇਹ ਕਨੂੰਨ ਮੰਨਣ ਤੋਂ ਇਨਕਾਰ ਕਰ ਦਿੱਤਾ। ਇਸ ਨੂੰ 'ਪਗੜੀ ਸੰਭਾਲ ਲਹਿਰ' ਕਿਹਾ ਜਾਂਦਾ ਹੈ। ਅੰਗਰੇਜ਼ ਸਰਕਾਰ ਨੇ 'ਦੀ ਪੰਜਾਬ ਲੈਂਡ ਕਾਲੋਨਾਈਜੇਸ਼ਨ ਬਿੱਲ - 1906' ਪਾਸ ਕਰਕੇ ਨਹਿਰੀ ਬਸਤੀਆਂ ਵਿਚ ਕਿਸਾਨਾਂ ਤੋਂ ਜ਼ਮੀਨ ਤੇ ਜੱਦੀ ਪੁਸ਼ਤੀ ਮਾਲਕੀ ਦੇ ਹੱਕ ਖੋਹ ਲਏ। ਨਹਿਰੀ ਪਾਣੀ ਦਾ ਮਾਲੀਆ ਵਧਾ ਦਿੱਤਾ ਅਤੇ ਕਿਸਾਨਾਂ ਤੇ ਭਾਰੀ ਟੈਕਸ ਠੋਸ ਦਿੱਤਾ। ਇਹਨਾਂ ਕਦਮਾਂ ਨਾਲ਼ ਲਾਇਲਪੁਰ (ਹੁਣ ਫ਼ੈਸਲਾਬਾਦ) ਦੀ ਬਾਰ ਦੇ ਹਿੰਦੂ ਸਿੱਖ ਕਿਸਾਨਾਂ ਦਾ ਜੀਊਣਾ ਦੁੱਭਰ ਹੋ ਗਿਆ। 3 ਮਾਰਚ 1907 ਨੂੰ ਲਾਇਲਪੁਰ (ਹੁਣ ਫ਼ੈਸਲਾਬਾਦ) ਵਿਚ ਵਿਸ਼ਾਲ ਕਾਨਫਰੰਸ ਕਰਕੇ ਚਾਚਾ ਅਜੀਤ ਸਿੰਘ ਨੇ ਲਾਲਾ ਲਾਜਪਤ ਰਾਏ, ਬਾਂਕੇ ਦਿਆਲ, ਸਯਦ ਆਗਾ ਹੈਦਰ ਅਤੇ ਸੂਫ਼ੀ ਅੰਬਾ ਪ੍ਰਸਾਦ ਨਾਲ ਮਿਲ ਕੇ ਸਰਕਾਰੀ ਨੀਤੀਆਂ ਵਿਰੁੱਧ ਕੀਤੇ ਰੋਸ-ਮੁਜਾਹਰੇ ਵਿੱਚ ਪ੍ਰਭਾਵਸ਼ਾਲੀ ਭਾਸ਼ਣ ਕੀਤਾ। ਇਸ ਸਮੇਂ ਪ੍ਰਸਿੱਧ ਕਵੀ ਬਾਂਕੇ ਦਿਆਲ ਨੇ ਕਵਿਤਾ 'ਪਗੜੀ ਸੰਭਾਲ਼ ਜੱਟਾ' ਤਰੰਨਮ ਵਿਚ ਗਾਈ ਗਈ ਜਿਸ ਨੇ ਕਿਸਾਨਾਂ ਦੀ ਜ਼ਮੀਰ ਨੂੰ ਝੰਜੋੜਿਆ। ਕਵਿਤਾ ਦੇ ਬੰਦ ਸਨ :-

ਪਗੜੀ ਸੰਭਾਲ਼ ਜੱਟਾ ਪਗੜੀ ਸੰਭਾਲ ਓਇ,

ਫਰੰਗੀ ਨੇ ਲੁੱਟ ਖੜਿਆ ਤੇਰਾ ਧਨ ਮਾਲ ਓਇ।

ਫ਼ਸਲਾਂ ਨੂੰ ਖਾ ਗਏ ਕੀੜੇ, ਤਨ ਤੇ ਨਹੀਂ ਤੇਰੇ ਲੀੜੇ,

ਭੁੱਖਾਂ ਨੇ ਖੂਬ ਨਿਚੋੜੇ, ਰੋਂਦੇ ਨੇ ਬਾਲ ਓਇ, ਪਗੜੀ ਸੰਭਾਲ਼.....

ਬਾਅਦ ਵਿਚ 'ਪਗੜੀ ਸੰਭਾਲ਼ ਜੱਟਾ' ਦਾ ਨਾਅਰਾ ਕਿਸਾਨਾਂ ਦੀ ਹੋਂਦ ਦਾ ਪ੍ਰਤੀਕ ਬਣ ਗਿਆ। ਲੋਕਾਂ ਦੀ ਲਾਮਬੰਦੀ ਅਤੇ ਵਧ ਰਹੀ ਰਾਜਸੀ ਚੇਤਨਤਾ ਤੋਂ ਡਰਦਿਆਂ ਸਰਕਾਰ ਨੇ 9 ਮਈ 1907 ਵਿਚ ਲਾਲਾ ਲਾਜਪਤ ਰਾਏ ਉਤੇ 3 ਜੂਨ ਨੂੰ ਅਜੀਤ ਸਿੰਘ ਨੂੰ ਗ੍ਰਿਫਤਾਰ ਕਰਕੇ ਬਿਨਾਂ ਕੋਈ ਮੁਕਦਮਾ ਚਲਾਏ ਮਾਂਡਲੇ ਜੇਲ੍ਹ ਭੇਜ ਦਿੱਤਾ। ਲੋਕ-ਰੋਹ ਅੱਗੇ ਝੁਕਦਿਆਂ ਅੱਠ ਮਹੀਨਿਆਂ ਬਾਅਦ ਸਰਕਾਰ ਨੇ

ਇਹਨਾਂ ਜਲਾਵਤਨ ਆਗੂਆਂ ਨੂੰ ਰਿਹਾ ਕਰ ਦਿੱਤਾ ਭਾਰੀ ਵਿਰੋਧ ਅਤੇ ਸਿੱਖ ਸਿਪਾਹੀਆਂ ਵਿਚ ਪੈਦਾ ਹੋਈ ਬੇਚੈਨੀ ਨੂੰ ਵੇਖਦੇ ਹੋਏ ਸਰਕਾਰ ਨੇ ਕਾਲੋਨਾਈਜੇਸ਼ਨ ਬਿੱਲ ਵੀ ਵਾਪਸ ਲੈ ਲਿਆ। ਇਸ ਤਰ੍ਹਾਂ ਪੰਜਾਬ ਵਿਚ ਉੱਠੀ ਇਹ ਪਹਿਲੀ ਜਨਤਕ ਐਜੀਟੇਸ਼ਨ ਜਿੱਤ ਨਾਲ਼ ਸਮਾਪਤ ਹੋਈ। ਇਹ ਲਹਿਰ ਭਾਰਤੀ ਕਿਸਾਨਾਂ ਦੀ ਜ਼ਮੀਰ ਨੂੰ ਜਗਾਉਣ ਅਤੇ ਉਹਨਾਂ ਵਿਚ ਰਾਜਨੀਤਕ ਜਾਗਰਤੀ ਪੈਦਾ ਕਰਕੇ ਅੰਗਰੇਜ਼ ਸਾਮਰਾਜ ਦੀ ਲੁੱਟ-ਖੋਹ ਖ਼ਿਲਾਫ਼ ਰੋਹ ਪੈਦਾ ਕਰਨ ਦੇ ਪੱਖ ਤੋਂ ਇਕ ਮੀਲ ਪੱਥਰ ਸਿੱਧ ਹੋਈ। ਕਿਸਾਨਾਂ ਦੀ ਇਸ ਲਹਿਰ ਨੇ ਮਗਰੋਂ ਕਿਸਾਨ ਸਭਾ ਦੇ ਘੋਲ਼ਾਂ ਵਿਚ ਰਾਹ-ਦਿਸੇਰੇ ਦਾ ਕੰਮ ਕੀਤਾ, ਕਿਸਾਨਾਂ, ਵਿਦਵਾਨਾਂ ਅਤੇ ਕੌਮੀ ਆਗੂਆਂ ਨੂੰ ਇਕ ਪਲੇਟਫ਼ਾਰਮ ਤੇ ਲਿਆਂਦਾ ਅਤੇ ਗਦਰ ਲਹਿਰ ਦੇ ਆਗੂਆਂ ਨੂੰ ਵੀ ਪ੍ਰੇਰਿਤ ਕੀਤਾ। ਇਹ ਲਹਿਰ ਬ੍ਰਿਟਿਸ਼ ਰਾਜ ਸਮੇਂ ਕਿਸਾਨ ਵਿਦਰੋਹ ਦੀ ਪਹਿਲੀ ਉਦਾਹਰਣ ਸੀ। 'ਪਗੜੀ ਸੰਭਾਲ਼ ਜੱਟਾ' ਦਾ ਨਾਹਰਾ ਅਜੇ ਵੀ ਕਿਸਾਨਾਂ ਦੀ ਆਨ, ਸ਼ਾਨ ਅਤੇ ਹੱਕਾਂ ਦਾ ਪ੍ਰਤੀਕ ਹੈ।

## 7. ਕਾਲ਼ੇ ਪਾਣੀਆਂ ਦੀ ਦਾਸਤਾਨ

ਦੇਸ਼ ਦੀ ਅਜ਼ਾਦੀ ਲਈ ਲੜ ਰਹੇ ਅਨੇਕਾਂ ਦੇਸ਼ ਭਗਤਾਂ ਨੂੰ ਲੰਮੀਆਂ ਕੈਦਾਂ ਭੁਗਤਣ ਲਈ ਕਾਲ਼ੇ ਪਾਣੀਆਂ ਦੀ ਸਜ਼ਾ ਸੁਣਾਈ ਜਾਂਦੀ ਸੀ। ਇਹ ਕਾਲ਼ੇ ਪਾਣੀਆਂ ਦੀ ਜੇਲ੍ਹ ਜਿਸ ਨੂੰ ਸੈਲੂਲਰ ਜੇਲ੍ਹ ਵੀ ਕਹਿੰਦੇ ਹਨ ਕਿਹੋ ਜਿਹੀ ਸੀ ਅਤੇ ਦੇਸ਼ ਭਗਤਾਂ ਨੇ ਕਿੰਨੀ ਦਲੇਰੀ ਨਾਲ ਉੱਥੇ ਸਜ਼ਾਵਾਂ ਭੁਗਤ ਕੇ ਦੇਸ਼ ਨੂੰ ਅਜ਼ਾਦ ਕਰਾਇਆ, ਇਸ ਬਾਰੇ ਪਾਠਕਾਂ ਨੂੰ ਜਾਣਕਾਰੀ ਦੇਣੀ ਇਸ ਲਈ ਜ਼ਰੂਰੀ ਹੈ ਤਾਂ ਕਿ ਉਹ ਪੜ੍ਹ ਕੇ ਇਹ ਜਾਣ ਸਕਣ ਕਿ ਸਾਡੇ ਵਡੇਰਿਆਂ ਨੇ ਇਸ ਅਜ਼ਾਦੀ ਦਾ ਕਿੰਨਾ ਭਾਰੀ ਮੁੱਲ ਤਾਰਿਆ ਹੈ। ਇਹ ਜੇਲ੍ਹ ਭਾਰਤ ਦੇ ਦੱਖਣ-ਪੂਰਬ ਵੱਲ ਸਥਿੱਤ ਅੰਡੇਮਾਨ ਨਿਕੋਬਾਰ ਦੀਪ ਸਮੂਹ ਦੀ ਰਾਜਧਾਨੀ ਪੋਰਟ ਬਲੇਅਰ ਵਿਚ ਹੈ। ਇਸ ਦਾ ਨਿਰਮਾਣ ਅੰਗਰੇਜ਼ ਸਰਕਾਰ ਨੇ 1896 ਤੋਂ 1906 ਵਿਚਕਾਰ ਭਾਰਤੀ ਦੇਸ਼-ਭਗਤਾਂ ਨੂੰ ਕਠੋਰ ਸਜ਼ਾਵਾਂ ਦੇਣ ਲਈ ਕਰਵਾਇਆ ਸੀ। ਇਸ ਤੋਂ ਪਹਿਲਾਂ ਖ਼ਤਰਨਾਕ ਕੈਦੀਆਂ ਨੂੰ ਇਸ ਟਾਪੂ ਦੇ ਖੁੱਲ੍ਹੇ ਆਸਮਾਨ ਹੇਠ ਜ਼ਹਿਰੀਲੇ ਸੱਪਾਂ ਵਿਚ ਛੱਡ ਦੇਂਦੇ ਸਨ। ਇੱਥੋਂ ਕਿਸੇ ਕੈਦੀ ਦੇ ਭੱਜ ਜਾਣ ਦਾ ਕੋਈ ਡਰ ਨਹੀਂ ਸੀ ਕਿਉਂਕਿ ਇਸ ਟਾਪੂ ਦੇ ਆਲ਼ੇ ਦੁਆਲ਼ੇ ਸੈਂਕੜੇ ਮੀਲਾਂ ਤੱਕ ਸਮੁੰਦਰ ਹੈ। ਇੱਥੇ ਭੇਜੇ ਜਾਂਦੇ ਕੈਦੀਆਂ ਵਿਚ ਸਭ ਤੋਂ ਵੱਧ ਬੰਗਾਲੀ ਤੇ ਦੂਸਰੇ ਨੰਬਰ ਤੇ ਪੰਜਾਬੀ ਹੁੰਦੇ ਸਨ। ਜੇਲ੍ਹ ਬਣਨ ਤੋਂ ਪਹਿਲਾਂ ਸਾਰਾ ਦਿਨ ਕੈਦੀਆਂ ਤੋਂ ਜੇਲ੍ਹ ਲਈ ਲੋੜੀਂਦੀ ਲੱਕੜ ਦੀ ਕਟਾਈ, ਰਸਤੇ ਬਣਾਉਣ ਅਤੇ ਭਾਰੀਆਂ ਲੱਕੜਾਂ ਦੀ ਢੋਆ-ਢੁਆਈ ਦਾ ਕੰਮ ਲਿਆ ਜਾਂਦਾ ਸੀ ਅਤੇ ਰਾਤ ਨੂੰ ਭੁੱਖੇ ਪਿਆਸੇ ਕੈਦੀਆਂ ਨੂੰ ਦਰਖਤਾਂ ਨਾਲ਼ ਬੰਨ੍ਹ ਦੇਂਦੇ ਸਨ। ਸਵੇਰ ਹੋਣ ਤੱਕ ਬਹੁਤ ਬਹੁਤੇ ਕੈਦੀ ਸੱਪਾਂ ਦਾ ਖ਼ਾਜਾ ਬਣ ਜਾਂਦੇ ਸਨ ਅਤੇ ਉਹਨਾਂ ਦੀਆਂ ਲੋਥਾਂ ਸਮੁੰਦਰ ਵਿਚ ਸੁੱਟ ਦਿੱਤੀਆਂ ਜਾਂਦੀਆਂ ਸਨ।

ਇੱਥੇ ਜੋ ਸੈਲੂਲਰ ਜੇਲ੍ਹ ਹੈ ਉਸ ਦੀ ਬਣਤਰ ਇਸ ਤਰ੍ਹਾਂ ਬਣਾਈ ਗਈ ਹੈ ਕਿ ਇਕ ਕੈਦੀ ਦੂਸਰੇ ਦਾ ਮੂੰਹ ਨਹੀਂ ਵੇਖ ਸਕਦਾ। ਹਰ ਸੈੱਲ (ਯਾਨੀ ਕੋਠੜੀ) 7 ਫੁੱਟ ਚੌੜਾ ਤੇ 13.5 ਫੁੱਟ ਲੰਬਾ ਹੈ। ਇਸ ਦੀ ਇਕ ਦੀਵਾਰ ਵਿਚ ਛੱਤ ਨੇੜੇ ਦਸ ਫੁੱਟ ਲੰਮਾ ਤੇ ਇਕ ਫੁੱਟ ਚੌੜਾ ਰੋਸ਼ਨਦਾਨ ਹੈ। ਹਰ ਕੋਠੜੀ ਵਿਚ ਲੋਹੇ ਦਾ ਇਕ ਭਾਰਾ ਕੋਹਲੂ ਅਤੇ ਇਕ ਚੱਕੀ ਲੱਗੀ ਹੋਈ ਸੀ। ਹਰ ਕੈਦੀ ਨੂੰ ਹਰ ਰੋਜ਼ 25 ਕਿਲੋ ਨਾਰੀਅਲ (ਵਰਿਆਮ ਸੰਧੂ ਨਾਰੀਅਲ ਦੀ ਥਾਂ ਸਰ੍ਹੋਂ ਦਾ ਜ਼ਿਕਰ ਕਰਦਾ ਹੈ) ਦਾ ਤੇਲ ਕੱਢਣਾ ਜ਼ਰੂਰੀ ਹੁੰਦਾ ਸੀ। ਜਿਹੜਾ ਨਾ ਕੱਢ ਸਕਦਾ ਉਹਨੂੰ ਬੇਰਹਿਮੀ ਨਾਲ਼ ਕੁੱਟਿਆ ਜਾਂਦਾ ਸੀ। ਕੋਠੜੀਆਂ ਵਿਚ ਬਿਜਲੀ ਦੀ ਰੋਸ਼ਨੀ ਦਾ ਕੋਈ ਪ੍ਰਬੰਧ ਨਹੀਂ ਸੀ। ਕੋਠੜੀ ਚੋਂ ਕੈਦੀ ਨੂੰ ਕੇਵਲ ਕੋਈ ਕੰਮ ਕਰਾਉਣ ਲਈ ਜਾਂ ਤਸੀਹੇ ਦੇਣ ਲਈ ਹੀ ਬਾਹਰ ਕੱਢਿਆ ਜਾਂਦਾ ਸੀ। ਜਦੋਂ ਵੀ ਕੋਈ ਕੈਦੀ ਜੇਲ੍ਹ ਦੇ ਮਾੜੇ ਪ੍ਰਬੰਧ ਵਿਰੁੱਧ ਬੋਲਦਾ ਸੀ ਤਾਂ ਉਹਨੂੰ ਇਕ ਖਾਸ ਤਰ੍ਹਾਂ ਦੇ ਸ਼ਿਕੰਜੇ ਵਿਚ ਕੱਸ ਕੇ ਓਨਾ ਚਿਰ ਕੋੜੇ ਮਾਰੇ ਜਾਂਦੇ ਸਨ ਜਦ ਤੱਕ ਉਹਦਾ ਮਾਸ ਨਾ ਉੱਚੜ ਜਾਵੇ। ਡੰਡੇ ਮਾਰਨ ਦਾ ਤਰੀਕਾ ਵੀ ਅਜੀਬ ਹੀ ਸੀ। ਇਕ ਉਨਗਲੀ ਜਿੰਨੀ ਮੋਟੀ ਮਜ਼ਬੂਤ ਸੋਟੀ ਨੂੰ ਪਾਣੀ ਵਿਚ ਭਿਉਂ ਕੇ ਰੱਖਿਆ ਜਾਂਦਾ ਸੀ। ਜੇਲ੍ਹ ਦੇ ਕਿਸੇ ਤਕੜੇ ਜੁੱਸੇ ਵਾਲ਼ੇ ਬੰਦੇ ਨੂੰ ਬੈਂਤ ਮਾਰਨ ਦੀ ਪੱਕੀ ਡਿਊਟੀ ਲਾਈ ਜਾਂਦੀ ਸੀ ਤੇ ਉਸ ਬੰਦੇ ਸਟੈਮਿਨਾ ਬਣਾਈ ਰੱਖਣ ਲਈ ਉਹਨੂੰ ਸਪੈਸ਼ਲ ਖ਼ੁਰਾਕ ਦਿੱਤੀ ਜਾਂਦੀ ਸੀ। ਜਿਸ ਕੈਦੀ ਨੂੰ ਸਜ਼ਾ ਦੇਣੀ ਹੁੰਦੀ ਸੀ ਨੂੰ ਨੰਗਾ ਕਰਕੇ ਉਹਦੇ ਲੱਕ ਦੁਆਲ਼ੇ ਗਿੱਲਾ ਕੱਪੜਾ ਬੰਨ੍ਹਿਆ ਜਾਂਦਾ ਸੀ। ਜਿਉਂ ਹੀ ਬੈਂਤ ਉਹਦੀ ਪਿੱਠ ਤੇ ਵੱਜਦਾ ਸੀ, ਉਹਦੀ ਚਮੜੀ ਉੱਚੜ ਜਾਂਦੀ ਸੀ ਤੇ ਖ਼ੂਨ ਦਾ ਫ਼ੁਹਾਰਾ ਛੁੱਟ ਪੈਂਦਾ ਸੀ। ਗ਼ਦਰੀ ਬਾਬਾ ਭਾਨ ਸਿੰਘ ਸੁਨੇਤ ਨੂੰ ਇੱਸੇ ਤਰ੍ਹਾਂ ਕੁੱਟਿਆ ਗਿਆ ਸੀ ਤੇ ਆਖ਼ਰ 2 ਮਾਰਚ 1918 ਨੂੰ ਉਹ ਸ਼ਹੀਦੀ ਜਾਮ ਪੀ ਗਿਆ ਸੀ। ਹਰ ਕੈਦੀ ਨੂੰ ਦੋ ਭਾਂਡੇ ਮਿਲਦੇ ਸਨ, ਇਕ ਲੋਹੇ ਦਾ ਤੇ ਇਕ ਮਿੱਟੀ ਦਾ। ਖਾਣਾ ਲੋਹੇ ਦੇ ਭਾਂਡੇ 'ਚ ਦੇਂਦੇ ਸਨ ਤਾਂ ਕਿ ਕਾਲ਼ਾ ਹੋਣ ਦੇ ਡਰ ਤੋਂ ਕੈਦੀ ਬਚਾ ਕੇ ਨਾ ਰੱਖ ਸਕੇ। ਇਸ ਕਾਰਨ ਬਿਨਾ ਭੁੱਖ ਤੋਂ ਵੀ ਕੈਦੀਆਂ ਨੂੰ ਖਾਣਾ ਪੈਂਦਾ ਸੀ। ਪਟਸਨ ਦੀਆਂ ਬੋਰੀਆਂ ਦੇ ਕੱਪੜੇ ਪਾਉਣ

ਲਈ ਦੇਂਦੇ ਸਨ, ਬਿਮਾਰੀ ਦਾ ਕੋਈ ਇਲਾਜ ਨਹੀਂ ਸੀ ਕੀਤਾ ਜਾਂਦਾ, ਮਰ ਜਾਣ ਤੇ ਲਾਸ਼ ਸਮੁੰਦਰ ਵਿੱਚ ਸੁੱਟੀ ਜਾਂਦੀ ਸੀ। ਜੇਲ੍ਹਰ ਡੇਵਡ ਬੇਰੀ ਹੱਦੋਂ ਵੱਧ ਜ਼ੁਲਮ ਕਰਦਾ ਸੀ। ਸਮੁੰਦਰ ਦੇ ਕੰਢੇ ਤੇ ਫਾਂਸੀ ਘਰ ਸੀ, ਤਿੰਨ ਜਣਿਆਂ ਨੂੰ ਇਕੱਠੇ ਫਾਂਸੀ ਦੇਂਦੇ ਸਨ। ਲੱਕੜ ਦੀ ਇਕ ਮੋਟੀ ਸ਼ਤੀਰੀ ਨਾਲ ਅੱਜ ਵੀ ਉਹ ਰੱਸੇ ਲਮਕਦੇ ਸਾਨੂੰ ਉਹਨਾਂ ਮਹਾਨ ਯੋਧਿਆਂ ਤੇ ਦੇਸ਼ ਭਗਤਾਂ ਦੇ ਸਿਰੜ ਅਤੇ ਕੁਰਬਾਨੀ ਦੀ ਯਾਦ ਦਿਵਾਉਂਦੇ ਹਨ ਜਿਹਨਾਂ ਨੂੰ ਇਹਨਾਂ ਨੇ ਮੌਤ ਦੀ ਗੋਦ ਵਿਚ ਸੁਆ ਦਿੱਤਾ ਸੀ।

ਸਭ ਤੋਂ ਪਹਿਲਾਂ 6.03.1858 ਨੂੰ ਅੰਗਰੇਜ਼ਾਂ ਨੇ 1857 ਦੇ ਗ਼ਦਰ ਵਿੱਚ ਭਾਗ ਲੈਣ ਵਾਲ਼ੇ 200 ਸਿਪਾਹੀਆਂ ਨੂੰ ਫੜ੍ਹ ਕੇ ਕਲਕੱਤੇ ਰਾਹੀਂ ਇੱਥੇ ਭੇਜਿਆ ਅਤੇ ਬਾਅਦ ਵਿੱਚ ਵਹਾਬੀ ਲਹਿਰ, ਮੋਪਲਾ ਬਾਗ਼ੀ, ਭਾਰਤ ਦੀ ਕੌਮੀ ਅਜ਼ਾਦੀ ਦੇ ਸੰਗਰਾਮੀਏਂ ਜਾਂ ਰਾਜਸੀ ਕੈਦੀ, ਗ਼ਦਰ ਪਾਰਟੀ ਦੇ ਇਨਕਲਾਬੀ ਅਤੇ ਅਜ਼ਾਦ ਹਿੰਦ ਫੌਜ ਦੇ ਬਹਾਦਰ ਸਿਪਾਹੀਆਂ ਨੂੰ ਕਾਲ਼ੇ ਪਾਣੀਆਂ ਦੀ ਲੰਮੀ ਕੈਦ ਦੀਆਂ ਸਜ਼ਾਵਾਂ ਦਿੱਤੀਆਂ। ਸ਼ੇਰ ਅਲੀ ਅਫ਼ਰੀਦੀ ਜੋ ਇਕ ਪੁਲਿਸ ਅਫਸਰ ਸੀ, ਨੂੰ ਇਕ ਕਤਲ ਕੇਸ ਵਿੱਚ ਕਾਲ਼ੇ ਪਾਣੀਆਂ ਦੀ ਸਜ਼ਾ ਹੋਈ। ਉਸ ਨੇ ਜੇਲ੍ਹ ਦੇ ਦੌਰੇ ਤੇ ਆਏ ਲਾਰਡ ਮੇਓ ਨੂੰ 1872 ਵਿਚ ਮਾਰ ਦਿੱਤਾ ਸੀ ਜਿਸ ਕਾਰਨ ਉਹਨੂੰ ਮੌਤ ਦੀ ਸਜ਼ਾ ਦੇ ਕੇ ਫਾਂਸੀ ਦਿੱਤੀ ਗਈ। 1838 ਵਿੱਚ 238 ਕੈਦੀਆਂ ਨੇ ਜੇਲ੍ਹ ਵਿੱਚ ਦਿੱਤੇ ਜਾਂਦੇ ਤਸੀਹਿਆਂ ਤੋਂ ਡਰ ਕੇ ਜੇਲ੍ਹ ਚੋਂ ਭੱਜ ਜਾਣ ਦਾ ਉਪਰਾਲਾ ਕੀਤਾ ਪਰ ਉਹ ਫੜੇ ਗਏ। ਇਹਨਾਂ ਚੋਂ ਇੱਕ ਨੇ ਆਤਮ-ਹੱਤਿਆ ਕਰ ਲਈ ਅਤੇ ਬਾਕੀਆਂ ਚੋਂ 87 ਨੂੰ ਫਾਂਸੀ ਦੇ ਦਿੱਤੀ ਗਈ। ਆਈ.ਐਨ.ਏ. ਦੇ ਬਹਾਦਰ ਸੈਨਕਾਂ ਚੋਂ 7 ਨੂੰ ਇਸ ਜੇਲ੍ਹ 'ਚ ਫਾਂਸੀ ਦਿੱਤੀ ਗਈ ਅਤੇ 44 ਸੈਨਕਾਂ ਨੂੰ ਗੋਲ਼ੀ ਮਾਰ ਕੇ ਸ਼ਹੀਦ ਕੀਤਾ ਗਿਆ। ਕੁਝ ਦੇਸ਼-ਭਗਤ ਜੇਲ੍ਹ ਦੀਆਂ ਸਖ਼ਤੀਆਂ ਤੇ ਤਸੀਹਿਆਂ ਨੂੰ ਨਾ ਸਹਿੰਦੇ ਹੋਏ ਜਾਂ ਤਾਂ ਦਮ ਤੋੜ ਗਏ ਜਾਂ ਆਤਮ-ਹੱਤਿਆ ਕਰ ਕੇ ਸ਼ਹੀਦ ਹੋ ਗਏ। ਇਸ ਜੇਲ੍ਹ ਦੇ ਕੁੰਭੀ ਨਰਕ ਵਿੱਚ ਜਿਹੜੇ ਦੇਸ਼-ਭਗਤਾਂ ਨੇ ਸਜ਼ਾ ਭੁਗਤੀ ਉਹਨਾਂ ਵਿੱਚ ਸ਼ਹੀਦ ਭਗਤ ਸਿੰਘ ਦੇ ਸਾਥੀ ਬੀ. ਕੇ. ਦੱਤ, ਸ਼ਿਵ ਵਰਮਾ, ਭਾਈ ਪਰਮਾਨੰਦ, ਪ੍ਰਿਥਵੀਰਾਜ ਸਿੰਘ ਅਜ਼ਾਦ, ਬਾਬਾ ਵਿਸਾਖਾ ਸਿੰਘ ਦਦੇਹਰ, ਬਾਬਾ ਭਾਨ ਸਿੰਘ ਸੁਨੇਤ, ਬਿੰਦੂ ਭੂਸ਼ਨ ਬੈਨਰ ਜੀ, ਮਹਾਂਵੀਰ ਸਿੰਘ, ਮੋਹਨ ਕਿਸ਼ੋਰ, ਮੋਹਿਤ ਮੋਇਤਰਾ, ਸਚਿੰਦਰ ਨਾਥ ਸਾਨ੍ਹਿਆਲ, ਬਾਬਾ ਸੋਹਨ ਸਿੰਘ ਭਕਨਾ ਅਤੇ ਯੋਗੇਂਦਰ ਸ਼ੁਕਲਾ ਵਰਗੇ ਦੇਸ਼-ਭਗਤ ਸ਼ਾਮਲ ਹਨ। ਜੀ.ਡੀ. ਸਾਵਰਕਰ ਅਤੇ ਵੀ.ਡੀ. ਸਾਵਰਕਰ ਨੇ ਵੀ ਲੰਮਾ ਸਮਾਂ ਇਸ ਜੇਲ੍ਹ ਬਿਤਾਇਆ ਪਰ ਆਖ਼ਰ ਜੇਲ੍ਹ ਦੀਆਂ ਸਖ਼ਤੀਆਂ ਨਾ ਸਹਿੰਦਿਆਂ ਹੋਇਆਂ ਮੁਆਫ਼ੀ-ਨਾਮਾ ਲਿਖ ਕੇ ਅੰਗਰੇਜ਼ ਸਾਮਰਾਜ ਦਾ 'ਬੀਬਾ ਪੁੱਤ' ਬਣ ਕੇ ਰਹਿਣ ਦਾ ਵਾਅਦਾ ਕਰਕੇ ਜੇਲ੍ਹ ਤੋਂ ਮੁਕਤੀ ਹਾਸਲ ਕੀਤੀ।

ਪੋਰਟ ਬਲੇਅਰ ਵਿਚ ਡਾ ਦੀਵਾਨ ਸਿੰਘ ਕਾਲੇਪਾਣੀ ਦੀ ਯਾਦ ਵਿਚ ਸੈਲੂਲਰ ਜੇਲ੍ਹ ਤੋਂ ਥੋੜ੍ਹਾ ਦੂਰ ਇਕ ਸ਼ਾਨਦਾਰ ਗੁਰਦੁਆਰਾ ਬਣਿਆ ਹੋਇਆ ਹੈ। ਡਾ ਦੀਵਾਨ ਸਿੰਘ ਕਾਲ਼ੇਪਾਣੀ ਉਸ ਸਮੇਂ ਜੇਲ੍ਹ ਦੇ ਡਾਕਟਰ ਸਨ ਤੇ ਨਾਲ ਸਾਹਿਤਕਾਰ ਵੀ। ਉਹ ਅਜ਼ਾਦ ਹਿੰਦ ਫੌਜ ਦੇ ਸਿਪਾਹੀ ਸਨ। ਜਪਾਨੀਆਂ ਨੇ ਦੂਸਰੀ ਸੰਸਾਰ ਜੰਗ ਸਮੇਂ 1944 ਵਿਚ ਜਦੋਂ ਅੰਡੇਮਾਨ ਦੇ ਟਾਪੂਆਂ ਤੇ ਕਬਜ਼ਾ ਕੀਤਾ ਤਾਂ ਸਥਾਨਕ ਲੋਕਾਂ ਤੇ ਕੀਤੇ ਜਾ ਰਹੇ ਸਰਕਾਰੀ ਜਬਰ ਦਾ ਵਿਰੋਧ ਕਰਨ ਕਰਕੇ ਡਾਕਟਰ ਸਾਹਿਬ ਨੂੰ ਗ੍ਰਿਫ਼ਤਾਰ ਕਰਕੇ ਬੇਅੰਤ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ। ਹੈਰਾਨੀ ਦੀ ਗੱਲ ਇਹ ਹੈ ਕਿ ਭਾਰਤ ਸਰਕਾਰ ਵੱਲੋਂ ਪਿਛਲੇ ਸਮੇਂ ਵਿੱਚ ਪੋਰਟ ਬਲੇਅਰ ਵਿਖੇ ਉਸਾਰੇ ਗਏ ਹਵਾਈ ਅੱਡੇ ਦਾ ਨਾਂ ਇਸ ਜੇਲ੍ਹ ਵਿੱਚ ਜਾਨ ਦੀ ਅਹੂਤੀ ਦੇਣ ਵਾਲ਼ੇ ਅਜਿਹੇ ਦੇਸ਼-ਭਗਤਾਂ ਨੂੰ ਛੱਡ ਕੇ, ਮੁਆਫ਼ੀ-ਨਾਮਾ ਲਿਖ ਕੇ ਅਜ਼ਾਦੀ ਲਹਿਰ ਨਾਲ ਗ਼ਦਾਰੀ ਕਰਨ ਵਾਲ਼ੇ ਸਾਵਰਕਰ ਦੇ ਨਾਂ ਤੇ "ਵੀਰ ਸਾਵਰਕਰ ਇੰਟਰਨੈਸ਼ਨਲ ਏਅਰਪੋਰਟ" ਰੱਖਿਆ ਗਿਆ ਹੈ।

## 8. ਕਾਮਾਗਾਟਾ ਮਾਰੂ ਦੁਖਾਂਤ ਅਤੇ ਬਜ ਬਜ ਘਾਟ ਦਾ ਖ਼ੂਨੀ ਸਾਕਾ

ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਪੰਜਾਬੀ ਕਿਸਾਨਾਂ ਦੀ ਆਰਥਿਕ ਹਾਲਤ ਵਧੇ ਹੋਏ ਮਾਲੀਏ ਅਤੇ ਸ਼ਾਹੂਕਾਰਾ ਕਰਜ਼ਾ ਵਧਣ ਕਾਰਨ ਅਸਲੋਂ ਖ਼ਰਾਬ ਹੋ ਗਈ ਸੀ। ਜ਼ਮੀਨ ਦੀ ਮਾਲਕੀ ਵੱਡੇ ਸ਼ਾਹੂਕਾਰਾਂ ਅਤੇ ਲੈਂਡ ਲਾਰਡਾਂ ਕੋਲ ਜਾ ਚੁੱਕੀ ਸੀ। ਇਸ ਕਾਰਨ ਬਹੁਤ ਸਾਰੇ ਭਾਰਤੀ ਰੋਜ਼ੀ ਰੋਟੀ ਅਤੇ ਪਰਿਵਾਰ ਦੇ ਬਿਹਤਰ ਭਵਿੱਖ ਲਈ ਬਰ੍ਹਮਾ, ਥਾਈਲੈਂਡ, ਸਿੰਗਾਪੁਰ, ਮਲਾਇਆ, ਇੰਡੋਨੇਸ਼ੀਆ, ਸ਼ਿੰਘਾਈ, ਹਾਂਗਕਾਂਗ ਵਰਗੇ ਟਾਪੂਆਂ ਵਿਚ ਪ੍ਰਵਾਸ ਕਰ ਗਏ। ਉਹਨੀਂ ਦਿਨੀਂ ਪਾਸਪੋਰਟ ਕਨੂੰਨ ਲਾਗੂ ਨਾ ਹੋਣ ਕਾਰਨ ਕੇਵਲ ਭਾੜਾ ਕਿਰਾਇਆ ਖ਼ਰਚ ਕੇ ਹੀ ਵਿਦੇਸ਼ ਜਾਣਾ ਪੰਜਾਬੀਆਂ ਲਈ ਏਨਾ ਔਖਾ ਕੰਮ ਨਹੀਂ ਸੀ। ਆਪਣੇ ਦੇਸ਼ ਦੇ ਮੁਕਾਬਲੇ ਭਾਵੇਂ ਉੱਥੇ ਮਜ਼ਦੂਰੀ ਕਾਫੀ ਵੱਧ ਸੀ ਪਰ ਉੱਥੇ ਕੰਮ ਦੀਆਂ ਮਾੜੀਆਂ ਹਾਲਤਾਂ ਕਾਰਨ ਕੁਝ ਹਿੰਮਤੀ ਲੋਕ ਇਹਨਾਂ ਟਾਪੂਆਂ ਤੋਂ ਹੋਰਨਾਂ ਦੇਸ਼ਾਂ ਕੈਨੇਡਾ ਜਾਂ ਅਮਰੀਕਾ ਜਾਣਾ ਚਾਹੁੰਦੇ ਸਨ। ਪਰ ਕੈਨੇਡਾ ਸਰਕਾਰ ਜੋ ਭਾਰਤੀ ਮਜ਼ਦੂਰਾਂ ਨੂੰ ਦੇਸ਼ ਵਿਚ ਦਾਖ਼ਲ ਨਹੀਂ ਸੀ ਹੋਣ ਦੇਣਾ ਚਾਹੁੰਦੀ, ਨੇ ਪਰਵਾਸੀਆਂ ਦੇ ਦਾਖ਼ਲੇ ਤੇ ਰੋਕ ਲਾਉਣ ਲਈ ਕਨੂੰਨ ਪਾਸ ਕੀਤਾ ਕਿ ਜਿਹੜਾ ਭਾਰਤੀ ਕੈਨੇਡਾ ਆਉਣਾ ਚਹੁੰਦਾ ਹੈ ਉਹ ਭਾਰਤ ਤੋਂ ਸਿੱਧਾ ਕੈਨੇਡਾ ਦੇ ਜਹਾਜ਼ ਤੇ ਸਵਾਰ ਹੋ ਕੇ ਅਤੇ 200 ਡਾਲਰ ਦੀ ਰਕਮ ਨਾਲ਼ ਲੈ ਕੇ ਆਵੇਗਾ ਕੇਵਲ ਉਸ ਨੂੰ ਹੀ ਕੈਨੇਡਾ ਵਿੱਚ ਦਾਖ਼ਲ ਹੋਣ ਦਿੱਤਾ ਜਾਵੇਗਾ। ਔਖੇ ਸੌਖੇ ਪੈਸੇ ਦਾ ਇੰਤਜ਼ਾਮ ਤਾਂ ਹੋ ਸਕਦਾ ਸੀ ਪਰ ਪਹਿਲੀ ਸ਼ਰਤ ਪੂਰੀ ਕਰਨ ਲਈ ਭਾਰਤ ਤੋਂ ਕੋਈ ਵੀ ਸਮੁੰਦਰੀ ਜਹਾਜ਼ ਸਿੱਧਾ ਕੈਨੇਡਾ ਨਹੀਂ ਸੀ ਜਾਂਦਾ।

ਦੇਸ਼ ਵਾਸੀਆਂ ਦੀ ਇਸ ਤਕਲੀਫ਼ ਨੂੰ ਹੱਲ ਕਰਨ ਲਈ ਬਾਬਾ ਗੁਰਦਿੱਤ ਸਿੰਘ ਸਰਹਾਲ਼ੀ ਨੇ ਭਾਈ ਬਲਵੰਤ ਸਿੰਘ ਨਾਲ਼ ਸਲਾਹ ਕਰਕੇ ਬੜਾ ਦਲੇਰੀ ਤੇ ਜੋਖ਼ਮ ਭਰਿਆ ਕਦਮ ਪੁੱਟਦਿਆਂ ਇਕ ਜਪਾਨੀ ਜਹਾਜ਼ੀ ਕੰਪਨੀ ਤੋਂ ਕਾਮਾਗਾਟਾ ਮਾਰੂ ਨਾਂ ਦਾ ਜਹਾਜ਼ 11000 ਡਾਲਰ ਮਹੀਨਾ ਕਿਰਾਇਆ ਦੇਣਾ ਕਰਕੇ ਪਟੇ ਤੇ ਲਿਆ। ਇਸ ਦਾ ਨਾਂ 'ਗੁਰੂ ਨਾਨਕ ਜਹਾਜ਼' ਰੱਖਿਆ ਅਤੇ 376 ਮੁਸਾਫ਼ਰਾਂ ਦਾ ਪ੍ਰਬੰਧ ਕਰਕੇ ਕੈਨੇਡਾ ਨੂੰ ਚਾਲੇ ਪਾ ਦਿੱਤੇ। 23 ਮਈ 1914 ਨੂੰ ਜਹਾਜ਼ ਕੈਨੇਡਾ ਦੇ ਕੰਢੇ ਤੇ ਵੈਨਕੂਵਰ ਦੀ ਬੰਦਰਗਾਹ ਨੇੜੇ ਪਹੁੰਚਿਆ ਪਰ ਕੈਨੇਡਾ ਸਰਕਾਰ ਨੇ ਜਹਾਜ਼ ਬੰਦਰਗਾਹ ਤੇ ਲਾਉਣ ਅਤੇ ਮੁਸਾਫ਼ਰਾਂ ਨੂੰ ਉੱਤਰਨ ਦੀ ਆਗਿਆ ਨਾ ਦਿੱਤੀ। ਮਜਬੂਰੀ ਵੱਸ ਜਹਾਜ਼ ਨੂੰ ਕੰਢੇ ਤੋਂ ਦੂਰ ਪਾਣੀ ਵਿਚ ਹੀ ਰੋਕਣਾ ਪਿਆ। ਉਲਟਾ ਪੁਲਿਸ ਨੇ ਇਕ ਰਾਤ ਜਹਾਜ਼ ਦੇ ਮੁਸਾਫ਼ਰਾਂ ਤੇ ਗਰਮ ਪਾਣੀ ਦੀਆਂ ਬੁਛਾੜਾਂ ਸੁੱਟੀਆਂ ਜਿਸ ਦਾ ਮੁਸਾਫ਼ਰਾਂ ਨੇ ਬਹਾਦਰੀ ਨਾਲ ਮੁਕਾਬਲਾ ਕੀਤਾ। ਜਹਾਜ਼ ਦੇ ਮਾਲਕ ਨੇ ਕਿਰਾਇਆ ਜੋ ਕਿਸ਼ਤਾਂ ਵਿਚ ਲੈਣ ਦੀ ਗੱਲ ਕੀਤੀ ਸੀ, ਇਕ ਦਮ ਨਕਦ ਲੈਣ ਦੀ ਜ਼ਿਦ ਕੀਤੀ। ਵੈਨਕੂਵਰ ਵਿਚਲੀ ਖ਼ਾਲਸਾ ਦੀਵਾਨ ਸੁਸਾਇਟੀ ਅਤੇ ਯੁਨਾਈਟਿਡ ਇੰਡੀਆ ਲੀਗ ਨੇ ਸਾਂਝੇ ਤੌਰ ਤੇ ਉਗਰਾਹੀ ਕਰਕੇ ਇਹ ਕਿਰਾਇਆ ਤਾਰ ਦਿੱਤਾ। ਆਖ਼ਰ ਕੈਨੇਡਾ ਸਰਕਾਰ ਦੇ ਭਾਰੀ ਵਿਰੋਧ ਤੇ ਵਿਤਕਰੇ ਕਾਰਨ ਰਸਤੇ ਲਈ ਰਾਸ਼ਣ ਆਦਿ ਲੈ ਕੇ 23 ਜੁਲਾਈ 1914 ਨੂੰ ਜਹਾਜ਼ ਵਾਪਸ ਮੋੜਨਾ ਪਿਆ। ਇਹ ਕੈਨੇਡਾ ਸਰਕਾਰ ਦਾ ਭਾਰਤੀਆਂ ਨਾਲ਼ ਗੁਲਾਮ ਦੇਸ਼ ਦੇ ਵਾਸੀ ਹੋਣ ਕਾਰਨ ਵਿਤਕਰੇ-ਪੂਰਨ, ਜ਼ਾਲਮਾਨਾ ਅਤੇ ਦੁਸ਼ਮਣੀ-ਭਰਿਆ ਵਤੀਰਾ ਸੀ।

- **ਬਜ ਬਜ ਘਾਟ ਦਾ ਖ਼ੂਨੀ ਸਾਕਾ** :- 29 ਸਤੰਬਰ 1914 ਨੂੰ ਜਿਉਂ ਹੀ ਕਾਮਾਗਾਟਾ ਮਾਰੂ ਜਹਾਜ਼ ਕਲਕੱਤਾ ਦੀ ਬੰਦਰਗਾਹ ਤੇ ਲੱਗਾ, ਅਧਿਕਾਰੀਆਂ ਨੇ ਮੁਸਾਫ਼ਰਾਂ ਨੂੰ ਉਸ ਰੇਲ ਗੱਡੀ ਵਿਚ ਬੈਠਣ ਲਈ ਕਿਹਾ ਜਿਹੜੀ ਅੰਗਰੇਜ਼ਾਂ ਦੀ ਪੁਲਿਸ ਵੱਲੋਂ ਮੁਸਾਫ਼ਰਾਂ ਨੂੰ

ਪੰਜਾਬ ਲੈ ਜਾਣ ਲਈ ਪਹਿਲਾਂ ਹੀ ਸਟੇਸ਼ਨ ਤੇ ਖੜੀ ਕੀਤੀ ਗਈ ਸੀ। ਕੁਝ ਮੁਸਾਫ਼ਰ ਬੈਠ ਗਏ ਪਰ ਬਹੁਤੇ ਮੁਸਾਫ਼ਰਾਂ ਨੇ ਗੱਡੀ ਵਿਚ ਚੜ੍ਹਨ ਤੋਂ ਇਨਕਾਰ ਕਰ ਦਿੱਤਾ। ਉਹ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਬਾ-ਸਤਿਕਾਰ ਕਲਕੱਤੇ ਦੇ ਗੁਰਦੁਆਰੇ ਪਹੁੰਚਾਉਣਾ ਅਤੇ ਬੰਗਾਲ ਸਰਕਾਰ ਦੇ ਕਿਸੇ ਸਮਰੱਥ ਅਧਿਕਾਰੀ ਨੂੰ ਮਿਲ ਕੇ ਆਪਣਾ ਦੁੱਖ ਦੱਸਣਾ ਚਾਹੁੰਦੇ ਸਨ। ਜਦੋਂ ਸਿਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਚੁੱਕੀ ਸੰਗਤ ਕਲਕੱਤੇ ਗੁਰਦੁਆਰੇ ਵੱਲ ਜਾ ਰਹੀ ਸੀ ਤਾਂ ਬੰਗਾਲ ਦੀ ਸੂਬਾ ਸਰਕਾਰ ਦੇ ਸਕੱਤਰ ਮਿਸਟਰ ਕਮਿੰਗ ਨੇ ਬਾਬਾ ਜੀ ਨੂੰ ਵਾਪਸ ਮੁੜ ਕੇ ਬਜ ਬਜ ਘਾਟ ਤੇ ਜਾ ਕੇ ਗੱਲਬਾਤ ਕਰਨ ਲਈ ਮਨਾ ਲਿਆ। ਵਾਪਸ ਬਜ ਬਜ ਘਾਟ ਜਾਂਦਿਆਂ ਥੱਕੇ-ਤ੍ਰਿਹਾਏ ਮੁਸਾਫ਼ਰਾਂ ਨਾਲ਼ ਪੁਲਿਸ ਨੇ ਬਹੁਤ ਭੈੜਾ ਵਰਤਾਓ ਕੀਤਾ। ਇਸ ਸਮੇਂ ਤੱਕ ਗੋਰੀ ਫੌਜ ਵੀ ਪੁਲਿਸ ਦੀ ਮਦਦ ਲਈ ਪਹੁੰਚ ਚੁੱਕੀ ਸੀ। ਪੁਲਿਸ ਦੇ ਪਹਿਰੇ ਵਿਚ ਹੀ ਸੰਗਤ ਨੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਰਹਿਰਾਸ ਦਾ ਪਾਠ ਮੁਕੰਮਲ ਕੀਤਾ। ਪਰ ਅਰਦਾਸ ਹੋਣ ਤੋਂ ਪਹਿਲਾਂ ਹੀ ਪੁਲਿਸ ਕਪਤਾਨ ਈਸਟਵੁੱਡ ਬਾਬਾ ਜੀ ਕੋਲ਼ ਜਾ ਧਮਕਿਆ। ਕਪਤਾਨ ਡਾਂਗ ਨਾਲ਼ ਲੋਕਾਂ ਨੂੰ ਹੁੱਝਾਂ ਮਾਰ ਕੇ ਰਾਹ ਬਣਾ ਰਿਹਾ ਸੀ ਤਾਂ ਟਹਿਲ ਸਿੰਘ ਰਾਣੀ ਵਲਾਹ ਨੇ ਉਹਦੀ ਡਾਂਗ ਖੋਹ ਲਈ। ਡਾਂਗ ਖੁੱਸ ਜਾਣ ਤੇ ਈਸਟਵੁੱਡ ਨੇ ਪਿਸਤੌਲ ਕੱਢ ਕੇ ਗੋਲ਼ੀ ਚਲਾ ਦਿੱਤੀ। ਮੁਣਸ਼ਾ ਸਿੰਘ ਨੇ ਉਹਦਾ ਪਿਸਤੌਲ ਖੋਹ ਕੇ ਉਹਨੂੰ ਚਿੱਤ ਕਰ ਦਿੱਤਾ। ਬੱਸ ਫਿਰ ਕੀ ਸੀ, ਗੋਰਾ ਫੌਜ ਨੇ ਰੌਲ਼ਾ ਸੁਣ ਕੇ, ਸ਼ਾਮ ਦੇ 7.15 ਵਜੇ, ਗਿਣੀ ਮਿਥੀ ਯੋਜਨਾ ਤਹਿਤ ਬਜ ਬਜ ਘਾਟ ਤੇ ਇਕੱਠੇ ਹੋਏ ਮੁਸਾਫ਼ਰਾਂ ਤੇ ਅੰਨ੍ਹੇਵਾਹ ਲਾਠੀਆਂ ਅਤੇ ਗੋਲ਼ੀਆਂ ਵਰ੍ਹਾਈਆਂ ਜਿਸ ਨਾਲ 19 ਮੁਸਾਫ਼ਰਾਂ ਦੀ ਮੌਕੇ ਤੇ ਹੀ ਮੌਤ ਹੋ ਗਈ ਅਤੇ 23 ਹੋਰ ਜ਼ਖ਼ਮੀ (ਸਰਕਾਰੀ ਰਿਪੋਰਟ ਅਨੁਸਾਰ) ਹੋ ਗਏ। ਪਿਰਥੀਪਾਲ ਸਿੰਘ ਮਾੜੀਮੇਘਾ ਨੇ ਆਪਣੀ ਪੁਸਤਕ 'ਗ਼ਦਰੀ ਬਾਬਾ ਗੁੱਜਰ ਸਿੰਘ ਭਕਨਾ' ਦੇ ਪੰਨਾ 32 ਤੇ ਮਰਨ ਵਾਲ਼ਿਆਂ ਦੀ ਗਿਣਤੀ 22, ਜ਼ਖ਼ਮੀ 9, ਜੇਲ੍ਹ ਵਿੱਚ ਭੇਜੇ 202, ਲਾਪਤਾ ਹੋਏ 28 ਅਤੇ ਪੰਜਾਬ ਭੇਜੇ ਜਾਣ ਵਾਲ਼ਿਆਂ ਦੀ ਗਿਣਤੀ 62 ਲਿਖੀ ਹੈ। ਇਹ ਘਟਨਾ ਅੰਗਰੇਜ਼ ਸਰਕਾਰ ਦੀ ਭਾਰਤੀਆਂ ਪ੍ਰਤੀ ਧਾਰਨ ਕੀਤੀ ਬਰਬਰਤਾ ਅਤੇ ਵਹਿਸ਼ੀ ਜ਼ਿਹਨੀਅਤ ਦੀ ਪ੍ਰਤੱਖ ਉਦਾਹਰਣ ਹੈ ਜਿਸ ਨੇ ਪਿੱਛੋਂ ਜੱਲ੍ਹਿਆਂਵਾਲ਼ੇ ਬਾਗ ਵਿਚ ਹੋਰ ਵੀ ਉੱਗਰ ਰੂਪ ਧਾਰ ਲਿਆ।

- **ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਰਾਂ ਦੀ ਸੂਚੀ ਵਿਚ ਜਿਲ੍ਹਾ ਤਰਨ–ਤਾਰਨ ਨਾਲ਼ ਸਬੰਧਤ ਸਾਥੀਆਂ ਦਾ ਵੇਰਵਾ**

ਇਹ ਵੇਰਵਾ ਬਾਬਾ ਗੁਰਦਿੱਤ ਸਿੰਘ ਦੀ ਜ਼ੁਲਮੀ ਕਥਾ -2, ਮਲਵਿੰਦਰ ਸਿੰਘ ਵੜੈਚ ਦੀ ਕਾਮਾਗਾਟਾ ਮਾਰੂ, ਡਾ ਪੂਰਨ ਸਿੰਘ ਵੈਨਕੂਵਰ ਦੀ ਕਾਮਾਗਾਟਾ ਮਾਰੂ ਦਾ ਦੁਖਾਂਤ, ਕਾਮਰੇਡ ਸੋਹਨ ਸਿੰਘ ਜੋਸ਼ ਦੀ ਗ਼ਦਰ ਪਾਰਟੀ ਦਾ ਇਤਿਹਾਸ ਅਤੇ ਜਸਵੰਤ ਸਿੰਘ ਜੱਸ ਦੀ ਪੁਸਤਕ 'ਬਾਬਾ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ' ਆਦਿ ਇਤਿਹਾਸਕਾਰਾਂ ਵੱਲੋਂ ਛਾਪੀਆਂ ਸੂਚੀਆਂ ਮੁਤਾਬਕ ਦਿੱਤਾ ਗਿਆ ਹੈ।

1. ਬਾਬਾ ਗੁਰਦਿੱਤ ਸਿੰਘ, ਉਮਰ 49 ਸਾਲ, ਜੱਟ ਸਿੱਖ, ਜਹਾਜ਼ ਦਾ ਚਾਰਟਰ, ਪੁਲਿਸ ਨੂੰ ਚਕਮਾ ਦੇ ਕੇ ਮਫ਼ਰੂਰ ਹੋ ਗਏ ਅਤੇ 7 ਸਾਲ ਰੂਪੋਸ਼ ਰਹੇ।
2. ਬਲਵੰਤ ਸਿੰਘ ਪੁੱਤਰ ਗੁਰਦਿੱਤ ਸਿੰਘ, ਉਮਰ 7 ਸਾਲ, ਸਰਹਾਲ਼ੀ (ਬਾਬਾ ਜੀ ਦਾ ਬੇਟਾ), ਗੱਡੀ ਰਾਹੀਂ ਪੰਜਾਬ ਭੇਜ ਦਿੱਤਾ।(ਉਮਰ ਕੁਝ ਥਾਂਵਾਂ ਤੇ ਵੱਧ ਲਿਖੀ ਵੀ ਮਿਲਦੀ ਹੈ, ਬਾਬਾ ਜੀ ਵਾਲ਼ੀ ਲਿਸਟ ਵਿਚ ਕਿਸੇ ਕਾਰਨ ਇਹ ਨਾਂ ਸ਼ਾਮਲ ਨਹੀਂ ਕੀਤਾ ਗਿਆ)

3. ਬੰਤਾ ਸਿੰਘ ਠੱਟਾ ਥਾਣਾ ਸਰਹਾਲ਼ੀ (ਮਲ਼ਵਿੰਦਰ ਸਿੰਘ ਵੜੈਚ ਅਤੇ ਡਾ ਜਸਵੰਤ ਸਿੰਘ ਜਸ ਵਾਲ਼ੀ ਲਿਸਟ ਵਿਚ ਸ਼ਾਮਲ), ਸਰਕਾਰੀ ਕਾਗਜ਼ਾਂ ਵਿਚ ਭਗੌੜਾ ਪਰ ਲੋਕ ਮਾਰ ਦਿੱਤਾ ਗਿਆ ਸਮਝਦੇ ਸਨ।

4. ਸ਼ਮਸ਼ੇਰ ਸਿੰਘ ਪੁੱਤਰ ਸ੍ਰ ਗੁਰਦਿੱਤ ਸਿੰਘ, ਉਮਰ 35 ਸਾਲ, ਪਿੰਡ ਸਰਹਾਲ਼ੀ, ਵਿਆਹਿਆ ਹੋਇਆ, ਗੋਲ਼ੀ ਕਾਂਡ ਤੋਂ ਬਾਅਦ 2.10.14 ਨੂੰ ਗ੍ਰਿਫ਼ਤਾਰ ਹੋਇਆ। (ਵੜੈਚ ਜੀ ਨੇ ਨਾਮ ਸ਼ਮੀਰ ਸਿੰਘ ਲਿਖਿਆ ਹੈ)

5. ਸੁਰੈਣ ਸਿੰਘ ਪੁੱਤਰ ਸ੍ਰ ਜਵਾਲਾ ਸਿੰਘ, ਸਰਹਾਲ਼ੀ (ਸਰਕਾਰ ਉਹਨੂੰ ਮੁਸਾਫ਼ਰਾਂ ਦਾ ਲੀਡਰ ਸਮਝਦੀ ਸੀ), ਗੋਲ਼ੀ ਕਾਂਡ ਤੋਂ ਬਾਅਦ 5.10.1914 ਨੂੰ ਗ੍ਰਿਫ਼ਤਾਰ ਹੋਇਆ।

6. ਸ਼ੀਹਾਂ ਸਿੰਘ ਪੁੱਤਰ ਸ੍ਰ ਨਿਹਾਲ ਸਿੰਘ, ਪਿੰਡ ਸਰਹਾਲ਼ੀ, ਪੁਲਿਸ ਫ਼ਾਇਰਿੰਗ ਦੌਰਾਨ ਸ਼ਹੀਦ ਹੋਇਆ।

7. ਅਜਾਇਬ ਸਿੰਘ ਪੁੱਤਰ ਸ੍ਰ ਸੇਵਾ ਸਿੰਘ, ਉਮਰ 21 ਸਾਲ, ਪਿੰਡ ਕਸੇਲ, 30.9.14 ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜਿਆ।

8. ਤੇਜਾ ਸਿੰਘ ਪੁੱਤਰ ਸ੍ਰ ਦਿਆਲ ਸਿੰਘ, ਉਮਰ 30 ਸਾਲ, ਪਿੰਡ ਕਸੇਲ, 2.10.14 ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜਿਆ।
9. ਸ਼ੀਹਾਂ ਸਿੰਘ ਪੁੱਤਰ ਸ੍ਰ ਸੁਹੇਲ ਸਿੰਘ, ਪਿੰਡ ਜੌਹਲ ਭੈਲ਼
10. ਬੂੜ ਸਿੰਘ ਪੁੱਤਰ ਸ੍ਰ ਪਾਲ ਸਿੰਘ, ਪਿੰਡ ਜੌਹਲ ਭੈਲ਼, 28.9.14 ਨੂੰ ਗ੍ਰਿਫ਼ਤਾਰ ਕੀਤਾ ਗਿਆ।
11. ਹਰਨਾਮ ਸਿੰਘ ਪੁੱਤਰ ਸ੍ਰ ਨੱਥਾ ਸਿੰਘ, ਉਮਰ 40 ਸਾਲ, ਪਿੰਡ ਸ਼ੇਰੋਂ, 2.10.14 ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜਿਆ।
12. ਦੇਵਾ ਸਿੰਘ ਪੁੱਤਰ ਸ੍ਰ ਲਾਲ ਸਿੰਘ, ਉਮਰ 38 ਸਾਲ, ਮਹਿਰਾ ਸਿੱਖ, ਪਿੰਡ ਸ਼ੇਰੋਂ, ਵਿਆਹਿਆ, 12.10.14 ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜਿਆ।
13. ਨਰਾਇਣ ਸਿੰਘ, ਪਿੰਡ ਕੱਲ੍ਹਾ (ਵੜੈਚ ਵਾਲ਼ੀ ਲਿਸਟ ਵਿਚ ਸ਼ਾਮਲ ਨਹੀਂ ਹੈ)
14. ਅੱਛਰ ਸਿੰਘ, ਉਮਰ 30 ਸਾਲ, ਪਿੰਡ ਕੱਲ੍ਹਾ, ਪਹਿਲਾਂ ਵੀ 1906-12 ਤਕ ਕੈਨੇਡਾ ਰਹਿ ਚੁੱਕਾ ਸੀ, ਇਸ ਨੂੰ ਜਹਾਜ਼ ਤੋਂ ਉਤਰਨ ਦੀ ਆਗਿਆ ਮਿਲ਼ ਗਈ।(ਇਹ ਨਾਂ ਬਾਬਾ ਜੀ ਅਤੇ ਵੜੈਚ ਦੋਹਾਂ ਦੀ ਲਿਸਟ ਵਿਚ ਸ਼ਾਮਲ ਨਹੀਂ ਹੈ ਪਰ ਡਾ ਪੂਰਨ ਸਿੰਘ ਵੈਨਕੂਵਰ ਵਾਲ਼ੀ ਲਿਸਟ ਵਿਚ ਹੈ)
15. ਬਿਸ਼ਨ ਸਿੰਘ ਉਰਫ਼ ਪਹਿਲਵਾਨ ਪੁੱਤਰ ਸ੍ਰ ਕੇਸਰ ਸਿੰਘ, ਉਮਰ 20 ਸਾਲ, ਪਿੰਡ ਦਦੇਹਰ ਸਾਹਿਬ, ਵਿਆਹਿਆ ਹੋਇਆ, ਗੋਲ਼ੀ ਨਾਲ਼ ਜ਼ਖ਼ਮੀ ਹੋਇਆ, 5.10.14 ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜਿਆ।ਇਹ ਬਾਬਾ ਵਿਸਾਖਾ ਸਿੰਘ ਦਾ ਭਤੀਜਾ ਸੀ)
16. ਇੰਦਰ ਸਿੰਘ ਪੁੱਤਰ ਗੁਰਮੁਖ ਸਿੰਘ, ਉਮਰ 20 ਸਾਲ, ਪਿੰਡ ਦਦੇਹਰ ਸਾਹਿਬ, ਵਿਆਹਿਆ, 30.9.14 ਨੂੰ ਗ੍ਰਿਫ਼ਤਾਰ ਹੋਇਆ ਤੇ ਜੇਲ੍ਹ ਭੇਜਿਆ। ਲਾਹੌਰ ਸਾਜਿਸ਼ ਕੇਸ -1 ਵਿਚ ਉਮਰ ਕੈਦ ਹੋਈ।
17. ਬੇਲਾ ਸਿੰਘ ਪੁੱਤਰ ਸ੍ਰ ਖੇਮ ਸਿੰਘ, ਉਮਰ 25 ਸਾਲ, ਪਿੰਡ ਖ਼ਾਨ ਛਾਬੜੀ, ਵਿਆਹਿਆ, 30.9.14 ਨੂੰ ਗ੍ਰਿਫ਼ਤਾਰ ਹੋਇਆ।
18. ਆਲਾ ਸਿੰਘ ਪੁੱਤਰ ਸ੍ਰ ਨਿਹਾਲ ਸਿੰਘ, ਉਮਰ 21 ਸਾਲ, ਪਿੰਡ ਵੈਰੋਵਾਲ਼ ਥਾਣਾ ਵੈਰੋਵਾਲ਼, ਅਣ-ਵਿਆਹਿਆ, 29.9.14 ਨੂੰ ਗ੍ਰਿਫ਼ਤਾਰ ਕੀਤਾਗਿਆ। (ਵੜੈਚ ਵਾਲ਼ੀ ਲਿਸਟ ਵਿਚ ਪਿੰਡ ਦਾ ਨਾਂ ਕੁਝ ਥਾਈਂ ਭਰੋਵਾਲ ਲਿਖਿਆ ਮਿਲਦਾ ਹੈ)
19. ਵੀਰ ਸਿੰਘ ਪੁੱਤਰ ਸ੍ਰ ਲਹਿਣਾ ਸਿੰਘ, ਉਮਰ 24 ਸਾਲ, ਪਿੰਡ ਚੰਬਲ਼, ਅਣਵਿਆਹਿਆ, ਗੋਲ਼ਾ-ਬਾਰੀ ਦੌਰਾਨ ਭਗੌੜਾ ਹੋ ਗਿਆ।(ਪਿੰਡ ਦਾ ਨਾਂ ਇਕ ਥਾਂ ਝਬਾਲ ਵੀ ਲਿਖਿਆ ਗਿਆ ਹੈ)
20. ਭਾਨ ਸਿੰਘ ਪੁੱਤਰ ਸ੍ਰ ਮੀਹਾਂ ਸਿੰਘ, ਜੱਟ ਸਿੱਖ, ਪਿੰਡ ਕੋਟ ਬੁੱਢਾ ਥਾਣਾ ਵਲਟੋਹਾ, 1.10.14 ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜਿਆ ਗਿਆ। ਇਹ ਨਾਮ ਬਾਬਾ ਜੀ ਅਤੇ ਡਾ ਪੂਰਨ ਸਿੰਘ ਵਾਲ਼ੀ ਲਿਸਟ ਵਿਚ ਸ਼ਾਮਲ ਨਹੀਂ ਹੈ।
21. ਨੌਰੰਗ ਸਿੰਘ ਪੁੱਤਰ ਸ੍ਰ ਗੁਰਦਿੱਤ ਸਿੰਘ, ਸੰਧੂ ਜੱਟ, ਪਿੰਡ ਮੁੰਡਾ (ਮੁੰਢਾ), 5.10.14 ਨੂੰ ਗ੍ਰਿਫ਼ਤਾਰ ਕੀਤਾ ਗਿਆ। ਪਿੰਡ ਦਾ ਨਾਂ ਠੀਕ ਨਹੀਂ ਲਗਦਾ (ਡਾ ਜਸਵੰਤ ਸਿੰਘ ਜਸ ਨੇ ਇਹ ਮੁੰਡਾਪਿੰਡ ਲਿਖਿਆ ਹੈ।
22. ਮੰਨਾ ਸਿੰਘ ਪੁੱਤਰ ਸ੍ਰ ਖੜਕ ਸਿੰਘ, ਉਮਰ 31 ਸਾਲ, ਪਿੰਡ ਢੋਟੀਆਂ, ਅਣਵਿਆਹਿਆ, ਗੋਲ਼ੀ ਕਾਂਡ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ। ਡਾ ਪੂਰਨ ਸਿੰਘ ਵਾਲੀ ਲਿਸਟ ਵਿਚ ਨਾਮ ਮਾਨਾ ਸਿੰਘ ਲਿਖਿਆ ਹੈ।
23. ਅਤਰ ਸਿੰਘ ਪਿੰਡ ਰੂੜੀ ਵਾਲ਼ਾ, ਥਾਣਾ ਸਰਹਾਲ਼ੀ (ਵੜੈਚ ਵਾਲੀ ਸੂਚੀ ਵਿਚ ਨਾਮ ਅਮਰ ਸਿੰਘ ਲਿਖਿਆ ਵੀ ਮਿਲ਼ਦਾ ਹੈ)
24. ਫੌਜਾ ਸਿੰਘ ਪੁੱਤਰ ਸ੍ਰ ਦਸੌਂਧਾ ਸਿੰਘ, ਉਮਰ 25 ਸਾਲ, ਪਿੰਡ ਝਾਮਕੇ, ਤੇਲੀ ਸਿੱਖ, ਵਿਧੁਰ, 30.9.14 ਨੂੰ ਗ੍ਰਿਫ਼ਤਾਰ ਕੀਤਾ ਗਿਆ।
25. ਟਹਿਲ ਸਿੰਘ, ਪਿੰਡ ਚੋਹਲਾ ਸਾਹਿਬ, ਥਾਣਾ ਸਰਹਾਲ਼ੀ (ਹੋਰ ਵੇਰਵੇ ਨਹੀਂ ਮਿਲ਼ੇ)
26. ਟਹਿਲ ਸਿੰਘ ਪੁੱਤਰ ਸ੍ਰ ਗੰਡਾ ਸਿੰਘ, ਪਿੰਡ ਰਾਣੀ ਵਲਾਹ, ਹਸਪਤਾਲ ਵਿਚ ਹੈਜੇ ਨਾਲ਼ ਮੌਤ ਹੋਈ।
27. ਲਛਮਣ ਸਿੰਘ ਪੁੱਤਰ ਸ੍ਰ ਦੇਵਾ ਸਿੰਘ, 28 ਸਾਲ, ਪਿੰਡ ਮਾਣੋ ਚਾਹਲ ਕਲਾਂ, ਅਣਵਿਆਹਿਆ, ਗੋਲ਼ੀ ਕਾਂਡ ਦੌਰਾਨ ਸ਼ਹੀਦ ਹੋਇਆ।
28. ਹਰਨਾਮ ਸਿੰਘ, ਪਿੰਡ ਪਣਗੋਟਾ (ਹੋਰ ਵੇਰਵੇ ਨਹੀਂ ਮਿਲ਼ੇ)
29. ਸੰਪੂਰਨ ਸਿੰਘ ਪੁੱਤਰ ਸ੍ਰ ਸਰੂਪ ਸਿੰਘ, ਉਮਰ 22 ਸਾਲ, ਪਿੰਡ ਨੱਥੂ ਪੁਰਾ, ਵਿਆਹਿਆ, 2.10.14 ਨੂੰ ਗ੍ਰਿਫ਼ਤਾਰ ਹੋਇਆ।
30. ਤਾਰਾ ਸਿੰਘ ਪੁੱਤਰ ਸ੍ਰ ਨਰੈਣ ਸਿੰਘ, ਉਮਰ 22 ਸਾਲ, ਪਿੰਡ ਜਰਮਸਤ ਪੁਰ, ਵਿਆਹਿਆ, 3.10.14 ਨੂੰ ਗ੍ਰਿਫ਼ਤਾਰ ਹੋਇਆ।(ਵੜੈਚ ਵਾਲੀ ਸੂਚੀ ਵਿਚ ਨਾਮ ਭਾਗ ਸਿੰਘ ਲਿਖਿਆ ਵੇਖਿਆ ਹੈ)

31. ਬੂੜ ਸਿੰਘ ਪੁੱਤਰ ਲਹਿਣਾ ਸਿੰਘ, ਉਮਰ 27 ਸਾਲ, ਜੱਟ ਸਿੱਖ, ਪਿੰਡ ਜੌੜਾ, ਥਾਣਾ ਸਰਹਾਲ਼ੀ, ਅਣਵਿਆਹਿਆ, ਗੋਲ਼ੀ ਕਾਂਡ ਤੋਂ ਪਹਿਲਾਂ ਗੱਡੀ ਤੇ ਪੰਜਾਬ ਭੇਜਿਆ।
32. ਸੰਤਾ ਸਿੰਘ, ਪਿੰਡ ਕੱਦ ਗਿੱਲ, ਥਾਣਾ ਤਰਨ ਤਾਰਨ (ਹੋਰ ਵੇਰਵੇ ਨਹੀਂ ਮਿਲ਼ੇ)
33. ਅਤਰ ਸਿੰਘ ਪੁੱਤਰ ਹੀਰਾ ਸਿੰਘ, ਉਮਰ 40 ਸਾਲ, ਪਿੰਡ ਘੜਕਾ, ਵਿਆਹਿਆ, 30.9.14 ਨੂੰ ਗ੍ਰਿਫ਼ਤਾਰ ਹੋਇਆ।
34. ਭਗਵਾਨ ਸਿੰਘ ਪੁੱਤਰ ਸ੍ਰ ਅਤਰ ਸਿੰਘ, ਉਮਰ 25 ਸਾਲ, ਪਿੰਡ ਮੂਸੇ, ਵਿਆਹਿਆ, 10.10.14 ਨੂੰ ਗ੍ਰਿਫ਼ਤਾਰ ਹੋਇਆ। (ਇਹ ਜਹਾਜ਼ ਕਮੇਟੀ ਦਾ ਮੈਂਬਰ ਸੀ)
35. ਬਘੇਲ ਸਿੰਘ ਪਿੰਡ ਕੋਟ ਦਾਤਾ, ਥਾਣਾ ਸਰਹਾਲ਼ੀ। ਹੋਰ ਵੇਰਵੇ ਨਹੀਂ ਮਿਲ਼ੇ ਅਤੇ ਵੜੈਚ ਵਾਲ਼ੀ ਸੂਚੀ ਵਿਚ ਸ਼ਾਮਲ ਨਹੀਂ ਹੈ।
36. ਕੇਹਰ ਸਿੰਘ ਪੁੱਤਰ ਸ੍ਰ ਵਧਾਵਾ ਸਿੰਘ, ਪਿੰਡ ਕੋਟ ਦਾਤਾ, ਥਾਣਾ ਸਰਹਾਲ਼ੀ, 26.10.14 ਨੂੰ ਗ੍ਰਿਫ਼ਤਾਰ ਕੀਤਾ ਗਿਆ।
37. ਆਸਾ ਸਿੰਘ ਪੁੱਤਰ ਭਾਗ ਸਿੰਘ, ਪਿੰਡ ਕੋਟ ਦਾਤਾ, ਥਾਣਾ ਸਰਹਾਲ਼ੀ, ਭਗੌੜਾ ਕਰਾਰ ਦਿੱਤਾ ਗਿਆ ਪਰ ਲੋਕ ਮਾਰ ਦਿੱਤਾ ਗਿਆ ਸਮਝਦੇ ਸਨ।
38. ਸ਼ੀਹਾਂ ਸਿੰਘ ਪੁੱਤਰ ਸ੍ਰ ਸੇਵਾ ਸਿੰਘ, ਪਿੰਡ ਕੋਟਦਾਤਾ, ਥਾਣਾ ਸਰਹਾਲ਼ੀ, ਉਮਰ 27 ਸਾਲ, ਵਿਆਹਿਆ, ਗੋਲ਼ੀ ਕਾਂਡ ਦੌਰਾਨ ਸ਼ਹੀਦ ਹੋਇਆ।
39. ਜਵੰਧ ਸਿੰਘ ਪੁੱਤਰ ਪੰਜਾਬ ਸਿੰਘ, ਪਿੰਡ ਕੋਟਦਾਤਾ, ਭਗੌੜਾ ਕਰਾਰ ਦਿੱਤਾ ਗਿਆ। ਮਲਵਿੰਦਰ ਸਿੰਘ ਵੜੈਚ ਨੇ ਆਪਣੀ ਪੁਸਤਕ ਵਿਚ ਨਾਮ ਜਸਵੰਤ ਸਿੰਘ ਅਤੇ 5.10.14 ਨੂੰ ਗ੍ਰਿਫ਼ਤਾਰ ਹੋਇਆ ਲਿਖਿਆ ਹੈ।
40. ਸਾਧੂ ਸਿੰਘ ਪੁੱਤਰ ਸ੍ਰ ਜਗਤ ਸਿੰਘ, ਪਿੰਡ ਕੋਟਦਾਤਾ, ਥਾਣਾ ਸਰਹਾਲ਼ੀ, ਉਮਰ 20 ਸਾਲ, ਵਿਆਹਿਆ, 3.10.14 ਨੂੰ ਗ੍ਰਿਫ਼ਤਾਰ ਹੋਇਆ।
41. ਸੁੱਚਾ ਸਿੰਘ ਪੁੱਤਰ ਸ੍ਰ ਆਲਾ ਸਿੰਘ, ਉਮਰ 25 ਸਾਲ, ਪਿੰਡ ਸੁਰ ਸਿੰਘ, ਅਣਵਿਆਹਿਆ, 29.10.14 ਨੂੰ ਗ੍ਰਿਫ਼ਤਾਰ ਹੋਇਆ। (ਸਰਕਾਰ ਉਹਨੂੰ ਮੁਸਾਫ਼ਰਾਂ ਦਾ ਲੀਡਰ ਸਮਝਦੀ ਸੀ, ਉਹਦੇ ਪਿੰਡ ਦਾ ਨਾਂ ਵੜੈਚ ਹੋਰਾਂ ਗੌੜ ਸਿੰਘ ਲਿਖਿਆ ਹੈ ਜੋ ਮਾੜੀ ਗੌੜ ਸਿੰਘ ਹੋ ਸਕਦਾ ਹੈ)
42. ਨਰਾਇਣ ਸਿੰਘ ਪੁੱਤਰ ਸ੍ਰ ਬਲਾਕਾ ਸਿੰਘ, ਉਮਰ 20 ਸਾਲ, ਪਿੰਡ ਸੁਰਸਿੰਘ, ਵਿਆਹਿਆ, 5.10.14 ਨੂੰ ਗ੍ਰਿਫ਼ਤਾਰ ਹੋਇਆ।ਵੜੈਚ ਵਾਲ਼ੀ ਸੂਚੀ ਵਿਚ ਨਾਮ ਨਹੀਂ ਮਿਲ਼ਿਆ।
43. ਬਹਾਦਰ ਸਿੰਘ ਪੁੱਤਰ ਸ੍ਰ ਜਵਾਹਰ ਸਿੰਘ, ਜੱਟ ਸਿੱਖ, ਪਿੰਡ ਕਲੇਰ ਥਾਣਾ ਵੈਰੋਵਾਲ਼, 30.9.14 ਨੂੰ ਗ੍ਰਿਫ਼ਤਾਰ ਕੀਤਾ ਗਿਆ। ਦੋ ਥਾਈਂ ਪਿੰਡ ਦਾ ਨਾਂ ਕਲਰਵਾਲੀਆ ਲਿਖਿਆ ਮਿਲ਼ਦਾ ਹੈ।
44. ਜਵੰਧ ਸਿੰਘ ਪੁੱਤਰ ਸ੍ਰ ਸੁੰਦਰ ਸਿੰਘ, ਪਿੰਡ ਫ਼ਤੇਹਗੜ੍ਹ, ਥਾਣਾ ਵੈਰੋਵਾਲ਼।
45. ਨੰਦ ਸਿੰਘ ਪੁੱਤਰ ਸ੍ਰ ਪਾਲਾ ਸਿੰਘ, ਉਮਰ 26 ਸਾਲ, ਪਿੰਡ ਬਲ੍ਹੇਰ, ਭਗੌੜਾ ਕਰਾਰ ਦਿੱਤਾ ਗਿਆ ਪਰ ਲੋਕ ਸਮਝਦੇ ਸਨ ਕਿ ਮਾਰ ਦਿੱਤਾਗਿਆ ਹੈ। ਡਾ ਪੂਰਨ ਸਿੰਘ ਵਾਲੀ ਸੂਚੀ ਵਿਚ ਪਿਤਾ ਦਾ ਨਾਂ ਢੱਲਾ ਸਿੰਘ ਗ਼ਲਤੀ ਨਾਲ਼ ਛਪਿਆ ਲਗਦਾ ਹੈ।
46. ਨੰਦ ਸਿੰਘ ਉਰਫ਼ ਗੁਰਬਖ਼ਸ਼ ਸਿੰਘ ਪੁੱਤਰ ਸ੍ਰ ਜੈਵੰਤ ਸਿੰਘ, ਪਿੰਡ ਸੁਰ ਸਿੰਘ, ਥਾਣਾ ਖਾਲੜਾ, 1.1014 ਨੂੰ ਗ੍ਰਿਫ਼ਤਾਰ ਕੀਤਾ ਗਿਆ।
47. ਮੰਗਲ਼ ਸਿੰਘ ਪੁਤਰ ਸ੍ਰ ਸੇਵਾ ਸਿੰਘ, ਉਮਰ 30 ਸਾਲ, ਪਿੰਡ ਧੁੰਨ, ਥਾਣਾ ਸਰਹਾਲ਼ੀ, ਅਣਵਿਆਹਿਆ, 29.9.14 ਨੂੰ ਗ੍ਰਿਫ਼ਤਾਰ ਹੋਇਆ।
48. ਨਰਾਇਣ ਸਿੰਘ ਪੁੱਤਰ ਵਧਾਵਾ ਸਿੰਘ, ਉਮਰ 23 ਸਾਲ, ਪਿੰਡ ਧੁੰਨ, ,, ,, , ਅਣਵਿਆਹਿਆ, 30.9.14 ਨੂੰ ਗ੍ਰਿਫ਼ਤਾਰ ਹੋਇਆ।
49. ਬਘੇਲ ਸਿੰਘ ਪੁੱਤਰ ਘੁੱਲਾ ਸਿੰਘ, ਜੱਟ, ਪਿੰਡ ਪੂਨੀਆਂ, ਥਾਣਾ ਵਲਟੋਹਾ, 1.10.14 ਨੂੰ ਗ੍ਰਿਫ਼ਤਾਰ ਹੋਇਆ।
50. ਭਗਤ ਸਿੰਘ ਪੁੱਤਰ ਸ੍ਰੀ ਗੁਰਾਂ ਦਿੱਤਾ, ਉਮਰ 25 ਸਾਲ, ਪਿੰਡ ਪੂਨੀਆਂ, ਬ੍ਰਾਹਮਣ, ਅਣਵਿਆਹਿਆ, 12.10.14 ਨੂੰ ਗ੍ਰਿਫ਼ਤਾਰ ਹੋਇਆ।
51. ਇੰਦਰ ਸਿੰਘ ਪੁੱਤਰ ਸ੍ਰ ਵਸਾਵਾ ਸਿੰਘ, ਉਮਰ 30 ਸਾਲ, ਪਿੰਡ ਭਿੱਖੀਵਿੰਡ, ਥਾਣਾ ਖਾਲੜਾ, ਅਣਵਿਆਹਿਆ, 12.10.14 ਨੂੰ ਗ੍ਰਿਫ਼ਤਾਰ ਹੋਇਆ।

52. ਜਗਤ ਸਿੰਘ, ਪਿੰਡ ਭੱਗੂ ਪੁਰਾ, ਥਾਣਾ ਸਰਹਾਲ਼ੀ।ਡਾ ਪੂਰਨ ਸਿੰਘ ਵਾਲੀ ਸੂਚੀ ਵਿਚ ਨਾਮ ਭਗਤ ਸਿੰਘ ਹੈ ਅਤੇ ਵੜੈਚ ਵਾਲ਼ੀ ਸੂਚੀ ਵਿਚ ਨਾਮ ਨਹੀਂ ਮਿਲ਼ਿਆ।
53. ਸੁਰੈਣ ਸਿੰਘ, ਉਮਰ 30 ਸਾਲ, ਪਿੰਡ ਕਿਰਤੋਵਾਲ਼, ਵਿਆਹਿਆ, ਪਹਿਲਾਂ ਵੀ ਕੈਨੇਡਾ ਰਹਿ ਚੁੱਕਾ ਸੀ ਇਸ ਕਾਰਨ ਉਸ ਨੂੰ ਉਤਰਨ ਦੀ ਆਗਿਆ ਮਿਲ ਗਈ।
54. ਹਰਨਾਮ ਸਿੰਘ ਪੁੱਤਰ ਰੂੜ ਸਿੰਘ, ਉਮਰ 30 ਸਾਲ, ਪਿੰਡ ਖਾਲੜਾ, ਅਣਵਿਆਹਿਆ, 8.10.14 ਨੂੰ ਗ੍ਰਿਫ਼ਤਾਰ ਹੋਇਆ। ਅੰਗਰੇਜ਼ ਸਰਕਾਰ ਉਹਨੂੰ ਮੁਸਾਫ਼ਰਾਂ ਦਾ ਲੀਡਰ ਸਮਝਦੀ ਸੀ।
55. ਭਾਨ ਸਿੰਘ ਪੁੱਤਰ ਸ੍ਰ ਕੇਸਰ ਸਿੰਘ, ਜੱਟ ਸਿੱਖ, ਪਿੰਡ ਲੋਹਾਰ, ਥਾਣਾ ਸਰਹਾਲ਼ੀ, 1.10.14 ਨੂੰ ਗ੍ਰਿਫ਼ਤਾਰ ਹੋਇਆ।ਕੇਵਲ ਵੜੈਚ ਵਾਲੀ ਸੂਚੀ ਵਿਚ ਹੈ।
56. ਕਿਸ਼ਨ ਸਿੰਘ ਪੁੱਤਰ ਸ੍ਰ ਬਤਨ ਸਿੰਘ ਪਿੰਡ ਮੁੰਢਾ ਜੋ ਮੁੰਡਾਪਿੰਡ ਹੋ ਸਕਦਾ ਹੈ। ਵੜੈਚ ਹੋਰਾਂ ਕੇਸੂ ਉਰਫ਼ ਸੁੰਦਰ ਸਿੰਘ ਪੁੱਤਰ ਸ੍ਰ ਸ਼ੇਰ ਸਿੰਘ, ਜੱਟ ਸਿੱਖ, ਪਿੰਡ ਮੁੰਡਾ, ਨਾਂ ਸ਼ਾਮਲ ਕੀਤਾ ਹੈ ਜੋ ਗੋਲ਼ੀ ਕਾਂਡ ਤੋਂ ਬਾਅਦ 4.10.14 ਨੂੰ ਗ੍ਰਿਫ਼ਤਾਰ ਹੋਇਆ।
57. ਸੱਜਣ ਸਿੰਘ ਪੁੱਤਰ ਸ੍ਰ ਈਸ਼ਰ ਸਿੰਘ, ਜੱਟ ਸਿੱਖ, ਪਿੰਡ ਦਦੇਹਰ ਸਾਹਿਬ, ਥਾਣਾ ਸਰਹਾਲ਼ੀ, 5.10.14 ਨੂੰ ਗ੍ਰਿਫ਼ਤਾਰ ਹੋਇਆ। ਕੇਵਲ ਵੜੈਚ ਵਾਲ਼ੀ ਸੂਚੀ ਵਿਚ ਹੈ।ਜਸਵੰਤ ਸਿੰਘ ਹੋਰਾਂ ਪਿੰਡ ਦਾ ਨਾਂ ਫੂਰ ਲਿਖਿਆ ਹੈ ਜੋ ਠੀਕ ਨਹੀ ਜਾਪਦਾ।
58. ਚੈਨ ਸਿੰਘ ਪੁੱਤਰ ਸ੍ਰ ਨਿਹਾਲ ਸਿੰਘ, ਜੱਟ ਸਿੱਖ, ਪਿੰਡ ਸਰਹਾਲ਼ੀ, 5.10.14 ਨੂੰ ਗ੍ਰਿਫ਼ਤਾਰ ਹੋਇਆ।*
59. ਜਵੰਤ ਸਿੰਘ ਪੁੱਤਰ ਸ੍ਰ ਲਾਲ ਸਿੰਘ, ਜੱਟ ਸਿੱਖ, ਪਿੰਡ ਸ਼ੇਰੋਂ, 12.10.14 ਨੂੰ ਗ੍ਰਿਫ਼ਤਾਰ ਹੋਇਆ।ਕੇਵਲ ਵੜੈਚ ਵਾਲੀ ਸੂਚੀ ਵਿਚ ਹੈ।
60. ਭਾਗ ਸਿੰਘ ਪੁੱਤਰ ਸ੍ਰ ਆਲਾ ਸਿੰਘ, ਪਿੰਡ (ਮਾੜੀ) ਸਮਰਾ, ਥਾਣਾ ਖਾਲੜਾ, ਭਗੌੜਾ ਕਰਾਰ ਦਿੱਤਾ ਗਿਆ।ਕੇਵਲ ਵੜੈਚ ਵਾਲ਼ੀ ਸੂਚੀ ਵਿਚ ਜ਼ਿਕਰ ਹੈ।
61. ਭਾਨ ਸਿੰਘ ਪੁੱਤਰ ਸ੍ਰ ਮੀਹਾਂ ਸਿੰਘ ਪਿੰਡ ਕੋਟ ਰਾਏ ਬੁੱਢਾ ਜੋ ਕੋਟਬੁੱਢਾ ਹੋਵੇਗਾ ਦਾ ਜ਼ਿਕਰ ਡਾ ਪੂਰਨ ਸਿੰਘ ਅਤੇ ਵੜੈਚ ਹੋਰਾਂ ਕੀਤਾ ਹੈ ਪਰ ਬਾਬਾ ਜੀ ਨੇ ਨਹੀਂ ਕੀਤਾ।
62. ਚਤਰ ਸਿੰਘ ਪੁੱਤਰ ਸ੍ਰ ਨੂਰ (ਨਾਹਰ) ਸਿੰਘ ਪਿੰਡ ਸਰਹਾਲ਼ੀ ਜਿਸ ਦਾ ਨਾਂ ਗੋਲ਼ੀ ਕਾਂਡ ਤੋਂ ਬਾਅਦ ਭਗੌੜੇ ਹੋਏ ਸਾਥੀਆਂ ਵਿਚ ਦਰਜ ਹੈ, ਵੜੈਚ ਵਾਲੀ ਸੂਚੀ ਵਿਚ ਸ਼ਾਮਲ ਹੈ। ਡਾ ਜਸਵੰਤ ਸਿੰਘ ਜਸ ਦੀ ਲਿਸਟ ਵਿਚ ਸ਼ਾਮਲ ਨਹੀਂ ਹੈ।
63. ਮਿੱਤ ਸਿੰਘ, ਆਸਾ ਸਿੰਘ, ਬੀਰ ਸਿੰਘ ਤਿੰਨਾਂ ਦਾ ਪਿੰਡ ਗੁੱਦੇ ਲਿਖਿਆ ਹੈ ਜੋ ਰੱਤਾ ਗੁੱਦਾ ਹੋ ਸਕਦਾ ਹੈ। ਇਹਨਾਂ ਦਾ ਜ਼ਿਕਰ ਡਾ ਪੂਰਨ ਸਿੰਘ ਅਤੇ ਬਾਬਾ ਗੁਰਦਿੱਤ ਸਿੰਘ ਨੇ ਆਪਣੀ ਲਿਸਟ ਵਿਚ ਕੀਤਾ ਹੈ।

- **ਜਿਲ੍ਹਾ ਤਰਨਤਾਰਨ ਨਾਲ਼ ਸਬੰਧਤ ਗੋਲ਼ਾ-ਬਾਰੀ ਸਮੇਂ ਸ਼ਹੀਦ ਹੋਏ, ਗੰਭੀਰ ਜ਼ਖ਼ਮੀ ਅਤੇ ਭਗੌੜੇ ਜਾਂ ਮਾਰੇ ਗਏ**
- **ਸ਼ਹੀਦ** ਹੋਏ:- 1. ਸ਼ੀਹਾਂ ਸਿੰਘ ਦਦੇਹਰ ਸਾਹਿਬ 2. ਲਛਮਣ ਸਿੰਘ ਪਿੰਡ ਮਾਣੋ ਚਾਹਲ
- **ਸਖ਼ਤ ਜ਼ਖ਼ਮੀ** ਹੋਏ :- 1. ਟਹਿਲ ਸਿੰਘ 2. ਇੰਦਰ ਸਿੰਘ 3. ਨੌਰੰਗ ਸਿੰਘ
- ਜਿਹਨਾਂ ਨੂੰ ਬਜ ਬਜ ਘਾਟ ਤੋਂ ਭੱਜ ਕੇ ਬਾਹਰ ਗਿਆਂ ਨੂੰ **ਗ੍ਰਿਫ਼ਤਾਰ** ਕੀਤਾ ਗਿਆ ਸੀ, ਉਹਨਾਂ ਵਿਚ ਤੇਜਾ ਸਿੰਘ ਪੁੱਤਰ ਦਿਆਲ਼ ਸਿੰਘ ਪਿੰਡ ਕਸੇਲ ਸ਼ਾਮਲ ਸੀ।
- ਸਰਕਾਰੀ ਕਾਗਜ਼ਾਂ ਵਿਚ **ਭਗੌੜੇ** ਪਰ ਲੋਕਾਂ ਅਨੁਸਾਰ **ਮਾਰੇ ਗਏ** :- ਬੰਤਾ ਸਿੰਘ ਪੁਤਰ ਹਾਕਮ ਸਿੰਘ ਠੱਟਾ, ਨੰਦ ਸਿੰਘ ਪੁੱਤਰ ਪਾਲਾ ਸਿੰਘ ਬਲ੍ਹੇਰ, ਭਾਗ ਸਿੰਘ ਪੁੱਤਰ ਆਲਾ ਸਿੰਘ ਮਾੜੀ ਸਮਰਾ, ਵੀਰ ਸਿੰਘ ਪੁੱਤਰ ਲਹਿਣਾ ਸਿੰਘ ਚੰਬਲ਼, ਆਸਾ ਸਿੰਘ ਪੁੱਤਰ ਭਾਗ ਸਿੰਘ ਕੋਟ ਦਾਤਾ, ਚਤਰ ਸਿੰਘ ਪੁੱਤਰ ਨਾਹਰ ਸਿੰਘ ਸਰਹਾਲ਼ੀ।

(ਵੇਖੋ ਪੰਨਾ 280, ਗ਼ਦਰ ਪਾਰਟੀ ਦਾ ਇਤਿਹਾਸ, ਲੇਖਕ ਗੁਰਚਰਨ ਸਿੰਘ ਸੈਂਸਰਾ ਅਤੇ ਸਾਕਾ ਕਾਮਾਗਾਟਾ ਮਾਰੂ, ਲੇਖਕ ਮਾਲਵਿੰਦਰ ਸਿੰਘ ਵੜੈਚ)

## 9. ਗ਼ਦਰ ਲਹਿਰ ਅਤੇ ਗ਼ਦਰੀ ਸ਼ਹੀਦ

ਅਮਰੀਕਾ ਵਿਚ ਰੋਟੀ-ਰੋਜ਼ੀ ਕਮਾਉਣ ਲਈ ਗਏ ਭਾਰਤੀਆਂ, ਖਾਸ ਤੌਰ ਤੇ ਪੰਜਾਬੀਆਂ ਨੇ ਜਦੋਂ ਹਰ ਖੇਤਰ ਵਿਚ ਪਰਵਾਸੀਆਂ ਨਾਲ ਵਿਤਕਰਾ ਤੇ ਜਾਨਵਰਾਂ ਜਿਹਾ ਸਲੂਕ ਹੁੰਦਾ ਵੇਖਿਆ ਤਾਂ ਉਹਨਾਂ ਦੀ ਸੁੱਤੀ ਹੋਈ ਅਣਖ ਤੇ ਗ਼ੈਰਤ ਜਾਗ ਪਈ। ਉਹਨਾਂ ਨੇ ਮਹਿਸੂਸ ਕੀਤਾ ਕਿ ਇਹ ਸਭ ਕੁਝ ਸਾਡਾ ਦੇਸ਼ ਗੁਲਾਮ ਹੋਣ ਕਾਰਨ ਵਾਪਰ ਰਿਹਾ ਹੈ। ਇਸ ਲਈ ਉਹਨਾਂ ਨੇ ਦੇਸ਼ ਨੂੰ ਅਜ਼ਾਦ ਕਰਾਉਣ ਲਈ 1913 ਵਿਚ ਉੱਤਰੀ ਅਮਰੀਕਾ ਦੇ ਸ਼ਹਿਰ ਸਾਨਫਰਾਂਸਿਸਕੋ ਵਿਖੇ 'ਹਿੰਦੀ ਐਸੋਸੀਏਸ਼ਨ ਆਫ਼ ਦਾ ਪੈਸੇਫਿਕ ਕੋਸਟ ਆਫ਼ ਅਮਰੀਕਾ' ਨਾਂ ਦੀ ਸੰਸਥਾ ਬਣਾਈ ਜੋ ਮਗਰੋਂ 'ਹਿੰਦਸਤਾਨ ਗ਼ਦਰ ਪਾਰਟੀ' ਦੇ ਨਾਂ ਨਾਲ ਮਸ਼ਹੂਰ ਹੋਈ। ਇਸ ਦਾ ਮੁੱਖ ਟੀਚਾ ਹਥਿਆਰ-ਬੰਦ ਇਨਕਲਾਬ ਰਾਹੀਂ ਭਾਰਤ ਵਿਚੋਂ ਅੰਗਰੇਜ਼ਾਂ ਦਾ ਤਖ਼ਤਾ ਪਲਟ ਕਰਕੇ ਬਰਾਬਰੀ ਦੇ ਅਧਾਰ ਤੇ ਕੌਮੀ ਸਰਕਾਰ  ਦੀ ਸਥਾਪਨਾ ਕਰਨਾ ਸੀ।

ਇਸ ਦਾ ਮੁੱਖ ਦਫ਼ਤਰ ਕੈਲੇਫ਼ੋਰਨੀਆ ਦੇ ਸ਼ਹਿਰ  ਸਾਨਫਰਾਂਸਿਸਕੋ ਵਿਚ ਬਣਾਇਆ ਗਿਆ ਜਿਸ ਨੂੰ 'ਯੁਗਾਂਤਰ ਆਸ਼ਰਮ' ਕਿਹਾ ਜਾਂਦਾ ਸੀ। ਪਾਰਟੀ ਲਈ ਕੰਮ ਕਰਨ ਵਾਲ਼ੇ ਵਰਕਰ ਕੋਈ ਤਨਖ਼ਾਹ ਨਹੀਂ ਲੈਂਦੇ ਸਨ। ਹਰ ਹਿੰਦਸਤਾਨੀ ਪਾਰਟੀ ਮੈਂਬਰ ਹਰ ਮਹੀਨੇ ਇਕ ਡਾਲਰ ਪਾਰਟੀ ਨੂੰ ਫੀਸ ਦੇਂਦਾ ਸੀ। ਧਰਮ ਹਰ ਮੈਂਬਰ ਦਾ ਨਿੱਜੀ ਮਾਮਲਾ ਸੀ ਅਤੇ ਧਾਰਮਿਕ ਮਾਮਲਿਆਂ ਤੇ ਪਾਰਟੀ ਵਿਚ ਬਹਿਸ ਕਰਨ ਦੀ ਮਨਾਹੀ ਕੀਤੀ ਗਈ ਸੀ।

ਪਾਰਟੀ ਨੇ ਸਾਰੇ ਵਿਦੇਸ਼ੀ ਭਾਰਤੀਆਂ ਵਿਚ ਪ੍ਰਚਾਰ ਕਰਨ ਲਈ ਪੰਜਾਬੀ, ਹਿੰਦੀ, ਉਰਦੂ ਆਦਿ ਭਾਸ਼ਾਵਾਂ ਵਿਚ 'ਗ਼ਦਰ' ਨਾਂ ਦੀ ਅਖ਼ਬਾਰ ਕੱਢਣ ਦਾ ਵੀ ਫ਼ੈਸਲਾ ਕੀਤਾ। ਬਾਬਾ ਸੋਹਨ ਸਿੰਘ ਭਕਨਾ ਗ਼ਦਰ ਪਾਰਟੀ  ਦੇ ਬਾਨੀ ਪ੍ਰਧਾਨ ਸਨ ਤੇ ਲਾਲਾ ਹਰਦਿਆਲ ਜਨਰਲ ਸਕੱਤਰ। ਪੰਡਤ ਕਾਂਸ਼ੀ ਰਾਮ ਖ਼ਜ਼ਾਨਚੀ, ਬਾਬਾ ਜਵਾਲਾ ਸਿੰਘ ਠੱਠੀਆਂ ਮੀਤ ਪ੍ਰਧਾਨ, ਬਾਬਾ ਹਰਨਾਮ ਸਿੰਘ ਕੋਟਲਾ ਸਹਾਇਕ ਖ਼ਜ਼ਾਨਚੀ ਅਤੇ ਮੁਣਸ਼ੀ ਰਾਮ ਪ੍ਰਬੰਧਕੀ ਸਕੱਤਰ ਸੀ। ਲਾਲਾ ਹਰਦਿਆਲ, ਕਰਤਾਰ ਸਿੰਘ ਸਰਾਭਾ, ਪਿਰਥੀ ਸਿੰਘ, ਰਾਮ ਚੰਦਰ, ਭਗਵਾਨ ਸਿੰਘ, ਬਰਕਤੁੱਲਾ, ਜਗਤ ਸਿੰਘ, ਮਹਿਬੂਬ ਅਲੀ, ਇਨਾਇਤ ਖਾਂ ਅਤੇ ਅਮਰ ਸਿੰਘ ਦੀ ਡਿਊਟੀ ਗ਼ਦਰ ਅਖ਼ਬਾਰ ਦੀ ਛਪਾਈ ਅਤੇ ਵੰਡ ਕਰਨ ਦੀ ਸੀ।'ਬੰਦੇ ਮਾਤਰਮ' ਅਖ਼ਬਾਰ ਦਾ ਮੁੱਖ ਨਾਅਰਾ ਸੀ। ਥੋੜ੍ਹੇ ਸਮੇਂ ਵਿਚ ਹੀ ਗਦਰ ਪਾਰਟੀ ਦੀਆਂ ਸ਼ਾਖਾਵਾਂ ਅਮਰੀਕਾ ਤੋਂ ਬਾਹਰ ਕੈਨੇਡਾ, ਅਰਜਨਟਾਈਨਾ, ਫਰਾਂਸ, ਜਰਮਨੀ, ਸਵੀਡਨ, ਚੀਨ, ਬਰ੍ਹਮਾ ਤੇ ਸਿਆਮ ਆਦਿ ਦੇਸ਼ਾਂ ਵਿਚ ਵੀ ਸਥਾਪਤ ਹੋ ਗਈਆਂ।

ਕਰਤਾਰ ਸਿੰਘ ਸਰਾਭਾ ਗ਼ਦਰ ਪਾਰਟੀ ਦੀ ਰੂਹ ਸੀ ਤੇ ਉਹ ਹਰ ਸਰਗਰਮੀ ਵਿਚ ਮੂਹਰੇ ਰਹਿੰਦਾ ਸੀ। ਗ਼ਦਰ ਅਖ਼ਬਾਰ ਦੀ ਛਪਾਈ ਤੇ ਵੰਡ ਦੀ ਬਹੁਤੀ ਜ਼ਿੰਮੇਵਾਰੀ ਉਹਦੀ ਸੀ ਅਤੇ ਉਹ ਅਖ਼ਬਾਰ ਦੇ ਪੰਜਾਬੀ ਐਡੀਸ਼ਨ ਦਾ ਸੰਪਾਦਕ ਵੀ ਸੀ। ਇਸ ਸਮੇਂ ਪਹਿਲੀ ਸੰਸਾਰ ਜੰਗ ਚੱਲ ਰਹੀ ਸੀ ਤੇ ਬਰਤਾਨੀਆਂ ਜੰਗ ਵਿਚ ਉਲਝਿਆ ਹੋਇਆ ਸੀ। 13 ਲੱਖ ਭਾਰਤੀ ਫੌਜੀ ਅੰਗਰੇਜ਼ਾਂ ਦੇ ਹੱਕ ਵਿਚ ਯੂਰਪ, ਅਫ਼ਰੀਕਾ ਅਤੇ ਮੱਧ ਪੂਰਬ ਵਿਚ ਲੜ ਰਹੇ ਸਨ। ਇਹਨਾਂ ਵਿਚ ਹਜ਼ਾਰਾਂ ਪੰਜਾਬੀ ਸਿਪਾਹੀ ਵੀ ਸ਼ਾਮਲ ਸਨ। ਜੰਗ ਤੋਂ ਵਾਪਸ ਮੁੜੇ ਸਿਪਾਹੀ ਰਾਜਸੀ ਸੂਝ ਰੱਖਦੇ ਸਨ ਪਰ ਅੰਗਰੇਜ਼ਾਂ ਤੋਂ ਬੜੇ ਨਿਰਾਸ਼ ਸਨ। ਜਿਹੜੇ ਅੰਗਰੇਜ਼ਾਂ ਦੀ ਫ਼ੌਜ ਦੇ ਪੰਜਾਬੀ ਸੈਨਕ ਦੇਸ਼ ਵਿਚ ਸਨ, ਉਹ ਵੀ ਆਪਣੇ ਨਾਲ਼ ਹੋ ਰਹੇ ਵਿਤਕਰੇ ਕਾਰਨ ਦੁਖੀ ਸਨ। ਕਾਮਾਗਾਟਾ ਮਾਰੂ ਜਹਾਜ਼ ਨਾਲ਼ ਕੈਨੇਡਾ ਦੀ ਬੰਦਰਗਾਹ ਵੈਨਕੂਵਰ ਤੇ ਵਾਪਰੇ ਦੁਖਾਂਤ ਨੇ ਬਲਦੀ ਤੇ ਤੇਲ ਪਾਉਣ ਦਾ ਕੰਮ ਕੀਤਾ। ਇਸ ਸਭ ਕੁਝ ਨੂੰ ਧਿਆਨ ਵਿਚ ਰੱਖਦਿਆਂ ਗ਼ਦਰੀਆਂ ਨੇ ਗ਼ਦਰ ਅਖ਼ਬਾਰ ਰਾਹੀਂ ਪ੍ਰਚਾਰ ਤੇਜ਼ ਕੀਤਾ, ਬਹੁਤ ਸਾਰੇ ਹਥਿਆਰ ਇਕੱਠੇ ਕੀਤੇ ਅਤੇ ਦੇਸ਼ ਨੂੰ ਚਾਲੇ ਪਾ ਦਿੱਤੇ। ਕਰਤਾਰ ਸਿੰਘ ਸਰਾਭਾ, ਭਾਈ ਜਗਤ ਸਿੰਘ ਸੁਰ ਸਿੰਘ, ਪਿਆਰਾ ਸਿੰਘ ਤੇ ਹਰਨਾਮ ਸਿੰਘ ਸਤੰਬਰ 1914 ਵਿਚ ਦੇਸ਼ ਪਹੁੰਚ ਗਏ। ਪਰ ਬਾਬਾ ਸੋਹਨ ਸਿੰਘ ਭਕਨਾ, ਨੰਦ ਸਿੰਘ ਤੇ ਜਵੰਧ ਸਿੰਘ ਨਾਲ਼ ਗਏ ਸਾਰੇ ਗ਼ਦਰੀ ਜਿਉਂ ਹੀ ਸਮੁੰਦਰੀ ਜਹਾਜ਼ਾਂ ਰਾਹੀਂ ਹਥਿਆਰਾਂ ਦੀ ਖੇਪ ਲੈ ਕੇ ਭਾਰਤ ਵਿਚ ਦਾਖ਼ਲ ਹੋਏ, ਅੰਗਰੇਜ਼ ਸਰਕਾਰ ਨੂੰ ਪਤਾ ਲੱਗ ਜਾਣ ਕਰਕੇ ਉਹਨਾਂ ਚੋਂ ਬਹੁਤਿਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਦੂਰ ਦੁਰਾਡੇ ਜੇਲ੍ਹਾਂ ਵਿਚ ਬੰਦ ਕਰ ਦਿੱਤਾ ਗਿਆ।

ਕਰਤਾਰ ਸਿੰਘ ਸਰਾਭਾ ਤੇ ਕੁਝ ਹੋਰ ਤੇਜ਼ ਤਰਾਰ ਆਗੂ ਭਾਰਤੀ ਫੌਜੀ ਛਾਉਣੀਆਂ ਤੱਕ ਪਹੁੰਚਣ, ਗ਼ਦਰ ਦਾ ਸੁਨੇਹਾਂ ਦੇਣ ਅਤੇ ਭਾਰਤੀ ਫੌਜੀਆਂ ਨੂੰ ਗ਼ਦਰ ਲਈ ਤਿਆਰ ਕਰਨ ਵਿਚ ਕਾਮਯਾਬ ਹੋ ਗਏ। ਭਾਈ ਪਰੇਮ ਸਿੰਘ ਸੁਰ ਸਿੰਘ, ਬਾਬਾ ਗੁੱਜਰ ਸਿੰਘ ਭਕਨਾ, ਰੰਗਾ ਸਿੰਘ ਖ਼ੁਰਦਪੁਰ, ਈਸ਼ਰ ਸਿੰਘ ਢੁੱਡੀਕੇ, ਉੱਤਮ ਸਿੰਘ ਹਾਂਸ ਅਤੇ ਜਵੰਧ ਸਿੰਘ ਨੰਗਲ ਕਲਾਂ ਅੱਡ ਅੱਡ ਜਿਲ੍ਹਿਆਂ ਵਿਚ ਸਰਗਰਮ ਹੋ ਗਏ। ਸਤੰਬਰ 1914 ਵਿਚ ਹੀ ਅੰਗਰੇਜ਼ ਸਰਕਾਰ ਨੇ ਇਕ ਸਪੈਸ਼ਲ ਫ਼ੁਰਮਾਨ ਜਾਰੀ ਕਰਕੇ ਸਮੁੰਦਰੀ ਜਹਾਜ਼ਾਂ ਰਾਹੀਂ ਭਾਰਤ ਵਿਚ ਦਾਖ਼ਲ ਹੋਣ ਵਾਲ਼ੇ ਹਿੰਦੀਆਂ ਤੇ ਪ੍ਰਾਂਤਕ ਸਰਕਾਰਾਂ ਰਾਹੀਂ ਰੋਕਾਂ ਲਾ ਦਿੱਤੀਆਂ। ਰੋਕਾਂ ਤੋਂ ਬਾਅਦ ਜਿੰਨੇ ਵੀ ਭਾਰਤੀ ਜਹਾਜ਼ਾਂ ਰਾਹੀਂ ਆਏ, ਉਹਨਾਂ ਸਾਰਿਆਂ ਦੀ ਬਰੀਕੀ ਨਾਲ਼ ਪੁਣ-ਛਾਣ ਕਰਕੇ ਸ਼ੱਕੀ ਗ਼ਦਰੀਆਂ ਨੂੰ ਜੂਹਬੰਦ ਕੀਤਾ ਜਾਣ ਲੱਗਾ। ਫਿਰ ਵੀ 1915 ਤੱਕ ਸੈਂਕੜੇ ਗ਼ਦਰੀ ਭਾਰਤ ਪਹੁੰਚੇ ਜਿਨ੍ਹਾਂ ਚੋਂ ਬਹੁਤ ਸਾਰਿਆਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਵਿਚ ਸੁੱਟ ਦਿੱਤਾ ਗਿਆ। ਬਚ ਗਏ ਗ਼ਦਰੀਆਂ ਨੇ ਯੋਜਨਾਬੰਦੀ ਕਰਕੇ ਫ਼ਿਰੋਜ਼ਪੁਰ ਅਤੇ ਮੀਆਂਮੀਰ,  ਲਹੌਰ) ਫੌਜੀ ਛਾਉਣੀਆਂ ਤੋਂ ਭਾਰਤੀ ਸੈਨਕਾਂ ਦੀ ਮਦਦ ਨਾਲ ਅਸਲਾ ਲੁੱਟ ਕੇ ਗ਼ਦਰ ਕਰਨ ਦੇ ਮਨਸੂਬੇ ਬਣਾਏ। ਪਰ ਕੁਝ ਗਦਾਰਾਂ ਰਾਹੀਂ ਗ਼ਦਰ ਦੀ ਤਰੀਕ ਦੋ ਵਾਰ ਲੀਕ ਹੋ ਗਈ। ਅੰਗਰੇਜ਼ਾਂ ਨੂੰ ਗ਼ਦਰ ਬਾਰੇ ਪਤਾ ਲੱਗ ਜਾਣ ਕਾਰਨ ਸਰਕਾਰ ਨੇ ਆਗੂਆਂ ਤੇ ਪੁਲਿਸ ਜਬਰ ਕਰਕੇ ਅਤੇ ਸਾਜ਼ਿਸ਼ ਕੇਸ ਚਲਾ ਕੇ ਫਾਂਸੀ ਦੀ ਸਜ਼ਾ ਤੇ ਉਮਰ ਕੈਦ ਵਰਗੀਆਂ ਸਖ਼ਤ ਸਜ਼ਾਵਾਂ ਦੇ ਕੇ ਇਸ ਲਹਿਰ ਤੇ ਕਾਬੂ ਪਾ ਲਿਆ।

ਗ਼ਦਰ ਪਾਰਟੀ ਦੇ ਪ੍ਰਭਾਵ ਅਧੀਨ ਸਿੰਗਾਪੁਰ ਦੀ ਛਾਉਣੀ ਵਿਚ 5 ਵੀਂ ਲਾਈਟ ਇਨਫੈਂਟਰੀ ਦੇ ਫੌਜੀਆਂ ਨੇ 15 ਫ਼ਰਵਰੀ 1915 ਨੂੰ ਜਾਨਾਂ ਦੀ ਪ੍ਰਵਾਹ ਨਾ ਕਰਦੇ ਹੋਏ ਬਗ਼ਾਵਤ ਕਰਕੇ ਅੰਗਰੇਜ਼ਾਂ ਨੂੰ ਭਾਜੜਾਂ ਪਾ ਦਿੱਤੀਆਂ। ਸਿਪਾਹੀ ਇਸਮਾਈਲ ਖਾਂ ਨੇ ਸਭ ਤੋਂ ਪਹਿਲਾਂ ਸੰਤਰੀ ਦੀ ਡਿਊਟੀ ਛੱਡ ਕੇ ਅਸਲਾ ਜ਼ਮ੍ਹਾਂ ਕਰਨ ਵਾਲ਼ੇ ਅੰਗਰੇਜ਼ ਅਫਸਰ ਨੂੰ ਗੋਲ਼ੀ ਮਾਰ ਦਿੱਤੀ ਅਤੇ ਬਾਗ਼ੀ ਸੈਨਕਾਂ ਨੇ ਬੈਰਕਾਂ ਤੇ ਕਬਜ਼ਾ ਕਰ ਲਿਆ। ਉਹ ਜਰਮਨ ਕੈਦੀਆਂ ਨੂੰ ਛਡਾਉਣ ਵੀ ਗਏ ਪਰ ਕੈਦੀਆਂ ਨੇ ਸਾਥ ਨਾ ਦਿੱਤਾ। ਬਾਗ਼ੀਆਂ ਦਾ ਇੱਕ ਹਿੱਸਾ ਹੈਡ ਕਵਾਟਰ ਤੇ ਕਬਜ਼ਾ ਕਰਨ ਗਿਆ ਪਰ ਕਾਮਯਾਬ ਨਾ ਹੋਇਆ। ਦੂਜਾ ਹਿੱਸਾ ਕਤਲੋਗ਼ਾਰਤ ਕਰਦਾ ਹੋਇਆ ਸ਼ਹਿਰ ਵੱਲ ਗਿਆ ਅਤੇ ਸ਼ਹਿਰ ਦੇ ਥਾਣੇ ਤੇ ਕਬਜ਼ਾ ਕਰ ਲਿਆ। ਇਸ ਕਤਲੋਗ਼ਾਰਤ ਵਿੱਚ 8 ਅੰਗਰੇਜ਼ ਅਫਸਰ, 19 ਸਿਪਾਹੀ ਅਤੇ 17 ਸਿਵਲੀਅਨ ਮਾਰੇ ਗਏ। ਬਗ਼ਾਵਤ ਦੀ ਵਧਦੀ ਕਾਂਗ ਨੂੰ ਵੇਖ ਕੇ ਅੰਗਰੇਜ਼ ਅਧਿਕਾਰੀਆਂ ਨੇ ਵਾਇਰਲੈੱਸ ਕਰਕੇ ਬਾਹਰੋਂ ਕੁੰਮਕ ਮੰਗਵਾ ਲਈ ਅਤੇ ਭੁੱਖੇ-ਪਿਆਸੇ ਗ਼ਦਰੀਆਂ ਨੂੰ ਕਾਬੂ ਕਰ ਲਿਆ। ਬਾਗ਼ੀ ਫੌਜੀ ਗ੍ਰਿਫ਼ਤਾਰ ਕਰ ਲਏ ਗਏ। ਉਹਨਾਂ ਦਾ ਕੋਰਟ ਮਾਰਸ਼ਲ ਕਰਕੇ 44 ਸੈਨਕਾਂ ਨੂੰ ਸ਼ਰੇਆਮ ਗੋਲ਼ੀ ਮਾਰ ਦਿੱਤੀ, 3 ਨੂੰ ਫਾਂਸੀ ਅਤੇ 162 ਨੂੰ ਉਮਰ ਕੈਦ ਦੀ ਸਜ਼ਾ ਹੋਈ। ਇਸ ਤਰ੍ਹਾਂ ਗਦਰੀਆਂ ਦੀ ਇਹ ਬਗ਼ਾਵਤ ਵੀ ਅਸਫਲ ਹੋ ਗਈ।

ਗ਼ਦਰ ਲਹਿਰ ਵਿਚ ਅਨੇਕਾਂ ਗ਼ਦਰੀਆਂ ਨੇ ਸ਼ਹਾਦਤ ਦੇ ਜਾਮ ਪੀਤੇ, ਸੈਂਕੜਿਆਂ ਨੇ ਉਮਰ ਕੈਦਾਂ, ਜਲਾਵਤਨੀਆਂ ਅਤੇ ਜਾਇਦਾਦ ਜਬਤੀ ਦੀਆਂ ਸਜ਼ਾਵਾਂ ਭੁਗਤੀਆਂ। ਇਹਨਾਂ ਵਿਚ 23 ਵੇਂ ਰਸਾਲੇ ਦੇ ਕਈ ਪੰਜਾਬੀ ਸੈਨਿਕ ਵੀ ਸ਼ਾਮਲ ਹਨ ਜਿਹਨਾਂ ਨੇ ਆਪਣੀ ਨੌਂਕਰੀ ਅਤੇ ਜਾਨ ਦੀ ਪਰਵਾਹ ਨਾ ਕਰਦਿਆਂ ਗ਼ਦਰੀਆਂ ਦਾ ਪੂਰਾ ਸਾਥ ਦਿੱਤਾ। ਦੂਜੇ ਪਾਸੇ ਅੰਗਰੇਜ਼ਾਂ ਦੇ ਪਿੱਠੂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਰਬਰਾਹ ਮਹੰਤ ਸ੍ਰ ਅਰੂੜ ਸਿੰਘ ਰਾਹੀਂ ਅਕਾਲ ਤਖ਼ਤ ਤੋਂ ਹੁਕਮਨਾਮਾ ਜਾਰੀ ਕਰਕੇ ਗ਼ਦਰੀ ਯੋਧਿਆਂ ਨੂੰ ਸਿੱਖ ਨਾ ਹੋਣ ਦਾ ਫ਼ਤਵਾ ਜਾਰੀ ਕੀਤਾ ਗਿਆ ਜਿਸ ਨੂੰ ਬਾਅਦ ਵਿੱਚ ਜਥੇਦਾਰ ਕਰਤਾਰ ਸਿੰਘ ਝੱਬਰ ਨੇ ਸੰਗਤ ਦੀ ਪ੍ਰਵਾਨਗੀ ਨਾਲ ਰੱਦ ਕੀਤਾ।

- **ਲਾਹੌਰ ਸਾਜਿਸ਼ ਕੇਸ – 1915**

ਅੰਗਰੇਜ਼ ਸਰਕਾਰ ਵੱਲੋਂ ਗ੍ਰਿਫ਼ਤਾਰ ਕੀਤੇ ਗ਼ਦਰੀ ਦੇਸ਼ ਭਗਤਾਂ ਵਿਰੁੱਧ ਚਲਾਇਆ ਗਿਆ ਮੁਕੱਦਮਾ ਜਿਸ ਦਾ ਫ਼ੈਸਲਾ 13.9.1915 ਨੂੰ ਸੁਣਾਇਆ ਗਿਆ, ਅਨੁਸਾਰ ਜਿਹੜੇ **7 ਗ਼ਦਰੀਆਂ** ਨੂੰ **ਫਾਂਸੀ ਦੀ ਸਜ਼ਾ** ਦਿੱਤੀ ਗਈ ਉਹਨਾਂ ਵਿੱਚ ਜਿਲ੍ਹਾ ਤਰਨਤਾਰਨ ਦੇ **ਭਾਈ ਜਗਤ ਸਿੰਘ ਪੁੱਤਰ ਸ੍ਰ ਅਰੂੜ ਸਿੰਘ ਪਿੰਡ ਸੁਰ ਸਿੰਘ** ਵੀ ਸ਼ਾਮਲ ਸੀ।

- **ਜਿਹੜੇ 23 ਦੇਸ਼ਭਗਤਾਂ ਨੂੰ ਜਲਾਵਤਨੀ ਅਤੇ ਜਾਇਦਾਦ ਜਬਤੀ** ਦੀ ਸਜ਼ਾ ਭੁਗਤਣੀ ਪਈ, ਉਹਨਾਂ ਵਿਚ ਜਿਲ੍ਹਾ ਤਰਨਤਾਰਨ ਦੇ ਹੇਠ ਲਿਖੇ 6 ਸਾਥੀ ਸ਼ਾਮਲ ਸਨ :-

1. ਸ੍ਰ ਹਜ਼ਾਰਾ ਸਿੰਘ ਪੁੱਤਰ ਸ੍ਰ ਬੇਲਾ ਸਿੰਘ ਪਿੰਡ ਦਦੇਹਰ ਸਾਹਿਬ ਥਾਣਾ ਸਰਹਾਲੀ ਜਿਲ੍ਹਾ ਤਰਨਤਾਰਨ
2. ਸ੍ਰ ਬਿਸ਼ਨ ਸਿੰਘ ,, ,, ਜਵਾਲਾ ਸਿੰਘ ,, ,, ,, ,, ,, ,, ,,
3. ਸ੍ਰ ਵਿਸਾਖਾ ਸਿੰਘ ,, ,, ਦਿਆਲ ਸਿੰਘ ,, ,, ,, ,, ,, ,, ,,
4. ਸ੍ਰ ਕੇਹਰ ਸਿੰਘ ,, ,, ਨਿਹਾਲ ਸਿੰਘ ,, ਮਰਹਾਣਾ ,, ,, ,, ,,
5. ਸ੍ਰ ਖ਼ੁਸ਼ਹਾਲ ਸਿੰਘ ,, ,, ਸੁਚੇਤ ਸਿੰਘ ,, ਪੱਧਰੀ ਕਲਾਂ ,, ,,
6. ਸ੍ਰ ਲਾਲ ਸਿੰਘ ,, ,, ਮੀਹਾਂ ਸਿੰਘ ,, ਭੂਰੇ ਗਿੱਲ ,, ,,

- ਜਿਹਨਾਂ 10 ਦੇਸ਼ ਭਗਤਾਂ ਨੂੰ **ਉਮਰ ਭਰ ਦੀ ਜਲਾਵਤਨੀ** ਦੀ ਸਜ਼ਾ ਹੋਈ, ਉਹਨਾਂ ਵਿਚ ਇਸ ਜਿਲ੍ਹੇ ਦੇ ਹੇਠ ਲਿਖੇ 3 ਸਾਥੀ ਸ਼ਾਮਲ ਸਨ :-
    1. ਸ੍ਰ ਮੰਗਲ ਸਿੰਘ ਪੁੱਤਰ ਸ੍ਰ ਸਰਮੁਖ ਸਿੰਘ ਪਿੰਡ ਲਾਲ ਪੁਰ
    2. ਸ੍ਰ ਸ਼ੇਰ ਸਿੰਘ ,, ,, ਕੇਸਰ ਸਿੰਘ ,, ਵੇਈਂ ਪੂਈਂ
    3. ਸ੍ਰ ਊਧਮ ਸਿੰਘ ,, ,, ਮੇਵਾ ਸਿੰਘ ,, ਕਸੇਲ

- **ਘੱਟ ਸਮੇਂ ਲਈ ਜਲਾਵਤਨ** ਹੋਣ ਵਾਲ਼ੇ 8 ਦੇਸ਼ ਭਗਤਾਂ ਵਿਚ 4 ਜਿਲ੍ਹਾ ਤਰਨਤਾਰਨ ਦੇ ਸਨ :-

1. ਸ੍ਰ ਗੁਰਦਿੱਤ ਸਿੰਘ ਪੁੱਤਰ ਸ੍ਰ ਗੁਰਮੁਖ ਸਿੰਘ ਪਿੰਡ ਸੁਰ ਸਿੰਘ
2. ਸ੍ਰ ਇੰਦਰ ਸਿੰਘ ,, ,, ਮੂਲਾ ਸਿੰਘ ,, ,, ,,
3. ਸ੍ਰ ਜਵੰਧ ਸਿੰਘ ,, ,, ਉੱਤਮ ਸਿੰਘ ,, ,, ,,
4. ਸ੍ਰ ਕਾਲ਼ਾ ਸਿੰਘ ,, ,, ਘਸੀਟਾ ਸਿੰਘ ,, ,, ,,

- ਸ੍ਰ ਪਰੇਮ ਸਿੰਘ ਪੁੱਤਰ ਸ੍ਰ ਜੀਵਨ ਸਿੰਘ ਪਿੰਡ ਸੁਰ ਸਿੰਘ ਨੂੰ ਭਗੌੜਾ ਕਰਾਰ ਦਿੱਤਾ ਗਿਆ।

(ਵੇਖੋ ਪੰਨਾ 206-14, 'ਪੰਜਾਬ ਵਿਚ ਗ਼ਦਰ ਲਹਿਰ ਦਾ ਦੌਰ, ਲੇਖਕ ਡਾ ਅਜਮੇਰ ਸਿੰਘ)

- **ਪਹਿਲੇ ਸਪਲੀਮੈਂਟਰੀ ਲਾਹੌਰ ਸਾਜਿਸ਼ ਕੇਸ** ਦੇ ਫ਼ੈਸਲੇ ਰਾਹੀਂ ਜਿਹਨਾਂ ਨੂੰ **ਉਮਰ ਭਰ ਦੀ ਜਲਾਵਤਨੀ ਸਮੇਤ ਜਾਇਦਾਦ ਜਬਤੀ** ਦੀ ਸਜ਼ਾ ਹੋਈ ਉਹਨਾਂ ਵਿਚ ਸ਼ਾਮਲ ਸਨ :-

1. ਸ੍ਰ ਮਹਾਰਾਜ ਸਿੰਘ ਪੁੱਤਰ ਸ੍ਰ ਨਿਹਾਲ ਸਿੰਘ ,, ਕਸੇਲ
2. ਸ੍ਰ ਸੁੱਚਾ ਸਿੰਘ ,, ,, ਗੁਰਦਿੱਤ ਸਿੰਘ ,, ਚੋਹਲਾ ਸਾਹਿਬ

- ਹੇਠ ਲਿਖਿਆਂ ਨੂੰ ਕੇਵਲ **ਉਮਰ ਭਰ ਲਈ ਜਲਾਵਤਨ** ਕੀਤਾ ਗਿਆ ਤੇ ਜਾਇਦਾਦ ਜਬਤ ਨਹੀਂ ਕੀਤੀ ਗਈ :-

1. ਸ੍ਰ ਬੁੱਢਾ ਸਿੰਘ ਪੁੱਤਰ ਸ੍ਰ ਈਸ਼ਰ ਸਿੰਘ ਪਿੰਡ ਸੁਰ ਸਿੰਘ
2. ਸ੍ਰ ਗੰਡਾ ਸਿੰਘ ਉਰਫ਼ ਸੰਗਤ ਸਿੰਘ ਪੁੱਤਰ ਸ੍ਰ ਜਵਾਲਾ ਸਿੰਘ ਪਿੰਡ ਸੁਰ ਸਿੰਘ
3. ਹਰਨਾਮ ਸਿੰਘ ,, ਠਾਕਰ ਸਿੰਘ ,, ,, ਭੂਪ ਸਿੰਘ ,, ਰਸੂਲ ਪੁਰ

- **ਉਮਰ ਕੈਦ ਤੋਂ ਘੱਟ ਸਜ਼ਾ ਵਾਲ਼ੇ** ਗ਼ਦਰੀਆਂ ਵਿਚ ਸ਼ਾਮਲ ਸਨ :-

1. ਸ੍ਰ ਬੋਘ ਸਿੰਘ ਪੁੱਤਰ ਸ੍ਰ ਨੱਥਾ ਸਿੰਘ ਮਹੰਤ ਝਾੜ ਸਾਹਿਬ ਸਜ਼ਾ 7 ਸਾਲ ਕੈਦ ਬਾ-ਮੁਸ਼ੱਕਤ
2. ਸ੍ਰ ਤੇਜਾ ਸਿੰਘ ,, ,, ਦਿਆਲ ਸਿੰਘ ਪਿੰਡ ਭਿੱਖੀਵਿੰਡ ,, ,, ,, ,, ,, ,,
3. ਸ੍ਰ ਸੂਜਾ ਸਿੰਘ ,, ,, ਖ਼ੁਸ਼ਹਾਲ ਸਿੰਘ ,, ਵਲਟੋਹਾ ,, ,, ,, ,, ,, ,,
4. ਸ੍ਰ ਨੱਥਾ ਸਿੰਘ ,, ,, ਮੰਗਲ ਸਿੰਘ ,, ਧੁੰਨ ਥਾਣਾ ਖਾਲੜਾ ,, ,, ,, ,, ,,
5. ਸ੍ਰ ਵਿਸਾਖਾ ਸਿੰਘ ,, ,, ਈਸ਼ਰ ਸਿੰਘ ,, ਦਦੇਹਰ ਸਾਹਿਬ ,, ,, ,, ,, ,,
6. ਸ੍ਰੀ ਸੁਲਤਾਨ ਸ਼ਾਹ ,, ਸ੍ਰੀ ਮਾਘੀ ਸ਼ਾਹ ,, ਭਿੱਖੀਵਿੰਡ ,, 5 ਮਹੀਨੇ ,, ,,
7. ਸ੍ਰ ਠਾਕਰ ਸਿੰਘ ,, ਸ੍ਰ ਸੂਬਾ ਸਿੰਘ ,, ਠੱਠੀਆਂ ਥਾਣਾ ਸਰਹਾਲੀ ,, 3 ,, ,,
8. ਸ੍ਰ ਜੰਮੂ ,, ,, ਵੱਸਣ ਸਿੰਘ ,, ਵਲਟੋਹਾ ਸਜ਼ਾ 6 ਮਹੀਨੇ ਕੈਦ
9. ਸ੍ਰ ਜੱਸਾ ਸਿੰਘ ,, ,, ਨੱਥਾ ਸਿੰਘ ਮਹੰਤ ,, ਝਾੜ ਸਾਹਿਬ ,, ,, ,, ,,

- ਸ੍ਰ ਮੰਗਲ ਸਿੰਘ ਪੁੱਤਰ ਸ੍ਰ ਜਸਵੰਤ ਸਿੰਘ ਪਿੰਡ ਸੁਰ ਸਿੰਘ, ਸ੍ਰ ਸਾਧੂ ਸਿੰਘ ਪੁੱਤਰ ਸ੍ਰ ਸ਼ੇਰ ਸਿੰਘ ਪਿੰਡ ਸੁਰ ਸਿੰਘ ਅਤੇ ਠਾਕਰ ਸਿੰਘ ਪੁੱਤਰ ਸ੍ਰ ਕੱਥਾ ਸਿੰਘ ਪਿੰਡ ਵਲਟੋਹਾ ਤਿੰਨੇ ਇਸ ਕੇਸ ਚੋਂ ਬਰੀ ਹੋ ਗਏ।

- ਇਸ ਕੇਸ ਚੋਂ ਜਿਹਨਾਂ ਨੂੰ **ਦੋਸ਼-ਮੁਕਤ ਕਰਾਰ** ਦਿੱਤਾ ਗਿਆ ਉਹਨਾਂ ਚੋਂ ਹੇਠ ਲਿਖੇ ਜਿਲ੍ਹਾ ਤਰਨਤਾਰਨ ਨਾਲ਼ ਸਬੰਧਤ ਸਨ :-

1. ਕਿਸ਼ਨ ਸਿੰਘ ਪੁੱਤਰ ਸ੍ਰ ਘਸੀਟਾ ਸਿੰਘ ਪਿੰਡ ਠੱਠ ਗੜ੍ਹ
2. ਸੰਤਾ ਸਿੰਘ ਪੁੱਤਰ ਸ੍ਰ ਠਾਕਰ ਸਿੰਘ ਪਿੰਡ ਚੋਹਲਾ ਸਾਹਿਬ
3. ਸੁੰਦਰ ਸਿੰਘ ,, ,, ਭੰਗਾ ਸਿੰਘ ,, ,, ,, ਖ਼ੁਰਦ
4. ਠਾਕਰ ਸਿੰਘ ,, ,, ਖੜਕ ਸਿੰਘ ,, ਖੇਲੇ ਨਜ਼ਦੀਕ ਵੈਰੋਵਾਲ

5. ਉਜਾਗਰ ਸਿੰਘ ,, ,, ਗੁਰਦਿੱਤ ਸਿੰਘ ,, ਮੁੰਡਾ ਪਿੰਡ
6. ਵਧਾਵਾ ਸਿੰਘ ,, ,, ਝੰਡਾ ਸਿੰਘ ,, ਡੁੱਗਰੀ
7. ਹਰਨਾਮ ਸਿੰਘ ,, ,, ਨਰੈਣ ਸਿੰਘ ਲੰਬੜਦਾਰ ਪਿੰਡ ਸਰਹਾਲ਼ੀ

- **ਦੂਜੇ ਸਪਲੀਮੈਂਟਰੀ ਲਾਹੌਰ ਸਾਜਿਸ਼ ਕੇਸ ਵਿਚ** ਦਿਆਲ ਸਿੰਘ ਪੁੱਤਰ ਸ੍ਰ ਸੇਵਾ ਸਿੰਘ ਪਿੰਡ ਮਾਲੂਵਾਲ ਥਾਣਾ ਤਰਨਤਾਰਨ ਅਤੇ ਬਿਸ਼ਨ ਸਿੰਘ ਉਰਫ਼ ਹੁਕਮ ਸਿੰਘ ਪੁੱਤਰ ਸ੍ਰ ਮੈਹਣਾ ਸਿੰਘ ਪਿੰਡ ਮਰਹਾਣਾ ਦੋਵੇਂ ਬਰੀ ਹੋ ਗਏ।

- **ਤੀਜੇ ਅਤੇ ਚੌਥੇ ਸਪਲੀਮੈਂਟਰੀ ਲਾਹੌਰ ਸਾਜਿਸ਼ ਕੇਸ** ਵਿਚ ਜਿਲ੍ਹਾ ਤਰਨਤਾਰਨ ਨਾਲ਼ ਸਬੰਧਤ ਕੋਈ ਗ਼ਦਰੀ ਨਹੀਂ ਸੀ। (ਵੇਖੋ ਪੰਨਾ ਨੰ 215-16, ਪੰਜਾਬ ਵਿਚ ਗ਼ਦਰ ਲਹਿਰ ਦਾ ਦੌਰ, ਲੇਖਕ ਡਾ ਅਜਮੇਰ ਸਿੰਘ)

- ਅੰਗਰੇਜ਼ਾਂ ਦੇ ਝੋਲੀ-ਚੁੱਕ, ਸਰਦਾਰ ਬਹਾਦਰ ਅੱਛਰ ਸਿੰਘ ਪਿੰਡ ਜਗਤ ਪੁਰ ਗ਼ਦਰੀਆਂ ਦੀ ਮੁਖ਼ਬਰੀ ਕਰਿਆ ਕਰਦਾ ਸੀ ਅਤੇ ਰਕਾਬਗੰਜ ਗੁਰਦੁਆਰੇ ਦੇ ਮਸਲੇ ਤੇ ਸਿੱਖਾਂ ਵਿਰੁੱਧ ਪ੍ਰਚਾਰ ਕਰਦਾ ਰਿਹਾ ਸੀ। ਗ਼ਦਰੀਆਂ ਨੇ ਉਹਦਾ 4.06.1915 ਨੂੰ ਛਵ੍ਹੀਆਂ ਨਾਲ਼ ਵੱਢ-ਟੁੱਕ ਕੇ ਕਤਲ ਕਰ ਦਿੱਤਾ। ਇਸ ਕਤਲ ਦੇ ਮੁਕਦਮੇ ਵਿਚ **ਕਾਲ਼ਾ ਸਿੰਘ ਉਰਫ਼ ਪ੍ਰੀਤਮ ਸਿੰਘ ਪਿੰਡ ਜਗਤ ਪੁਰ ਥਾਣਾ ਸਰਹਾਲ਼ੀ ਅਤੇ ਚੰਨਣ ਸਿੰਘ ਪੁੱਤਰ ਸ੍ਰ ਬਲ ਸਿੰਘ ਉਰਫ਼ ਬੂਟਾ ਸਿੰਘ ਪਿੰਡ ਬੂੜ ਚੰਦ (ਪੱਟੀ) ਨੂੰ 21.02.1915 ਨੂੰ ਫਾਂਸੀ ਦੀ ਸਜ਼ਾ** ਸਮੇਤ ਜਾਇਦਾਦ ਜਬਤ ਕੀਤੀ ਗਈ।

- ਵੱਲਾ ਪੁਲ਼ ਤੇ ਸਰਕਾਰੀ ਗਾਰਦ ਤੋਂ ਹਥਿਆਰ ਖੋਹਣ ਲਈ ਕੀਤੇ ਹਮਲੇ ਸਬੰਧੀ ਕੀਤੀਆਂ ਗਈਆਂ ਗ੍ਰਿਫ਼ਤਾਰੀਆਂ ਉਪ੍ਰੰਤ 19.07.15 ਨੂੰ ਮੁਕਦਮਾ ਸ਼ੁਰੂ ਕਰਕੇ 21.07.15 ਨੂੰ ਜਿਹੜੇ ਗ਼ਦਰੀਆਂ ਨੂੰ **ਫਾਂਸੀ ਦੀ ਸਜ਼ਾ** ਹੋਈ ਉਹਨਾਂ ਵਿਚ ਹੇਠ ਲਿਖੇ ਤਰਨਤਾਰਨ ਨਾਲ਼ ਸਬੰਧਤ ਸਨ :-

1. ਕਾਲ਼ਾ ਸਿੰਘ ਪਿੰਡ ਜਗਤ ਪੁਰ 2. ਚੰਨਣ ਸਿੰਘ ਪਿੰਡ ਬੂੜ ਚੰਦ 3. ਹਰਨਾਮ ਸਿੰਘ ਪੁੱਤਰ ਸ੍ਰ ਸੰਤਾ ਸਿੰਘ ਪਿੰਡ ਠੱਠੀ ਖਾਰਾ 4. ਆਤਮਾ ਸਿੰਘ ਪੁੱਤਰ ਸ੍ਰ ਝੰਡਾ ਸਿੰਘ ਪਿੰਡ ਠੱਠੀ ਖਾਰਾ

- ਜਦੋਂ ਗ਼ਦਰੀ ਹਿੰਦੋਸਤਾਨ ਵਿਚ ਗ਼ਦਰ ਕਰਨ ਲਈ ਭਾਰਤ ਆਏ ਅਤੇ ਛਿਪਦੇ-ਛਪਾਉਂਦੇ ਪੰਜਾਬ ਪਹੁੰਚੇ ਤਾਂ ਕਰਤਾਰ ਸਿੰਘ ਸਰਾਭੇ ਵਰਗੇ ਜੋਸ਼ੀਲੇ ਤੇ ਤੇਜ਼ ਤਰਾਰ ਗ਼ਦਰੀਆਂ ਨੇ ਫੌਜੀ ਛਾਉਣੀਆਂ ਵਿਚ ਭਾਰਤੀ ਸੈਨਕਾਂ ਨਾਲ਼ ਤਾਲਮੇਲ ਕੀਤਾ ਅਤੇ ਉਹਨਾਂ ਨੂੰ ਗ਼ਦਰ ਲਈ ਤਿਆਰ ਕੀਤਾ। ਇਸ ਦੇਸ਼-ਸੇਵਾ ਵਿਚ ਬ੍ਰਿਟਿਸ਼ ਭਾਰਤੀ ਫੌਜ ਦੇ **23 ਵੇਂ ਰਸਾਲੇ** ਦੇ ਸੈਨਕਾਂ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਪਰ ਜਦੋਂ ਗ਼ਦਰ ਦੀ ਤਰੀਕ ਦਾ ਭੇਦ ਖੁੱਲ੍ਹ ਗਿਆ ਤਾਂ ਅੰਗਰੇਜ਼ ਸਰਕਾਰ ਨੇ ਗ਼ਦਰੀਆਂ ਵਿਰੁੱਧ ਸ਼ਿਕੰਜਾ ਕੱਸ ਦਿੱਤਾ ਅਤੇ 23 ਵੇਂ ਰਸਾਲੇ ਦੇ ਸੈਨਕਾਂ ਦਾ ਡਗਸ਼ਈ (ਯੂ ਪੀ) ਵਿਖੇ ਸਪੈਸ਼ਲ ਕੋਰਟ ਮਾਰਸ਼ਲ ਕਰਕੇ 3 ਸਤੰਬਰ 1915 ਨੂੰ ਅੰਬਾਲਾ ਜੇਲ੍ਹ ਵਿਚ **ਫਾਂਸੀ ਅਤੇ ਹੋਰ ਸਖ਼ਤ ਸਜ਼ਾਵਾਂ ਦਿੱਤੀਆਂ** ਗਈਆਂ, ਉਹਨਾਂ ਵਿਚ ਤਰਨਤਾਰਨ ਨਾਲ ਸਬੰਧਤ ਹੇਠ ਲਿਖੇ ਸੈਨਕ ਸ਼ਾਮਲ ਸਨ :-

1. ਲਾਂਸ ਦਫ਼ੇਦਾਰ ਲਛਮਣ ਸਿੰਘ ਪੁੱਤਰ ਸ੍ਰ ਕੱਥਾ ਸਿੰਘ ਪਿੰਡ ਚੂਸਲੇਵੜ
2. ਦਫ਼ੇਦਾਰ ਵਧਾਵਾ ਸਿੰਘ ਪੁੱਤਰ ਸ੍ਰ ਸੁਰੈਣ ਸਿੰਘ ਪਿੰਡ ਰੂੜੀਵਾਲ਼ਾ
3. ਭਾਗ ਸਿੰਘ ਪੁੱਤਰ ਸ੍ਰ ਬੂੜ ਸਿੰਘ ,, ,, ,,
4. ਮੋਤਾ ਸਿੰਘ ,, ,, ਈਸ਼ਰ ਸਿੰਘ ,, ,, ,,
5. ਤਾਰਾ ਸਿੰਘ ,, ,, ਸ਼ਾਮ ਸਿੰਘ ,, ,, ,,
6. ਇੰਦਰ ਸਿੰਘ ,, ,, ਜਵੰਧ ਸਿੰਘ ,, ,, ,,
7. ਇੰਦਰ ਸਿੰਘ ,, ,, ਭਗਤ ਸਿੰਘ ,, ਸਬਾਜ਼ਪੁਰ
8. ਬੂਟਾ ਸਿੰਘ ,, ,, ਚੈਂਚਲ ਸਿੰਘ ,, ਕਸੇਲ

9. ਗੁੱਜਰ ਸਿੰਘ ,, ,, ਨਿਹਾਲ ਸਿੰਘ ,, ਲਹੁਕੇ
10. ਜੇਠਾ ਸਿੰਘ ,, ,, ਬਹਾਦਰ ਸਿੰਘ ,, ,,
11. ਬੁੱਧ ਸਿੰਘ ,, ,, ਹੀਰਾ ਸਿੰਘ ,, ਢੋਟੀਆਂ

- ਜਿਹੜੇ ਸੈਨਕਾਂ ਦੀ ਮੌਤ ਦੀ ਸਜ਼ਾ **ਉਮਰ ਕੈਦ** ਵਿਚ ਬਦਲੀ ਗਈ, ਉਹਨਾਂ ਦੇ ਨਾਂ ਇਸ ਤਰ੍ਹਾਂ ਹਨ :-

1. ਬਿਸ਼ਨ ਸਿੰਘ ਪੁੱਤਰ ਸ੍ਰ ਜੀਵਨ ਸਿੰਘ ਪਿੰਡ ਢੋਟੀਆਂ
2. ਬਿਸ਼ਨ ਸਿੰਘ ,, ,, ਰਾਮ ਸਿੰਘ ,, ,,
3. ਨੱਥਾ ਸਿੰਘ ,, ,, ਸੱਦਾ ਸਿੰਘ ,, ,,
4. ਕੇਹਰ ਸਿੰਘ ,, ,, ਭਾਗ ਸਿੰਘ ,, ,,
5. ਚੰਨਣ ਸਿੰਘ ,, ,, ਨੱਥਾ ਸਿੰਘ ,, ਢੰਡ ਕਸੇਲ
6. ਨੰਦ ਸਿੰਘ ,, ,, ਪੰਜਾਬ ਸਿੰਘ ,, ਬੁਰਜ ਰਾਏ ਕੇ

- ਜਿਹੜੇ ਦੇਸ਼ ਭਗਤ ਅੰਗਰੇਜ਼ਾਂ ਦੀਆਂ **ਜੇਲ੍ਹਾਂ ਵਿਚ ਫ਼ੌਤ ਹੋਏ** ਉਹਨਾਂ ਵਿਚ ਹੇਠ ਲਿਖੇ ਸ਼ਾਮਲ ਹਨ:-

1. ਕੇਹਰ ਸਿੰਘ ਪੁੱਤਰ ਸ੍ਰ ਨਿਹਾਲ ਸਿੰਘ ਪਿੰਡ ਮਰਹਾਣਾ
2. ਸੁਰੈਣ ਸਿੰਘ ,, ,, ਨੱਥਾ ਸਿੰਘ ,, ਸ਼ਾਹਬਾਜ਼ ਪੁਰ
3. ਨੱਥਾ ਸਿੰਘ ,, ,, ਸੱਦਾ (ਸਾਧਾ) ਸਿੰਘ ,, ਬੁਰਜ ਰਾਏ ਕੇ
4. ਬੁੱਢਾ ਸਿੰਘ ,, ,, ਈਸ਼ਰ ਸਿੰਘ ,, ਸੁਰ ਸਿੰਘ
5. ਜਿੰਦਰ ਸਿੰਘ ,, ,, ਮੰਗਲ ਸਿੰਘ ,, ਚੌਧਰੀ ਵਾਲਾ
6. ਬੋਘ ਸਿੰਘ ,, ,, ਨੱਥਾ ਸਿੰਘ ਮਹੰਤ ,, ਝਾੜ ਸਾਹਿਬ ਦੀ ਰਿਹਾਈ ਉਪ੍ਰੰਤ ਰਸਤੇ ਵਿਚ ਮੌਤ ਹੋਈ।
   (ਵੇਖੋ ਪੰਜਾਬ ਵਿਚ ਗ਼ਦਰ ਲਹਿਰ ਦਾ ਦੌਰ, ਲੇਖਕ ਡਾ ਅਜਮੇਰ ਸਿੰਘ)

- **ਪੱਧਰੀ ਕਾਂਡ** :- ਪਿੰਡ ਪੱਧਰੀ (ਹੁਣ ਜਿਲ੍ਹਾ ਤਰਨਤਾਰਨ) ਦਾ ਨਿਵਾਸੀ ਕਪੂਰ ਸਿੰਘ ਵੀ ਗ਼ਦਰੀਆਂ ਦੀ ਮੁਖ਼ਬਰੀ ਕਰਦਾ ਹੁੰਦਾ ਸੀ। ਉਹਨੇ ਝਾੜ ਸਾਹਿਬ ਹੋਈ ਗ਼ਦਰੀਆਂ ਦੀ ਮੀਟਿੰਗ ਦੀ ਸੂਚਨਾ ਸਭ ਤੋਂ ਪਹਿਲਾਂ ਸਰਕਾਰ ਨੂੰ ਦਿੱਤੀ ਸੀ। ਲਾਲ ਸਿੰਘ ਭੂਰਿਆਂ ਵਾਲ਼ੇ ਨੂੰ ਫੜਾਉਣ ਕਰਕੇ ਅਤੇ ਲਾਹੌਰ ਸਾਜਿਸ਼ ਕੇਸ ਵਿਚ ਗਵਾਹੀ ਦੇਣ ਕਾਰਨ ਵੀ ਉਹ ਗ਼ਦਰੀਆਂ ਦੀਆਂ ਅੱਖਾਂ 'ਚ ਰੜਕਦਾ ਸੀ। 2 ਅਗਸਤ 1915 ਨੂੰ ਕੁਝ ਗ਼ਦਰੀਆਂ ਨੇ, ਆਪਣੇ ਖੂਹ ਤੋਂ ਨਹਾ ਕੇ ਵਾਪਸ ਆਉਂਦੇ ਕਪੂਰ ਸਿੰਘ ਨੂੰ ਪਿਸਤੌਲ ਦੀਆਂ ਗੋਲੀਆਂ ਨਾਲ ਮਾਰ ਕੇ ਛਵ੍ਹੀਆਂ, ਗੰਡਾਸਿਆਂ ਨਾਲ਼ ਉਹਦਾ ਸਿਰ ਧੜ ਤੋਂ ਅੱਡ ਕਰ ਦਿੱਤਾ ਅਤੇ ਉਹਦਾ ਘਰ ਵੀ ਲੁੱਟ ਲਿਆ। ਪੱਧਰੀ ਕਤਲ ਕੇਸ ਦੇ ਸਬੰਧ ਵਿਚ ਸਪੈਸ਼ਲ ਕਮਿਸ਼ਨਰ ਦੀ ਅਦਾਲਤ ਨੇ 15 ਦੇਸ਼ ਭਗਤਾਂ ਤੇ ਕੇਸ ਦਰਜ ਕੀਤਾ। ਹੇਠ ਲਿਖੇ ਅਨੁਸਾਰ ਸਜ਼ਾਵਾਂ ਦਿੱਤੀਆਂ ਗਈਆਂ :-
- **ਫਾਂਸੀ ਦੀ ਸਜ਼ਾ** :- ਪਰੇਮ ਸਿੰਘ ਪੁੱਤਰ ਸ੍ਰ ਜੀਵਨ ਸਿੰਘ ਪਿੰਡ ਸੁਰ ਸਿੰਘ ਅਤੇ ਇੰਦਰ ਸਿੰਘ ਪੁੱਤਰ ਸ੍ਰ ਗੁਰਮੁਖ ਸਿੰਘ ਪਿੰਡ ਪੱਧਰੀ ਨੂੰ ਮੌਤ ਦੀ ਸਜ਼ਾ ਸੁਣਾਈ ਗਈ।
- **ਜਲਾਵਤਨੀ** :- ਵੀਰ ਸਿੰਘ ਪੁੱਤਰ ਸ੍ਰ ਖੜਕ ਸਿੰਘ ਪਿੰਡ ਸੋਹਲ, ਸੱਜਣ ਸਿੰਘ ਪੁੱਤਰ ਸ੍ਰ ਝੰਡਾ ਸਿੰਘ ਪਿੰਡ ਸੂਰ ਵਿੰਡ, ਬਘੇਲ ਸਿੰਘ ਪੁੱਤਰ ਸ੍ਰ ਬੱਲ ਸਿੰਘ ਪਿੰਡ ਬੂੜ ਚੰਦ ਅਤੇ ਲਾਲ ਸਿੰਘ ਪੁੱਤਰ ਸ੍ਰ ਸੁਚੇਤ ਸਿੰਘ ਪਿੰਡ ਪੱਧਰੀ ਕਲਾਂ ਨੂੰ ਉਮਰ ਭਰ ਲਈ ਜਲਾਵਤਨੀ ਦੀ ਸਜ਼ਾ ਦਿੱਤੀ ਗਈ। ਖ਼ਜ਼ਾਨ ਸਿੰਘ ਪੁੱਤਰ ਸ੍ਰ ਬੂੜ ਸਿੰਘ ਪਿੰਡ ਬੂੜ ਚੰਦ ਨੂੰ ਨਬਾਲਗ ਹੋਣ ਕਾਰਨ 4 ਸਾਲ ਕੈਦ ਦੀ ਸਜ਼ਾ ਸੁਣਾਈ ਗਈ।
- **ਬਰੀ ਹੋਏ** :- ਇੰਦਰ ਸਿੰਘ ਪੁੱਤਰ ਸ੍ਰ ਖੀਵਾ ਸਿੰਘ ਪਿੰਡ ਬੂੜ ਚੰਦ, ਨਾਜਰ ਸਿੰਘ ਪੁੱਤਰ ਸ੍ਰ ਸ਼ਮੀਰ ਸਿੰਘ ਪਿੰਡ ਬੂੜ ਚੰਦ, ਬੱਗਾ ਸਿੰਘ ਪੁੱਤਰ ਭੋਲਾ ਸਿੰਘ ਪਿੰਡ ਬੂੜ ਚੰਦ, ਈਸ਼ਰ ਸਿੰਘ ਪੁੱਤਰ ਸ੍ਰ ਬੂੜ ਸਿੰਘ ਪਿੰਡ ਬੂੜ ਚੰਦ, ਭਾਨ ਸਿੰਘ ਪੁੱਤਰ ਸ੍ਰ ਰੂੜ ਸਿੰਘ ਪਿੰਡ ਬੂੜ ਚੰਦ, ਸਾਰੇ ਬਰੀ ਹੋ ਗਏ।

- ਏਕਮ ਸਿੰਘ ਪੁੱਤਰ ਸ੍ਰ ਹਰਨਾਮ ਸਿੰਘ ਪਿੰਡ ਬਚੜੇ ਨੂੰ ਦੋ ਹੋਰ ਸਾਥੀਆਂ ਸਮੇਤ **ਭਗੌੜਾ ਕਰਾਰ** ਦਿੱਤਾ ਗਿਆ। ਮਗਰੋਂ ਸੈਸ਼ਨ ਜੱਜ ਕੋਲ ਪੇਸ਼ ਹੋਣ ਤੇ ਉਹਨੂੰ ਵੀ ਬਰੀ ਕਰ ਦਿੱਤਾ ਗਿਆ। ਸੱਜਣ ਸਿੰਘ ਪੁੱਤਰ ਸ੍ਰ ਝੰਡਾ ਸਿੰਘ ਦਾ ਵੀ ਦੋਸ਼ ਘੱਟ ਜਾਣ ਕੇ ਸਜ਼ਾ ਉਮਰ ਭਰ ਜਲਾਵਤਨੀ ਤੋਂ ਘਟਾ ਕੇ **10 ਸਾਲ ਕੈਦ** ਕਰ ਦਿੱਤੀ ।

(ਵੇਖੋ ਪੰਨਾ 200-06, ਪੰਜਾਬ ਵਿਚ ਗ਼ਦਰ ਲਹਿਰ ਦਾ ਦੌਰ, ਲੇਖਕ ਡਾ ਅਜਮੇਰ ਸਿੰਘ)

- ਚਰਨ ਸਿੰਘ ਭੋਰਛੀ ਨੇ ਆਪਣੀ ਪੁਸਤਕ 'ਆਜ਼ਾਦੀ ਦਾ ਘੋਲ਼ ਸਿੱਖਾਂ ਦਾ ਰੋਲ਼' ਵਿਚ ਜੇਲ੍ਹਾਂ ਵਿਚ ਕੀਤੇ ਜਾਂਦੇ ਅਤਿਆਚਾਰ ਅਤੇ ਬੀਮਾਰੀ ਕਾਰਨ ਸ਼ਹੀਦ ਹੋਏ ਗ਼ਦਰੀਆਂ ਵਿਚ ਜਿਲ੍ਹਾ ਤਰਨਤਾਰਨ ਦੇ ਭਾਈ ਨਿਹਾਲ ਸਿੰਘ ਬੁਰਜ, ਭਾਈ ਨੱਥਾ ਸਿੰਘ ਢੋਟੀਆਂ ਤੇ ਮਾਸਟਰ ਊਧਮ ਸਿੰਘ ਕਸੇਲ ਨੂੰ ਵੀ ਸ਼ਾਮਲ ਕੀਤਾ ਹੈ।
- ਗੁਰਚਰਨ ਸਿੰਘ ਸੈਂਸਰਾ ਵੱਲੋਂ ਆਪਣੀ ਪੁਸਤਕ 'ਗ਼ਦਰ ਪਾਰਟੀ ਦਾ ਇਤਿਹਾਸ' ਵਿਚ ਦਿੱਤੀ ਗਈ ਲਿਸਟ ਅਨੁਸਾਰ ਵੱਖ ਵੱਖ ਸਜ਼ਾਵਾਂ ਦਾ ਵੇਰਵਾ ਥੋੜ੍ਹਾ ਵੱਖਰਾ ਹੈ ਜੋ ਇਸ ਪ੍ਰਕਾਰ ਹੈ :-
- ਪਹਿਲੇ ਲਾਹੌਰ ਸਾਜਿਸ਼ ਕੇਸ ਵਿਚ ਜਿਹਨਾਂ ਦੀ ਮੌਤ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਵਾਇਸਰਾਏ ਨੇ ਘਟਾ ਕੇ ਉਮਰ ਕੈਦ ਕਾਲ਼ੇ ਪਾਣੀ ਕਰ ਦਿੱਤੀ, ਉਹਨਾਂ ਵਿਚ ਜਿਲ੍ਹਾ ਤਰਨਤਾਰਨ ਦੇ ਕੇਸਰ ਸਿੰਘ ਪੁੱਤਰ ਸ੍ਰ ਭੂਪ ਸਿੰਘ ਪਿੰਡ ਠੱਠ ਗੜ੍ਹ, ਖ਼ੁਸ਼ਹਾਲ ਸਿੰਘ ਪੁੱਤਰ ਸ੍ਰ ਸੁਚੇਤ ਸਿੰਘ ਪਿੰਡ ਪੱਧਰੀ ਸ਼ਾਮਲ ਸਨ।

- ਬਾਕੀ ਉਮਰ ਕੈਦ ਤੇ ਜਾਇਦਾਦ ਜ਼ਬਤੀ ਵਾਲ਼ੇ ਇਨਕਲਾਬੀਆਂ ਵਿਚ ਹੇਠ ਲਿਖੇ ਸ਼ਾਮਲ ਸਨ :-

1. ਬਿਸ਼ਨ ਸਿੰਘ ਪੁੱਤਰ ਸ੍ਰ ਜਵਾਲਾ ਸਿੰਘ ਪਿੰਡ ਦਦੇਹਰ ਸਾਹਿਬ
2. ਵਿਸਾਖਾ ਸਿੰਘ ,, ,, ਦਿਆਲ ਸਿੰਘ ,, ,, ,,
3. ਬਿਸ਼ਨ ਸਿੰਘ ,, ,, ਕੇਸਰ ਸਿੰਘ ,, ,, ,,
4. ਹਜ਼ਾਰਾ ਸਿੰਘ ,, ,, ਬੇਲਾ ਸਿੰਘ ,, ,, ,,
5. ਇੰਦਰ ਸਿੰਘ ,, ,, ਮੂਲਾ ਸਿੰਘ ,, ਸੁਰ ਸਿੰਘ
6. ਜਵੰਧ ਸਿੰਘ ,, ,, ਉੱਤਮ ਸਿੰਘ ,, ,,
7. ਕਾਲ਼ਾ ਸਿੰਘ ,, ,, ਘਸੀਟਾ ਸਿੰਘ ,, ,,
8. ਕੇਹਰ ਸਿੰਘ ,, ,, ਨਿਹਾਲ ਸਿੰਘ ,, ਮਰਹਾਣਾ
9. ਲਾਲ ਸਿੰਘ ,, ,, ਮੀਹਾਂ ਸਿੰਘ ,, ਭੂਰੇ ਗਿੱਲ
10. ਮੰਗਲ ਸਿੰਘ ,, ,, ਸਰਮੁਖ ਸਿੰਘ ,, ਲਾਲ ਪੁਰ
11. ਸ਼ੇਰ ਸਿੰਘ ,, ,, ਕੇਸਰ ਸਿੰਘ ,, ਵੇਈਂ ਪੂਈਂ
12. ਊਧਮ ਸਿੰਘ ,, ,, ਮੇਵਾ ਸਿੰਘ ,, ਕਸੇਲ

- ਦੂਸਰੇ ਲਾਹੌਰ ਸਾਜਿਸ਼ ਕੇਸ ਵਿਚ ਉਮਰ ਕੈਦ ਕਾਲ਼ੇ ਪਾਣੀ ਦੀ ਸਜ਼ਾ ਵਾਲ਼ੇ ਯੋਧਿਆਂ ਵਿਚ ਸ਼ਾਮਲ ਸਨ :-

1. ਬੋਘ ਸਿੰਘ ਪੁੱਤਰ ਸ੍ਰ ਨੱਥਾ ਸਿੰਘ ਪਿੰਡ ਝਾੜ ਸਾਹਿਬ
2. ਗੰਡਾ ਸਿੰਘ ,, ,, ਜਵਾਲਾ ਸਿੰਘ ,, ਸੁਰ ਸਿੰਘ
3. ਬੁੱਢਾ ਸਿੰਘ ਪੁੱਤਰ ਸ੍ਰ ਈਸ਼ਰ ਸਿੰਘ ,, ,, ,,
4. ਹਰਨਾਮ ਸਿੰਘ ,, ,, ਭੂਪ ਸਿੰਘ ,, ਰਸੂਲ ਪੁਰ
5. ਜਿੰਦਰ ਸਿੰਘ ,, ,, ਮੰਗਲ ਸਿੰਘ ,, ਚੌਧਰੀ ਵਾਲ਼ਾ
6. ਕੇਸਰ ਸਿੰਘ ,, ,, ਮੰਗਲ ਸਿੰਘ ,, ਸੁਰ ਸਿੰਘ
7. ਲਾਭ ਸਿੰਘ ,, ,, ਰਾਮ ਸਿੰਘ ,, ਚਕਵਾਲ਼ੀਆ
8. ਲਾਭ ਸਿੰਘ ,, ,, ਬੂੜ ਸਿੰਘ ,, ਵਲਟੋਹਾ

9. ਮੰਗਲ ਸਿੰਘ ,, ,, ਮੂਲਾ ਸਿੰਘ ,, ,,
10. ਮਹਾਰਾਜ ਸਿੰਘ ,, ,, ਨਿਹਾਲ ਸਿੰਘ ,, ਕਸੇਲ
11. ਨੱਥਾ ਸਿੰਘ ,, ,, ਮੰਗਲ ਸਿੰਘ ,, ਧੁੰਨ (ਥਾਣਾ ਖਾਲੜਾ)
12. ਸੁੱਚਾ ਸਿੰਘ ,, ,, ਗੁਰਦਿੱਤ ਸਿੰਘ ,, ਚੋਹਲਾ ਸਾਹਿਬ
13. ਸੁਲਤਾਨ ਸ਼ਾਹ ,, ,, ਮਾਘੀ ਸ਼ਾਹ ,, ਭਿੱਖੀਵਿੰਡ
14. ਸੂਜਾ ਸਿੰਘ ,, ,, ਖ਼ੁਸ਼ਹਾਲ ਸਿੰਘ ,, ਵਲਟੋਹਾ
15. ਤੇਜਾ ਸਿੰਘ ,, ,, ਦਿਆਲ ਸਿੰਘ ,, ਭਿੱਖੀਵਿੰਡ
16. ਵਿਸਾਖਾ ਸਿੰਘ ,, ,, ਈਸ਼ਰ ਸਿੰਘ ,, ਦਦੇਹਰ ਸਾਹਿਬ

- **ਉਮਰ ਕੈਦ ਤੋਂ ਘੱਟ ਸਜ਼ਾਵਾਂ ਵਾਲ਼ੇ**

  1. ਜੰਮੂ ਪੁੱਤਰ ਸ੍ਰੀ ਵਸਾਊ ਪਿੰਡ ਵਲਟੋਹਾ 2. ਜੱਸਾ ਸਿੰਘ ਪੁੱਤਰ ਸ੍ਰ ਨੱਥਾ ਸਿੰਘ ਪਿੰਡ ਝਾੜ ਸਾਹਿਬ

- ਜਿਨ੍ਹਾਂ ਨੂੰ ਕੈਦ ਨਹੀਂ ਕੀਤਾ ਗਿਆ ਪਰ ਉਹਨਾਂ ਦੇ ਪਿੰਡਾਂ ਵਿਚ ਹੀ ਨਜ਼ਰਬੰਦ ਜਾਂ ਜੂਹ-ਬੰਦ ਕੀਤਾ ਗਿਆ, ਉਹਨਾਂ ਵਿਚ ਸ੍ਰ ਜਵੰਧ ਸਿੰਘ ਪੁੱਤਰ ਚੰਦਾ ਸਿੰਘ ਪਿੰਡ ਕੋਹਾੜਕਾ, ਸੁਰਾਇਣ ਸਿੰਘ ਪੁੱਤਰ ਸ੍ਰ ਕਾਲ਼ਾ ਸਿੰਘ ਪਿੰਡ ਸਰਹਾਲ਼ੀ, ਬਹਾਦਰ ਸਿੰਘ ਪੁੱਤਰ ਸ੍ਰ ਰੂੜ ਸਿੰਘ ਪਿੰਡ ਮੋਹਨ ਪੁਰ, ਮੇਹਰ ਸਿੰਘ ਪੁੱਤਰ ਸ੍ਰ ਪੰਜਾਬ ਸਿੰਘ ਪਿੰਡ ਮੋਹਨ ਪੁਰ, ਸੁਰਾਇਣ ਸਿੰਘ ਪੁੱਤਰ ਸ੍ਰ ਰੂੜ ਸਿੰਘ ਪਿੰਡ ਮੋਹਨ ਪੁਰ ਸ਼ਾਮਲ ਸਨ।

- ਜੇਲ੍ਹ ਵਿਚ ਨਜ਼ਰਬੰਦ ਕੀਤੇ ਗਏ - ਭਾਈ ਪਾਲ ਸਿੰਘ ਅਤੇ ਭਾਈ ਬਿਸ਼ਨ ਸਿੰਘ ਮਰਹਾਣਾ, ਭਾਈ ਊਧਮ ਸਿੰਘ ਵੜਿੰਗ ਆਦਿ ਸ਼ਾਮਲ ਸਨ।

- **ਭਾਈ ਲਾਭ ਸਿੰਘ ਪੁੱਤਰ ਸ੍ਰ ਰਾਮ ਸਿੰਘ** ਪਿੰਡ ਚਕਵਾਲ਼ੀਆ, ਤਹਿਸੀਲ ਕਸੂਰ, ਜਿਲ੍ਹਾ ਲਾਹੌਰ (ਹੁਣ ਤਰਨਤਾਰਨ) ਵੀ ਗ਼ਦਰੀ ਯੋਧਾ ਸੀ। ਉਹਨੇ ਹਾਂਗਕਾਂਗ ਦੇ ਗੁਰਦੁਆਰੇ ਵਿਚ ਤਕਰੀਰਾਂ ਕੀਤੀਆਂ ਅਤੇ ਗ਼ਦਰੀ ਸਾਹਿਤ ਵੰਡਿਆ। ਉਸ ਸਮੇਂ ਉਹ ਹਾਂਗਕਾਂਗ ਵਿਚ 26 ਪੰਜਾਬ ਇਨਫੈਂਟਰੀ ਨਾਲ਼ ਸਬੰਧਤ ਸੀ। 19 ਫ਼ਰਵਰੀ ਨੂੰ ਉਸ ਨੂੰ ਰੈਜਮੈਂਟ ਚੋਂ ਕੱਢ ਦਿੱਤਾ ਗਿਆ। ਅਗਲੇ ਦਿਨ ਗ੍ਰਿਫ਼ਤਾਰ ਕਰ ਲਿਆ ਗਿਆ। ਦੂਸਰੇ ਲਾਹੌਰ ਸਾਜ਼ਿਸ਼ ਕੇਸ ਵਿਚ ਉਸ ਨੂੰ ਕਾਲ਼ੇ ਪਾਣੀਆਂ ਵਿਚ ਉਮਰ ਕੈਦ ਦੀ ਸਖ਼ਤ ਸਜ਼ਾ ਦਿੱਤੀ ਗਈ।

- **ਭਾਈ ਮੰਗਲ ਸਿੰਘ** ਪਿੰਡ ਲਾਲ ਪੁਰ, ਥਾਣਾ ਤਰਨਤਾਰਨ ਜਿਲ੍ਹਾ ਅੰਮ੍ਰਿਤਸਰ ਹੁਣ (ਤਰਨਤਾਰਨ) ਨੇ ਵੀ ਕੁਝ ਸਮਾਂ ਹਾਂਗਕਾਂਗ ਵਿਚ ਪੁਲਿਸ ਦੀ ਨੌਂਕਰੀ ਕੀਤੀ। ਬਾਅਦ ਵਿਚ ਉਹ ਕਿਸੇ ਤਰ੍ਹਾਂ ਅਮਰੀਕਾ ਪਹੁੰਚ ਗਿਆ ਅਤੇ ਸੈਕਰਾਮੈਂਟੋ ਵਿਚ ਇਨਕਲਾਬੀ ਸਰਗਰਮੀਆਂ ਵਿਚ ਭਾਗ ਲੈਂਦਾ ਰਿਹਾ। ਉਸ ਨੂੰ ਲਾਹੌਰ ਸਾਜ਼ਿਸ਼ ਕੇਸ ਵਿਚ ਜਾਇਦਾਦ ਜ਼ਬਤੀ ਅਤੇ ਉਮਰ ਕੈਦ ਦੀ ਸਜ਼ਾ ਸੁਣਾਈ ਗਈ।

- **ਭਾਈ ਬਿਸ਼ਨ ਸਿੰਘ ਉਰਫ਼ ਪਹਿਲਵਾਨ** ਪੁੱਤਰ ਸ੍ਰ ਕੇਸਰ ਸਿੰਘ ਪਿੰਡ ਦਦੇਹਰ ਸਾਹਿਬ ਥਾਣਾ ਸਰਹਾਲ਼ੀ ਜਿਲ੍ਹਾ ਅੰਮ੍ਰਿਤਸਰ (ਹੁਣ ਤਰਨਤਾਰਨ) ਬਾਬਾ ਵਿਸਾਖਾ ਸਿੰਘ ਦਦੇਹਰ ਸਾਹਿਬ ਜੀ ਦੇ ਭਤੀਜੇ ਸਨ। ਬਚਪਨ ਵਿੱਚ ਬਾਬਾ ਜੀ ਨਾਲ ਮਾਲ-ਡੰਗਰ ਚਾਰਦੇ ਰਹੇ। ਜਦੋਂ ਬਾਬਾ ਜੀ ਫੌਜ ਵਿੱਚ ਭਰਤੀ ਹੋਏ ਤਾਂ ਇਹ ਰੋਜ਼ੀ-ਰੋਟੀ ਲਈ ਚੀਨ ਚਲੇ ਗਏ ਪਰ ਪਿਤਾ ਦੀ ਮੌਤ ਹੋ ਜਾਣ ਕਾਰਨ ਥੋੜ੍ਹੇ ਸਮੇਂ ਬਾਅਦ ਵਾਪਸ ਆ ਗਏ। ਕੁਝ ਸਮੇਂ ਬਾਅਦ ਫਿਰ ਚੀਨ ਪਹੁੰਚ ਗਏ। ਸ਼ਿੰਘਾਈ ਵਿਚ ਪੁਲਿਸ ਦੀ ਨੌਂਕਰੀ ਕਰਦੇ ਸਨ। ਬਾਅਦ ਵਿਚ ਉਹ ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਰਾਂ ਵਿਚ ਸ਼ਾਮਲ ਸਨ। ਜਹਾਜ਼ ਦੇ ਵਾਪਸ ਕਲਕੱਤੇ ਪਹੁੰਚਣ ਸਮੇਂ ਬਜ ਬਜ ਘਾਟ ਤੇ ਚੱਲੀ ਗੋਲ਼ੀ ਵਿੱਚ ਜ਼ਖ਼ਮੀ ਹਾਲਤ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਉਮਰ ਕੈਦ, ਕਾਲ਼ੇ ਪਾਣੀਆਂ ਦੀ ਜੇਲ੍ਹ ਅਤੇ ਜਾਇਦਾਦ ਜਬਤੀ ਦੀ ਕਠੋਰ ਸਜ਼ਾ ਦਿੱਤੀ ਗਈ।

- **ਬਾਬਾ ਬਿਸ਼ਨ ਸਿੰਘ ਪੁੱਤਰ ਸ੍ਰ ਜਵਾਲਾ ਸਿੰਘ** ਪਿੰਡ ਦਦੇਹਰ ਸਾਹਿਬ ਕੰਮ-ਕਾਰ ਦੀ ਭਾਲ਼ ਵਿੱਚ ਵਿਦੇਸ਼ ਗਏ ਸਨ ਪਰ ਉੱਥੇ ਗ਼ਦਰ ਪਾਰਟੀਦੇ ਆਗੂਆਂ ਨਾਲ਼ ਤਾਲਮੇਲ ਹੋ ਜਾਣ ਕਾਰਨ ਪਾਰਟੀ ਨਾਲ਼ ਜੁੜ ਗਏ ਅਤੇ ਪਾਰਟੀ ਸਰਗਰਮੀਆਂ ਵਿੱਚ ਭਾਗ ਲੈਣ ਲੱਗ ਗਏ। ਉਹ ਪਾਰਟੀ ਦੀ ਫਿਲਪਾਈਨਜ਼ ਇਕਾਈ ਦੇ ਮੈਂਬਰ ਹੋਣ ਕਾਰਨ ਪਾਰਟੀ ਨੂੰ ਫੰਡ ਇਕੱਠਾ ਕਰਕੇ ਦੇਂਦੇ ਰਹੇ। ਪਾਰਟੀ ਦੇ ਹਿੰਦ ਪਹੁੰਚਣ ਦੇ ਸੱਦੇ ਤੇ ਭਾਰਤ ਪਹੁੰਚ ਕੇ ਮੀਆਂਮੀਰ ਛਾਉਣੀ ਲਹੌਰ ਵਿੱਚ ਬਗ਼ਾਵਤ ਕਰਉਣ ਵਾਲ਼ਿਆਂ ਵਿੱਚ ਸ਼ਾਮਲ ਸਨ। ਮੁਖ਼ਬਰੀ ਹੋ ਜਾਣ ਕਾਰਨ ਸਕੀਮ ਫੇਲ੍ਹ ਹੋ ਗਈ ਅਤੇ ਗ੍ਰਿਫ਼ਤਾਰੀ ਉਪ੍ਰੰਤ ਉਹਨਾਂ ਨੂੰ ਲਹੌਰ ਸਾਜ਼ਿਸ਼ ਕੇਸ ਅਧੀਨ ਉਮਰ ਕੈਸ, ਕਾਲ਼ੇ ਪਾਣੀਆਂ ਦੀ ਜੇਲ੍ਹ ਅਤੇ ਜਾਇਦਾਦ ਜਬਤੀ ਦੀ ਸਜ਼ਾ ਭੁਗਤਣੀ ਪਈ।

- **ਬਾਬਾ ਹਜ਼ਾਰਾ ਸਿੰਘ ਪੁੱਤਰ ਸ੍ਰ ਬੇਲਾ ਸਿੰਘ** ਪਿੰਡ ਦਦੇਹਰ ਕੰਮ ਦੀ ਭਾਲ਼ ਵਿੱਚ ਪਹਿਲਾਂ ਸ਼ਿੰਘਾਈ ਅਤੇ ਫਿਰ ਅਮਰੀਕਾ ਪਹੁੰਚੇ। ਉੱਥੇ ਕੈਲੇਫ਼ੋਰਨੀਆ ਵਿੱਚ ਹੋਲਟਵਿੱਲ ਦੇ ਸਾਂਝੇ ਖੇਤੀ ਫਾਰਮ ਤੇ ਬਾਬਾ ਬਿਸਾਖਾ ਸਿੰਘ, ਜਵਾਲਾ ਸਿੰਘ ਠੱਠੀਆਂ ਅਤੇ ਸੰਤੋਖ ਸਿੰਘ ਧਰਦੇਅ ਨਾਲ਼ ਮੇਲ਼ ਹੋਣ ਪਿੱਛੋਂ ਗ਼ਦਰ ਪਾਰਟੀ ਦੇ ਮੈਂਬਰ ਬਣ ਗਏ।ਸਭ ਤੋਂ ਪਹਿਲਾਂ ਫਾਰਮ ਤੇ ਇਕ ਗੁਰਦੁਆਰਾ ਬਣਵਾਇਆ ਗਿਆ ਜਿਸ ਦੇ ਪਹਿਲੇ ਗ੍ਰੰਥੀ ਦੀ ਸੇਵਾ ਬਾਬਾ ਹਜ਼ਾਰਾ ਸਿੰਘ ਨੂੰ ਸੌਂਪੀ ਗਈ। ਪਾਰਟੀ ਦੇ ਫੈਸਲੇ ਅਨੁਸਾਰ ਭਾਰਤ ਵਿੱਚ ਗ਼ਦਰ ਕਰਨ ਲਈ ਹਿੰਦੀਆਂ ਨੂੰ ਤਿਆਰ ਕਰਕੇ ਦੇਸ਼ ਭੇਜਣ ਲਈ ਉਹਨਾਂ ਦੀ ਡਿਊਟੀ ਸ਼ੰਘਾਈ ਵਿਖੇ ਲੱਗੀ। ਭਾਰਤ ਪਹੁੰਚ ਕੇ ਪਾਰਟੀ ਦੀਆਂ ਮੀਟਿੰਗਾਂ ਵਿੱਚ ਭਾਗ ਲਿਆ ਅਤੇ ਪਾਰਟੀ ਲਈ ਫੰਡ ਵੀ ਇਕੱਠਾ ਕੀਤਾ। ਸੁਨੇਹਾ ਮਿਲਣ ਤੇ ਗ਼ਦਰ ਕਰਨ ਲਈ ਲਹੌਰ ਮੀਆਂਮੀਰ ਛਾਉਣੀ ਪਹੁੰਚੇ ਪਰ ਸੂਹ ਮਿਲ ਜਾਣ ਕਾਰਨ ਅੰਗਰੇਜ਼ ਅਧਿਕਾਰੀਆਂ ਨੇ ਸਖ਼ਤੀ ਕਰ ਦਿੱਤੀ। ਉਹਨਾਂ ਨੂੰ ਗ੍ਰਿਫ਼ਤਾਰ ਕਰਕੇ ਲਹੌਰ ਸਾਜ਼ਿਸ਼ ਕੇਸ ਅਧੀਨ ਉਮਰ ਕੈਦ, ਕਾਲ਼ੇ ਪਾਣੀਆਂ ਦੀ ਜੇਲ੍ਹ ਅਤੇ ਜਾਇਦਾਦ ਜਬਤੀ ਦੀ ਸਜ਼ਾ ਦਿੱਤੀ ਗਈ।

- **ਭਾਈ ਵਿਸਾਖਾ ਸਿੰਘ ਪੁੱਤਰ ਸ੍ਰ ਈਸ਼ਰ ਸਿੰਘ** ਵੀ ਪਿੰਡ ਦਦੇਹਰ ਸਾਹਿਬ ਦੇ ਵਾਸੀ ਸਨ। ਉਹਨਾਂ ਨੇ ਮੁਢਲੀ ਸਿੱਖਿਆ ਬਾਬਾ ਵਿਸਾਖਾ ਸਿੰਘ ਜੀ ਦੇ ਨਾਲ਼ ਹੀ ਪਿੰਡ ਦੇ ਗੁਰਦੁਆਰੇ ਦੇ ਗ੍ਰੰਥੀ ਤੋਂ ਪ੍ਰਾਪਤ ਕੀਤੀ। ਦੋਹਾਂ ਵਿੱਚ ਚੰਗਾ ਪਿਆਰ-ਮੁਹੱਬਤ ਸੀ। ਉਹ ਜਵਾਨੀ ਵੇਲ਼ੇ ਖੇਤੀ ਦਾ ਧੰਦਾ ਛੱਡ ਕੇ ਸ਼ਿੰਘਾਈ ਚਲੇ ਗਏ। ਨੌਂਕਰੀ ਕਰਦਿਆਂ ਉਹਨਾਂ ਨੇ ਉੱਥੇ ਬਾਬਾ ਗੁੱਜਰ ਸਿੰਘ ਭਕਨਾ ਨਾਲ਼ ਮਿਲ ਕੇ ਗ਼ਦਰ ਪਾਰਟੀ ਬ੍ਰਾਂਚ ਬਣਾਈ। ਸੰਸਾਰ ਜੰਗ ਲੱਗ ਜਾਣ ਪਿੱਛੋਂ ਪਾਰਟੀ ਦੇ ਪ੍ਰੋਗਰਾਮ ਮੁਤਾਬਕ ਦੋਵੇਂ ਬਚ-ਬਚਾ ਕੇ ਭਾਰਤ ਪਹੁੰਚੇ। ਗ਼ਦਰੀ ਮੀਟਿੰਗਾਂ ਵਿੱਚ ਭਾਗ ਲੈਂਦੇ ਰਹੇ। 26 ਨਵੰਬਰ 1914 ਨੂੰ ਮੀਆਂਮੀਰ ਛਾਉਣੀ ਤੇ ਹਮਲਾ ਕਰਨਾ ਸੀ ਪਰ ਛਾਉਣੀ ਦੇ ਗ੍ਰੰਥੀ ਦੀ ਗ਼ਦਾਰੀ ਕਾਰਨ ਕੰਮ ਨੇਪਰੇ ਨਾ ਚੜ੍ਹਿਆ। ਮੁਖ਼ਬਰ ਦੀ ਸੂਹ ਤੇ ਭਾਈ ਵਿਸਾਖਾ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਪਹਿਲੇ ਲਹੌਰ ਸਾਜ਼ਿਸ਼ ਕੇਸ ਵਿੱਚ ਉਮਰ ਕੈਦ, ਕਾਲ਼ੇ ਪਾਣੀ ਅਤੇ ਜਾਇਦਾਦ ਜਬਤੀ ਦੀ ਸਜ਼ਾ ਹੋਈ।

- **ਭਾਈ ਸੂਜ਼ਾ ਸਿੰਘ ਪੁੱਤਰ ਸ੍ਰ ਖ਼ੁਸ਼ਹਾਲ ਸਿੰਘ** ਪਿੰਡ ਵਲ਼ਟੋਹਾ (ਹੁਣ ਜਿਲ੍ਹਾ ਤਰਨਤਾਰਨ) ਨੇ ਸ਼ਿੰਘਾਈ ਦੇ ਗੁਰਦੁਆਰੇ ਵਿਚ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਗ਼ਦਰ ਲਹਿਰ ਦਾ ਸਾਥ ਦੇਣ ਦੀ ਸਹੁੰ ਚੁੱਕੀ ਸੀ। ਉਸ ਨੂੰ ਪਾਰਟੀ ਵੱਲੋਂ ਕਾਮਾਗਾਟਾ ਮਾਰੂ ਸਾਕੇ ਬਾਰੇ ਪ੍ਰਚਾਰ ਕਰਨ ਲਈ ਪੰਜਾਬ ਭੇਜਿਆ ਗਿਆ ਸੀ। ਉਹ ਸ਼ਿੰਘਾਈ ਤੋਂ ਜਾਰਡਨ ਬੋਟ ਰਾਹੀਂ 28-29 ਸਤੰਬਰ 1914 ਨੂੰ ਕਲਕੱਤੇ ਪਹੁੰਚਿਆ। 12 ਸਤੰਬਰ 1915 ਨੂੰ ਅੰਗਰੇਜ਼ ਸਰਕਾਰ ਨੇ ਉਹਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਜਾਇਦਾਦ ਜ਼ਬਤੀ ਸਮੇਤ ਦੇਸ਼ ਨਿਕਾਲੇ ਨਾਲ਼ ਉਮਰ ਕੈਦ ਦੀ ਸਖ਼ਤ ਸਜ਼ਾ ਦਿੱਤੀ ਗਈ।

- **ਭਾਈ ਤੇਜਾ ਸਿੰਘ ਪੁੱਤਰ ਸ੍ਰ ਦਿਆਲ ਸਿੰਘ** ਪਿੰਡ ਭਿੱਖੀਵਿੰਡ ਜਿਲ੍ਹਾ ਲਾਹੌਰ (ਹੁਣ ਤਰਨ ਤਾਰਨ) ਸ਼ਿੰਘਾਈ ਪੁਲਿਸ ਵਿਚ ਨੌਂਕਰੀ ਕਰਦਾ ਸੀ ਪਰ ਬਗਾਵਤ ਵਿਚ ਭਾਗ ਲੈਣ ਕਾਰਨ ਉਸ ਨੂੰ ਨੌਂਕਰੀ ਚੋਂ ਕੱਢ ਦਿੱਤਾ ਗਿਆ। ਉਸ ਨੂੰ ਉਮਰ ਕੈਦ, ਕਾਲ਼ੇ ਪਾਣੀ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਹੋਈ। ਬਾਅਦ ਵਿਚ ਹਜ਼ਾਰੀ ਬਾਗ ਜੇਲ੍ਹ ਚੋਂ ਭੱਜਣ ਵਾਲ਼ੇ 18 ਸਿੰਘਾਂ ਵਿਚ ਉਹ ਵੀ ਸ਼ਾਮਲ ਸੀ। ਉਹ ਝਾੜ ਸਾਹਿਬ ਵਾਲੀ ਮੀਟਿੰਗ ਅਤੇ ਸਰਹਾਲ਼ੀ ਥਾਣੇ ਤੇ ਹਮਲੇ ਵਿਚ ਵੀ ਹਾਜ਼ਰ ਸੀ। ਉਸ ਨੂੰ ਦੂਸਰੇ ਲਾਹੌਰ ਸਾਜ਼ਿਸ਼ ਕੇਸ ਵਿਚ ਕਾਲ਼ੇ ਪਾਣੀ ਜੇਲ੍ਹ ਵਿਚ ਉਮਰ ਕੈਦ ਦੀ ਸਖ਼ਤ ਸਜ਼ਾ ਦਿੱਤੀ ਗਈ।

- **ਪੰਡਤ ਹਰਨਾਮ ਦਾਸ ਪੁੱਤਰ ਸ੍ਰੀ ਕਾਂਸ਼ੀ ਰਾਮ ਬਾਹਮਣ** ਪਿੰਡ ਵਾਂ ਤਾਰਾ ਸਿੰਘ (ਤਰਨਤਾਰਨ) ਨੂੰ ਅੰਗਰੇਜ਼ਾਂ ਨੇ ਗ਼ਦਰ ਅਖ਼ਬਾਰ ਵੰਡਣ ਦੇ ਦੋਸ਼ ਵਿੱਚ ਸ਼ੰਘਾਈ ਤੋਂ ਪਿੰਡ ਲਿਆ ਕੇ ਨਜ਼ਰ-ਬੰਦ ਕੀਤਾ ਗਿਆ। ਉਹ ਸ਼ਿੰਘਾਈ ਵਿੱਚ ਗ਼ਦਰ ਪਾਰਟੀ ਦੀ ਬ੍ਰਾਂਚ ਦੇ ਨਾ ਕੇਵਲ ਸਰਗਰਮ ਮੈਂਬਰ ਸਨ ਸਗੋਂ ਬ੍ਰਾਂਚ ਦੇ ਮੋਢੀ ਸੰਸਥਾਪਕ ਸਨ।

## 10. ਜੱਲ੍ਹਿਆਂਵਾਲ਼ੇ ਬਾਗ ਦਾ ਕਤਲਿਆਮ

ਪਹਿਲੀ ਸੰਸਾਰ ਜੰਗ ਦੇ ਖ਼ਾਤਮੇ ਪਿੱਛੋਂ ਅੰਗਰੇਜ਼ਾਂ ਨੂੰ ਸੋਵੀਅਤ ਰੂਸ ਦੇ ਸਫ਼ਲ ਇਨਕਲਾਬ ਦਾ ਭੂਤ ਰਾਤ ਦਿਨ ਚੈਨ ਨਹੀਂ ਸੀ ਲੈਣ ਦੇਂਦਾ। ਉਹ ਏਨੇ ਡਰੇ ਹੋਏ ਸਨ ਕਿ ਇਹ ਸਮਝਣ ਲੱਗ ਪਏ ਸਨ ਕਿ ਰੂਸ ਭਾਰਤ ਵਿਚ ਬਾਗੀਆਂ ਦੀ ਮਦਦ ਤੇ ਆ ਸਕਦਾ ਹੈ। ਉਹਨਾਂ ਦੀ ਇਸ ਮਾਨਸਿਕਤਾ ਨੇ ਭਾਰਤੀ ਲੋਕਾਂ ਨੂੰ ਦਬਾਉਣ ਲਈ ਰੌਲਟ ਐਕਟ ਨਾਂ ਦਾ ਖ਼ਤਰਨਾਕ ਬਿੱਲ ਲੈ ਆਂਦਾ। ਇਹ ਇਕ ਐਸਾ ਕਨੂੰਨ ਸੀ ਜੋ ਸਰਕਾਰ ਨੂੰ ਕਿਸੇ ਵੀ ਵਿਅਕਤੀ ਨੂੰ ਬਿਨਾਂ ਕਿਸੇ ਮੁਕਦਮੇ ਦੇ ਗ੍ਰਿਫ਼ਤਾਰ ਕਰਨ ਦੀ ਆਗਿਆ ਦੇਂਦਾ ਸੀ। ਭਾਰਤੀ ਲੋਕਾਂ ਵਿਚ ਪਹਿਲਾਂ ਹੀ ਅੰਗਰੇਜ਼ ਸਾਮਰਾਜ ਵਿਰੁੱਧ ਨਫ਼ਰਤ ਭਰਦੀ ਜਾ ਰਹੀ ਸੀ ਅਤੇ ਉਹ ਗ਼ਦਰੀ ਦੇਸ਼ ਭਗਤਾਂ ਨੂੰ ਦਿੱਤੀਆਂ ਗਈਆਂ ਸਖ਼ਤ ਸਜ਼ਾਵਾਂ ਕਾਰਨ ਗੁੱਸੇ ਵਿਚ ਸਨ। ਮਹਾਤਮਾ ਗਾਂਧੀ ਨੇ ਰੌਲਟ ਐਕਟ ਬਿੱਲ ਦਾ ਸ਼ਾਂਤਮਈ ਢੰਗ ਨਾਲ਼ ਵਿਰੋਧ ਕਰਨ ਦਾ ਸੱਦਾ ਦਿੱਤਾ। ਪਰ ਭਾਰਤੀਆਂ ਦੇ ਸਖ਼ਤ ਵਿਰੋਧ ਦੇ ਬਾਵਜੂਦ ਸਰਕਾਰ ਨੇ 18 ਮਾਰਚ 1919 ਨੂੰ ਇਹ ਬਿੱਲ ਪਾਸ ਕਰ ਦਿੱਤਾ। ਇਸ ਐਕਟ ਦਾ ਪੰਜਾਬੀਆਂ ਨੇ ਧਾਰਮਿਕ ਕੰਧਾਂ ਟੱਪ ਕੇ ਇੱਕਮੁਠਤਾ ਨਾਲ ਵਿਰੋਧ ਕੀਤਾ ਅਤੇ ਥਾਂ ਥਾਂ ਪ੍ਰਦਰਸ਼ਨ ਕੀਤੇ। 6 ਅਪ੍ਰੈਲ 1919 ਨੂੰ ਦਿੱਤੇ ਗਏ ਦੇਸ਼ ਵਿਆਪੀ ਹੜਤਾਲ ਦੇ ਸੱਦੇ ਨੂੰ ਪੰਜਾਬ ਵਿਚ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੇ ਮਿਲ ਕੇ ਸਾਂਝੇ ਤੌਰ ਤੇ ਲਾਗੂ ਕੀਤਾ। ਗਵਰਨਰ ਪੰਜਾਬ, ਮਾਈਕਲ ਓਡਵਾਇਰ ਨੂੰ ਲੋਕਾਂ ਦੀ ਇਹ ਏਕਤਾ ਵੇਖ ਕੇ ਸੱਤੀਂ ਕੱਪੜੀਂ ਅੱਗ ਲੱਗ ਗਈ। ਲੋਕਾਂ ਨੇ ਉਹਦੇ ਗੁੱਸੇ ਦੀ ਕੋਈ ਪ੍ਰਵਾਹ ਨਾ ਕੀਤੀ ਅਤੇ 9 ਅਪ੍ਰੈਲ ਨੂੰ ਰਾਮਨੌਮੀ ਦੇ ਮੌਕੇ ਤੇ ਲਹੌਰ ਵਿਚ 20000 ਹਿੰਦੂ-ਸਿੱਖ-ਮੁਸਲਮਾਨਾਂ ਦਾ ਇਕੱਠ ਹੋ ਗਿਆ। 30 ਮਾਰਚ ਅਤੇ 6 ਅਪ੍ਰੈਲ ਨੂੰ ਅੰਮ੍ਰਿਤਸਰ ਵਿਚ ਹੋਏ ਸਾਂਝੇ ਇਕੱਠ ਲਹੌਰ ਨਾਲੋਂ ਵੀ ਵੱਡੇ ਸਨ। ਲੋਕਾਂ ਦਾ ਉਤਸ਼ਾਹ ਵੇਖ ਕੇ ਮਹਾਤਮਾ ਗਾਂਧੀ ਨੇ

ਸੱਤਿਆਗ੍ਰਹਿ ਸ਼ਾਂਤਮਈ ਰੱਖਣ ਦੀ ਅਪੀਲ ਕਰਨ ਲਈ ਪੰਜਾਬ ਆਉਣ ਦੀ ਕੋਸ਼ਿਸ਼ ਕੀਤੀ ਪਰ ਸਰਕਾਰ ਨੇ ਉਹਨਾਂ ਨੂੰ ਪੰਜਾਬ 'ਚ ਦਾਖ਼ਲ ਹੋਣ ਤੋਂ ਪਹਿਲਾਂ ਹੀ ਪਲਵਲ ਸਟੇਸ਼ਨ ਤੋਂ ਗ੍ਰਿਫ਼ਤਾਰ ਕਰ ਲਿਆ।

10 ਅਪ੍ਰੈਲ ਨੂੰ ਮਿਸਟਰ ਇਰਵਿੰਗ ਡੀ. ਸੀ. ਅੰਮ੍ਰਿਤਸਰ ਨੇ ਡਾ. ਸੈਫ਼ਉਦੀਨ ਕਿਚਲੂ ਅਤੇ ਡਾ. ਸੱਤਿਆ ਪਾਲ ਨੂੰ ਸੱਦ ਕੇ ਧੋਖੇ ਨਾਲ਼ ਗ੍ਰਿਫ਼ਤਾਰ ਕਰ ਲਿਆ ਅਤੇ ਪੰਜਾਬ ਤੋਂ ਬਾਹਰ ਭੇਜ ਦਿੱਤਾ। ਲੋਕਾਂ ਵਿਚ ਆਪਣੇ ਆਗੂਆਂ ਦੀ ਗ੍ਰਿਫ਼ਤਾਰੀ ਹੋਣ ਨਾਲ ਗੁੱਸਾ ਹੋਰ ਵਧ ਗਿਆ ਅਤੇ ਅਗਲੇ ਦਿਨ ਲਹੌਰ ਅਤੇ ਅੰਮ੍ਰਿਤਸਰ ਵਿਚ ਆਪ ਮੁਹਾਰੇ ਹੜਤਾਲ ਤੇ ਰੋਸ ਮੁਜ਼ਾਹਰੇ ਹੋਏ। ਪੰਜਾਬੀਆਂ ਵੱਲੋਂ ਵਿਖਾਏ ਜੋਸ਼ ਅਤੇ ਏਕਤਾ ਨੇ ਅੰਗਰੇਜ਼ ਹਾਕਮਾਂ ਨੂੰ ਤ੍ਰੇਲੀਆਂ ਲਿਆ ਦਿੱਤੀਆਂ। ਲੋਕਾਂ ਦੇ ਵਿਰੋਧ ਨੂੰ ਸਮਝਣ ਅਤੇ ਹੱਲ ਕਰਨ ਦੀ ਥਾਂ ਗਵਰਨਰ ਓਡਵਾਇਰ ਨੇ ਜਲੰਧਰ ਤੋਂ ਫੌਜ ਦੇ ਬੈਗੇਡੀਅਰ ਜਨਰਲ ਡਾਇਰ ਨੂੰ ਬੁਲਾ ਕੇ ਅੰਮ੍ਰਿਤਸਰ ਦੀ ਕਮਾਨ ਉਸ ਨੂੰ ਸੰਭਾਲ ਦਿੱਤੀ। ਭਾਵੇਂ ਡਾਇਰ ਨੇ ਸ਼ਹਿਰ ਵਿਚ ਲੋਕਾਂ ਦੇ ਇਕੱਠੇ ਹੋਣ ਵਿਰੁੱਧ ਮੁਨਿਆਦੀ ਕਰਵਾਈ ਪਰ ਸਥਾਨਕ ਲੋਕਾਂ ਨੇ ਬਹੁਤੀ ਪ੍ਰਵਾਹ ਨਾ ਕੀਤੀ ਤੇ ਬਾਹਰੋਂ ਆਉਣ ਵਾਲ਼ਿਆਂ ਨੂੰ ਇਹਦਾ ਕੋਈ ਪਤਾ ਨਾ ਲੱਗਾ। 13 ਅਪ੍ਰੈਲ ਨੂੰ ਵਿਸਾਖੀ ਵਾਲ਼ੇ ਦਿਨ ਜੱਲ੍ਹਿਆਂ ਵਾਲ਼ੇ ਬਾਗ ਵਿਚ 10000 ਤੋਂ ਵੱਧ ਲੋਕ ਇਕੱਠੇ ਹੋਏ। ਉਹ ਸ਼ਾਂਤਮਈ ਢੰਗ ਨਾਲ਼ ਬੈਠੇ ਆਪਣੇ ਆਗੂਆਂ ਦੇ ਭਾਸ਼ਣ ਸੁਣ ਰਹੇ ਸਨ ਕਿ ਸ਼ਾਮ ਦੇ ਪੰਜ ਵਜੇ ਜਨਰਲ ਡਾਇਰ 50 ਸਿਪਾਹੀਆਂ ਅਤੇ 40 ਗੋਰਖਿਆਂ ਸਮੇਤ ਮਸ਼ੀਨ ਗੰਨ ਲੈ ਕੇ, ਬਾਗ ਵਿਚ ਇੱਕੋ ਇਕ ਐਂਟਰੀ ਭੀੜੀ ਗਲ਼ੀ ਵਿਚ ਆ ਧਮਕਿਆ ਅਤੇ ਬਿਨਾਂ ਕਿਸੇ ਚੇਤਾਵਨੀ ਦੇ ਫ਼ਾਇਰ ਖੋਲ੍ਹ ਦਿੱਤਾ। ਸੈਂਕੜੇ ਨਹੀਂ, ਹਜ਼ਾਰਾਂ ਲੋਕੀਂ ਗੋਲ਼ੀਆਂ ਦਾ ਸ਼ਿਕਾਰ ਹੋਏ। ਸਰਕਾਰੀ ਰਿਪੋਰਟ ਮੁਤਾਬਕ 1650 ਗੋਲ਼ੀਆਂ ਚੱਲੀਆਂ, 379 ਸ਼ਹੀਦ ਅਤੇ 1200 ਜ਼ਖ਼ਮੀ ਹੋਏ ਪਰ ਅਸਲ ਗਿਣਤੀ ਇਸ ਤੋਂ ਕਿਤੇ ਵੱਧ ਸੀ। ਬਾਗ ਵਿਚ ਲਾਸ਼ਾਂ ਦੇ ਢੇਰ ਲੱਗੇ ਪਏ ਸਨ ਤੇ ਭੱਜ ਦੌੜ ਵਿਚ ਬਹੁਤ ਸਾਰੇ ਲੋਕ ਬਾਗ ਵਿਚ ਬਣੇ ਇਕ ਖੂਹ ਵਿਚ ਵੀ ਡਿੱਗ ਪਏ ਸਨ। ਡੇਢ ਦੋ ਹਜ਼ਾਰ ਲਾਸ਼ਾਂ ਤੇ ਹਜ਼ਾਰਾਂ ਜ਼ਖ਼ਮੀ ਲੋਕ ਸਾਰੀ ਰਾਤ ਤੜਫਦੇ ਰਹੇ ਅਤੇ ਪਾਣੀ-ਪਾਣੀ ਕੁਰਲਾਉਂਦੇ ਰਹੇ ਪਰ ਕਿਸੇ ਨੇ ਉਹਨਾਂ ਨੂੰ ਮਲ੍ਹਮ ਪੱਟੀ ਤਾਂ ਕੀ ਕਰਨੀ ਸੀ, ਪਾਣੀ ਦੀ ਬੂੰਦ ਤਕ ਵੀ ਨਾ ਪਿਆਈ। ਸ਼ਹਿਰ ਦਾ ਬਿਜਲੀ ਪਾਣੀ ਹੀ ਬੰਦ ਕਰ ਦਿੱਤਾ ਗਿਆ ਸੀ। ਅਗਲੇ ਦਿਨ ਲਾਸ਼ਾਂ ਦਾ ਸੰਸਕਾਰ ਕੀਤਾ ਗਿਆ। ਸ਼ਹਿਰ ਵਿਚ ਆਮ ਹੜਤਾਲ ਰਹੀ ਤੇ ਪੁਲਿਸ ਨੇ ਡਰਾ ਧਮਕਾ ਕੇ ਦੁਕਾਨਾਂ ਖੁਲ੍ਹਵਾਉਣ ਦੀ ਕੋਸ਼ਿਸ਼ ਕੀਤੀ। ਇਸ ਘਟਨਾ ਕਾਰਨ ਲੋਕਾਂ ਵਿਚ ਅੰਗਰੇਜ਼ਾਂ ਵਿਰੁੱਧ ਹੋਰ ਗੁੱਸਾ ਫੈਲ ਗਿਆ। ਲੋਕਾਂ ਨੂੰ ਠੰਢਾ ਕਰਨ ਦੀ ਮਨਸ਼ਾ ਨਾਲ ਜਨਰਲ ਡਾਇਰ ਹਰਿਮੰਦਰ ਸਾਹਿਬ ਗਿਆ ਅਤੇ ਪੁਜਾਰੀਆਂ ਨੂੰ ਖ਼ੁਸ਼ ਕਰਕੇ ਸਿਰੋਪਾ ਹਾਸਲ ਕੀਤਾ। ਉਸ ਸਮੇਂ ਸ੍ਰੀ ਅਕਾਲ ਤਖ਼ਤ ਤੇ ਹਰਿਮੰਦਰ ਸਾਹਿਬ ਦਾ ਸਰਬਰਾਹ ਸ੍ਰ ਅਰੂੜ ਸਿੰਘ ਸ਼ੇਰਗਿੱਲ ਸੀ। ਜੱਲ੍ਹਿਆਂਵਾਲ਼ੇ ਬਾਗ ਦੇ ਇਸ ਵਹਿਸ਼ੀ ਤੇ ਅਣ-ਮਨੁੱਖੀ ਕਤਲਿਆਮ ਨੇ ਪੰਜਾਬ ਵਿਚ ਅੰਗਰੇਜ਼ਾਂ ਵਿਰੁੱਧ ਗੁੱਸੇ ਦੀ ਜਵਾਲਾ ਨੂੰ ਹੋਰ ਤੇਜ਼ ਕੀਤਾ, ਲੋਕਾਂ ਵਿਚ ਫ਼ਿਰਕੂ ਏਕਤਾ ਪੈਦਾ ਕੀਤੀ ਅਤੇ ਦੇਸ਼ ਦੀ ਅਜ਼ਾਦੀ ਲਈ ਸੰਘਰਸ਼ ਹੋਰ ਤਿੱਖਾ ਕਰਨ ਦੀ ਚਿਣਗ ਪੈਦਾ ਕੀਤੀ ਜਿਸ ਦੇ ਫਲਸਰੂਪ ਗੁਰਦੁਆਰਾ ਸੁਧਾਰ ਲਹਿਰ ਦੀਆਂ ਲੜਾਈਆਂ, ਨਾ-ਮਿਲਵਰਤਨ ਲਹਿਰ, ਅਸਹਿਯੋਗ ਅੰਦੋਲਨ ਅਤੇ ਕਿਸਾਨ ਮੋਰਚੇ ਵਰਗੇ ਸੰਘਰਸ਼ਾਂ ਦੀ ਨੀਂਹ ਰੱਖੀ ਗਈ।

- **ਇਸ ਗੋਲ਼ੀ ਕਾਂਡ ਵਿਚ ਸ਼ਹੀਦ ਹੋਏ 90 ਬੰਦਿਆਂ ਦੀ ਲਿਸਟ ਵਿਚ ਜਿਲ੍ਹਾ ਤਰਨ ਤਾਰਨ ਦੇ** ਹੇਠ ਲਿਖੇ ਸਾਥੀ ਸ਼ਾਮਲ ਹਨ :-

1. ਸ੍ਰ ਉਜਾਗਰ ਸਿੰਘ ਪੁੱਤਰ ਸ੍ਰ ਬੁੱਢਾ ਸਿੰਘ, ਉਮਰ 30 ਸਾਲ, ਪਿੰਡ ਮੀਆਂ ਪੁਰ (ਕਸੇਲ)
2. ਸ੍ਰ ਉਜਾਗਰ ਸਿੰਘ ਪੁੱਤਰ ਸ੍ਰ ਵਧਾਵਾ ਸਿੰਘ, ਉਮਰ 28 ਸਾਲ, ਪਿੰਡ ਢੰਡ ਕਸੇਲ
3. ਸ੍ਰ ਸੇਵਾ ਸਿੰਘ ਵਲ਼ਦ ਸ੍ਰ ਮੰਨਾ ਸਿੰਘ, ਉਮਰ 23 ਸਾਲ, ਪਿੰਡ ਲਾਲੂ ਘੁੰਮਣ
4. ਸ੍ਰ ਸੁੰਦਰ ਸਿੰਘ ਪੁੱਤਰ ਸ੍ਰ ਜਵਾਲਾ ਸਿੰਘ, ਉਮਰ 23 ਸਾਲ, ਪਿੰਡ ਚਾਹਲ ਕਲਾਂ
5. ਸ੍ਰ ਸੁਰੈਣ ਸਿੰਘ ਪੁੱਤਰ ਸ੍ਰ ਖੜਕ ਸਿੰਘ, ਉਮਰ 33 ਸਾਲ, ਪਿੰਡ ਮੀਆਂ ਪੁਰ (ਕਸੇਲ)
6. ਸ੍ਰ ਸੁਰਜਨ ਸਿੰਘ ਪੁੱਤਰ ਸ੍ਰ ਦਇਆ ਸਿੰਘ, ਉਮਰ 35 ਸਾਲ, ਪਿੰਡ ਚੱਕ ਸਿਕੰਦਰ
7. ਸ੍ਰ ਸੁਰਜਨ ਸਿੰਘ ਪੁੱਤਰ ਸ੍ਰ ਸੰਤ ਸਿੰਘ, ਪਿੰਡ ਫ਼ਤਿਹਾਬਾਦ
8. ਸ੍ਰ ਕਾਲ਼ਾ ਸਿੰਘ ਪੁੱਤਰ ਸ੍ਰ ਤਾਰਾ ਸਿੰਘ, ਪਿੰਡ ਝਬਾਲ
9. ਸ੍ਰ ਨੱਥਾ ਸਿੰਘ ਪੁੱਤਰ ਸ੍ਰ ਜਵਾਲਾ ਸਿੰਘ, ਉਮਰ 35 ਸਾਲ, ਪਿੰਡ ਜਗਤ ਪੁਰ
10. ਸ੍ਰ ਪ੍ਰਤਾਪ ਸਿੰਘ ਪੁੱਤਰ ਸ੍ਰ ਟਹਿਲ ਸਿੰਘ, ਉਮਰ 30 ਸਾਲ, ਪਿੰਡ ਢੰਡ ਕਸੇਲ

11. ਸ੍ਰ. ਤਾਰਾ ਸਿੰਘ ਪੁੱਤਰ ਸ੍ਰ. ਝੰਡਾ ਸਿੰਘ, ਉਮਰ 16 ਸਾਲ, ਪਿੰਡ ਮੂਲਾ (ਮਾਨੋ ਚਾਹਿਲ)
12. ਸ੍ਰ. ਬਾਵਾ ਸਿੰਘ ਪੁੱਤਰ ਸ੍ਰ. ਮੰਗਲ ਸਿੰਘ, ਉਮਰ 20 ਸਾਲ, ਪਿੰਡ ਕੱਲ੍ਹਾ
13. ਸ੍ਰ. ਬੂੜ ਸਿੰਘ ਪੁੱਤਰ ਸ੍ਰ. ਗੰਡਾ ਸਿੰਘ, ਉਮਰ 35 ਸਾਲ, ਪਿੰਡ ਝਾਮਕੇ
14. ਸ੍ਰ. ਮੰਗਲ ਸਿੰਘ ਪੁੱਤਰ ਸ੍ਰ. ਈਸ਼ਰ ਸਿੰਘ, ਉਮਰ 50 ਸਾਲ, ਪਿੰਡ ਲਹੁਕੇ

## 11. ਬੱਬਰ ਅਕਾਲੀ ਲਹਿਰ

ਗ਼ਦਰ ਪਾਰਟੀ ਵੱਲੋਂ ਸ਼ੁਰੂ ਕੀਤੀ ਗ਼ਦਰ ਲਹਿਰ ਦੇ ਖ਼ਾਤਮੇ ਅਤੇ ਅਕਾਲੀ ਲਹਿਰ ਦੌਰਾਨ ਧਾਰਨ ਕੀਤੀ ਗਾਂਧੀਵਾਦੀ ਅਹਿੰਸਕ ਪਹੁੰਚ ਤੋਂ ਅੱਕੇ ਹੋਏ ਕੁਝ ਗਰਮ ਖ਼ਿਆਲੀ ਖਾੜਕੂ ਸੁਭਾਅ ਦੇ ਜਥੇਦਾਰਾਂ ਨੇ 1921-22 ਵਿਚ ਬੱਬਰ ਅਕਾਲੀ ਜਥੇ ਬਣਾ ਲਏ। ਮੁਢਲੇ ਰੂਪ ਵਿਚ ਇਹਨਾਂ ਦਾ ਬਹੁਤਾ ਪ੍ਰਭਾਵ ਕੇਵਲ ਹੁਸ਼ਿਆਰਪੁਰ ਤੇ ਜਲੰਧਰ ਵਰਗੇ ਦੁਆਬੇ ਦੇ ਪਿੰਡਾਂ ਵਿਚ ਸੀ। ਮਾਸਟਰ ਮੋਤਾ ਸਿੰਘ, ਭਾਈ ਕਿਸ਼ਨ ਸਿੰਘ ਗੜਗੱਜ, ਕਰਮ ਸਿੰਘ ਦੌਲਤਪੁਰ, ਬਿਸ਼ਨ ਸਿੰਘ ਮਾਂਗਟ, ਉਦੇ ਸਿੰਘ ਰਾਮਗੜ੍ਹ, ਮਾਸਟਰ ਦਲੀਪ ਸਿੰਘ ਗੋਸਲ, ਭਾਈ ਬਖ਼ਸੀਸ਼ ਸਿੰਘ, ਭਾਈ ਸੁੰਦਰ ਸਿੰਘ ਦੇਸ਼ ਸੇਵਕ ਤੇ ਬਾਬਾ ਦਲੀਪ ਸਿੰਘ ਆਦਿ ਮੁਢਲੇ ਆਗੂ ਸਨ। ਇਹਨਾਂ ਨੇ ਅੰਗਰੇਜ਼ਾਂ ਦੇ ਟਾਊਟਾਂ, ਮੁਖ਼ਬਰਾਂ, ਅੰਗਰੇਜ਼ਾਂ ਦੇ ਵਫ਼ਾਦਾਰ ਲੈਂਡਲਾਰਡਾਂ/ਜਗੀਰਦਾਰਾਂ ਅਤੇ ਭ੍ਰਿਸ਼ਟ ਮਹੰਤਾਂ ਨੂੰ ਕਤਲ ਕਰਨ ਦਾ ਟੀਚਾ ਮਿਥਿਆ। ਬੱਬਰ ਅਕਾਲੀ ਦੋਆਬਾ ਨਾਂ ਦੀ ਅਖ਼ਬਾਰ ਕੱਢ ਕੇ ਹਥਿਆਰਬੰਦ ਵਿਦਰੋਹ ਕਰਨ ਦਾ ਸੱਦਾ ਦਿੱਤਾ। ਮਗਰੋਂ ਕਈ ਗ਼ਦਰੀ ਤੇ ਖਾੜਕੂ ਸੁਭਾਅ ਦੇ ਅਕਾਲੀ ਵੀ ਇਸ ਲਹਿਰ ਵਿਚ ਸ਼ਾਮਲ ਹੋ ਗਏ। ਗੁਰਦੁਆਰਾ ਸੁਧਾਰ ਲਹਿਰ ਸਮੇਂ ਸਿੱਖਾਂ ਤੇ ਕੀਤੇ ਗਏ ਬੇ-ਤਿਹਾਸ਼ਾ ਤਸ਼ੱਦਦ ਨੇ ਵੀ ਗਰਮ ਖਿਆਲੀ ਸਿੱਖਾਂ ਦੇ ਹਿਰਦੇ ਵਿਚ ਧੁਖਦੀ ਅੱਗ ਨੂੰ ਭਾਂਬੜ ਬਣਾਇਆ। ਉਹਨਾਂ ਨੇ ਸਾਕਾ ਨਨਕਾਣਾ ਸਾਹਿਬ ਦੇ ਜ਼ਿੰਮੇਵਾਰ ਪੁਲਿਸ ਕਪਤਾਨ ਬੋਅਰਿੰਗ ਨੂੰ ਮਾਰਨ ਦਾ ਪਲਾਨ ਬਣਾਇਆ ਪਰ ਮੁਖ਼ਬਰੀ ਹੋ ਜਾਣ ਕਾਰਨ ਗੰਡਾ ਸਿੰਘ ਤੇ ਬੇਲਾ ਸਿੰਘ ਫੜੇ ਗਏ। ਮਾਸਟਰ ਮੋਤਾ ਸਿੰਘ ਤੇ ਕਿਸ਼ਨ ਸਿੰਘ ਗੜਗੱਜ ਦੋਵੇਂ ਵਧੀਆ ਬੁਲਾਰੇ ਸਨ। ਉਹ ਅੰਗਰੇਜ਼ਾਂ ਵਿਰੁੱਧ ਜੋਸ਼ੀਲੀ ਤਕਰੀਰ ਕਰਕੇ ਚੁੱਪ ਚਾਪ ਇਕੱਠ ਚੋਂ ਖਿਸਕ ਜਾਂਦੇ ਸਨ। ਇਹਨਾਂ ਦੇ ਜਥੇ ਦਾ ਨਾਂ 'ਚੱਕਰਵਰਤੀ ਜਥਾ' ਸੀ।

ਕਰਮ ਸਿੰਘ ਦੌਲਤਪੁਰ ਨੇ ਪੈਸਿਆਂ ਦਾ ਪ੍ਰਬੰਧ ਕਰਕੇ ਪ੍ਰਚਾਰ ਲਈ ਕਿਸ਼ਨ ਸਿੰਘ ਬੱਬਰ ਦੀ ਨਿਗਰਾਨੀ ਹੇਠ 'ਬੱਬਰ ਅਕਾਲੀ ਦੋਆਬਾ' ਨਾਂ ਦੀ ਅਖ਼ਬਾਰ ਕੱਢਣੀ ਸ਼ੁਰੂ ਕੀਤੀ ਅਤੇ ਦੇਸ਼ ਭਗਤਾਂ ਦੀ ਮੁਖ਼ਬਰੀ ਕਰਨ ਵਾਲਿਆਂ ਨੂੰ ਚਿਤਾਵਨੀਆਂ ਦਿੱਤੀਆਂ

ਗਈਆਂ। 10 ਫ਼ਰਵਰੀ 1923 ਨੂੰ ਬੂਹੀ ਵਾਲ਼ੇ ਜ਼ੈਲਦਾਰ ਕਿਸ਼ਨ ਸਿੰਘ ਨੂੰ ਪਾਰ ਬੁਲਾਇਆ ਗਿਆ। ਫਿਰ ਰੁੜਕੀ ਦੇ ਦੀਵਾਨ, ਨੰਗਲ ਸ਼ਾਮਾਂ ਦੇ ਬੂਟੇ ਨੰਬਰਦਾਰ, ਮਿਸਤਰੀ ਲਾਭ ਸਿੰਘ ਗੜ੍ਹਸ਼ੰਕਰ, ਹਜ਼ਾਰਾ ਸਿੰਘ ਬਹਿਬਲ ਪੁਰੀਏ, ਸੂਬੇਦਾਰ ਗੇਂਦਾ ਸਿੰਘ, ਰੱਲੇ ਅਤੇ ਦਿੱਤੂ ਕੌਲ ਪੁਰ, ਅਤਾ ਮੁਹੰਮਦ ਪਟਵਾਰੀ, ਜਵਾਲਾ ਸਿੰਘ ਕੋਟਲੀ ਬਾਵਾ ਦਾਸ, ਬਿਸ਼ਨ ਸਿੰਘ ਸਾਂਧੜਾ ਆਦਿ ਦੇ ਕਤਲ ਕੀਤੇ ਅਤੇ ਹੋਰ ਕਈਆਂ ਤੇ ਕਾਤਲਾਨਾ ਹਮਲੇ ਕੀਤੇ ਗਏ। ਸਿੱਟੇ ਵਜੋਂ ਚਾਰੇ ਪਾਸੇ ਬੱਬਰਾਂ ਦੀ ਪੂਰੀ ਦਹਿਸ਼ਤ ਫੈਲ ਗਈ। ਪਰ ਇਹ ਮਹੌਲ ਦੋ ਕੁ ਸਾਲ ਹੀ ਕਾਇਮ ਰਿਹਾ। ਜਲਦੀ ਹੀ ਪੁਲਿਸ ਸੀ. ਆਈ. ਡੀ. ਰਾਹੀਂ ਬੱਬਰਾਂ ਦਾ ਖੁਰਾ ਨੱਪਣ ਵਿਚ ਕਾਮਯਾਬ ਹੋ ਗਈ ਅਤੇ ਬਹੁਤ ਸਾਰੇ ਬੱਬਰ ਗ੍ਰਿਫ਼ਤਾਰ ਕਰ ਲਏ ਗਏ। ਵਕਤੀ ਜੋਸ਼ ਦੇ ਅਸਰ ਹੇਠ ਬੱਬਰਾਂ 'ਚ ਸ਼ਾਮਲ ਹੋਏ ਕਈ ਸਾਥੀ ਵਾਅਦਾ ਮੁਆਫ਼ ਗਵਾਹ ਬਣ ਗਏ। ਜਦੋਂ ਸਰਕਾਰ ਨੇ ਖ਼ਤਰਨਾਕ ਬੱਬਰਾਂ ਦੇ ਸਿਰ ਤੇ ਇਨਾਮ ਰੱਖੇ ਤਾਂ ਲਾਲਚ ਵਿਚ ਕੁਝ ਲੋਕਾਂ ਨੇ ਬੱਬਰ ਫੜਾਉਣੇ ਸ਼ੁਰੂ ਕਰ ਦਿੱਤੇ। ਅਨੂਪ ਸਿੰਘ ਮਾਣਕੋ ਦੀ ਮੁਖ਼ਬਰੀ ਤੇ ਭਾਈ ਕਰਮ ਸਿੰਘ ਦੌਲਤਪੁਰ, ਭਾਈ ਉਦੈ ਸਿੰਘ ਰਾਮਗੜ੍ਹ, ਭਾਈ ਬਿਸ਼ਨ ਸਿੰਘ ਤੇ ਭਾਈ ਮਹਿੰਦਰ ਸਿੰਘ ਪੰਡੋਰੀ ਗੰਗਾ ਸਿੰਘ ਨੂੰ ਪੁਲਿਸ ਨੇ ਘੇਰਾ ਪਾ ਕੇ ਇਕ ਪੁਲਿਸ ਮੁਕਾਬਲੇ ਵਿਚ ਮਾਰ ਦਿੱਤਾ।

24 ਅਕਤੂਬਰ 1923 ਨੂੰ ਧੰਨਾ ਸਿੰਘ ਬਹਿਬਲ ਪੁਰੀਏ ਨੂੰ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਤਾਂ ਉਹਨੇ ਕੱਛ 'ਚ ਲੁਕਾਏ ਬੰਬ ਨਾਲ਼ 10 ਪੁਲਿਸ ਵਾਲ਼ੇ ਮਾਰ ਮੁਕਾਏ। 12 ਦਸੰਬਰ 1923 ਨੂੰ ਮੰਡੇਰਾਂ ਪਿੰਡ ਵਿਚ ਤਿੰਨ ਬੱਬਰਾਂ ਨੂੰ ਪੁਲਿਸ ਨੇ ਘੇਰਾ ਪਾ ਲਿਆ, ਕਈ ਘੰਟੇ ਮੁਕਾਬਲਾ ਚੱਲਿਆ, ਆਖ਼ਰ ਚੁਬਾਰੇ ਨੂੰ ਅੱਗ ਲਾਈ ਗਈ। ਦੋ ਬੱਬਰ ਮਾਰੇ ਗਏ ਪਰ ਤੀਜਾ ਵਰਿਆਮ ਸਿੰਘ ਧੁੱਗਾ ਜ਼ਖ਼ਮੀ ਹੋਣ ਦੇ ਬਾਵਜੂਦ ਭੱਜਣ ਵਿਚ ਸਫਲ ਹੋ ਗਿਆ ਜੋ ਮਗਰੋਂ 8 ਜੂਨ 1924 ਵਿਚ ਇਕ ਮੁਕਾਬਲੇ ਵਿਚ ਸ਼ਹੀਦ ਹੋਇਆ। ਬ੍ਰਿਟਿਸ਼ ਪੁਲਿਸ ਦਾ ਦਬਾਅ ਵਧ ਜਾਣ ਕਾਰਨ ਬਹੁਤ ਸਾਰੇ ਬੱਬਰਾਂ ਨੂੰ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ ਗਿਆ ਅਤੇ 91 ਬੱਬਰਾਂ ਨੂੰ ਫੜ੍ਹ ਕੇ 'ਬੱਬਰ ਅਕਾਲੀ ਸਾਜਿਸ਼ ਕੇਸ' ਦਾਇਰ ਕੀਤਾ ਗਿਆ। ਇਹਨਾਂ ਵਿੱਚੋਂ 6 ਜਣਿਆਂ ਨੂੰ ਲਹੌਰ ਸੈਂਟਰਲ ਜੇਲਹ ਵਿੱਚ ਫਾਂਸੀ, 17 ਨੂੰ ਉਮਰ ਕੈਦ, 25 ਨੂੰ ਵੱਖ ਵੱਖ ਸਮੇਂ ਦੀ ਕੈਦ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ ਅਤੇ 40 ਬਰੀ ਕੀਤੇ ਗਏ। ਗੁਰਬਚਨ ਸਿੰਘ ਨੇ ਉਮਰ ਕੈਦ ਵਾਲ਼ੇ 12, 20 ਸਾਲ ਸਜ਼ਾ ਵਾਲ਼ੇ 4, ਅਤੇ ਇਸ ਤੋਂ ਘੱਟ ਕੈਦ ਵਾਲ਼ਿਆਂ ਦੀ ਗਿਣਤੀ 34 ਲਿਖੀ ਹੈ। ਗ਼ਦਾਰ ਆਸਾ ਸਿੰਘ ਅਤੇ ਧੰਨਾ ਸਿੰਘ ਕੋਟਲੀ ਦੀ ਮੁਖ਼ਬਰੀ ਤੇ ਫੜੇ ਗਏ 37 ਗ਼ਦਰੀਆਂ ਵਿੱਚੋਂ ਵੀ ਛੇ ਨੂੰ 27 ਫ਼ਰਵਰੀ 1927 ਨੂੰ ਲਹੌਰ ਸੈਂਟਰਲ ਜੇਲ੍ਹ ਵਿੱਚ ਫਾਂਸੀ ਦੇ ਕੇ ਸ਼ਹੀਦ ਕੀਤਾ ਗਿਆ। ਮਈ-ਜੂਨ 1934 ਵਿਚ ਕੈਨੇਡਾ ਵਿਚ ਗ਼ਦਰੀਆਂ ਖਿਲਾਫ਼ ਅੰਗਰੇਜ਼ਾਂ ਦੀ ਟਾਊਟੀ ਕਰਨ ਵਾਲ਼ੇ ਬੇਲਾ ਸਿੰਘ ਦਾ ਪੰਜਾਬ ਆਉਣ ਪਿੱਛੋਂ ਬੱਬਰਾਂ ਨੇ ਕਤਲ ਕਰ ਦਿੱਤਾ। 1938 ਵਿਚ ਜੇਲ੍ਹਾਂ ਤੋਂ ਰਿਹਾ ਹੋਏ ਅਗੂਆਂ ਚੋਂ ਗਿਆਨੀ ਹਰਬੰਸ ਸਿੰਘ ਨੇ 'ਯੁੱਗ ਪਲਟਾਊ ਦਲ' ਬਣਾ ਕੇ ਮੁੜ ਕੋਸ਼ਿਸ਼ ਕੀਤੀ ਪਰ ਛੇਤੀ ਹੀ ਉਹਨੂੰ ਪੁਲਿਸ ਨੇ ਫੜ ਕੇ 1944 ਵਿਚ ਫਾਂਸੀ ਦੀ ਸਜ਼ਾ ਦੇ ਦਿੱਤੀ। ਆਖ਼ਰ ਸਰਕਾਰੀ ਤਾਕਤ ਦੇ ਜ਼ੋਰ ਅਤੇ ਮੁਖ਼ਬਰਾਂ ਤੇ ਲਾਲਚੀਆਂ ਨੂੰ ਇਨਾਮ ਦੇ ਕੇ ਗ੍ਰਿਫ਼ਤਾਰੀਆਂ ਜਾਂ ਪੁਲਿਸ ਮੁਕਾਬਲਿਆਂ ਰਾਹੀਂ ਅੰਗਰੇਜ਼ ਹਕੂਮਤ ਨੇ ਇਸ ਲਹਿਰ ਤੇ ਕਾਬੂ ਪਾ ਲਿਆ ਗਿਆ।

- **ਬੱਬਰ ਅਕਾਲੀਆਂ ਵਿਰੁੱਧ ਦਰਜ ਮੁਕਦਮਾ - ਬੱਬਰ ਸਪਲੀਮੈਂਟਰੀ ਕੇਸ-॥**

(ਸ਼ਹਿਨਸ਼ਾਹ ਬਨਾਮ ਨਿੱਕਾ ਸਿੰਘ ਅਤੇ ਹੋਰ) ਜਿਸ ਦਾ ਫ਼ੈਸਲਾ **27.02.1927** ਨੂੰ ਹੋਇਆ, ਵਿਚ ਜਿਲ੍ਹਾ ਤਰਨਤਾਰਨ ਨਾਲ਼ ਸਬੰਧਤ ਯੋਧੇ :-

- **ਛੇ ਬੱਬਰਾਂ** ਜਿਹਨਾਂ ਨੂੰ ਫਾਂਸੀ ਦੀ ਸਜ਼ਾ ਹੋਈ ਉਹਨਾਂ ਵਿਚ ਜਿਲ੍ਹਾ ਤਰਨਤਾਰਨ ਦੇ **ਸ੍ਰ ਨਿੱਕਾ ਸਿੰਘ ਪੁੱਤਰ ਸ੍ਰ ਬੂਟਾ ਸਿੰਘ ਪਿੰਡ ਆਲੋਵਾਲ** ਅਤੇ **ਸ੍ਰ ਸੁੰਦਰ ਸਿੰਘ ਪੁੱਤਰ ਸ੍ਰ ਬਸਾਵਾ ਸਿੰਘ ਪਨੂੰ ਪਿੰਡ ਲਹੁਕੇ** ਸ਼ਾਮਲ ਸਨ।
- ਜਿਹੜੇ 14 ਬੱਬਰਾਂ ਨੂੰ ਉਮਰ ਕੈਦ ਹੋਈ ਉਹਨਾਂ ਵਿਚ **ਗਿਆਨ ਸਿੰਘ ਪੁੱਤਰ ਸ੍ਰ ਹੀਰਾ ਸਿੰਘ ਪਿੰਡ ਅੱਲੋਵਾਲ ਅਤੇ ਗੁਰਦਿੱਤ ਸਿੰਘ ਪੁੱਤਰ ਸ੍ਰ ਪੂਰਨ ਸਿੰਘ ਪਿੰਡ ਅਲੀਪੁਰ ਗੁੱਦਾ** ਸ਼ਾਮਲ ਸਨ।
- ਇਸ ਕੇਸ ਚੋਂ ਸਬੂਤਾਂ ਦੀ ਘਾਟ ਕਾਰਨ ਬਰੀ ਹੋਏ 10 ਬੱਬਰਾਂ ਵਿਚ **ਪਾਲਾ ਸਿੰਘ ਪਿੰਡ ਜੌੜ ਸਿੰਘ ਵਾਲਾ ਅਤੇ ਰਤਨ ਸਿੰਘ ਵੇਈਂ ਪੂਈਂ** ਸ਼ਾਮਲ ਸਨ।
- ਸੈਸ਼ਨ ਕੋਰਟ ਵਿਚ ਅਪੀਲ ਕਰਨ ਤੇ **ਦੀਵਾਨ ਸਿੰਘ ਪੁੱਤਰ ਸ੍ਰ ਹੀਰਾ ਸਿੰਘ ਪਿੰਡ ਅੱਲੋਵਾਲ** ਬਰੀ ਹੋ ਗਏ ਸਨ।

- ਇਸ ਮੁਕਦਮੇ ਦੌਰਾਨ ਜਿਹੜੇ 10 ਬੱਬਰਾਂ ਦੀ ਮੌਤ ਹੋ ਗਈ ਸੀ ਉਹਨਾਂ ਵਿਚ **ਗੁਰਦਿੱਤ ਸਿੰਘ ਪੁੱਤਰ ਸ੍ਰ ਪੂਰਨ ਸਿੰਘ ਵਾਸੀ ਅਲੀਪੁਰ ਗੁੱਦੇ ਅਤੇ ਬੰਤਾ ਸਿੰਘ ਪੁੱਤਰ ਈਸ਼ਰ ਸਿੰਘ ਪਿੰਡ ਅੱਲੋਵਾਲ** ਸ਼ਾਮਲ ਸਨ।

1. **ਬੰਤਾ ਸਿੰਘ ਪੁੱਤਰ ਸ੍ਰ ਈਸ਼ਰ ਸਿੰਘ** ਪਿੰਡ ਅਲੋਵਾਲ ਔਜਲਾ ਜੱਟ ਸਿੱਖ ਪਰਿਵਾਰ ਨਾਲ਼ ਸਬੰਧਤ ਸੀ। ਉਹ ਬੱਬਰ ਅਕਾਲੀ ਲਹਿਰ ਵਿਚ ਸਰਗਰਮ ਭਾਗ ਲੈਂਦਾ ਸੀ। ਉਹ ਅੰਗਰੇਜ਼ਾਂ ਦੇ ਝੋਲ਼ੀਚੁੱਕਾਂ ਨੂੰ ਸੋਧਣ ਦੇ ਕੰਮ ਵਿਚ ਗ੍ਰਿਫ਼ਤਾਰ ਹੋਇਆ ਤੇ ਉਹਨੂੰ ਤੀਸਰੀ ਬੱਬਰ ਅਕਾਲੀ ਸਾਜਿਸ਼ ਕੇਸ ਵਿਚ ਨਾਮਜ਼ਦ ਕਰ ਕੇ ਲਾਹੌਰ ਕੋਰਟ ਰਾਹੀਂ 20.02.26 ਨੂੰ 20 ਸਾਲ ਦੀ ਸਜ਼ਾ ਦੇ ਕੇ ਅੰਡੇਮਾਨ ਜੇਲ੍ਹ ਭੇਜਿਆ ਗਿਆ। ਦੋ ਸਾਲ ਬਾਅਦ ਜੇਲ੍ਹ ਵਿਚ ਹੀ ਉਹਦੀ ਮੌਤ ਹੋ ਗਈ।

2. **ਗੁਰਦਿੱਤ ਸਿੰਘ ਪੁੱਤਰ ਸ੍ਰ ਪੂਰਨ ਸਿੰਘ ਪੰਨੂ** ਪਿੰਡ ਅਲੀਪੁਰ ਤਹਿਸੀਲ ਪੱਟੀ ਬੱਬਰ ਅਕਾਲੀ ਲਹਿਰ ਦਾ ਯੋਧਾ ਸੀ। ਉਹ ਵਰਿਆਮ ਸਿੰਘ ਧੁੱਗਾ, ਨਿੱਕਾ ਸਿੰਘ ਆਲੋਵਾਲ, ਧੰਨਾ ਸਿੰਘ ਕੋਠੀ ਬਾਵਾ ਦਾਸ ਦਾ ਸਾਥੀ ਸੀ। ਉਹਨਾਂ ਨਾਲ ਮਿਲ ਕੇ ਹਥਿਆਰਾਂ ਦਾ ਪ੍ਰਬੰਧ ਕਰਨ ਲਈ 4 ਫ਼ਰਵਰੀ 1924 ਨੂੰ ਡਾਕਾ ਮਾਰਿਆ। ਉਹ 1925 ਵਿਚ ਗ੍ਰਿਫ਼ਤਾਰ ਹੋਇਆ ਤੇ ਬੱਬਰ ਅਕਾਲੀ ਸਾਜਿਸ਼ ਕੇਸ ਅਧੀਨ 20 ਫ਼ਰਵਰੀ 1926 ਨੂੰ 20 ਸਾਲ ਦੀ ਕੈਦ ਹੋਣ ਤੇ ਅੰਡੇਮਾਨ ਜੇਲ੍ਹ ਵਿਚ ਭੇਜਿਆ ਗਿਆ, ਜਿੱਥੇ 1939 ਵਿਚ ਉਹਦੀ ਮੌਤ ਹੋ ਗਈ।

3. **ਨਿੱਕਾ ਸਿੰਘ ਪੁੱਤਰ ਸ੍ਰ ਬੂਟਾ ਸਿੰਘ ਔਜਲਾ** ਪਿੰਡ ਅੱਲੋਵਾਲ ਨੇ ਬੱਬਰ ਅਕਾਲੀ ਲਹਿਰ ਵਿਚ 14 ਨਵੰਬਰ 1923 ਨੂੰ ਕੋਟਲੀ ਬਾਵਾ ਦਾਸ ਦੇ ਜਵਾਲਾ ਸਿੰਘ ਬੈਂਸ ਜਿਹੜਾ ਅੰਗਰੇਜ਼ ਪੁਲਿਸ ਦਾ ਮੁਖ਼ਬਰ ਸੀ, ਨੂੰ ਸੋਧਿਆ। 1924 ਵਿਚ ਪੁਲਿਸ ਨੇ ਉਹਨੂੰ ਗ੍ਰਿਫ਼ਤਾਰ ਕਰ ਲਿਆ। ਤੀਸਰੇ ਬੱਬਰ ਅਕਾਲੀ ਸਾਜਿਸ਼ ਕੇਸ ਵਿਚ ਉਹਨੂੰ ਮੌਤ ਦੀ ਸਜ਼ਾ ਹੋਈ ਅਤੇ ਸੈਂਟਰਲ ਜੇਲ੍ਹ ਲਾਹੌਰ ਵਿਚ 27.02.27 ਨੂੰ ਫਾਂਸੀ ਦੇ ਦਿੱਤੀ ਗਈ।

4. **ਸੁੰਦਰ ਸਿੰਘ ਪੁੱਤਰ ਸ੍ਰ ਬਸਾਵਾ ਸਿੰਘ ਪਨੂੰ** ਲੰਬਰਦਾਰ ਪਿੰਡ ਲਹੁਕੇ ਬੱਬਰ ਅਕਾਲੀ ਲਹਿਰ ਦਾ ਕਾਰਕੁੰਨ ਸੀ। ਉਹਨੇ ਝੰਗ ਦੇ ਇਕ ਪੁਲਿਸ ਦੇ ਮੁਖ਼ਬਰ ਮੋਹਨ ਸਿੰਘ ਨੂੰ ਸੋਧਿਆ ਅਤੇ 1924 ਵਿਚ ਗ੍ਰਿਫ਼ਤਾਰ ਕਰ ਲਿਆ ਗਿਆ। ਤੀਸਰੇ ਬੱਬਰ ਅਕਾਲੀ ਸਾਜਿਸ਼ ਕੇਸ ਵਿਚ ਐਡੀਸ਼ਨਲ ਸੈਸ਼ਨ ਜੱਜ ਮਿਸਟਰ ਹੈਰੀਸਨ ਨੇ ਮੌਤ ਦੀ ਸਜ਼ਾ ਦਿੱਤੀ ਅਤੇ 27.02.27 ਨੂੰ ਸੈਂਟਰਲ ਜੇਲ੍ਹ ਲਾਹੌਰ ਵਿਚ ਫਾਂਸੀ ਦੇ ਦਿੱਤੀ ਗਈ।

5. **ਇੰਦਰ ਸਿੰਘ ਮੁਰਾਰੀ ਪੁੱਤਰ ਸ੍ਰ ਈਸ਼ਰ ਸਿੰਘ** ਪਿੰਡ ਸਰਾਏ ਅਮਾਨਤ ਖਾਂ ਤਹਿਸੀਲ ਤੇ ਜਿਲ੍ਹਾ ਤਰਨਤਾਰਨ ਨੇ ਮਈ-ਜੂਨ 1934 ਵਿੱਚ ਜਥੇਦਾਰ ਬਖ਼ਸ਼ੀਸ਼ ਸਿੰਘ ਚੱਬੇਵਾਲ, ਬਾਬਾ ਈਸ਼ਰ ਸਿੰਘ ਸੋਢੀ ਅਤੇ ਹਰੀ ਸਿੰਘ ਸੂੰਢ ਦੀ ਮਦਦ ਨਾਲ ਗ਼ਦਾਰ ਬੇਲਾ ਸਿੰਘ ਨੂੰ ਉਹਦੇ ਪਿੰਡ ਜਿਆਣ ਜਿਲ੍ਹਾ ਹੁਸ਼ਿਆਰਪੁਰ ਵਿੱਚ ਮਾਰ ਕੇ ਭਾਈ ਭਾਗ ਸਿੰਘ ਭਿੱਖੀਵਿੰਡ ਅਤੇ ਭਾਈ ਬਦਨ ਸਿੰਘ ਦੇ ਕਤਲਾਂ ਦਾ ਬਦਲਾ ਲਿਆ।

## 12. 21 ਵੇਂ ਰਸਾਲੇ ਦੇ ਬਹਾਦਰ ਸਿਪਾਹੀਆਂ ਦੀ ਕੁਰਬਾਨੀ

ਅਜ਼ਾਦੀ ਦੇ ਇਹਨਾਂ ਪ੍ਰਵਾਨਿਆਂ ਦੇ ਦਿਲਾਂ ਵਿਚ ਅੰਗਰੇਜ਼ ਸਾਮਰਾਜ ਵਿਰੁੱਧ ਜਿਹੜੀ ਗੁੱਸੇ ਦੀ ਜਵਾਲਾ ਭੜਕਦੀ ਸੀ, ਉਸ ਦੇ ਪ੍ਰਗਟਾਵੇ ਬਾਰੇ ਜੋ ਅਨੇਕਾਂ ਕਹਾਣੀਆਂ ਇਤਿਹਾਸ ਦਾ ਹਿੱਸਾ ਬਣ ਗਈਆਂ ਹਨ, ਉਹਨਾਂ ਵਿਚੋਂ ਇਕ ਦਾ ਵਰਨਣ ਕਰ ਰਿਹਾ ਹਾਂ। **ਦੂਸਰੀ ਸੰਸਾਰ ਜੰਗ** ਸ਼ੁਰੂ ਹੋਣ ਤੇ ਅੰਗਰੇਜ਼ ਸਰਕਾਰ ਨੇ ਬ੍ਰਿਟਿਸ਼ ਫੌਜ ਦੇ **21 ਨੰਬਰ ਘੋੜ ਸਵਾਰ ਰਸਾਲੇ** ਚੋਂ ਰਿਟਾਇਰ ਹੋਏ ਸਾਰੇ ਭਾਰਤੀ ਫੌਜੀ ਜਵਾਨਾਂ ਨੂੰ ਵਾਪਸ ਬੁਲਾ ਲਿਆ। ਮੇਰਠ ਛਾਉਣੀ ਵਿਚ ਕਿਰਤੀ ਅਖ਼ਬਾਰ ਪਹੁੰਚਣ ਕਾਰਨ ਇਸ ਰਸਾਲੇ ਦੇ ਜਵਾਨ ਕਮਿਊਨਿਸਟ ਵਿਚਾਰਾਂ ਤੋਂ ਪ੍ਰਭਾਵਿਤ ਸਨ। ਸਰਕਾਰ ਨੂੰ ਇਹਨਾਂ ਦੀਆਂ ਗਤੀਵਿਧੀਆਂ ਦੀ ਕਨਸੋਅ ਮਿਲਣ ਤੇ ਸਭ ਤੋਂ ਪਹਿਲਾਂ ਇਸ ਰਸਾਲੇ ਨੂੰ ਸੰਸਾਰ ਜੰਗ ਵਿਚ ਝੋਕਣ ਲਈ ਜਹਾਜ਼ ਤੇ ਚੜ੍ਹਨ ਦੇ ਹੁਕਮ ਕੀਤੇ ਗਏ। ਪਰ ਜਹਾਜ਼ ਚੜ੍ਹਨ ਤੋਂ ਇਨਕਾਰ ਕਰਦਿਆਂ ਇਹਨਾਂ ਸੂਰਬੀਰਾਂ ਨੇ ਕਿਹਾ ਕਿ ਅਸੀਂ ਗੁਲਾਮ ਕੌਮ ਹਾਂ ਤੇ ਬਾਹਰ ਜਾ ਕੇ ਅੰਗਰੇਜ਼ਾਂ ਦੇ ਹੱਕ ਵਿਚ ਲੜਨ ਦਾ ਮਤਲਬ ਹੈ ਕਿਸੇ ਹੋਰ ਕੌਮ ਨੂੰ ਗੁਲਾਮ ਬਣਾਉਣਾ, ਇਸ ਲਈ ਅਸੀਂ ਇਹ ਕੰਮ ਹਰਗਿਜ਼ ਨਹੀਂ ਕਰਾਂਗੇ। ਠੋਕ ਕੇ ਕੀਤੀ ਨਾਂਹ ਵਾਲਾ ਜਵਾਬ ਸੁਣ ਕੇ **ਸਾਧੂ ਸਿੰਘ ਦਦੇਹਰ ਸਾਹਿਬ, ਬਿਸ਼ਨ ਸਿੰਘ ਬੁਟਰ, ਗੁਰਚਰਨ ਸਿੰਘ ਚੁਗਾਵਾਂ ਸਾਧ ਪੁਰ ਅਤੇ ਅਜਾਇਬ ਸਿੰਘ ਨੰਦ ਪੁਰ** ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਸੈਨਕਾਂ ਦੀ ਇਸ ਬਗਾਵਤ ਨੂੰ ਕੁਚਲਣ ਲਈ ਅੰਗਰੇਜ਼ਾਂ ਨੇ **26.07.1940** ਨੂੰ ਉਹਨਾਂ ਸਾਰਿਆਂ ਦਾ ਕੋਰਟ ਮਾਰਸ਼ਲ ਕਰਕੇ **ਮੌਤ ਅਤੇ ਕਾਲ਼ੇ ਪਾਣੀਆਂ ਦੀ ਜੇਲ੍ਹ ਭੇਜਣ ਦੀਆਂ ਸਖ਼ਤ ਸਜ਼ਾਵਾਂ** ਦਿੱਤੀਆਂ। ਬਾਕੀ ਜਵਾਨਾਂ ਚੋਂ ਦੋ ਮੁਸਲਮਾਨਾਂ ਸਮੇਤ 110 ਜਵਾਨਾਂ ਨੇ ਵੀ ਇਹਨਾਂ ਆਗੂਆਂ ਦਾ ਸਾਥ ਦਿੱਤਾ। ਇਹਨਾਂ ਸਾਰਿਆਂ ਦਾ ਕੋਰਟ ਮਾਰਸ਼ਲ ਕਰਕੇ ਪਹਿਲੇ ਚਾਰ ਨੂੰ **ਫਾਂਸੀ ਦੀ ਸਜ਼ਾ**, 16 ਜਵਾਨਾਂ ਨੂੰ **14-14 ਸਾਲ ਕੈਦ**, 84 ਨੂੰ **10-10 ਸਾਲ** ਅਤੇ 6 ਜਣਿਆਂ ਨੂੰ **4-4 ਸਾਲ ਕੈਦ** ਬਾ-ਮੁਸ਼ੱਕਤ ਦੀ ਸਜ਼ਾ ਸੁਣਾਈ ਗਈ।

- **6 ਸਤੰਬਰ 1940 ਨੂੰ ਸਾਧੂ ਸਿੰਘ ਦਦੇਹਰ, ਬਿਸ਼ਨ ਸਿੰਘ ਬੁਟਰ, ਗੁਰਚਰਨ ਸਿੰਘ ਚੁਗਾਵਾਂ ਸਾਧ ਪੁਰ ਅਤੇ ਅਜਾਇਬ ਸਿੰਘ ਪੁੱਤਰ ਸ੍ਰ ਜੇਠਾ ਸਿੰਘ, ਨੰਦ ਪੁਰ** ਚਹੁੰਆਂ ਨੂੰ ਫਾਂਸੀ ਦੇ ਕੇ ਸ਼ਹੀਦ ਕੀਤਾ ਗਿਆ।

- **ਸ਼ਹੀਦ ਸਾਧੂ ਸਿੰਘ** ਪੁੱਤਰ ਸ੍ਰ ਨਿਹੰਗ ਸਿੰਘ ਪਿੰਡ ਦਦੇਹਰ ਸਾਹਿਬ ਦੇ ਵਸਨੀਕ ਸਨ। ਉਹ ਅੰਗਰੇਜ਼ ਫੌਜ ਦੇ 21 ਵੇਂ ਰਸਾਲੇ ਵਿੱਚ ਭਰਤੀ ਹੋਏ ਅਤੇ ਨੌਂਕਰੀ ਪੂਰੀ ਕਰਕੇ ਰਿਟਾਇਰ ਹੋ ਗਏ ਸਨ। ਦੂਸਰੀ ਸੰਸਾਰ ਜੰਗ ਸ਼ੁਰੂ ਹੋ ਜਾਣ ਤੇ ਉਹਨਾਂ ਨੂੰ ਬਾਕੀ ਸੈਨਕਾਂ ਨਾਲ਼ ਵਾਪਸ ਬੁਲਾ ਕੇ ਅੰਗਰੇਜ਼ ਅਧਿਕਾਰੀਆਂ ਨੇ ਮੇਰਠ ਛਾਉਣੀ ਤੋਂ ਮਿਸਰ ਭੇਜਣ ਲਈ ਉਹਨਾਂ ਦੀ ਕੁਆਟਰ ਗਾਰਦ ਦੀ ਡਿਊਟੀ ਲਾ ਦਿੱਤੀ। ਪਰ ਜਿਵੇਂ ਕਿ ਉੱਪਰ ਦੱਸਿਆ ਗਿਆ ਹੈ ਉਹਨਾਂ ਨੇ ਜਹਾਜ਼ ਤੇ ਚੜ੍ਹਨ ਤੋਂ ਨਾਂਹ ਕਰ ਦਿੱਤੀ। ਅੰਗਰੇਜ਼ ਅਧਿਕਾਰੀਆਂ ਨੇ ਸਾਧੂ ਸਿੰਘ ਸਮੇਤ 110 ਜਵਾਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਕੋਰਟ ਮਾਰਸ਼ਲ ਕਰਕੇ ਭਾਈ ਸਾਧੂ ਸਿੰਘ ਸਮੇਤ ਚਾਰ ਸੈਨਕਾਂ ਨੂੰ ਸਜ਼ਾਏ-ਮੌਤ ਦੇ ਕੇ ਫਾਂਸੀ ਦੇ ਦਿੱਤੀ। ਫਾਂਸੀ ਦਿੱਤੇ ਜਾਣ ਵਾਲਿਆਂ ਵਿੱਚ ਦੋ ਜ਼ਿਲ੍ਹਾ ਤਰਨਤਾਰਨ ਨਾਲ਼ ਸਬੰਧਿਤ ਹਨ।

3. ਦਲੀਪ ਸਿੰਘ ਪੁੱਤਰ ਸ੍ਰ ਹੁਕਮ ਸਿੰਘ ਕਾਲ਼ੇ ਪਾਣੀਆਂ ਦੀ ਜੇਲ੍ਹ ਦੀ ਸਜ਼ਾ ਹੋਈ।
4. ਮੱਸਾ ਸਿੰਘ ਪੁੱਤਰ ਸ੍ਰ ਇੰਦਰ ਸਿੰਘ ਪਿੰਡ ਨੰਦ ਪੁਰ ਨਜ਼ਦੀਕ ਕੈਰੋਂ ਕਾਲ਼ੇ ਪਾਣੀਆਂ ਦੀ ਜੇਲ੍ਹ, 10 ਸਾਲ
5. ਲਛਮਣ ਸਿੰਘ ,, ,, ਹਜ਼ਾਰਾ ਸਿੰਘ ਪਿੰਡ ਨੰਦ ਪੁਰ ,, ,, ,, ,, ,, ,,
6. ਨਿਰੰਜਣ ਸਿੰਘ ,, ,, ਭਗਤ ਸਿੰਘ ,, ਭਿੱਖੀਵਿੰਡ ,, ,, ,, ,,
7. ਚੰਚਲ ਸਿੰਘ ,, ,, ਮੋਹਰ ਸਿੰਘ ,, ,, ,, ,, ,, ,, ,,
8. ਗਿਆਨ ਸਿੰਘ ,, ,, ਮੀਹਾਂ ਸਿੰਘ ,, ,, ,, ,, ,, ,, ,,
9. ਬਹਾਦਰ ਸਿੰਘ ,, ,, ਇੰਦਰ ਸਿੰਘ ,, ,, ,, ,, ,, ,, ,,
10. ਪ੍ਰੀਤਮ ਸਿੰਘ ,, ,, ਮਿੱਤ ਸਿੰਘ ,, ਵੀਰਮ (ਖਾਲੜਾ) ,, ,, ,, ,,
11. ਬੂਟਾ ਸਿੰਘ ,, ,, ਬਖ਼ਸੀਸ਼ ਸਿੰਘ ,, ਕਾਲ਼ੇ ਕੇ ,, ,, ,, ,,

(ਵੇਖੋ ਸਿੱਖ ਸ਼ਹੀਦੀ ਲਹਿਰਾਂ -2, ਲੇਖਕ ਕਰਨਲ ਡਾ ਦਲਵਿੰਦਰ ਸਿੰਘ ਗਰੇਵਾਲ)

## 13. ਕਾਂਗਰਸ ਅਤੇ ਅਜ਼ਾਦੀ ਲਹਿਰ

ਮੱਧਵਰਗੀ ਜਮਾਤ ਨੂੰ ਪਤਿਆਉਣ ਲਈ ਅਤੇ ਭਾਰਤੀ ਲੋਕਾਂ ਦਾ ਗੁੱਸਾ ਠੰਢਾ ਕਰਨ ਲਈ ਅੰਗਰੇਜ਼ਾਂ ਨੇ ਰਾਜਨੀਤਕ ਸਰਗਰਮੀਆਂ ਸ਼ੁਰੂ ਕਰਦਿਆਂ 1885 ਵਿਚ ਕਾਂਗਰਸ ਪਾਰਟੀ ਦੀ ਸਥਾਪਨਾ ਕੀਤੀ। ਇਕ ਅੰਗਰੇਜ਼ ਸਰ ਏ. ਓ. ਹਿਊਮ, ਦਾਦਾ ਭਾਈ ਨਾਰੋ ਜੀ ਅਤੇ ਡਬਲਿਊ ਸੀ ਬੈਨਰ ਜੀ ਇਸ ਦੇ ਮੁਢਲੇ ਸੰਸਥਾਪਕ ਸਨ। ਬੈਨਰ ਜੀ ਇਸ ਦਾ ਪਹਿਲਾ ਪ੍ਰਧਾਨ ਸੀ। 1892 ਵਿਚ ਵਿਧਾਨਕ ਕੌਂਸਲਾਂ ਬਣਾਈਆਂ ਗਈਆਂ। 1905 ਵਿਚ ਲਾਰਡ ਕਰਜ਼ਨ ਵੱਲੋਂ ਕੀਤੀ ਗਈ ਬੰਗਾਲ ਦੀ ਵੰਡ ਦਾ ਸਖ਼ਤ ਵਿਰੋਧ ਹੋਇਆ। 1906 ਵਿਚ ਕਾਂਗਰਸ ਨੇ ਆਪਣੇ ਕਲਕੱਤਾ ਸੈਸ਼ਨ ਵਿਚ ਸਵੈਰਾਜ ਦੀ ਮੰਗ ਰੱਖੀ। 1907 ਵਿਚ ਕਾਂਗਰਸ ਨਰਮ ਤੇ ਗਰਮ ਦੋ ਧੜਿਆਂ ਵਿਚ ਵੰਡੀ ਗਈ। 1916 ਵਿਚ ਲਖਨਊ ਪੈਕਟ ਨਾਲ ਕਾਂਗਰਸ ਤੇ ਮੁਸਲਮਾਨਾਂ ਵਿਚਕਾਰ ਸਮਝੌਤਾ ਹੋਇਆ। ਕਾਂਗਰਸ ਦੀ ਅਗਵਾਈ ਹੇਠ ਅੰਗਰੇਜ਼ ਸਾਮਰਾਜ ਵਿਰੁੱਧ ਸ਼ਾਂਤਮਈ ਢੰਗ ਨਾਲ ਪ੍ਰਤੀਰੋਧ ਜਾਰੀ ਰਿਹਾ ਅਤੇ ਅੰਗਰੇਜ਼ਾਂ ਦੇ ਭਾਰਤੀ ਲੋਕਾਂ ਤੇ ਅਤਿਆਚਾਰ ਵੀ ਜਾਰੀ ਰਹੇ। ਲੋਕਾਂ ਦੀ ਅਵਾਜ਼ ਦਬਾਉਣ ਲਈ ਅੰਗਰੇਜ਼ਾਂ ਨੇ ਭਾਰਤ ਵਿਚ ਸਖ਼ਤ ਕਨੂੰਨ ਬਣਾਏ ਅਤੇ ਵਿਰੋਧ ਕਰਦੇ ਭਾਰਤੀਆਂ ਤੇ ਤਸ਼ੱਦਦ ਵੀ ਕੀਤਾ। ਜੱਲ੍ਹਿਆਂਵਾਲ਼ੇ ਬਾਗ ਦੀ ਘਟਨਾ ਇਸ ਦਾ ਸਿਖਰ ਸੀ। ਜਦੋਂ ਲੋਕ ਰੌਲਟ ਐਕਟ ਦਾ ਵਿਰੋਧ ਕਰ ਰਹੇ ਸਨ ਤਾਂ ਸ਼ਾਂਤਮਈ ਢੰਗ ਨਾਲ ਬੈਠੇ ਲੋਕਾਂ ਤੇ ਅੰਗਰੇਜ਼ ਜਨਰਲ ਡਾਇਰ ਨੇ ਅੰਨ੍ਹੇਵਾਹ ਗੋਲ਼ੀ ਚਲਾ ਕੇ ਸੈਂਕੜੇ ਲੋਕਾਂ ਨੂੰ ਸ਼ਹੀਦ ਕੀਤਾ ਅਤੇ ਹਜ਼ਾਰਾਂ ਜਖ਼ਮੀ ਹੋਏ। ਇਤਿਹਾਸ ਵਿਚ ਪਸ਼ੂ ਬਿਰਤੀ ਅਤੇ ਕਰੂਰਤਾ ਦੀ ਇਹ ਉੱਘੜਵੀਂ ਮਿਸਾਲ ਹੈ।

- **ਨਾ-ਮਿਲਵਰਤਨ ਲਹਿਰ -1921-22**

ਅੰਗਰੇਜ਼ ਸਰਕਾਰ ਵੱਲੋਂ ਭਾਰਤੀ ਲੋਕਾਂ ਤੇ ਕੀਤੇ ਜਾ ਰਹੇ ਅਤਿਆਚਾਰ ਤੇ ਲੁੱਟ-ਘਸੁੱਟ ਵਿਰੁੱਧ ਵੱਖ ਵੱਖ ਫਰੰਟਾਂ ਤੇ ਵਿਦਰੋਹ ਦੀ ਭਾਵਨਾ ਭੜਕ ਉੱਠੀ। ਕਾਂਗਰਸ ਦੀ ਅਗਵਾਈ ਹੇਠ ਵੀ ਜਨਤਕ ਲਹਿਰ ਸ਼ੁਰੂ ਹੋ ਗਈ। 1920-22 ਤੱਕ ਨਾ-ਮਿਲਵਰਤਨ ਲਹਿਰ ਰਾਹੀਂ ਬ੍ਰਿਟਿਸ਼ ਵਸਤਾਂ, ਸਕੂਲਾਂ, ਅਦਾਲਤਾਂ ਆਦਿ ਦਾ ਬਾਈਕਾਟ ਕੀਤਾ ਜਾਣ ਲੱਗਾ। ਵਿਰੋਧੀਆਂ ਨੂੰ ਪੁਲਿਸ ਜਬਰ ਦਾ ਸਾਹਮਣਾ ਕਰਨਾ ਪਿਆ। ਸੈਂਕੜੇ ਲੋਕਾਂ ਨੂੰ ਜੇਲ੍ਹ ਯਾਤਰਾ ਕਰਨੀ ਪਈ। ਜਦੋਂ ਲਹਿਰ ਸਿਖਰ ਵੱਲ ਵਧ ਰਹੀ ਸੀ ਤਾਂ ਚੌਰਾ ਚੌਰੀ ਦੇ ਸਥਾਨ ਤੇ ਇਕ

ਹਿੰਸਕ ਘਟਨਾ ਵਾਪਰ ਗਈ। ਗਾਂਧੀ ਜੀ ਦੀ ਅਗਵਾਈ ਵਿਚ ਇਹ ਅੰਦੋਲਨ ਅਹਿੰਸਕ ਢੰਗ ਦਾ ਚਲਾਇਆ ਜਾ ਰਿਹਾ ਸੀ, ਇਸ ਕਾਰਨ ਹਿੰਸਕ ਹੋ ਜਾਣ ਤੇ ਗਾਂਧੀ ਜੀ ਨੇ ਅੰਦੋਲਨ ਵਾਪਸ ਲੈ ਲਿਆ। 1927 ਵਿੱਚ ਸਾਈਮਨ ਕਮਿਸ਼ਨ ਨਾਲ਼ ਗੱਲ ਬਾਤ ਅਸਫਲ ਰਹਿਣ ਪਿੱਛੋਂ ਕਾਂਗਰਸ ਨੇ ਆਪਣੇ ਲਹੌਰ ਸੈਸ਼ਨ ਵਿੱਚ ਪੂਰਨ ਸਵੈਰਾਜ ਦਾ ਮਤਾ ਪਾਸ ਕੀਤਾ। 1930 ਵਿਚ ਗਾਂਧੀ ਜੀ ਦੀ ਅਗਵਾਈ ਹੇਠ ਸਿਵਲ-ਨਾ-ਫ਼ੁਰਮਾਨੀ ਲਹਿਰ ਤੇ ਲੂਣ ਸਤਿਆਗ੍ਰਹਿ ਲਈ ਸਾਬਰਮਤੀ ਆਸ਼ਰਮ ਤੋਂ 240 ਮੀਲ ਦੀ ਡਾਂਡੀ ਯਾਤਰਾ ਸ਼ੁਰੂ ਕੀਤੀ ਗਈ। ਸਿਵਲ ਨਾ-ਫ਼ੁਰਮਾਨੀ ਅਧੀਨ ਸਰਕਾਰੀ ਟੈਕਸਾਂ ਦਾ ਬਾਈਕਾਟ, ਬ੍ਰਿਟਿਸ਼ ਵਸਤਾਂ, ਸਕੂਲਾਂ ਤੇ ਅਦਾਲਤਾਂ ਦਾ ਬਾਈਕਾਟ, ਸਰਕਾਰੀ ਅਹੁਦਿਆਂ ਤੋਂ ਅਸਤੀਫ਼ਾ, ਸ਼ਰਾਬ ਦੇ ਠੇਕਿਆਂ ਅਤੇ ਵਿਦੇਸ਼ੀ ਕੱਪੜੇ ਦੀਆਂ ਦੁਕਾਨਾਂ ਦੀ ਪਿਕਟਿੰਗ ਕਰਨ ਦਾ ਸੱਦਾ ਦਿੱਤਾ ਗਿਆ। ਅੰਦੋਲਨ ਸਮੁੱਚੇ ਭਾਰਤ ਵਿੱਚ ਫੈਲ ਗਿਆ। ਗਾਂਧੀ ਜੀ ਸਮੇਤ ਹੋਰ ਕਾਂਗਰਸੀ ਆਗੂਆਂ ਅਤੇ ਲੱਗ ਭੱਗ 90,000 ਲੋਕਾਂ ਨੇ ਗ੍ਰਿਫ਼ਤਾਰੀ ਦਿੱਤੀ।

- **ਖ਼ਿਲਾਫ਼ਤ ਲਹਿਰ –1922**

ਇਸ ਦਰਮਿਆਨ ਪਹਿਲੀ ਸੰਸਾਰ ਜੰਗ ਤੋਂ ਬਾਅਦ ਇਤਿਹਾਦੀ ਫੌਜਾਂ ਨੇ ਆਟੋਮਾਨ ਸਾਮਰਾਜ ਤੁਰਕੀ ਦੇ ਸੁਲਤਾਨ ਨੂੰ ਦਿੱਤਾ ਗਿਆ ਖ਼ਲੀਫ਼ੇ ਦਾ ਦਰਜਾ ਖੋਹ ਕੇ ਸਾਮਰਾਜ ਨੂੰ ਤਬਾਹ ਕਰਨ ਦਾ ਪਲਾਨ ਬਣਾਇਆ।ਖ਼ਲੀਫ਼ੇ ਦੇ ਵਿਰੋਧ ਦਾ ਭਾਰਤ ਦੇ ਮੁਸਲਮਾਨਾਂ ਨੇ ਬੁਰਾ ਮਨਾਇਆ ਅਤੇ ਮੌਲਾਨਾ ਮੁਹੰਮਦ ਅਲੀ, ਮੌਲਾਨਾ ਸ਼ੌਕਤ ਅਲੀ, ਮੌਲਾਨਾ ਅਬੁਲ ਕਲਾਮ ਅਜ਼ਾਦ ਅਤੇ ਹਕੀਮ ਅਜਾਮਲ ਖ਼ਾਨ ਦੀ ਅਗਵਾਈ ਹੇਠ ਅੰਗਰੇਜ਼ਾਂ ਵਿਰੁੱਧ ਖ਼ਿਲਾਫ਼ਤ ਲਹਿਰ ਸ਼ੁਰੂ ਕਰ ਦਿੱਤੀ। ਮੁਸਲਮਾਨਾਂ ਦੇ ਰੂਹਾਨੀ ਆਗੂ ਦੀ ਵਿਰੋਧਤਾ, ਅੰਗਰੇਜ਼ਾਂ ਵਿਰੁੱਧ ਵਧ ਰਹੀ ਨਫ਼ਰਤ ਅਤੇ ਜੱਲ੍ਹਿਆਂਵਾਲੇ ਬਾਗ ਦੀ ਘਟਨਾ ਨੇ ਇਸ ਨੂੰ ਹੋਰ ਬਲ ਬਖ਼ਸ਼ਿਆ। ਦੇਸ਼ ਭਰ ਦੇ ਮੁਸਲਮਾਨ ਵੱਡੀ ਗਿਣਤੀ ਵਿੱਚ ਇਸ ਲਹਿਰ ਵਿੱਚ ਸ਼ਾਮਲ ਹੋਏ। ਅੰਗਰੇਜ਼ੀ ਵਸਤਾਂ, ਸਕੂਲਾਂ ਅਤੇ ਕਚਹਿਰੀਆਂ ਦਾ ਬਾਈਕਾਟ, ਸਰਕਾਰੀ ਪੋਸਟਾਂ ਤੋਂ ਅਸਤੀਫ਼ੇ, ਸਵਦੇਸ਼ੀ ਦਾ ਪ੍ਰਚਾਰ ਅਤੇ ਦੇਸ਼ ਭਰ ਵਿੱਚ ਸ਼ਾਂਤਮਈ ਪ੍ਰੋਟੈਸਟ ਹੋਣ ਲੱਗੇ। ਮਹਾਤਮਾ ਗਾਂਧੀ ਨੇ ਹਿੰਦੂ-ਮੁਸਲਮ ਏਕਤਾ ਨੂੰ ਬੜਾਵਾ ਦੇਣ ਲਈ ਇਸ ਦੀ ਹਿਮਾਇਤ ਕੀਤੀ। ਨਤੀਜੇ ਵਜੋਂ ਇਹ ਲਹਿਰ ਗਾਂਧੀ ਜੀ ਦੀ ਨਾ-ਮਿਲਵਰਤਨ ਲਹਿਰ ਦਾ ਹੀ ਅੰਗ ਬਣ ਗਈ। 1922 ਵਿੱਚ ਚੌਰਾ ਚੌਰੀ ਦੀ ਘਟਨਾ ਉਪ੍ਰੰਤ ਗਾਂਧੀ ਜੀ ਨੇ ਆਪਣਾ ਐਕਸ਼ਨ ਵਾਪਸ ਲੈ ਲਿਆ ਅਤੇ 1924 ਵਿੱਚ ਮੁਸਤਫ਼ਾ ਕਮਾਲ ਅਤਾਤੁਰਕ ਦੁਆਰਾ ਤੁਰਕੀ ਵਿੱਚ ਖ਼ਿਲਾਫ਼ਤ ਵਾਪਸ ਲੈਣ ਨਾਲ ਖ਼ਿਲਾਫ਼ਤ ਲਹਿਰ ਵੀ ਕਮਜ਼ੋਰ ਪੈ ਗਈ। ਇਸ ਲਹਿਰ ਨੇ ਭਾਰਤੀ ਲੋਕਾਂ ਵਿੱਚ ਧਾਰਮਿਕ ਏਕਤਾ ਦੇ ਨਾਲ ਸਮੂਹਿਕ ਸੰਘਰਸ਼ ਦੀ ਭਾਵਨਾ ਪੈਦਾ ਕੀਤੀ।

- **ਭਾਰਤ ਛੱਡੋ ਲਹਿਰ –1942**

ਗਾਂਧੀ ਇਰਵਨ ਸਮਝੌਤਾ 1931, ਦੂਜੀ ਗੋਲਮੇਜ ਕਾਨਫਰੰਸ ਅਤੇ ਪੂਨਾ ਐਕਟ ਉਪ੍ਰੰਤ ਸਿਵਲ ਨਾ ਫ਼ੁਰਮਾਨੀ ਲਹਿਰ ਰੋਕ ਦਿੱਤੀ ਗਈ। 1935 ਵਿਚ ਗਵਰਨਮੈਂਟ ਆਫ ਇੰਡੀਆ ਐਕਟ ਪਾਸ ਕਰਕੇ ਅੰਗਰੇਜ਼ਾਂ ਨੇ ਭਾਰਤੀਆਂ ਨੂੰ ਪ੍ਰਾਂਤਕ ਅਸੈਂਬਲੀਆਂ ਵਿਚ ਚੋਣ ਲੜਨ ਦੀ ਖੁੱਲ੍ਹ ਦੇ ਦਿੱਤੀ। 1937 ਵਿਚ ਚੋਣਾਂ ਹੋਈਆਂ ਤਾਂ 7 ਸੂਬਿਆਂ ਵਿਚ ਕਾਂਗਰਸ ਨੇ ਆਪਣੀਆਂ ਸਰਕਾਰਾਂ ਬਣਾਈਆਂ। ਪੰਡਤ ਜਵਾਹਰ ਲਾਲ ਨਹਿਰੂ ਤੇ ਸਰਦਾਰ ਪਟੇਲ ਵਰਗੇ ਨੇਤਾਵਾਂ ਨੇ ਅਗਵਾਈ ਕੀਤੀ। 1942 ਵਿਚ 'ਅੰਗਰੇਜ਼ੋ ਭਾਰਤ ਛੱਡੋ' ਲਹਿਰ ਸਮੇਂ 'ਕਰੋ ਜਾਂ ਮਰੋ' ਦਾ ਸੱਦਾ ਦਿੱਤਾ ਗਿਆ। ਇਸ ਅੰਦੋਲਨ ਨੂੰ ਸਾਰੇ ਭਾਰਤ ਦੇ ਨਾਲ਼ ਪੰਜਾਬ ਵਿਚ ਵੀ ਚੰਗਾ ਹੁੰਗਾਰਾ ਮਿਲਿਆ ਤੇ ਇਹ ਦੇਸ਼ ਦੇ ਬਹੁਤੇ ਭਾਗਾਂ ਵਿਚ ਉੱਗਰ ਰੂਪ ਧਾਰਨ ਕਰ ਗਿਆ। ਬਿਹਾਰ ਵਿਚ ਜਨਤਾ ਨੇ 10 ਜਿਲ੍ਹਿਆਂ ਦੇ ਥਾਣਿਆਂ ਤੇ ਕਬਜ਼ਾ ਕਰ ਲਿਆ। ਸਰਕਾਰ ਨੂੰ ਫੌਜ ਦੀ ਮਦਦ ਨਾਲ਼ ਕਬਜ਼ਾ ਛੁਡਾਉਣਾ ਪਿਆ। ਸਰਕਾਰੀ ਅੰਕੜਿਆਂ ਮੁਤਾਬਕ ਅੰਗਰੇਜ਼ਾਂ ਖ਼ਿਲਾਫ਼ ਭੜਕੇ ਹੋਏ ਲੋਕਾਂ ਨੇ 208 ਪੁਲਿਸ ਚੌਂਕੀਆਂ, 332 ਰੇਲਵੇ ਸਟੇਸ਼ਨ ਅਤੇ 945 ਡਾਕਖ਼ਾਨੇ ਤਬਾਹ ਕਰ ਦਿੱਤੇ। ਇਕੱਲੇ ਬਿਹਾਰ ਵਿਚ ਹੀ 1761 ਲੋਕ ਪੁਲਿਸ ਗੋਲ਼ੀ ਦਾ ਸ਼ਿਕਾਰ ਹੋਏ ਅਤੇ 2500 ਗ੍ਰਿਫ਼ਤਾਰੀਆਂ ਹੋਈਆਂ। ਪੰਜਾਬ ਵਿਚ ਵੀ ਮਾਸਟਰ ਤਾਰਾ ਸਿੰਘ ਦੀ ਪ੍ਰੇਰਨਾ ਨਾਲ਼ 12000 ਲੋਕਾਂ ਨੇ ਇਸ ਲਹਿਰ ਦੀ ਹਿਮਾਇਤ ਵਿਚ ਗ੍ਰਿਫ਼ਤਾਰੀਆਂ ਦਿੱਤੀਆਂ।

- **ਮੈਪਲਾ ਜਾਂ ਮੋਪਲਾ ਬਗ਼ਾਵਤ – 1921**

ਇਸ ਦਰਮਿਆਨ ਅੰਗਰੇਜ਼ਾਂ ਦੇ ਬਸਤੀਵਾਦੀ ਅਤਿਆਚਾਰਾਂ, ਲੋਕਾਂ ਤੇ ਲੱਦੇ ਭਾਰੀ ਟੈਕਸਾਂ, ਲੈਂਡ-ਲਾਰਡਾਂ ਦੀ ਪੁਸ਼ਤ-ਪਨਾਹੀ, ਜ਼ਮੀਨਾਂ ਦੀਆਂ ਉੱਚੀਆਂ ਬਟਾਈ ਦਰਾਂ ਅਤੇ ਲੁੱਟ-ਖਸੁੱਟ ਵਿਰੁੱਧ ਕੇਰਲਾ ਦੇ ਮਾਲਾਬਾਰ ਤੱਟ ਦੇ ਮੈਪਲਾ ਮੁਸਲਿਮ ਕਿਸਾਨਾਂ ਤੇ ਮੁਜ਼ਾਰਿਆਂ ਨੇ ਵਿਦਰੋਹ ਕਰ ਦਿੱਤਾ। ਖ਼ਿਲਾਫ਼ਤ ਲਹਿਰ ਅਤੇ ਗਾਂਧੀ ਜੀ ਦੀ ਨਾ-ਮਿਲਵਰਤਨ ਲਹਿਰ ਨੇ ਇਸ

ਵਿਦਰੋਹ ਨੂੰ ਹੋਰ ਬਲ ਬਖ਼ਸ਼ਿਆ। ਇਹ ਬਗ਼ਾਵਤ ਕੇਰਲ ਦੀ ਏਰਾਨਾਡ ਅਤੇ ਵਾਲੂਵਾਨਾਡ ਤਹਿਸੀਲ ਤੋਂ ਸ੍ਰੀ ਅਲੀ ਮੁਸਾਲੀਆਤ ਅਤੇ ਵੀ. ਕੇ. ਹਾਜੀ ਦੀ ਅਗਵਾਈ ਹੇਠ ਅਗਸਤ 1921 ਵਿੱਚ ਸ਼ੁਰੂ ਹੋਈ। ਬਾਗ਼ੀਆਂ ਨੇ ਇਕੱਠੇ ਹੋ ਕੇ ਪੁਲਿਸ ਸਟੇਸ਼ਨਾਂ, ਕਚਹਿਰੀਆਂ ਅਤੇ ਬ੍ਰਿਟਿਸ਼ ਰਾਜ ਦੇ ਨਿਸ਼ਾਨ ਵਾਲ਼ੇ ਸਮੂਹ ਸਥਾਨਾਂ ਨੂੰ ਆਪਣਾ ਨਿਸ਼ਾਨਾ ਬਣਾਇਆ। ਮੁਹਿੰਮ ਏਨੀ ਜਬਰਦਸਤ ਅਤੇ ਜਥੇਬੰਦ ਸੀ ਕਿ ਛੇਤੀ ਹੀ ਕਈ ਇਲਾਕਿਆਂ ਤੇ ਬਾਗ਼ੀਆਂ ਦਾ ਕੰਟਰੋਲ ਹੋ ਗਿਆ। ਪਰ ਹੌਲੀ ਹੌਲੀ ਇਸ ਲਹਿਰ ਨੇ ਫ਼ਿਰਕੂ ਰੰਗ ਫੜ ਲਿਆ ਅਤੇ ਇਸ ਦਾ ਖਾਸਾ ਹਿੰਦੂ-ਵਿਰੋਧੀ ਹੋ ਗਿਆ। ਜਲਦੀ ਹੀ ਬ੍ਰਿਟਿਸ਼ ਸਰਕਾਰ ਨੇ ਵਹਿਸ਼ੀਆਨਾ ਜਬਰ ਕਰਕੇ ਇਸ ਵਿਦਰੋਹ ਤੇ ਕਾਬੂ ਪਾ ਲਿਆ। 50 ਹਜ਼ਾਰ ਤੋਂ ਵੱਧ ਮੋਪਲੇ ਗ੍ਰਿਫ਼ਤਾਰ ਕੀਤੇ ਗਏ, ਹਜ਼ਾਰਾਂ ਮਾਰੇ ਗਏ ਅਤੇ ਬਾਕੀਆਂ ਤੇ ਮੁਕੱਦਮੇ ਦਾਇਰ ਕੀਤੇ ਗਏ। ਕਈ ਪਿੰਡਾਂ ਨੂੰ ਬ੍ਰਿਟਿਸ਼ ਸਿਪਾਹੀਆਂ ਨੇ ਅੱਗ ਦੀ ਭੇਟ ਕਰ ਦਿੱਤਾ। ਗ੍ਰਿਫ਼ਤਾਰ ਕੀਤੇ ਕੈਦੀਆਂ ਨੂੰ ਲਿਜਾ ਰਹੀ ਰੇਲ ਗੱਡੀ ਦਾ ਡੱਬਾ ਛੋਟਾ ਅਤੇ ਅੰਦਰ ਤਾੜੇ ਕੈਦੀਆਂ ਦੀ ਗਿਣਤੀ ਵੱਧ ਹੋਣ ਕਾਰਨ 67 ਕੈਦੀ ਦਮ ਘੁਟਣ ਨਾਲ ਮਰ ਗਏ। ਇਸ ਬਗ਼ਾਵਤ ਨੇ ਅੰਗਰੇਜ਼ਾਂ ਨੂੰ, ਮੋਪਲਾ ਅਬਾਦੀ ਸੂਬੇ ਦੇ ਹੋਰ ਭਾਗਾਂ ਵਿੱਚ ਵਿਸਥਾਪਿਤ ਕਰਨ ਲਈ ਮਜਬੂਰ ਕੀਤਾ। ਫ਼ਿਰਕੂ ਮੋੜਾ ਕੱਟ ਜਾਣ ਦੇ ਬਾਵਜੂਦ ਇਸ ਵਿਦਰੋਹ ਨੇ ਬ੍ਰਿਟਿਸ਼ ਹਾਕਮਾਂ ਦੀ ਵੱਡੇ ਭੂਮੀਪਤੀਆਂ ਦੀ ਪੁਸ਼ਤ-ਪਨਾਹੀ ਅਤੇ ਛੋਟੇ ਮੁਜ਼ਾਰੇ ਕਿਸਾਨਾਂ ਦੀ ਲੁੱਟ ਅਤੇ ਜਬਰ ਕਰਨ ਦੀ ਨੀਤੀ ਨੂੰ ਨੰਗਾ ਕੀਤਾ ਅਤੇ ਕਿਸਾਨਾਂ ਮਜ਼ਦੂਰਾਂ ਨੂੰ ਅੰਗਰੇਜ਼ਾਂ ਵਿਰੁੱਧ ਲੜਨ ਲਈ ਉਤਸ਼ਾਹਿਤ ਕੀਤਾ।

- **ਝਾਂਸੀ ਰੈਜਮੈਂਟ ਕੇਸ – 1940**

1930 ਤੋਂ ਬਾਅਦ ਬ੍ਰਿਟਿਸ਼-ਭਾਰਤੀ ਫੌਜੀਆਂ ਵਿੱਚ ਕ੍ਰਾਂਤੀਕਾਰੀ ਰਾਸ਼ਟਰਵਾਦ ਦਾ ਪਸਾਰਾ ਹੋਣਾ ਸ਼ੁਰੂ ਗਿਆ। ਗ਼ਦਰ ਪਾਰਟੀ ਅਤੇ ਕਿਰਤੀ ਕਿਸਾਨ ਪਾਰਟੀ ਦੇ ਸਮਾਜਵਾਦੀ ਵਿਚਾਰ ਜ਼ੋਰ ਫੜਨ ਲੱਗੇ। ਨਸਲਵਾਦੀ ਵਿਤਕਰੇ, ਘੱਟ ਤਨਖ਼ਾਹ, ਘਟੀਆ ਖ਼ੁਰਾਕ ਅਤੇ ਦੇਸ਼ ਨੂੰ ਦੂਸਰੀ ਸੰਸਾਰ ਜੰਗ ਵਿੱਚ ਝੋਕਣ ਵਿਰੁੱਧ ਭਾਰਤੀ ਸੈਨਕ ਜੋ ਅੰਗਰੇਜ਼ ਛਾਉਣੀਆਂ ਵਿੱਚ ਤਾਇਨਾਤ ਸਨ, ਦੇ ਮਨ ਵਿੱਚ ਗੁੱਸੇ ਦੀ ਜਵਾਲਾ ਭੜਕ ਉੱਠੀ। 1940 ਵਿੱਚ ਝਾਂਸੀ ਰੈਜਮੈਂਟ ਦੇ ਭਾਰਤੀ ਸੈਨਕਾਂ ਦੀ ਇਕ ਟੋਲੀ ਨੇ ਅੰਗਰੇਜ਼ ਅਧਿਕਾਰੀਆਂ ਵਿਰੁੱਧ ਬਗ਼ਾਵਤ ਕਰਨ ਦੀ ਸਲਾਹ ਬਣਾਈ। ਅੰਬਾਲਾ ਛਾਉਣੀ ਵਿੱਚ ਤਾਂ ਲਗ-ਪਗ 2000 ਸੈਨਕਾਂ ਨੇ ਡਿਊਟੀ ਤੇ ਜਾਣ ਤੋਂ ਨਾਂਹ ਕਰ ਦਿੱਤੀ। ਚੰਗੇ ਭੋਜਨ, ਚੰਗੇ ਵਿਹਾਰ ਅਤੇ ਬਣਦਾ ਮਾਣ-ਸਤਿਕਾਰ ਦੇਣ ਦੀ ਮੰਗ ਕੀਤੀ ਗਈ। ਵਿਦਰੋਹ ਪੂਰੀ ਛਾਉਣੀ ਵਿੱਚ ਫੈਲ ਗਿਆ ਪਰ ਅਹਿੰਸਕ ਹੋਣ ਤੋਂ ਬਚਾਅ ਹੋ ਗਿਆ। ਇੱਸੇ ਤਰ੍ਹਾਂ ਜੱਬਲਪੁਰ, ਲਹੌਰ, ਰਾਵਲਪਿੰਡੀ ਅਤੇ ਕਰਾਚੀ ਵਿੱਚ ਤਾਇਨਾਤ ਭਾਰਤੀ ਸੈਨਕਾਂ ਵਿੱਚ ਵੀ ਬਗ਼ਾਵਤ ਹੋਈ। ਪਰ ਜਲਦੀ ਹੀ ਸੂਹੀਆ ਏਜੰਸੀਆ ਦੀ ਫ਼ੁਰਤੀ ਕਾਰਨ ਅੰਗਰੇਜ਼ ਅਧਿਕਾਰੀਆਂ ਨੂੰ ਫੌਜੀ ਛਾਉਣੀਆਂ ਵਿੱਚ ਸਰਕਾਰ-ਵਿਰੋਧੀ ਮੀਟਿੰਗਾਂ, ਸੈਨਕਾਂ ਵਿੱਚ ਰਾਸ਼ਟਰਵਾਦੀ ਅਤੇ ਖੱਬੇ-ਪੱਖੀ ਸਾਹਿਤ ਦੀ ਵੰਡ ਅਤੇ ਸਰਕਾਰ ਵਿਰੁੱਧ ਪ੍ਰਚਾਰ ਕਰਨ ਵਰਗੀ ਹਿੱਲ-ਜੁੱਲ ਹੋਣ ਦਾ ਪਤਾ ਲੱਗ ਗਿਆ। ਉਹਨਾਂ ਨੇ ਕਈ ਛਾਉਣੀਆਂ ਵਿੱਚ ਸ਼ੱਕੀ ਭਾਰਤੀ ਸੈਨਕਾਂ ਖ਼ਿਲਾਫ਼ ਸਖਤ ਧਾਰਾਵਾਂ ਹੇਠ ਕੇਸ ਦਰਜ ਕੀਤੇ। ਇਹਨਾਂ ਵਿੱਚ **ਝਾਂਸੀ ਰੈਜਮੈਂਟ ਕੇਸ 1940, ਲਹੌਰ ਮਿਲਟਰੀ ਸਾਜਿਸ਼ ਕੇਸ 1940-41, ਜੱਬਲਪੁਰ ਕੇਸ 1942-43, ਰਾਵਲਪਿੰਡੀ ਮਿਲਟਰੀ ਸਾਜਿਸ਼ ਕੇਸ 1942-43, ਅੰਬਾਲਾ ਕੈਂਟ ਵਿਦਰੋਹ 1943,** ਅਤੇ **ਕਰਾਚੀ ਮਿਲਟਰੀ ਸਾਜਿਸ਼ ਕੇਸ 1942-44** ਸ਼ਾਮਲ ਹਨ। ਇਹਨਾਂ ਕੇਸਾਂ ਰਾਹੀਂ ਸਪੈਸ਼ਲ ਕੋਰਟ ਮਾਰਸ਼ਲ ਕਰਕੇ ਸੈਨਕਾਂ ਤੇ ਬਾਦਸ਼ਾਹ ਵਿਰੁੱਧ ਜੰਗ ਛੇੜਨ, ਸੈਨਕਾਂ ਨੂੰ ਸਰਕਾਰ ਵਿਰੁੱਧ ਭੜਕਾਉਣ ਅਤੇ ਸੈਨਾ ਦਾ ਅਨੁਸ਼ਾਸਨ ਤੋੜਨ ਦੇ ਦੋਸ਼ ਲਾ ਕੇ 10-14 ਸਾਲ ਤੱਕ ਦੀਆਂ ਲੰਬੀਆਂ ਕੈਦਾਂ, ਨੌਂਕਰੀ ਤੋਂ ਬਰਖਾਸਤਗੀ ਅਤੇ ਪੈਨਸ਼ਨਾਂ ਖ਼ਤਮ ਕਰਨ ਵਰਗੀਆਂ ਸਖਤ ਸਜ਼ਾਵਾਂ ਦਿੱਤੀਆਂ ਗਈਆਂ। ਦੇਸ਼-ਭਗਤ ਬਹਾਦਰ ਸੈਨਕਾਂ ਵਿਰੁੱਧ ਪਾਏ ਇਹਨਾਂ ਕੇਸਾਂ ਨੇ ਬਲਦੀ ਤੇ ਤੇਲ ਪਾਉਣ ਦਾ ਕੰਮ ਕੀਤਾ ਅਤੇ ਬਹੁਗਿਣਤੀ ਭਾਰਤੀ ਸੈਨਕਾਂ ਦੇ ਮਨ ਵਿੱਚ ਪੈਦਾ ਹੋਏ ਰੋਹ ਨੇ ਅਜਿਹੀਆਂ ਹੋਰ ਬਗ਼ਾਵਤਾਂ ਨੂੰ ਜਨਮ ਦਿੱਤਾ। ਮਦੁਰਾਈ ਸਾਜ਼ਿਸ਼ ਕੇਸ 1945 ਅਧੀਨ ਤਾਮਲਨਾਡੂ ਦੇ ਖੱਬੇ-ਪੱਖੀ ਆਗੂਆਂ ਤੇ ਰਾਜੇ ਵਿਰੁੱਧ ਜੰਗ ਛੇੜਨ ਅਤੇ ਹਥਿਆਰ-ਬੰਦ ਬਗ਼ਾਵਤ ਕਰਨ ਦੇ ਦੋਸ਼ ਹੇਠ ਮੁਕੱਦਮੇ ਦਰਜ ਕੀਤੇ ਗਏ ਜੋ ਲੋਕ ਰਾਇ ਸਰਕਾਰ ਵਿਰੁੱਧ ਹੋਣ ਅਤੇ ਠੋਸ ਸਬੂਤਾਂ ਦੀ ਘਾਟ ਕਾਰਨ ਖ਼ਾਰਜ ਹੋ ਗਏ। ਇਹਨਾਂ ਆਗੂਆਂ ਵਿੱਚ ਐਨ ਸ਼ੰਕਰੱਈਆ, ਕੇ. ਬਾਲਾ ਸੁਬਰਾਮਨੀਅਮ ਅਤੇ ਐਸ. ਰਾਮਾਚੰਦਰਨ ਆਦਿ ਸ਼ਾਮਲ ਸਨ। ਅਜਿਹੇ ਹਜ਼ਾਰਾਂ ਗੁੰਮਨਾਮ ਦੇਸ਼-ਭਗਤਾਂ ਦੀ ਕੁਰਬਾਨੀ ਨੂੰ ਸਲਾਮ ਕਰਨਾ ਬਣਦਾ ਹੈ।

- **ਨਹਿਰ ਸਵੇਜ਼ ਦਾ ਫੌਜੀ ਵਿਦਰੋਹ – 1943**

ਦੂਸਰੀ ਸੰਸਾਰ ਜੰਗ ਦੌਰਾਨ ਬ੍ਰਿਟਿਸ਼ ਭਾਰਤੀ ਫੌਜੀਆਂ ਵੱਲੋਂ 1943 ਵਿੱਚ ਮਿਸਰ ਵਿੱਚ ਸਵੇਜ਼ ਨਹਿਰ ਤੇ ਤਾਇਨਾਤ ਭਾਰਤੀ ਫੌਜੀਆਂ ਦੀ ਬਗ਼ਾਵਤ ਨੂੰ ਭਾਵੇਂ ਅਜ਼ਾਦ ਹਿੰਦ ਫੌਜ ਦੀ ਬਗ਼ਾਵਤ ਵਾਂਗ ਯਾਦ ਨਹੀਂ ਕੀਤਾ ਜਾਂਦਾ ਪਰ ਇਸ ਵਿਦਰੋਹ ਨੇ ਭਾਰਤੀ ਫੌਜੀਆਂ ਦੇ ਮਨ ਵਿੱਚ ਅੰਗਰੇਜ਼ ਹਾਕਮਾਂ ਪ੍ਰਤੀ ਨਫ਼ਰਤ ਭਰ ਦਿੱਤੀ। ਬ੍ਰਿਟਿਸ਼ ਅਫਸਰਾਂ ਵੱਲੋਂ ਭਾਰਤੀ ਸਿਪਾਹੀਆਂ ਨਾਲ ਕੀਤਾ ਜਾਂਦਾ ਨਸਲੀ ਵਿਤਕਰਾ, ਮਾੜੀਆਂ ਸੇਵਾ-ਹਾਲਤਾਂ, ਭਾਰਤ ਵਿੱਚ ਚਲਦੀ ਕੌਮੀ ਲਹਿਰ ਦਾ ਪ੍ਰਭਾਵ, ਅਜ਼ਾਦ ਹਿੰਦ ਫੌਜ ਦੀਆਂ ਸਰਗਰਮੀਆਂ ਅਤੇ ਚਲਦੀ ਸੰਸਾਰ ਜੰਗ ਵਿਚ ਪੈ ਰਹੀ ਲੰਬੀ ਥਕਾ ਦੇਣ ਵਾਲ਼ੀ ਡਿਊਟੀ ਆਦਿ ਇਸ ਵਿਦਰੋਹ ਦੇ ਮੁੱਖ ਕਾਰਨ ਸਨ। ਬਗ਼ਾਵਤ ਸ਼ੁਰੂ ਕਰਦਿਆਂ ਹੀ ਸਿਪਾਹੀਆਂ ਨੇ ਅਫਸਰਾਂ ਦੇ ਹੁਕਮ ਮੰਨਣ ਤੋਂ ਇਨਕਾਰ ਕਰਕੇ ਹਕੂਮਤ ਵਿਰੁੱਧ ਰੋਸ ਪ੍ਰਦਰਸ਼ਨ ਸ਼ੁਰੂ ਕਰ ਦਿੱਤੇ ਅਤੇ ਕਈ ਫੌਜੀ ਕੰਟਰੋਲ ਤੋਂ ਬਾਹਰ ਹੋ ਗਏ ਪਰ ਬਗ਼ਾਵਤ ਪੂਰਾ ਉੱਗਰ ਰੂਪ ਧਾਰਨ ਨਾ ਕਰ ਸਕੀ। ਜਲਦੀ ਹੀ ਅੰਗਰੇਜ਼ ਸੈਨਕਾਂ ਨੇ ਇਸ ਤੇ ਕਾਬੂ ਪਾ ਲਿਆ ਅਤੇ ਅਨੇਕਾਂ ਸਿਪਾਹੀਆਂ ਨੂੰ ਕੋਰਟ ਮਾਰਸ਼ਲ ਕਰਕੇ ਸਖਤ ਸਜ਼ਾਵਾਂ ਦਿੱਤੀਆਂ ਗਈਆਂ ਅਤੇ ਬਾਕੀ ਦੂਰ-ਦੁਰਾਡੇ ਬਦਲ ਦਿੱਤੇ ਗਏ। ਭਾਵੇਂ ਇਸ ਬਗ਼ਾਵਤ ਨੂੰ ਵੀ ਛੇਤੀ ਹੀ ਕੁਚਲ ਦਿੱਤਾ ਗਿਆ ਪਰ ਅੰਗਰੇਜ਼ਾਂ ਨੂੰ ਚਿੱਟੇ ਦਿਨ ਵਾਂਗ ਚਾਨਣ ਹੋ ਗਿਆ ਕਿ ਹੁਣ ਭਾਰਤੀ ਸੈਨਕਾਂ ਤੇ ਬਹੁਤਾ ਭਰੋਸਾ ਨਹੀਂ ਕੀਤਾ ਜਾ ਸਕਦਾ। ਇਸ ਵਿਦਰੋਹ ਨੇ ਭਾਰਤੀ ਸੈਨਕਾਂ ਦੇ ਮਨ ਵਿੱਚ ਅੰਗਰੇਜ਼ਾਂ ਪ੍ਰਤੀ ਨਫ਼ਰਤ ਅਤੇ ਭਰਾਤਰੀ ਏਕਤਾ ਦੀ ਭਾਵਨਾ ਨੂੰ ਮਜਬੂਤ ਕੀਤਾ।

- **ਨੇਵੀ ਦੀ ਬਗ਼ਾਵਤ – 1946**

ਬ੍ਰਿਟਿਸ਼ ਅਫਸਰਾਂ ਵੱਲੋਂ ਭਾਰਤੀ ਫੌਜੀਆਂ ਨਾਲ ਕੀਤੇ ਜਾਂਦੇ ਨਸਲੀ ਵਿਤਕਰੇ, ਭਾਰਤੀ ਫੌਜੀਆਂ ਨੂੰ ਦਿੱਤੀ ਜਾਂਦੀ ਘਟੀਆ ਖ਼ੁਰਾਕ, ਘੱਟ ਤਨਖ਼ਾਹ, ਹੱਦੋਂ ਵੱਧ ਸਖ਼ਤ ਅਨੁਸ਼ਾਸਨ ਅਤੇ ਅਧਿਕਾਰੀਆਂ ਵੱਲੋਂ ਸੇਲਰਾਂ ਨਾਲ ਵਰਤੀ ਜਾਂਦੀ ਮਾੜੀ ਭਾਸ਼ਾ ਦੇ ਕਾਰਨ ਬ੍ਰਿਟਿਸ਼ ਭਾਰਤੀ ਨੇਵੀ ਦੇ ਨਾਵਕਾਂ ਨੇ 18 ਫ਼ਰਵਰੀ 1946 ਨੂੰ ਬੰਬਈ ਦੀ ਬੰਦਰਗਾਹ ਤੇ ਸ਼ਾਹੀ ਜਹਾਜ਼ 'ਤਲਵਾਰ' ਉੱਤੇ ਬਗ਼ਾਵਤ ਦਾ ਝੰਡਾ ਗੱਡ ਦਿੱਤਾ। ਜਲਦੀ ਹੀ ਇਹ ਲਹਿਰ ਕਰਾਚੀ, ਕਲਕੱਤਾ, ਮਦਰਾਸ, ਵਿਸਾਖਾਪਟਨਮ ਅਤੇ ਕੋਚੀਨ ਵਰਗੇ ਨੇਵੀ ਕੇਂਦਰਾਂ ਤੱਕ ਫੈਲ ਗਈ। ਬੀ. ਸੀ. ਦੱਤ ਅਤੇ ਮਦਨ ਸਿੰਘ ਦੀ ਅਗਵਾਈ ਹੇਠ 20,000 ਨਾਵਕ (ਸੇਲਰਜ਼) 78 ਜਹਾਜ਼ ਅਤੇ ਤੱਟ-ਵਰਤੀ ਕੇਂਦਰ ਇਸ ਵਿਦਰੋਹ ਵਿੱਚ ਸ਼ਾਮਲ ਹੋ ਗਏ। ਵਿਦਰੋਹੀ ਨਾਵਕਾਂ ਨੇ ਵਧੀਆ ਖਾਣਾ ਦੇਣ, ਬ੍ਰਿਟਿਸ਼ ਸੇਲਰਾਂ ਬਰਾਬਰ ਤਨਖ਼ਾਹ ਦੇਣ, ਚੰਗੇਰੀਆਂ ਜੀਵਨ-ਹਾਲਤਾਂ ਪੈਦਾ ਕਰਨ, ਅਜ਼ਾਦ ਹਿੰਦ ਫੌਜ ਦੇ ਕੈਦੀਆਂ ਨੂੰ ਰਿਹਾ ਕਰਨ ਅਤੇ ਭਾਰਤ ਵਿੱਚੋਂ ਬ੍ਰਿਟਿਸ਼ ਰਾਜ ਦੇ ਖ਼ਾਤਮੇ ਦੀਆਂ ਮੰਗਾਂ ਪੇਸ਼ ਕੀਤੀਆਂ। ਨਾਵਕਾਂ ਨੇ "ਜੈ ਹਿੰਦ, ਇਨਕਲਾਬ-ਜ਼ਿੰਦਾਬਾਦ ਅਤੇ ਅੰਗਰੇਜ਼ੋ ਭਾਰਤ ਛੱਡੋ" ਦੇ ਨਾਹਰੇ ਲਾਏ ਅਤੇ ਕਾਂਗਰਸ, ਮੁਸਲਿਮ ਲੀਗ ਅਤੇ ਕਮਿਊਨਿਸਟਾਂ ਦੇ ਝੰਡੇ ਲਹਿਰਾਏ। ਬੰਬਈ ਸ਼ਹਿਰ ਦੇ ਉਦਯੋਗਿਕ ਕਾਮੇ ਅਤੇ ਵਿਦਿਆਰਥੀ ਵੀ ਉਹਨਾਂ ਦੀ ਹਿਮਾਇਤ ਵਿੱਚ ਸੜਕਾਂ ਤੇ ਨਿਕਲ ਆਏ। ਸ਼ਹਿਰਾਂ ਵਿੱਚ ਹੜਤਾਲ ਅਤੇ ਫੌਜ ਨਾਲ ਝੜਪਾਂ ਹੋਣ ਲੱਗੀਆਂ।

ਬ੍ਰਿਟਿਸ਼ ਸਰਕਾਰ ਨੇ ਇਸ ਵਿਦਰੋਹ ਨੂੰ ਖ਼ਤਰੇ ਦੀ ਘੰਟੀ ਸਮਝ ਕੇ ਫੌਜ ਅਤੇ ਹਵਾਈ ਸੈਨਾ ਰਾਹੀਂ ਬੰਬਾਰੀ ਦੀ ਧਮਕੀ ਦੇ ਕੇ ਹਾਲਾਤ ਤੇ ਕਾਬੂ ਪਾਇਆ। ਕਾਂਗਰਸ ਅਤੇ ਲੀਗੀਆਂ ਨੇ ਵੀ ਸਥਿੱਤੀ ਹੱਥੋਂ ਨਿਕਲਦੀ ਜਾਂਦੀ ਵੇਖ ਕੇ ਉਹਨਾਂ ਨੂੰ ਆਤਮ-ਸਮਰਪਣ ਕਰਨ ਦੀ ਅਪੀਲ ਕੀਤੀ। ਸਭ ਕੁਝ ਨੂੰ ਵੇਖਦਿਆਂ ਆਗੂਆਂ ਨੇ ਸਰਕਾਰ ਵੱਲੋਂ ਦਿੱਤੇ ਭਰੋਸੇ ਦੇ ਬਾਅਦ ਅੰਦੋਲਨ ਵਾਪਸ ਲੈ ਲਿਆ। ਪਰ ਮਗਰੋਂ ਅੰਗਰੇਜ਼ ਹਕੂਮਤ ਨੇ ਆਪਣੇ ਦਿੱਤੇ ਵਾਅਦਿਆਂ ਨੂੰ ਤੋੜ ਕੇ ਸੈਂਕੜੇ ਸੇਲਰਾਂ ਨੂੰ ਨੌਂਕਰੀ ਤੋਂ ਬਰਖ਼ਾਸਤ ਕਰ ਦਿੱਤਾ। ਸਰਕਾਰ ਨੂੰ ਬ੍ਰਿਟਿਸ਼-ਭਾਰਤੀ ਸਿਪਾਹੀਆਂ ਤੇ ਕੋਈ ਇਤਬਾਰ ਨਾ ਰਿਹਾ ਅਤੇ ਉਹਨੇ ਸੱਤਾ ਭਾਰਤੀ ਆਗੂਆਂ ਨੂੰ ਸੌਂਪਣ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ। ਭਾਵੇਂ ਲੋਕਾਂ ਨੂੰ ਸ਼ਾਂਤ ਕਰਨ ਲਈ 1946 ਦੇ ਕੈਬਨਟ ਮਿਸ਼ਨ ਯੋਜਨਾ ਰਾਹੀਂ ਸ਼ਕਤੀਆਂ ਦਾ ਤਬਾਦਲਾ ਕੀਤਾ ਗਿਆ ਸੀ ਪਰ ਬੰਬਈ ਦੇ ਨੇਵੀ ਵਿਦਰੋਹ ਨੂੰ ਦਬਾਉਣ ਪਿੱਛੋਂ ਭਾਰਤੀ ਲੋਕਾਂ ਦੇ ਲਗਾਤਾਰ ਵਧ ਰਹੇ ਵਿਰੋਧ ਨੂੰ ਵੇਖਦਿਆਂ 15 ਅਗਸਤ 1947 ਨੂੰ ਅੰਗਰੇਜ਼ ਭਾਰਤ ਨੂੰ ਅਜ਼ਾਦ ਘੋਸ਼ਿਤ ਕਰਕੇ ਪੱਤਰਾ ਵਾਚ ਗਏ। ਸ਼ੈਤਾਨ ਹਾਕਮ ਜਾਂਦੇ ਜਾਂਦੇ ਸਾਡੇ ਵਿਹੜੇ ਵਿਚ ਸੇਹ ਦਾ ਤੱਕਲਾ ਗੱਡ ਗਏ ਜਿਸ ਦੇ ਫਲਸਰੂਪ ਹਿੰਦੂ-ਸਿੱਖ ਬਨਾਮ ਮੁਸਲਿਮ ਦੰਗੇ ਭੜਕ ਉੱਠੇ। ਦੇਸ਼ ਦੀ ਵੰਡ ਹੋ ਗਈ ਅਤੇ ਲੋਕਾਂ ਦਾ ਉਜਾੜਾ ਹੋਇਆ। ਲੁੱਟਾਂ-ਖੋਹਾਂ, ਮਾਰ-ਧਾੜ, ਕਤਲੋਗ਼ਾਰਤ ਅਤੇ ਔਰਤਾਂ ਨਾਲ਼ ਵਧੀਕੀਆਂ ਨੇ ਸਾਰੇ ਰਿਕਾਰਡ ਤੋੜ ਸੁੱਟੇ। ਭਾਰਤ ਅਤੇ ਪਾਕਿਸਤਾਨ ਨਾਂ ਦੇ ਦੋ ਦੇਸ਼ ਹੋਂਦ ਵਿਚ ਆ ਗਏ।

ਭਾਵੇਂ ਪੰਜਾਬ ਉੱਤੇ ਅੰਗਰੇਜ਼ਾਂ ਨੇ ਕਬਜ਼ਾ ਸਮੁੱਚੇ ਭਾਰਤ ਨੂੰ ਕੰਟਰੋਲ ਹੇਠ ਕਰਨ ਤੋਂ ਬਾਅਦ 1849 ਵਿੱਚ ਕੀਤਾ ਸੀ ਪਰ ਅਣਖੀ ਤੇ ਗ਼ੈਰਤਮੰਦ ਪੰਜਾਬੀ ਪਹਿਲਾਂ ਤੋਂ ਹੀ ਕਿਸੇ ਨਾ ਕਿਸੇ ਰਾਜਨੀਤਕ ਪਲੇਟਫਾਰਮ ਦੀ ਅਗਵਾਈ ਹੇਠ ਅੰਗਰੇਜ਼ਾਂ ਖ਼ਿਲਾਫ਼ ਜੂਝ ਰਹੇ ਸਨ। ਉਹ ਭਾਵੇਂ ਸ਼ਹੀਦ ਭਗਤ ਸਿੰਘ ਹੋਰਾਂ ਦੀ ਅਗਵਾਈ ਵਿਚ ਕੰਮ ਕਰਦੀ ਹਿੰਦੋਸਤਾਨ ਸੋਸ਼ਲਿਸ਼ਟ ਰਿਪਲੀਕਨ ਪਾਰਟੀ ਜਾਂ ਨੌਜਵਾਨ ਭਾਰਤ ਸਭਾ ਸੀ ਜਾਂ ਬਾਬਾ ਸੋਹਨ ਸਿੰਘ ਭਕਨਾ ਦੀ ਅਗਵਾਈ ਵਿਚ ਚੱਲੀ ਗ਼ਦਰ ਲਹਿਰ ਦੇ ਹਥਿਆਰਬੰਦ ਇਨਕਲਾਬੀ ਗਦਰੀ ਬਾਬੇ, ਚਾਹੇ ਬੱਬਰ ਅਕਾਲੀ ਲਹਿਰ ਸੀ ਜਾਂ ਗੁਰਦੁਆਰਾ ਸੁਧਾਰ ਲਹਿਰ ਨਾਲ ਜੋੜ ਕੇ ਚਲਦੀ ਅਕਾਲੀ ਲਹਿਰ, ਕਾਂਗਰਸ ਲਹਿਰ ਸੀ ਜਾਂ ਕਮਿਊਨਿਸਟਾਂ ਦੀ ਅਗਵਾਈ ਹੇਠ ਕੰਮ ਕਰਦੀ ਕਮਿਊਨਿਸਟ ਪਾਰਟੀ ਆਫ ਇੰਡੀਆ ਜਾਂ ਸੁਭਾਸ਼ ਚੰਦਰ ਬੋਸ ਦੀ ਅਗਵਾਈ ਵਿੱਚ ਹਥਿਆਰਬੰਦ ਅਜ਼ਾਦ ਹਿੰਦ ਫ਼ੌਜ, ਹਰ ਥਾਂ ਬਹਾਦਰ ਤੇ ਨਿਡਰ ਪੰਜਾਬੀ ਮੂਹਰੇ ਹੋ ਕੇ ਕੁਰਬਾਨੀਆਂ ਕਰਦੇ ਰਹੇ ਸਨ। ਇਹਨਾਂ ਸਾਰਿਆਂ ਦੇਸ਼ ਭਗਤਾਂ ਦਾ ਸੰਖੇਪ ਵਰਨਣ ਅਸੀਂ ਅੱਗੇ ਜਾ ਕੇ ਵਾਰੀ ਵਾਰੀ ਕਰਾਂਗੇ।

## 14. ਸ਼ਹੀਦ ਭਗਤ ਸਿੰਘ ਅਤੇ ਕਮਿਊਨਿਸਟ ਲਹਿਰ

ਇਨਕਲਾਬੀ ਲਹਿਰ ਦਾ ਮੋਢੀ ਪ੍ਰਸਿੱਧ ਕ੍ਰਾਂਤੀਕਾਰੀ ਬੰਗਾਲੀ ਨੌਜਵਾਨ ਰਾਸ ਬਿਹਾਰੀ ਬੋਸ ਸੀ। ਉਹ ਚੰਦਰ ਨਗਰ ਕਾਲਜ ਵਿਚ ਪੜ੍ਹਿਆ ਸੀ ਤੇ ਚੰਦਰ ਨਗਰ ਉਸ ਵੇਲ਼ੇ ਫਰਾਂਸੀਸੀਆਂ ਦੀ ਬਸਤੀ ਸੀ। ਉੱਥੇ ਰਾਸ ਬਿਹਾਰੀ ਬੋਸ ਨੇ 1789 ਵਿਚ ਫਰਾਂਸ ਵਿਚ ਆਏ ਇਨਕਲਾਬ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਇਨਕਲਾਬੀ ਸਾਹਿਤ ਪੜ੍ਹ ਕੇ ਉਹ ਕ੍ਰਾਂਤੀਕਾਰੀ ਵਿਚਾਰਾਂ ਵੱਲ ਖਿੱਚਿਆ ਗਿਆ। 1905 ਵਿਚ ਬੰਗਾਲ ਦੀ ਵੰਡ ਨੇ ਉਸ ਨੂੰ ਇਨਕਲਾਬੀ ਸਰਗਰਮੀਆਂ ਵੱਲ ਤੋਰ ਦਿੱਤਾ। ਗ਼ਦਰੀਆਂ ਦੇ ਸੰਪਰਕ ਵਿਚ ਆਉਣ ਪਿੱਛੋਂ ਉਹ ਹਥਿਆਰਬੰਦ ਇਨਕਲਾਬ ਦੀ ਤਿਆਰੀ ਵਿਚ ਰੁੱਝ ਗਿਆ। ਭੇਸ ਬਦਲਣ ਵਿਚ ਬੜਾ ਮਾਹਰ ਹੋਣ ਕਰਕੇ ਉਹ ਕਦੇ ਪੁਲਿਸ ਦੇ ਕਾਬੂ ਨਾ ਆਇਆ। 1912 ਵਿਚ ਅੰਗਰੇਜ਼ਾਂ ਨੇ ਆਪਣੀ ਰਾਜਧਾਨੀ ਕਲਕੱਤੇ ਤੋਂ ਬਦਲ ਕੇ ਦਿੱਲੀ ਕਰ ਲਈ। ਵਾਇਸਰਾਏ ਲਾਰਡ ਹਾਰਡਿੰਗ ਆਪਣੀ ਪਤਨੀ ਤੇ ਅਮਲੇ ਫੈਲੇ ਸਮੇਤ ਕਲਕੱਤੇ ਤੋਂ ਦਿੱਲੀ ਪਹੁੰਚਿਆ ਤਾਂ ਉਹਦੇ ਸਵਾਗਤ ਵਿਚ ਸ਼ਾਨਦਾਰ ਜਲੂਸ ਦਾ ਪ੍ਰਬੰਧ ਕੀਤਾ ਗਿਆ। 23 ਦਸੰਬਰ 1912 ਨੂੰ ਜਦੋਂ ਜਲੂਸ ਚਾਂਦਨੀ ਚੌਂਕ ਵਿਚੋਂ ਲੰਘ ਰਿਹਾ ਸੀ ਤਾਂ ਇਨਕਲਾਬੀਆਂ ਨੇ ਇਕ ਬੰਬ ਧਮਾਕਾ ਕਰਕੇ ਹਾਰਡਿੰਗ ਤੇ ਉਹਦੀ ਪਤਨੀ ਸਮੇਤ ਵੀਹ ਦੇ ਕਰੀਬ ਲੋਕਾਂ ਨੂੰ ਜ਼ਖ਼ਮੀ ਅਤੇ ਇਕ ਹਾਥੀ ਦੇ ਮਹਾਵਤ ਨੂੰ ਮੌਤ ਦੇ ਹਵਾਲੇ ਕਰ ਦਿੱਤਾ। ਇਸ ਘਟਨਾ ਨੂੰ **ਦਿੱਲੀ ਹਾਰਡਿੰਗ ਬੰਬ ਕੇਸ** ਦਾ ਨਾਂ ਦਿੱਤਾ ਗਿਆ ਅਤੇ ਇਸ ਕੇਸ ਵਿਚ ਬਸੰਤ ਕੁਮਾਰ ਬਿਸਵਾਸ ਨੂੰ ਨਬਾਲਗ ਹੋਣ ਦੇ ਬਾਵਜੂਦ 20 ਸਾਲ ਦੀ ਉਮਰ ਵਿਚ ਫਾਂਸੀ ਦੀ ਸਜ਼ਾ ਹੋਈ। ਕੁਝ ਸ੍ਰੋਤਾਂ ਅਨੁਸਾਰ ਅਮੀਰ ਚੰਦ ਨੂੰ ਵੀ 1915 ਵਿਚ ਅੰਬਾਲ਼ਾ ਜੇਲ੍ਹ ਵਿਚ ਅਤੇ ਅਵਧ ਬਿਹਾਰੀ ਤੇ ਮਾਸਟਰ ਭਾਈ ਬਾਲ ਮੁਕੰਦ ਨੂੰ ਵੀ 8 ਮਈ 1915 ਨੂੰ ਫਾਂਸੀ ਦਿੱਤੀ ਗਈ। ਰਾਸ ਬਿਹਾਰੀ ਬੋਸ ਬਚ ਕੇ ਨਿਕਲ ਗਿਆ।

ਰਾਮ ਪ੍ਰਸਾਦ ਬਿਸਮਿਲ, ਚੰਦਰ ਸ਼ੇਖ਼ਰ ਅਜ਼ਾਦ, ਅਸਫ਼ਾਕ ਉੱਲਾ, ਸਚਿੰਦਰ ਨਾਥ ਸਨਿਆਲ, ਰੌਸ਼ਨ ਸਿੰਘ, ਰਜਿੰਦਰ ਲਹਿਰੀ ਤੇ ਕੁਝ ਹੋਰ ਨੌਜਵਾਨਾਂ ਨੇ 1924 ਵਿਚ ਹਿੰਦੋਸਤਾਨ ਰਿਪਬਲੀਕਨ ਐਸੋਸੀਏਸ਼ਨ ਨਾਂ ਦੀ ਜਥੇਬੰਦੀ ਦੀ ਸਥਾਪਨਾ ਕੀਤੀ। ਹਥਿਆਰ ਖ਼ਰੀਦਣ ਲਈ ਪੈਸੇ ਦੀ ਲੋੜ ਪੂਰੀ ਕਰਨ ਲਈ ਇਹਨਾਂ ਕ੍ਰਾਂਤੀਕਾਰੀਆਂ ਨੇ 9 ਅਗਸਤ 1925 ਨੂੰ ਲਖਨਊ ਦੇ ਨੇੜੇ ਕਕੋਰੀ ਦੇ ਸਥਾਨ ਤੇ ਸਰਕਾਰੀ ਖ਼ਜ਼ਾਨਾ ਲੈ ਕੇ ਜਾ ਰਹੀ ਗੱਡੀ ਨੂੰ ਲੁੱਟਿਆ। ਸਰਕਾਰ ਨੇ ਕਈ ਕ੍ਰਾਂਤੀਕਾਰੀ ਗ੍ਰਿਫ਼ਤਾਰ ਕਰ ਲਏ। ਕਕੋਰੀ ਸਾਜਿਸ਼ ਕੇਸ 1925 ਅਧੀਨ ਡੇਢ ਸਾਲ ਬਾਅਦ ਰਾਮ ਪ੍ਰਸਾਦ ਬਿਸਮਿਲ, ਅਸ਼ਫ਼ਾਕ ਉੱਲਾ, ਰਜਿੰਦਰ ਲਹਿਰੀ ਅਤੇ ਰੌਸ਼ਨ ਸਿੰਘ ਨੂੰ ਮੌਤ ਦੀ ਸਜ਼ਾ ਦਿੱਤੀ ਗਈ। ਚੰਦਰ ਸ਼ੇਖ਼ਰ ਗ੍ਰਿਫ਼ਤਾਰੀ ਤੋਂ ਬਚ ਗਿਆ ਪਰ ਬਨਵਾਰੀ ਲਾਲ, ਮੁਕੰਦੀ ਲਾਲ, ਸਚਿੰਦਰਾ ਬਖ਼ਸ਼ੀ ਤੇ ਹੋਰ ਕਈਆਂ ਨੂੰ ਲੰਮੀ ਕੈਦ ਅਤੇ ਕਾਲ਼ੇ ਪਾਣੀਆਂ ਦੀ ਸਜ਼ਾ ਹੋਈ। ਸਤੰਬਰ 1928 ਵਿਚ ਭਗਤ ਸਿੰਘ, ਚੰਦਰ ਸ਼ੇਖ਼ਰ ਅਜ਼ਾਦ, ਭਗਵਤੀ ਚਰਨ ਵੋਹਰਾ ਵਰਗੇ ਇਨਕਲਾਬੀਆਂ ਨੇ ਸਮਾਜਵਾਦੀ ਵਿਚਾਰਧਾਰਾ ਨੂੰ ਮੁੱਖ ਰੱਖ ਕੇ ਇਸ ਜਥੇਬੰਦੀ ਦਾ ਨਾਂ ਬਦਲ ਕੇ ਹਿੰਦੋਸਤਾਨ ਸੋਸ਼ਲਿਸਟ ਰਿਪਬਲੀਕਨ ਐਸੋਸੀਏਸ਼ਨ ਕਰ ਦਿੱਤਾ ਅਤੇ ਅੰਗਰੇਜ਼ਾਂ ਨੂੰ ਹਥਿਆਰਬੰਦ ਇਨਕਲਾਬ ਰਾਹੀਂ ਭਾਰਤ ਚੋਂ ਕੱਢ ਕੇ ਦੇਸ਼ ਵਿਚ ਸਮਾਜਵਾਦੀ ਰਿਪਬਲਿਕ ਕਾਇਮ ਕਰਨ ਦਾ ਟੀਚਾ ਮਿਥਿਆ।

ਨੌਜਵਾਨਾਂ ਨੂੰ ਇਸ ਲਹਿਰ ਵੱਲ ਖਿੱਚਣ ਲਈ 1925 ਵਿਚ ਸ਼ਹੀਦ ਭਗਤ ਸਿੰਘ ਨੇ ਨੌਜਵਾਨ ਭਾਰਤ ਸਭਾ ਬਣਾ ਕੇ ਸਰਗਰਮੀਆਂ ਅਰੰਭੀਆਂ। (ਰਾਜਪਾਲ ਸਿੰਘ ਨੇ ਆਪਣੀ ਪੁਸਤਕ 'ਪੰਜਾਬ ਦੀ ਇਤਿਹਾਸਿਕ ਗਾਥਾ' ਵਿਚ ਇਹ ਸਾਲ 1926 ਲਿਖਿਆ ਹੈ) ਅਕਤੂਬਰ 1928 ਵਿਚ ਲਹੌਰ ਵਿਚ ਪਾਰਟੀ ਦੀ ਮੀਟਿੰਗ ਕਰਕੇ ਉਹਨਾਂ ਨੇ, ਸਾਈਮਨ ਕਮਿਸ਼ਨ ਦਾ ਵਿਰੋਧ ਕਰਦੇ ਹੋਏ ਲਾਲਾ ਲਾਜਪਤ ਰਾਏ ਦੀ (ਜੇਮਜ਼ ਏ. ਸਕਾਟ ਦੇ ਹੁਕਮ ਨਾਲ ਹੋਏ ਪੁਲਿਸ ਲਾਠੀਚਾਰਜ ਕਾਰਨ ਹੋਈ) ਮੌਤ ਦਾ ਬਦਲਾ ਲੈਣ ਦਾ ਫੈਸਲਾ ਕੀਤਾ। 17 ਦਸੰਬਰ 1928 ਨੂੰ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ, ਤਿੰਨੇ ਨੌਜਵਾਨ ਉਕਤ ਲਾਠੀਚਾਰਜ ਲਈ ਜ਼ਿੰਮੇਵਾਰ ਸਕਾਟ ਨੂੰ ਮਾਰਨ ਲਈ ਗਏ ਪਰ ਗਲਤੀ ਨਾਲ ਸਕਾਟ ਦੀ ਥਾਂ ਸਾਂਡਰਸ ਮਾਰਿਆ ਗਿਆ। ਇਸ ਘਟਨਾ ਵਿਰੁੱਧ ਸਰਕਾਰ ਨੇ ਦੋਸ਼ੀਆਂ ਖ਼ਿਲਾਫ਼ ਦੂਸਰਾ ਲਹੌਰ ਸਾਜਿਸ਼ ਕੇਸ 1928 ਦਰਜ ਕੀਤਾ। 8 ਅਪ੍ਰੈਲ 1929 ਨੂੰ ਭਗਤ ਸਿੰਘ ਤੇ ਬੀ ਕੇ ਦੱਤ ਨੇ ਪਬਲਿਕ ਸੇਫਟੀ ਬਿੱਲ ਅਤੇ ਟਰੇਡ ਡਿਸਪਿਊਟ ਬਿੱਲ ਪੇਸ਼ ਕਰਨ ਸਮੇਂ ਸਰਕਾਰ ਦੇ ਬੋਲ਼ੇ ਕੰਨਾਂ ਤੱਕ ਆਪਣੀ ਅਵਾਜ਼ ਪਹੁੰਚਾਉਣ ਲਈ ਸੈਂਟਰਲ ਲੈਜਿਸਲੇਟਿਵ ਅਸੰਬਲੀ, ਦਿੱਲੀ ਦੇ ਹਾਲ ਵਿਚ ਖਾਲੀ ਥਾਂ ਵੇਖ ਕੇ ਧੂੰਏਂ ਵਾਲ਼ੇ ਬੰਬ ਸੁੱਟੇ, ਇਨਕਲਾਬ ਜ਼ਿੰਦਾਬਾਦ ਦੇ ਨਾਹਰੇ ਲਾਏ ਅਤੇ ਗ੍ਰਿਫ਼ਤਾਰੀ ਦਿੱਤੀ।

ਗ੍ਰਿਫ਼ਤਾਰੀ ਤੋਂ ਬਾਅਦ ਜੇਲ੍ਹਾਂ ਵਿਚ ਭਾਰਤੀ ਰਾਜਸੀ ਕੈਦੀਆਂ ਦੀ ਮੰਦੀ ਹਾਲਤ ਵਿਰੁੱਧ ਰੋਸ ਪ੍ਰਗਟ ਕਰਨ ਲਈ ਉਹਨਾਂ ਨੇ ਲੰਮੀਆਂ ਭੁੱਖ-ਹੜਤਾਲਾਂ ਕੀਤੀਆਂ। ਕਾਮਰੇਡ ਜੈਤਿਨ ਦਾਸ 63 ਦਿਨ (ਇਕ ਥਾਂ 64 ਦਿਨ ਵੀ ਲਿਖਿਆ ਹੈ) ਦੀ ਭੁੱਖ ਹੜਤਾਲ ਬਾਅਦ ਸ਼ਹੀਦ ਹੋ ਗਏ। ਕਹਿੰਦੇ ਹਨ ਕਿ ਜਦੋਂ ਜੈਤਨ ਦਾਸ ਦੀ ਅਰਥੀ ਨੂੰ ਰੇਲ ਗੱਡੀ ਰਾਹੀਂ ਲਾਹੌਰ ਤੋਂ ਕਲਕੱਤੇ ਲਿਜਾਇਆ ਗਿਆ ਤਾਂ ਰਸਤੇ ਵਿਚ ਹਰ ਸਟੇਸ਼ਨ ਤੇ ਦਰਸ਼ਨ ਕਰਨ ਲਈ ਹਜ਼ਾਰਾਂ ਲੋਕ ਇਕੱਠੇ ਹੋ ਜਾਂਦੇ ਸਨ ਅਤੇ ਕਲਕੱਤੇ ਵਿਚ ਉਹਦੇ ਸਸਕਾਰ ਵੇਲ਼ੇ ਅਰਥੀ ਮਗਰ 6 ਲੱਖ ਲੋਕਾਂ ਦਾ ਕਾਫ਼ਲਾ 2 ਮੀਲ ਲੰਮਾ ਸੀ। ਇਸ ਕੇਸ ਨੂੰ ਸ਼ਹੀਦ ਭਗਤ ਸਿੰਘ ਹੋਰਾਂ ਸਮਾਜਵਾਦੀ ਅਤੇ ਸਾਮਰਾਜ ਵਿਰੋਧੀ ਵਿਚਾਰਾਂ ਦੇ ਪ੍ਰਚਾਰ ਲਈ ਵਰਤਿਆ। ਤਿੰਨਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ। 23 ਮਾਰਚ ਨੂੰ 1931 ਨੂੰ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਤਿੰਨਾਂ ਨੂੰ ਲਹੌਰ ਜੇਲ੍ਹ ਵਿਚ ਫਾਂਸੀ ਦੇ ਕੇ ਲਾਸ਼ਾਂ ਸਤਲੁਜ ਦੇ ਕੰਢੇ ਪਿੰਡ ਗੰਡਾ ਸਿੰਘ ਵਾਲ਼ਾ (ਹੁਸੈਨੀ ਵਾਲ਼ਾ) ਦੇ ਸਥਾਨ ਲਿਆ ਕੇ ਸਸਕਾਰ ਕਰਨ ਲੱਗੇ ਤਾਂ ਗੁੱਸੇ ਵਿੱਚ ਆਏ ਲੋਕਾਂ ਦੇ ਉਮੜ੍ਹਦੀ ਆ ਰਹੀ ਭੀੜ ਨੂੰ ਵੇਖ ਕੇ ਅੱਧ ਜਲ਼ੀਆਂ ਲਾਸ਼ਾਂ ਨੂੰ ਪਾਣੀ ਵਿੱਚ ਰੋੜ੍ਹ ਦਿੱਤਾ। ਭਾਰਤੀ ਲੋਕਾਂ ਦੇ ਮਨ ਵਿਚ ਅੰਗਰੇਜ਼ਾਂ ਵਿਰੁੱਧ ਗੁੱਸੇ ਦੀ ਲਹਿਰ ਫੈਲ ਗਈ। ਇਸ ਨੂੰ ਸ਼ਾਂਤ ਕਰਨ ਲਈ ਅੰਗਰੇਜ਼ ਹਕੂਮਤ ਨੇ ਕਾਂਗਰਸ ਨਾਲ਼ 'ਗਾਂਧੀ-ਇਰਵਨ ਸਮਝੌਤਾ' ਕੀਤਾ। ਇਸ ਸਮੇਂ ਦੌਰਾਨ ਹੀ 12 ਅਪ੍ਰੈਲ 1928 ਨੂੰ ਜੱਲ੍ਹਿਆਂਵਾਲੇ ਬਾਗ ਵਿਚ 60 ਆਦਮੀਆਂ ਦੀ ਇਕ ਮੀਟਿੰਗ ਵਿਚ ਕਿਰਤੀ ਕਿਸਾਨ ਪਾਰਟੀ ਸਥਾਪਿਤ ਕਰਨ ਦਾ ਫੈਸਲਾ ਕੀਤਾ ਗਿਆ। 1928-29 ਦੇ ਮੰਦਵਾੜੇ ਕਾਰਨ ਸਰਕਾਰ ਤੋਂ ਤੰਗ ਆਏ ਕਿਸਾਨ ਕਿਰਤੀ ਕਿਸਾਨ ਪਾਰਟੀ ਨਾਲ਼ ਜੁੜਨ ਲੱਗੇ ਅਤੇ ਅੰਗਰੇਜ਼ ਸਰਕਾਰ ਵਿਰੁੱਧ ਪਿੰਡ ਪਿੰਡ ਵਿਚ ਕਿਰਤੀ ਕਿਸਾਨ ਪਾਰਟੀ ਦੀ ਸਰਗਰਮੀ ਵਧਣ ਲੱਗੀ। ਅੰਗਰੇਜ਼ ਸਰਕਾਰ ਨੇ ਪੰਜਾਬ ਦੇ ਕਿਸਾਨਾਂ ਵਿਚ ਇਨਕਲਾਬੀ ਤਬਦੀਲੀ ਨੂੰ ਬਰਦਾਸ਼ਤ ਨਾ ਕਰਦਿਆਂ ਇਕ ਪਾਸੇ ਪਾਰਟੀ ਦੇ ਸਰਗਰਮ ਆਗੂਆਂ ਨੂੰ ਜੇਲ੍ਹਾਂ ਵਿਚ ਡੱਕ ਕੇ ਤਸ਼ੱਦਦ ਕੀਤਾ ਅਤੇ ਦੂਜੇ ਪਾਸੇ ਕਿਸਾਨਾਂ ਨੂੰ ਆਬਿਆਨੇ ਵਿਚ ਕੁਝ ਛੋਟਾਂ ਦਿੱਤੀਆਂ। ਪਰ ਇਸ ਦੇ ਬਾਵਜੂਦ ਪੰਜਾਬ ਦੀ ਰਾਜਨੀਤਕ ਸੋਚ ਵਿੱਚੋਂ ਇਨਕਲਾਬੀ ਭਾਵਨਾ ਖ਼ਤਮ ਨਾ ਹੋਈ।

ਖੱਬੇ ਪੱਖੀ ਆਗੂਆਂ ਵਿਰੁੱਧ ਬ੍ਰਿਟਿਸ਼ ਸਰਕਾਰ ਦੀਆਂ ਇਹਨਾਂ ਸਖ਼ਤੀਆਂ ਦੇ ਪ੍ਰਭਾਵ ਅਧੀਨ ਸੰਗਠਿਤ ਪਾਰਟੀ ਸੀ ਪੀ ਆਈ ਹੋਂਦ ਵਿਚ ਆਈ। ਪਾਰਟੀ ਦੀ ਸਥਾਪਨਾ ਦੀ ਸਹੀ ਮਿਤੀ ਬਾਰੇ ਮਤਭੇਦ ਹਨ। 1917 ਦੇ ਰੂਸੀ ਇਨਕਲਾਬ ਨੇ ਕਿਸਾਨ ਅਤੇ ਮਜ਼ਦੂਰ ਲਹਿਰਾਂ ਵਿਚ ਕੰਮ ਕਰਦੇ ਕਮਿਊਨਿਸਟਾਂ ਤੇ ਹਾਂ-ਪੱਖੀ ਪ੍ਰਭਾਵ ਪਾਇਆ। 1924 ਵਿਚ ਕਾਨ੍ਹਪੁਰ ਸਾਜਿਸ਼ ਕੇਸ ਵਿਚ ਚਾਰ ਮਜ਼ਦੂਰ ਆਗੂਆਂ ਨੂੰ 4 ਸਾਲ ਕੈਦ ਬਾ-ਮੁਸ਼ੱਕਤ ਦੀ ਸਜ਼ਾ ਹੋਈ। ਇਸ ਕਾਰਨ ਕੁਝ ਆਗੂ ਮੰਨਦੇ ਹਨ ਕਿ 1925 ਵਿਚ ਰਸਮੀ ਤੌਰ ਤੇ ਕਾਨ੍ਹਪੁਰ ਵਿਚ ਸੀ ਪੀ ਆਈ ਦੇ ਨਾਂ ਹੇਠ ਕਮਿਊਨਿਸਟ ਪਾਰਟੀ ਦਾ ਗਠਨ ਕਰਕੇ ਮਜ਼ਦੂਰਾਂ ਨੂੰ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ ਅਤੇ ਕਿਸਾਨਾਂ ਨੂੰ ਕਿਸਾਨ ਸਭਾ ਦੇ ਬੈਨਰ ਹੇਠ ਸੰਗਠਿੱਤ ਕਰਨਾ ਸ਼ੁਰੂ ਕਰ ਦਿੱਤਾ ਗਿਆ। ਪਰ ਕੌਮਾਂਤਰੀ ਇੰਟਰਨੈਸ਼ਨਲ ਨਾਲ ਕਿਸਾਨ ਮਜ਼ਦੂਰ ਮੁਕਤੀ ਦੇ ਪ੍ਰੋਗਰਾਮ ਸਹਿਤ ਪਾਰਟੀ 1934 ਵਿਚ ਇਲਹਾਕ-ਬੱਧ ਹੋਈ ਮੰਨੀ ਜਾਂਦੀ ਹੈ। ਸਰਕਾਰ ਕਮਿਊਨਿਸਟ ਵਰਕਰਾਂ ਦੀਆਂ ਸਰਗਰਮੀਆਂ ਬਾਰੇ ਚੁਕੰਨੀ ਹੋ ਗਈ ਸੀ। ਦੇਸ਼ ਵਿਚ ਰੇਲਵੇ ਤੇ ਟੈਕਸਟਾਈਲ ਕਾਮੇ ਆਪਣੀਆਂ ਹੱਕੀ ਮੰਗਾਂ ਲਈ ਹੜਤਾਲਾਂ ਕਰ ਰਹੇ ਸਨ। 1928-29 ਵਿਚ ਕਮਿਊਨਿਸਟਾਂ ਨੇ ਬੰਬਈ ਕੱਪੜਾ ਮਿੱਲ ਵਿਚ ਮਜ਼ਦੂਰਾਂ ਦੇ ਹੱਕ ਵਿਚ ਹੜਤਾਲ ਲਾਮਬੰਦ ਕੀਤੀ ਜਿਸ ਦਾ ਅਸਰ ਬੰਬਈ ਤੋਂ ਬਾਹਰ ਪੰਜਾਬ, ਮਦਰਾਸ ਅਤੇ ਬੰਗਾਲ ਤੇ ਵੀ ਪਿਆ।

ਮਾਰਚ 1929 ਵਿਚ ਸਰਕਾਰ ਨੇ ਐਸ ਏ ਡਾਂਗੇ, ਸੋਹਨ ਸਿੰਘ ਜੋਸ਼, ਸ਼ੌਕਤ ਅਲੀ ਉਸਮਾਨੀ, ਮੁਜ਼ਫ਼ਰ ਅਹਿਮਦ, ਕੇਦਾਰਨਾਥ ਸਹਿਗਲ, ਅਬਦੁਲ ਮਜੀਦ, ਨਲਿਨੀ ਗੁਪਤਾ ਅਤੇ ਫਿਲਪ ਸਪਰਾਟ ਵਰਗੇ 33 ਖੱਬੇ-ਪੱਖੀ ਟਰੇਡ ਯੂਨੀਅਨ ਆਗੂਆਂ ਤੇ

ਵਰਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਹਨਾਂ ਵਿਰੁੱਧ ਸਰਕਾਰ ਵਿਰੁੱਧ ਬਗਾਵਤ ਕਰਕੇ ਭਾਰਤ ਵਿਚ ਮਜ਼ਦੂਰਾਂ ਕਿਸਾਨਾਂ ਦਾ ਰਾਜ ਸਥਾਪਤ ਕਰਨ ਦੇ ਦੋਸ਼ਾਂ ਅਧੀਨ **ਮੇਰਠ ਸਾਜਿਸ਼ ਕੇਸ** ਦਰਜ ਕੀਤਾ ਜੋ 1933 ਤੱਕ ਚੱਲਿਆ। ਇਸ ਕੇਸ ਸਮੇਂ ਕੋਰਟ ਦੇ ਮੰਚ ਨੂੰ ਕਮਿਊਨਿਸਟਾਂ ਨੇ ਅੰਗਰੇਜ਼ਾਂ ਦੁਆਰਾ ਭਾਰਤੀ ਲੋਕਾਂ ਤੇ ਕੀਤੇ ਜਾ ਰਹੇ ਜ਼ੁਲਮਾਂ ਨੂੰ ਨੰਗਾ ਕਰਨ ਅਤੇ ਕਿਸਾਨ ਮਜ਼ਦੂਰ ਏਕਤਾ ਦੇ ਪ੍ਰਚਾਰ ਲਈ ਵਰਤਿਆ। ਕਈ ਆਗੂਆਂ ਨੂੰ ਲੰਮੀ ਕੈਦ ਦੀ ਸਜ਼ਾ ਸੁਣਾਈ ਗਈ ਜੋ ਮਗਰੋਂ ਘੱਟ ਕੀਤੀ ਗਈ। ਇਸ ਤੋਂ ਪਹਿਲਾਂ 1930 ਵਿਚ ਜਦੋਂ ਕਾਂਗਰਸ ਨੇ ਸਿਵਲ ਨਾ-ਫ਼ੁਰਮਾਨੀ ਦਾ ਸੱਦਾ ਦਿੱਤਾ ਤਾਂ ਮਜ਼ਦੂਰ ਜਮਾਤ ਜੋ ਪਹਿਲਾਂ ਹੀ ਆਪਣੀਆਂ ਮੰਗਾਂ ਲਈ ਹੜਤਾਲਾਂ ਕਰ ਰਹੀ ਸੀ, ਦੇ ਵਰਕਰ ਵੱਡੀ ਗਿਣਤੀ ਵਿਚ ਲਹਿਰ ਵਿਚ ਸ਼ਾਮਲ ਹੋਏ। ਲੱਖਾਂ ਦੀ ਗਿਣਤੀ ਵਿਚ ਲੋਕ ਕਨੂੰਨ ਦੀਆਂ ਧੱਜੀਆਂ ਉਡਾਉਂਦੇ ਪੁਲਿਸ ਜਬਰ ਦਾ ਸਾਹਮਣਾ ਕਰਦੇ ਹੋਏ ਸੰਘਰਸ਼ ਵਿਚ ਓਤਪੋਤ ਸਨ। ਸਿੱਟੇ ਵਜੋਂ ਕਾਂਗਰਸ ਨੂੰ ਸੰਪੂਰਨ ਅਜ਼ਾਦੀ ਦਾ ਮਤਾ ਪਾਸ ਕਰਨਾ ਪਿਆ ਅਤੇ ਅੰਗਰੇਜ਼ ਸਰਕਾਰ ਵੱਲੋਂ ਕਾਂਗਰਸ ਨੂੰ ਗੋਲਮੇਜ਼ ਕਾਨਫਰੰਸਾਂ ਦਾ ਸੱਦਾ ਦਿੱਤਾ ਗਿਆ। ਕਾਨਫਰੰਸਾਂ ਵਿਚ ਕੋਈ ਪ੍ਰਾਪਤੀ ਨਾ ਹੋਣ ਤੇ 1933 ਵਿਚ ਗਾਂਧੀ ਜੀ ਨੇ ਦੁਬਾਰਾ ਸਿਵਲ ਨਾ-ਫ਼ੁਰਮਾਨੀ ਸ਼ੁਰੂ ਕਰਨ ਦਾ ਸੱਦਾ ਦਿੱਤਾ ਪਰ ਕਿਸਾਨਾਂ ਤੇ ਮਜ਼ਦੂਰਾਂ ਦੀ ਭਰਪੂਰ ਸ਼ਮੂਲੀਅਤ ਨੂੰ ਵੇਖਦਿਆਂ ਅਗਵਾਈ ਹੱਥੋਂ ਨਿਕਲ ਜਾਣ ਦੇ ਡਰ ਤੋਂ ਗਾਂਧੀ ਜੀ ਨੇ ਇਹ ਸੱਦਾ ਵਾਪਸ ਲੈ ਲਿਆ।

1935-40 ਵਿਚਕਾਰ ਕਾਲਜ ਪੜ੍ਹਦੇ ਨੌਜਵਾਨਾਂ ਦਾ ਵੱਡਾ ਹਿੱਸਾ ਮਾਰਕਸਵਾਦ ਤੋਂ ਪ੍ਰਭਾਵਿਤ ਹੋ ਕੇ ਨੌਜਵਾਨ ਭਾਰਤ ਸਭਾ ਅਤੇ ਕਮਿਊਨਿਸਟ ਪਾਰਟੀ ਵੱਲ ਖਿੱਚਿਆ ਗਿਆ ਜਿਹਨਾਂ ਵਿਚ ਹਰਕਿਸ਼ਨ ਸਿੰਘ ਸੁਰਜੀਤ, ਸੋਹਨ ਸਿੰਘ ਜੋਸ਼, ਅੱਛਰ ਸਿੰਘ ਛੀਨਾ, ਜਗਜੀਤ ਸਿੰਘ ਅਨੰਦ, ਰਾਜਬੰਸ ਖੰਨਾ, ਪ੍ਰੋ. ਰਣਧੀਰ ਸਿੰਘ, ਅਵਤਾਰ ਸਿੰਘ ਮਲਹੋਤਰਾ, ਸੱਤਪਾਲ ਡਾਂਗ, ਨਵਤੇਜ ਸਿੰਘ ਅਤੇ ਰਮੇਸ਼ ਚੰਦਰ ਆਦਿ ਹੋਰ ਕਈ ਆਗੂ ਸ਼ਾਮਲ ਸਨ**। ਕਾਮਰੇਡ ਜਗਜੀਤ ਸਿੰਘ ਅਨੰਦ ਅਤੇ ਕਾਮਰੇਡ ਅਰਜਨ ਸਿੰਘ ਗੜਗੱਜ ਤਰਨਤਾਰਨ ਸ਼ਹਿਰ ਦੇ ਵਾਸੀ ਸਨ।** ਮੇਰਠ ਸਾਜਿਸ਼ ਕੇਸ ਤੋਂ ਬਾਅਦ 1936 ਵਿਚ ਕਮਿਊਨਿਸਟਾਂ ਵਿਰੁੱਧ ਸਰਕਾਰ ਨੇ, ਉਹਨਾਂ ਦਾ ਸੋਵੀਅਤ ਰੂਸ ਰਾਹੀਂ ਅੰਤਰ-ਰਾਸ਼ਟਰੀ ਲਹਿਰ ਦਾ ਅੰਗ ਬਣਨ ਦੇ ਡਰ ਕਾਰਨ 'ਪਿਸ਼ਾਵਰ ਸਾਜਿਸ਼ ਕੇਸ' ਦਰਜ ਕੀਤਾ। ਕੋਰਟ ਵਿਚ ਇਹ ਕੇਸ ਭੁਗਤਦਿਆਂ ਕਾਮਰੇਡਾਂ ਨੇ ਇਸ ਪਲੇਟਫਾਰਮ ਨੂੰ ਵੀ ਸਾਮਰਾਜ ਵਿਰੋਧੀ ਵਿਚਾਰਾਂ ਦੇ ਪਸਾਰ ਅਤੇ ਮਜ਼ਦੂਰਾਂ ਦੇ ਹੱਕ ਵਿਚ ਮਹੌਲ ਸਿਰਜਣ ਲਈ ਵਰਤਿਆ। ਇਸ ਕੇਸ ਵਿਚ ਵੀ ਐਸ. ਜੀ. ਮਿਸ਼ਰਾ, ਜਮਾਲੁਦੀਨ ਅਤੇ ਅਬਦਲ ਮਜ਼ੀਦ ਵਰਗੇ ਕਈ ਕਾਮਰੇਡਾਂ ਨੂੰ 7 ਤੋਂ 14 ਸਾਲ ਤੱਕ ਦੀ ਸਜ਼ਾ ਹੋਈ।

1934 ਵਿਚ ਬ੍ਰਿਟਿਸ਼ ਸਰਕਾਰ ਨੇ ਕਮਿਊਨਿਸਟ ਪਾਰਟੀ ਤੇ ਪਬੰਦੀ ਲਾ ਦਿੱਤੀ ਸੀ। ਇਸ ਕਾਰਨ ਕਮਿਊਨਿਸਟ ਵਰਕਰ ਕਾਂਗਰਸ ਸੋਸ਼ਲਿਸਟ ਪਾਰਟੀ ਨਾਲ਼ ਮਿਲ ਕੇ ਕੰਮ ਕਰਦੇ ਰਹੇ ਅਤੇ ਮਾਰਕਸੀ ਵਿਚਾਰਾਂ ਦਾ ਪ੍ਰਚਾਰ ਕਰਦੇ ਰਹੇ। ਇਹ ਪਾਰਟੀ ਵੀ ਸੰਪੂਰਨ ਅਜ਼ਾਦੀ ਅਤੇ ਜ਼ਰੱਈ ਇਨਕਲਾਬ ਦੀ ਪੂਰਤੀ ਲਈ ਬਣਾਈ ਗਈ ਸੀ। 1936-37 ਵਿਚ ਕੁਝ ਸਮੇਂ ਲਈ ਪਾਰਟੀ ਤੋਂ ਪਾਬੰਦੀ ਹਟੀ ਤਾਂ ਨਹਿਰੂ ਅਤੇ ਖੱਬੇ ਕਾਂਗਰਸੀ ਗਰੁੱਪ ਨਾਲ਼ ਰਲ ਕੇ ਪਾਪੂਲਰ ਫਰੰਟ ਬਣਾਇਆ ਗਿਆ। 1941 ਵਿਚ ਜਦੋਂ ਹਿਟਲਰ ਨੇ ਸੋਵੀਅਤ ਰੂਸ ਤੇ ਹਮਲਾ ਕੀਤਾ ਤਾਂ ਪਾਰਟੀ ਜਰਮਨ ਫ਼ਾਸ਼ੀਵਾਦ ਵਿਰੁੱਧ ਬਰਤਾਨੀਆ ਸਰਕਾਰ ਦੀ ਹਿਮਾਇਤ ਵਿਚ ਚਲੇ ਗਈ। ਨਤੀਜੇ ਵਜੋਂ ਕਾਂਗਰਸ ਨਾਲ਼ ਦੁਫੇੜ ਪੈ ਗਈ ਅਤੇ ਪਾਰਟੀ 1942 ਦੇ 'ਭਾਰਤ ਛੱਡੋ' ਅੰਦੋਲਨ ਤੋਂ ਪਿੱਛੇ ਹਟ ਗਈ। ਇਸ ਫ਼ੈਸਲੇ ਤੋਂ ਬਾਅਦ ਕਮਿਊਨਿਸਟਾਂ ਵੱਲੋਂ ਲਿਆ ਗਿਆ ਇਕ ਹੋਰ ਗ਼ਲ਼ਤ ਫ਼ੈਸਲਾ ਪਾਕਿਸਤਾਨ ਦੇ ਹੱਕ 'ਚ ਖਲੋਣ ਦਾ ਸੀ। ਇਹਨਾਂ ਵੱਡੀਆਂ ਗ਼ਲ਼ਤੀਆਂ ਕਾਰਨ ਕਮਿਊਨਿਸਟ ਕੋਈ ਇਤਿਹਾਸਿਕ ਪਹਿਲਕਦਮੀ ਕਰਨ ਦੇ ਕਾਬਲ ਨਾ ਰਹੇ। ਫਿਰ ਵੀ ਬਹਤ ਸਾਰੇ ਸਥਾਨਕ ਕਮਿਊਨਿਸਟ ਰੋਸ ਪ੍ਰਦਰਸ਼ਨਾਂ ਵਿਚ ਸ਼ਾਮਲ ਹੋਏ ਅਤੇ ਉਹਨਾਂ ਦੀਆਂ ਗ੍ਰਿਫ਼ਤਾਰੀਆਂ ਵੀ ਹੋਈਆਂ। ਬਹੁਤ ਸਾਰੇ ਕਾਮਰੇਡ ਅੰਡਰ-ਗਰਾਊਂਡ ਹੋ ਕੇ ਕੰਮ ਕਰਦੇ ਰਹੇ। ਜਿਹੜੇ ਫੜ੍ਹੇ ਗਏ, ਉਹਨਾਂ ਨਾਲ ਕਿਹੋ ਜਿਹਾ ਸਲੂਕ ਅੰਗਰੇਜ਼ ਸਰਕਾਰ ਨੇ ਕੀਤਾ, ਇਸ ਦਾ ਜ਼ਿਕਰ ਕਾ: ਹਰਕਿਸ਼ਨ ਸਿੰਘ ਸੁਰਜੀਤ ਨੇ ਆਪਣੀ ਸਵੈ-ਜੀਵਨੀ ਵਿਚ ਕੀਤਾ ਹੈ।

ਉਹ ਲਿਖਦੇ ਹਨ, " 13 ਦਸੰਬਰ 1940 ਨੂੰ ਅੰਮ੍ਰਿਤਸਰ ਵਿਖੇ ਇਕ ਮੀਟਿੰਗ ਤੋਂ ਬਾਅਦ ਲਹੌਰ ਜਾਂਦਿਆਂ ਰੇਲ ਗੱਡੀ ਵਿਚੋਂ ਮੈਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਸ਼ਾਹੀ ਕਿਲ੍ਹੇ ਦੀ ਬਦਨਾਮ ਜੇਲ੍ਹ ਵਿਚ ਲਿਜਾਇਆ ਗਿਆ। ਇਕੱਲੇ ਨੂੰ ਤਿੰਨ ਮਹੀਨੇ ਤੋਂ ਵੱਧ ਸਮਾਂ ਇਕ ਹਨੇਰ ਕੋਠੜੀ ਵਿਚ ਰੱਖਿਆ ਜਿੱਥੇ 24 ਘੰਟੇ ਹਨੇਰਾ ਰਹਿੰਦਾ ਸੀ। ਦੋ ਰੋਟੀਆਂ ਤੇ ਦਾਲ਼ ਕੋਈ ਬਾਹਰੋਂ ਹੀ ਕੋਠੜੀ ਵਿਚ ਰੱਖ ਜਾਂਦਾ। ਹਾਜ਼ਤ-ਰਫ਼ਾ ਕਰਨ ਲਈ ਕੋਠੜੀ ਦੇ ਵਿਚ ਹੀ ਇਕ ਪਾਸੇ ਥਾਂ ਸੀ ਜਿਸ ਨੂੰ ਸਾਫ਼ ਕਰਨ ਲਈ ਬਾਹਰੋਂ ਕੋਈ ਨਹੀਂ ਸੀ ਆਉਂਦਾ ਤੇ ਹਰ ਵੇਲ਼ੇ ਬਦਬੋ ਆਉਂਦੀ ਰਹਿੰਦੀ ਸੀ। ਸਾਰੇ ਕੰਮ ਨਿਪਟਾਉਣ ਲਈ ਹਫ਼ਤੇ ਵਿਚ ਪਾਣੀ ਦਾ ਇਕ ਘੜਾ ਦਿੱਤਾ ਜਾਂਦਾ ਸੀ। ਮੇਰੀ ਸਿਹਤ ਵਿਗੜ ਗਈ ਤੇ ਸਿਰ ਦੇ ਵਾਲ਼ਾਂ 'ਚ ਜੂੰਆਂ ਪੈ ਗਈਆਂ। ….. ਕਿਸੇ ਡਾਕਟਰ ਨੂੰ ਮਿਲਣ ਦੀ ਆਗਿਆ ਨਹੀਂ ਸੀ ਪਰ ਕੁਦਰਤੀਂ ਇਕ

ਆਈਰਿਸ਼ ਡਾਕਟਰ ਦੀ ਨਿਗਾਹ ਮੇਰੇ ਵੱਲ ਪਈ ਤੇ ਉਹਨੇ ਮੈਨੂੰ ਕਾਲ ਕੋਠੜੀ ਚੋਂ ਕੱਢਣ ਦਾ ਹੁਕਮ ਕੀਤਾ। ਬੇਸ਼ੱਕ ਮੇਰੀ ਜਾਨ ਬਚ ਗਈ ਪਰ ਅੱਖਾਂ ਤੇ ਪਿਆ ਅਸਰ ਅੰਤ ਤੱਕ ਰਿਹਾ।" ਇਹ ਸਤਰਾਂ ਪੜ੍ਹ ਕੇ ਪਤਾ ਲਗਦਾ ਹੈ ਕਿ ਹਜ਼ਾਰਾਂ ਦੇਸ਼ ਭਗਤਾਂ ਨੇ ਇਸ ਦੇਸ਼ ਨੂੰ ਅਜ਼ਾਦ ਕਰਾਉਣ ਲਈ ਅੰਗਰੇਜ਼ਾਂ ਵੱਲੋਂ ਕੀਤੇ ਕਿੰਨੇ ਅਣ-ਮਨੁੱਖੀ ਅਤਿਆਚਾਰਾਂ ਦਾ ਸਾਹਮਣਾ ਕੀਤਾ ਹੈ। ਫਿਰ ਵੀ ਪਤਾ ਨਹੀ ਕਿਵੇਂ ਕੁਝ ਲੋਕ ਆਪਣੇ ਆਗੂਆਂ ਨੂੰ ਥਾਂ-ਸਿਰ ਰੱਖਣ ਲਈ ਸੰਘਰਸ਼ ਕਰਨ ਦੀ ਥਾਂ ਇਹ ਕਹਿੰਦੇ ਹਨ ਕਿ ਅੰਗਰੇਜ਼ਾਂ ਦਾ ਰਾਜ ਚੰਗਾ ਸੀ।

ਫਾਸ਼ੀਵਾਦ ਦੇ ਸਵਾਲ ਤੇ ਸੰਸਾਰ ਜੰਗ ਵਿਚ ਜਰਮਨੀ ਵੱਲੋਂ ਸੋਵੀਅਤ ਰੂਸ ਤੇ ਸਿੱਧਾ ਹਮਲਾ ਕਰਕੇ ਸਮਾਜਵਾਦ ਨੂੰ ਪੰਘੂੜੇ ਵਿਚ ਹੀ ਖ਼ਤਮ ਕਰ ਦੇਣ ਦੇ ਨਾਹਰੇ ਨਾਲ਼ ਜੰਗ ਦਾ ਖਾਸਾ ਬਦਲ ਗਿਆ। ਪਾਰਟੀ ਵਿਚ ਭਾਰੂ ਧਿਰ ਵੱਲੋਂ 'ਭਾਰਤ ਛੱਡੋ' ਅੰਦੋਲਨ ਤੋਂ ਪਾਸਾ ਵੱਟਣ ਅਤੇ ਦੋ ਕੌਮਾਂ ਦੀ ਥਿਊਰੀ ਤੇ ਗਲਤ ਸਟੈਂਡ ਲੈਣ ਕਾਰਨ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ। ਮਗਰੋਂ ਕੈਬਨਿਟ ਮਿਸ਼ਨ ਨੂੰ ਮੰਗ ਪੱਤਰ ਦੇਂਦੇ ਸਮੇਂ ਇਕ ਦੇਸ਼ ਦੀ ਵਕਾਲਤ ਕਰਕੇ ਇੱਕ ਗਲਤੀ ਨੂੰ ਸੁਧਾਰ ਲਿਆ ਗਿਆ। 1945 ਵਿਚ ਆਈ. ਐਨ. ਏ. ਦੇ ਕੈਦੀਆਂ ਦੀ ਰਿਹਾਈ ਲਈ ਜਬਰਦਸਤ ਮੁਜ਼ਾਹਰੇ, ਤਿਭਾਗਾ ਅੰਦੋਲਨ, ਮਹਾਂਰਾਸ਼ਟਰ ਵਿਚ ਆਦਿ-ਵਾਸੀਆਂ ਦਾ ਸੰਘਰਸ਼, ਪੰਜਾਬ ਵਿਚ ਬਟਾਈਦਾਰਾਂ ਦਾ ਸੰਘਰਸ਼, ਟ੍ਰਾਵਨਕੋਰ, ਤ੍ਰਿਪੁਰਾ ਤੇ ਆਸਾਮ ਵਿਚ ਮਜ਼ਦੂਰ ਸੰਘਰਸ਼, ਨੇਵੀ ਦੇ ਸਿਪਾਹੀਆਂ ਦੀ ਬਗਾਵਤ ਆਦਿ ਸੰਘਰਸ਼ਾਂ ਵਿਚ ਲੋਕਾਂ ਦੀ ਏਕਤਾ ਨੇ ਅੰਗਰੇਜ਼ੀ ਰਾਜ ਦੀਆਂ ਜੜ੍ਹਾਂ ਹਿਲਾ ਦਿੱਤੀਆਂ। 1945-46 ਵਿਚ ਪਾਰਟੀ ਦੀ ਅਗਵਾਈ ਹੇਠ ਕਿਸਾਨਾਂ ਨੇ ਭੋਂ-ਮਾਲਕਾਂ ਨੂੰ ਫ਼ਸਲ ਦਾ ਕੇਵਲ ਤੀਜਾ ਹਿੱਸਾ (ਜੋ ਪਹਿਲਾਂ ਅੱਧਾ ਹਿੱਸਾ ਚੱਲਦਾ ਸੀ) ਦੇਣ ਲਈ ਤਿਭਾਗਾ ਸੰਘਰਸ਼ ਲਾਮਬੰਦ ਕੀਤਾ। ਵਹਿਸ਼ੀ ਲਾਠੀਚਾਰਜ, ਪੁਲਿਸ ਦੁਆਰਾ ਗੋਲ਼ਾਬਾਰੀ ਅਤੇ ਗ੍ਰਿਫ਼ਤਾਰੀਆਂ ਦਾ ਕੋਹਾੜਾ ਚੱਲਿਆ ਪਰ ਕਮਿਊਨਿਸਟ ਵਰਕਰ ਪਿੱਛੇ ਨਹੀਂ ਹਟੇ। ਬਸਤੀਵਾਦੀ ਅੰਗਰੇਜ਼ ਹਕੂਮਤ ਵਿਰੁੱਧ ਲੋਕ ਲਹਿਰ ਪੈਦਾ ਕਰਨ, ਕਿਸਾਨਾਂ, ਮਜ਼ਦੂਰਾਂ ਅਤੇ ਹੋਰ ਲੋਕਾਂ ਨੂੰ ਲਾਮ-ਬੰਦ ਕਰਨ, ਬਰਤਾਨਵੀ ਹੁਕਮਰਾਨਾਂ ਦੇ ਜ਼ੁਲਮਾਂ ਅਤੇ ਭਾਰਤੀ ਰਜਵਾੜਿਆਂ ਦੁਆਰਾ ਕੀਤੀ ਜਾਂਦੀ ਗਰੀਬ ਕਿਸਾਨਾਂ ਤੇ ਮੁਜ਼ਾਰਿਆਂ ਦੀ ਲੁੱਟ-ਖਸੁੱਟ ਨੂੰ ਨੰਗਾ ਕਰਨ ਵਾਲੇ ਕਮਿਊਨਿਸਟ ਆਗੂਆਂ ਵਿੱਚ ਪੰਜਾਬ ਦੇ ਸੈਂਕੜੇ ਆਗੂ ਸ਼ਾਮਲ ਸਨ। ਜਿਹੜੇ ਹੋਰ ਕਮਿਊਨਿਸਟ ਆਗੂਆਂ ਨੇ ਆਪਣਾ ਘਰ-ਪਰਿਵਾਰ ਛੱਡ ਕੇ ਸਾਰੀ ਜ਼ਿੰਦਗੀ ਲੋਕ-ਸੰਘਰਸ਼ਾਂ ਦੇ ਲੇਖੇ ਲਾਈ, ਭੁੱਖਾਂ-ਤੇਹਾਂ ਕੱਟੀਆਂ ਅਤੇ ਹਕੂਮਤੀ ਜਬਰ ਬਰਦਾਸ਼ਤ ਕੀਤਾ, ਉਹਨਾਂ ਵਿੱਚ ਜ਼ਿਲ੍ਹਾ ਅੰਮ੍ਰਿਤਸਰ ਅਤੇ ਤਰਨਤਾਰਨ ਦੇ ਸਿਰਮੌਰ ਆਗੂ ਕਾ ਸੋਹਨ ਸਿੰਘ ਭਕਨਾ, ਬਾਬਾ ਸ਼ੇਰ ਸਿੰਘ ਵੇਈਂ ਪੂਈਂ ਅਤੇ ਸੋਹਨ ਸਿੰਘ ਜੋਸ਼ ਵਰਗੇ ਦੇਸ਼-ਭਗਤ ਸ਼ਾਮਲ ਸਨ।

## 15. ਕਿਸਾਨ ਮੋਰਚਾ ਲਹੌਰ 1938-39

ਪੰਜਾਬ ਦੇ ਕਿਸਾਨ-ਘੋਲ਼ ਵਿਚ ਕਿਸਾਨ ਮੋਰਚਾ ਲਾਹੌਰ ਦਾ ਅਹਿਮ ਸਥਾਨ ਹੈ। ਇਹ ਕਿਸਾਨੀ ਮੋਰਚਾ 1930 ਦੇ ਮੰਦਵਾੜੇ ਤੋਂ ਬਾਅਦ ਆਲ ਇੰਡੀਆਂ ਕਿਸਾਨ ਸਭਾ ਵੱਲੋਂ ਦੇਸ਼ ਭਰ ਵਿਚ ਲੜੇ ਗਏ ਸੰਘਰਸ਼ ਦੀ ਇਕ ਮਹੱਤਵਪੂਰਨ ਕੜੀ ਹੈ। ਉਸ ਸਮੇਂ ਪੰਜਾਬ ਦਾ ਕਿਸਾਨ ਕਰਜ਼ੇ ਦੇ ਭਾਰ ਹੇਠ ਦਮ ਤੋੜ ਰਿਹਾ ਸੀ। ਇਕ ਪਾਸੇ ਬਰਤਾਨਵੀ ਹਾਕਮ ਜ਼ਮੀਨ ਅਤੇ ਨਹਿਰੀ ਪਾਣੀ ਦਾ ਮਾਲੀਆ ਵਧਾ ਕੇ ਕਿਸਾਨਾਂ ਦਾ ਲਹੂ ਨਿਚੋੜ ਰਹੇ ਸਨ ਅਤੇ ਦੂਜੇ ਪਾਸੇ ਵਿਆਜੜੀਏ ਸ਼ਾਹੂਕਾਰ ਕਿਸਾਨਾਂ ਦਾ ਰਹਿੰਦਾ-ਖੂੰਹਦਾ ਸਾਹ ਸਤ ਮੁਕਾਈ ਜਾ ਰਹੇ ਸਨ। ਇਸ ਸੰਕਟ ਵਿਚੋਂ ਬਾਹਰ ਕੱਢਣ ਲਈ ਆਲ ਇੰਡੀਆ ਕਿਸਾਨ ਸਭਾ ਨੇ ਕਿਸਾਨਾਂ ਨੂੰ ਲਾਮਬੰਦ ਕਰਕੇ ਸੰਘਰਸ਼ ਦੇ ਰਾਹ ਪਾਉਣ ਲਈ ਬੀੜਾ ਉਠਾਇਆ। ਭਾਵੇਂ 1937 ਦੀਆਂ ਚੋਣਾਂ ਵਿਚ ਕੁਝ ਪ੍ਰਾਂਤਾਂ ਵਿਚ ਕਾਂਗਰਸ ਪਾਰਟੀ ਦੀਆਂ ਸਰਕਾਰਾਂ ਬਣ ਗਈਆਂ ਸਨ ਪਰ ਜਿਹਾ ਕਿ ਕਾਂਗਰਸ ਦੇ ਜਮਾਤੀ ਖ਼ਾਸੇ ਤੋਂ ਹੀ ਸਪਸ਼ਟ ਸੀ, ਕਾਂਗਰਸੀ ਵਿਧਾਨਕਾਰ ਕਿਸਾਨਾਂ ਲਈ ਕੋਈ ਸੰਤੁਸ਼ਟੀਜਨਕ ਜ਼ਰੱਈ ਤਬਦੀਲੀ ਨਾ ਲਿਆ ਸਕੇ। ਇਸ ਕਾਰਨ ਕਿਸਾਨਾਂ ਵਿਚ ਰੋਸ ਵਧਣ ਲੱਗਾ ਅਤੇ ਇਸ ਰੋਸ ਨੇ ਕਿਸਾਨ ਜਥੇਬੰਦੀਆਂ ਨੂੰ ਸੰਘਰਸ਼ ਦੇ ਰਾਹ ਵੱਲ ਤੋਰਨ ਲਈ ਮਜਬੂਰ ਕੀਤਾ। ਇਸ ਰੋਸ ਵਿਚੋਂ ਹੀ ਕਿਸਾਨ ਮੋਰਚਾ ਲਾਹੌਰ ਦਾ ਉਦੈ ਹੋਇਆ ਜਿਸ ਦਾ ਕੇਂਦਰ ਲਾਹੌਰ ਦੇ ਇਰਦ ਗਿਰਦ ਦਾ ਇਲਾਕਾ ਸੀ।

ਪੰਜਾਬ ਕਿਸਾਨ ਕਮੇਟੀ ਨੇ ਜ਼ਮੀਨ ਦਾ ਮਾਲੀਆ ਅਤੇ ਨਹਿਰੀ ਪਾਣੀ ਦੇ ਰੇਟ ਘਟਾਉਣ, ਗਰੀਬ ਕਿਸਾਨਾਂ ਨੂੰ ਬੈਂਕ ਕਰਜ਼ੇ ਦੇਣ, ਭੂਮੀਪਤੀਆਂ ਅਤੇ ਸ਼ਾਹੂਕਾਰਾਂ ਦੇ ਹੱਕ ਵਿਚ ਬਣਾਏ ਭੂਮੀ ਕਨੂੰਨਾਂ ਨੂੰ ਕਿਸਾਨਾਂ ਦੇ ਹੱਕ ਵਿਚ ਬਦਲਣ ਆਦਿ ਮੰਗਾਂ ਦੇ ਹੱਕ ਵਿਚ ਰੈਲੀਆਂ ਅਤੇ ਵਿਖਾਵੇ ਜਥੇਬੰਦ ਕਰਕੇ ਪ੍ਰੈੱਸ ਦੇ ਸਾਹਮਣੇ ਮੰਗਾਂ ਰੱਖੀਆਂ। ਆਲ ਇੰਡੀਆ ਕਿਸਾਨ ਸਭਾ ਨੇ 1938 ਦੇ ਆਪਣੇ ਲਾਹੌਰ ਸੈਸ਼ਨ ਵਿਚ ਪੰਜਾਬ ਦੇ ਕਿਸਾਨ ਘੋਲ਼ ਦੀ ਹਿਮਾਇਤ ਕੀਤੀ। ਸਵਾਮੀ ਸਹਿਜਾਨੰਦ, ਐਨ. ਜੀ. ਰੰਗਾ ਅਤੇ ਈ. ਐਮ. ਐਸ. ਨੰਬੂਦਰੀਪਾਦ ਆਦਿ ਕੌਮੀ ਆਗੂਆਂ ਨੇ ਪੰਜਾਬ ਦੇ ਕਿਸਾਨਾਂ ਨੂੰ ਸੰਘਰਸ਼ ਤੇਜ ਕਰਨ ਲਈ ਉਤਸ਼ਾਹਤ ਕੀਤਾ। ਪੰਜਾਬ ਦੇ ਕਿਸਾਨਾਂ ਦਾ ਇਹ ਅਜਿਹਾ ਸੰਘਰਸ਼ ਸੀ ਜਿਸ ਵਿਚ ਇਕ ਪਾਸੇ ਖੱਬੇ ਪੱਖੀ ਆਗੂ ਸ਼ਾਮਲ ਸਨ ਅਤੇ ਦੂਜੇ ਪਾਸੇ ਬਚ ਗਏ ਗ਼ਦਰੀ ਦੇਸ਼ ਭਗਤ ਵੀ ਮੋਢੇ ਨਾਲ ਮੋਢਾ ਜੋੜੀ ਖੜੇ ਸਨ। ਇਸ ਮੋਰਚੇ ਨੇ ਸੰਘਰਸ਼ ਦੀਆਂ ਸੂਬਾਈ ਹੱਦਾਂ ਤੋੜ ਕੇ ਇਸ ਨੂੰ ਦੇਸ਼ ਵਿਆਪੀ ਪਸਾਰ ਦਿੱਤਾ। ਆਖ਼ਰ ਸਰਕਾਰ ਝੁਕ ਗਈ ਅਤੇ ਮਾਲੀਏ ਦਾ ਵਾਧਾ ਵਾਪਸ ਲੈਣ ਨਾਲ ਮੋਰਚਾ ਫ਼ਤਿਹ ਹੋ ਗਿਆ। ਇਸ ਮੋਰਚੇ ਦੌਰਾਨ ਹਜ਼ਾਰਾਂ ਕਿਸਾਨਾਂ ਨੇ (ਅੰਦਾਜ਼ਨ 4000) ਗ੍ਰਿਫ਼ਤਾਰੀਆਂ ਦਿੱਤੀਆਂ। ਸਾਰੇ ਜਿਲ੍ਹਿਆਂ ਚੋਂ ਕਿਸਾਨਾਂ ਦੇ ਜਥੇ ਸ਼ਾਮਲ ਹੁੰਦੇ ਰਹੇ। ਬਾਬਾ ਸੋਹਨ ਸਿੰਘ ਭਕਨਾ, ਕਾ. ਤੇਜਾ ਸਿੰਘ ਸੁਤੰਤਰ, ਕਾ. ਸੋਹਨ ਸਿੰਘ ਜੋਸ਼, ਕਾਮਰੇਡ ਦਲੀਪ ਸਿੰਘ ਟਪਿਆਲ਼ਾ, ਭਗਤ ਸਿੰਘ ਬਿਲਗਾ, ਭਗਵਾਨ ਸਿੰਘ ਲੌਂਗੋਵਾਲ਼ੀਆ, ਸੇਵਾ ਸਿੰਘ ਠੀਕਰੀਵਾਲ਼ਾ, ਫ਼ਿਰੋਜ਼ਦੀਨ, ਡਾ ਭਾਗ ਸਿੰਘ ਕੈਨੇਡੀਅਨ ਅਤੇ ਮਾਸਟਰ ਹਰੀ ਸਿੰਘ ਵਰਗੇ ਆਗੂਆਂ ਨੇ ਕੁੰਜੀਵਤ ਰੋਲ ਅਦਾ ਕੀਤਾ। ਮੋਰਚਾ ਲੱਗ ਭੱਗ 5 ਮਹੀਨੇ ਚੱਲਿਆ ਅਤੇ ਦੂਸਰੀ ਸੰਸਾਰ ਜੰਗ ਸ਼ੁਰੂ ਹੋ ਜਾਣ ਕਾਰਨ ਬਦਲੇ ਹੋਏ ਰਾਜਸੀ ਮਹੌਲ ਨੂੰ ਮੁੱਖ ਰੱਖ ਕੇ 4 ਸਤੰਬਰ 1939 ਨੂੰ ਵਾਪਸ ਲੈ ਲਿਆ ਗਿਆ।

ਸਰਕਾਰ ਨੇ ਕਿਸਾਨਾਂ ਦੀਆਂ ਸਾਰੀਆਂ ਮੰਗਾਂ ਤਾਂ ਨਾ ਮੰਨੀਆਂ ਪਰ ਭਾਰੀ ਵਿਰੋਧ ਨੂੰ ਵੇਖਦਿਆਂ ਕੁਝ ਮਾਲੀਆ ਘਟਾਉਣ, ਖੜੀ ਰਕਮ ਦੀਆਂ ਕਿਸ਼ਤਾਂ ਕਰਨ ਅਤੇ ਖੇਤੀ ਨੀਤੀ ਦੀ ਨਜ਼ਰਸਾਨੀ ਕਰਨ ਆਦਿ ਛੁੱਟ-ਪੁੱਟ ਗੱਲਾਂ ਮੰਨ ਲਈਆਂ। ਫਿਰ ਵੀ ਇਸ ਮੋਰਚੇ ਨੇ ਕਿਸਾਨਾਂ ਵਿਚ ਇਨਕਲਾਬੀ ਰੂਹ ਫੂਕਣ ਅਤੇ ਖਾੜਕੂ ਸੰਘਰਸ਼ ਵਿਚ ਭਰੋਸਾ ਕਾਇਮ ਕਰਕੇ ਭਵਿੱਖੀ ਲੜਾਈਆਂ ਦੀ ਨੀਂਹ ਰੱਖਣ ਲਈ ਫ਼ੈਸਲਾਕੁੰਨ ਰੋਲ ਅਦਾ ਕੀਤਾ। ਕਿਸਾਨਾਂ ਦੇ ਇਸ ਮੋਰਚੇ ਨੇ ਕਿਸਾਨ ਸਭਾ ਨੂੰ ਮਜ਼ਬੂਤ ਕੀਤਾ, ਕਿਸਾਨਾਂ ਅਤੇ ਰਾਜਨੀਤਕ ਪਾਰਟੀਆਂ ਵਿਚ ਏਕਤਾ ਦੀ ਉਸਾਰੀ ਕੀਤੀ ਅਤੇ ਅਗਲੇ ਸੰਘਰਸ਼ਾਂ ਦੀ ਨੀਂਹ ਰੱਖੀ।

**16. ਹਰਸ਼ਾ-ਛੀਨਾ ਮੋਘਾ ਮੋਰਚਾ**

ਦੂਸਰੀ ਸੰਸਾਰ ਜੰਗ ਖ਼ਤਮ ਹੋਣ ਤੇ ਵੀ ਕਿਸਾਨਾਂ ਦੀਆਂ ਮੁਸ਼ਕਲਾਂ ਦਾ ਕੋਈ ਪੱਕਾ ਹੱਲ ਨਾ ਨਿਕਲਿਆ। ਉਲ਼ਟਾ ਸਰਕਾਰ ਨੇ ਆਬਿਆਨਾ ਘਟਾਏ ਬਿਨਾਂ ਹੀ ਕਿਸਾਨਾਂ ਨੂੰ ਨਹਿਰੀ ਪਾਣੀ ਦੇਣ ਦੀ ਮਾਤਰਾ ਘਟਾਉਣ ਲਈ ਮੋਘੇ ਛੋਟੇ ਕਰਨ ਦੀ ਸਕੀਮ ਬਣਾਈ। ਸਿੱਟੇ ਵਜੋਂ ਕਿਸਾਨਾਂ ਨੇ ਜੁਲਾਈ 1946 ਵਿਚ ਸਰਕਾਰ ਦੀਆਂ ਕਿਸਾਨ-ਵਿਰੋਧੀ ਸਿੰਚਾਈ ਨੀਤੀਆਂ ਵਿਰੁੱਧ ਹਰਸ਼ਾ ਛੀਨਾ ਦਾ ਮੋਘਾ ਮੋਰਚਾ ਲਾਇਆ। ਇਹ ਅੰਮ੍ਰਿਤਸਰ ਜਿਲ੍ਹੇ ਦੇ ਪਿੰਡ ਹਰਸ਼ਾ ਛੀਨਾ ਵਿਖੇ ਨਹਿਰ ਦੇ ਪੁਲ਼ ਤੇ ਅਰੰਭ ਹੋਇਆ। ਅੱਪਰਬਾਰੀ ਦੁਆਬ ਨਹਿਰ, ਲਾਹੌਰ ਬ੍ਰਾਂਚ ਜਿਹੜੀ ਅਲੀਵਾਲ ਗੁਰਦਾਸਪੁਰ ਤੋਂ ਨਿਕਲਦੀ ਹੈ, ਇਸ ਵਿਚੋਂ ਰਾਣੇ ਵਾਲ਼ੀ ਪਿੰਡ ਲਾਗੇ ਨਿਕਲਦੇ ਸੂਏ ਤੋਂ ਹਰਛਾ ਛੀਨਾ ਦੀ ਹੱਦ ਸ਼ੁਰੂ ਹੁੰਦੀ ਹੈ। ਉਸ ਸਮੇਂ ਸਿੰਜਾਈ ਦਾ ਸਾਧਨ ਨਹਿਰੀ ਪਾਣੀ ਹੁੰਦਾ ਸੀ। ਮੀਂਹ ਦੇ ਪਾਣੀ ਦਾ ਨਿਕਾਸ ਨਾ ਹੋਣ ਕਰਕੇ ਇਹ ਇਲਾਕਾ ਕਦੇ ਡੋਬੇ ਤੇ ਕਦੇ ਸੋਕੇ ਦੀ ਮਾਰ ਸਹਿੰਦਾ ਰਹਿੰਦਾ ਸੀ। ਮਈ 1946 ਵਿਚ ਸਖ਼ਤ ਔੜ ਪੈਣ ਕਰਕੇ ਇਕ ਪਾਸੇ ਫ਼ਸਲਾਂ ਸੁੱਕ ਰਹੀਆਂ ਸਨ ਤੇ ਦੂਜੇ ਪਾਸੇ ਸਰਕਾਰ ਨੇ ਮੋਘੇ ਛੋਟੇ ਕਰਨ ਦੀ ਸਕੀਮ ਲਾਗੂ ਕਰ ਦਿੱਤੀ। ਕਾਮਰੇਡ ਅੱਛਰ ਸਿੰਘ ਛੀਨਾ ਦੀ ਅਗਵਾਈ ਹੇਠ ਕਾਂਗਰਸ, ਅਕਾਲੀ ਦਲ ਤੇ ਕਮਿਊਨਿਸਟ ਪਾਰਟੀ ਨੇ ਵੱਡੀ ਕਾਨਫ੍ਰੰਸ ਕਰਕੇ ਅੰਦੋਲਨ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ। ਰਿਪੋਰਟ ਮਿਲਣ ਤੇ ਸਰਕਾਰ ਨੇ ਆਗੂਆਂ ਨੂੰ ਗ੍ਰਿਫ਼ਤਾਰ ਕਰਨਾ ਸ਼ੁਰੂ ਕਰ ਦਿੱਤਾ ਅਤੇ ਮੋਘੇ ਦੀ ਕਾਰਵਾਈ ਤੇਜ਼ ਕਰ ਦਿੱਤੀ।

26 ਜੁਲਾਈ 1946 ਨੂੰ ਨਹਿਰ ਦੇ ਪੁਲ਼ ਤੇ ਵੱਡੀ ਕਾਨਫ੍ਰੰਸ ਕੀਤੀ ਗਈ। ਕਾਮਰੇਡ ਸੋਹਨ ਸਿੰਘ ਜੋਸ਼, ਫੌਜਾ ਸਿੰਘ ਭੁੱਲਰ, ਦਲੀਪ ਸਿੰਘ ਟਪਿਆਲ਼ਾ, ਤੇਜਾ ਸਿੰਘ ਸੁਤੰਤਰ ਅਤੇ ਅੱਛਰ ਸਿੰਘ ਛੀਨਾ ਵਰਗੇ ਆਗੂ ਸ਼ਾਮਲ ਹੋਏ। ਪਹਿਲਾ ਜਥਾ 51 ਸਾਥੀਆਂ ਦਾ ਲੈ ਕੇ ਕਾਮਰੇਡ ਅੱਛਰ ਸਿੰਘ ਛੀਨਾ ਨੇ ਗ੍ਰਿਫ਼ਤਾਰੀ ਦਿੱਤੀ ਅਤੇ ਫਿਰ ਹਰ ਰੋਜ਼ ਜਥੇ ਜਾਣੇ ਸ਼ੁਰੂ ਹੋ ਗਏ। ਇਸ ਮੋਰਚੇ ਵਿਚ ਵੱਡੇ ਪੱਧਰ ਤੇ ਸਥਾਨਕ ਲੋਕਾਂ ਅਤੇ ਕਿਸਾਨਾਂ ਨੇ ਲਾਮਬੰਦੀ ਕਰਕੇ ਸ਼ਮੂਲੀਅਤ ਕੀਤੀ। ਹਜ਼ਾਰਾਂ ਦੀ ਗਿਣਤੀ ਵਿਚ ਕਿਸਾਨ ਜਥੇ ਬਣਾ ਕੇ ਹਰ ਰੋਜ਼ ਆਪਣੇ ਆਪ ਨੂੰ ਗ੍ਰਿਫ਼ਤਾਰੀਆਂ ਲਈ ਪੇਸ਼ ਕਰਦੇ ਰਹੇ। 900 ਤੋਂ ਵੱਧ ਕਿਸਾਨਾਂ ਦੀਆਂ ਗ੍ਰਿਫ਼ਤਾਰੀਆਂ ਹੋਈਆਂ। ਆਖ਼ਰ ਕਿਸਾਨਾਂ ਦੀ ਜਿੱਤ ਨਾਲ ਇਹ ਮੋਰਚਾ ਖ਼ਤਮ ਹੋਇਆ ਅਤੇ ਅਧਿਕਾਰੀ ਆਪਣਾ ਸਮਾਨ ਲੈ ਕੇ ਭੱਜ ਗਏ। ਕਿਸਾਨਾਂ ਵੱਲੋਂ ਗਾਂਧੀਵਾਦੀ ਢੰਗ ਨਾਲ ਲੜਿਆ ਤੇ ਜਿੱਤਿਆ ਇਹ ਸੰਘਰਸ਼ ਵੀ ਅਜ਼ਾਦੀ ਦੀ ਲੜਾਈ ਦਾ ਸਿਖਰ ਹੋ ਨਿੱਬੜਿਆ। ਅਗਲੇ ਸਾਲ ਅੰਗਰੇਜ਼ਾਂ ਨੂੰ (190 ਸਾਲਾਂ ਬਾਅਦ) ਭਾਰਤ ਨੂੰ ਛੱਡ ਕੇ ਵਾਪਸ ਆਪਣੇ ਦੇਸ਼ ਇੰਗਲੈਂਡ ਜਾਣਾ ਪਿਆ।

## 17. ਰਿਆਸਤੀ ਪਰਜਾ ਮੰਡਲ ਲਹਿਰ, ਮੁਜ਼ਾਰਾ ਲਹਿਰ ਅਤੇ ਤਿਲੰਗਾਨਾ ਦਾ ਜ਼ਮੀਨੀ ਘੋਲ

ਪੂਰਬੀ ਪੰਜਾਬ ਦੇ ਅੱਠ ਰਿਆਸਤੀ ਰਾਜਿਆਂ ਜਿਹਨਾਂ ਵਿੱਚ ਪਟਿਆਲ਼ਾ, ਜੀਂਦ, ਨਾਭਾ, ਫ਼ਰੀਦਕੋਟ, ਕਪੂਰਥਲਾ, ਨਾਲਾ ਗੜ੍ਹ, ਮਲੇਰਕੋਟਲਾ ਅਤੇ ਕਲਸੀਆਂ ਸ਼ਾਮਲ ਸਨ, ਅਧੀਨ ਵੱਸਦੇ ਲੋਕ ਦੋਹਰੀ ਗੁਲਾਮੀ ਦਾ ਸ਼ਿਕਾਰ ਸਨ। ਇੱਕ ਪਾਸੇ ਅੰਗਰੇਜ਼ ਸਰਕਾਰ ਤੇ ਦੂਜੇ ਪਾਸੇ ਰਿਆਸਤੀ ਰਾਜੇ ਇਹਨਾਂ ਲੋਕਾਂ ਦੀ ਲੁੱਟ ਤੇ ਜਬਰ ਕਰਦੇ ਸਨ। ਲੋਕ ਗਰੀਬੀ ਅਤੇ ਅਨਪੜ੍ਹਤਾ ਦੇ ਸ਼ਿਕਾਰ ਸਨ। ਪਹਿਲੀ ਸੰਸਾਰ ਜੰਗ ਦੌਰਾਨ ਰਾਜਿਆਂ ਵੱਲੋਂ ਅੰਗਰੇਜ਼ਾਂ ਦੇ ਹਿੱਤ ਪਾਲਦਿਆਂ ਹਜ਼ਾਰਾਂ ਪੰਜਾਬੀ ਨੌਜਵਾਨਾਂ ਨੂੰ ਫੌਜ ਵਿੱਚ ਭਰਤੀ ਕਰਕੇ ਮੁਹਾਜ਼ ਤੇ ਭੇਜਿਆ ਗਿਆ ਸੀ। ਜੰਗ ਖ਼ਤਮ ਹੋਣ ਪਿੱਛੋਂ ਇਹਨਾਂ ਫੌਜੀਆਂ ਦੀ ਵਾਪਸੀ ਨਾਲ ਅਤੇ ਅਕਾਲੀ ਲਹਿਰ ਦੇ ਅਸਰ ਹੇਠ ਪਰਜਾ ਮੰਡਲ ਲਹਿਰ ਦਾ ਆਗਮਨ ਹੋਇਆ। 17 ਜੁਲਾਈ 1928 ਨੂੰ ਰਿਆਸਤੀ ਪਰਜਾ ਮੰਡਲ ਦੀ ਸਥਾਪਨਾ ਕੀਤੀ ਗਈ ਅਤੇ ਰਾਜਾ-ਸ਼ਾਹੀ ਖ਼ਤਮ ਕਰਕੇ ਲੋਕਾ-ਸ਼ਾਹੀ ਸਥਾਪਿਤ ਕਰਨ ਦਾ ਟੀਚਾ ਮਿਥਿਆ ਗਿਆ। ਸ੍ਰ ਸੇਵਾ ਸਿੰਘ ਠੀਕਰੀਵਾਲਾ ਨੂੰ ਇਸ ਦਾ ਪ੍ਰਧਾਨ ਅਤੇ ਭਗਵਾਨ ਸਿੰਘ ਲੌਂਗੋਵਾਲੀਆ ਨੂੰ ਸਕੱਤਰ ਚੁਣਿਆ ਗਿਆ। ਉਸ ਸਮੇਂ ਸੇਵਾ ਸਿੰਘ ਠੀਕਰੀਵਾਲਾ ਮਹਾਰਾਜਾ ਪਟਿਆਲਾ ਦੀ ਜੇਲ੍ਹ ਵਿੱਚ ਸੀ। ਗਾਂਧੀ ਜੀ ਵੱਲੋਂ ਸ਼ੁਰੂ ਕੀਤੀ ਸਿਵਲ ਨਾ-ਫ਼ੁਰਮਾਨੀ ਅਤੇ ਸ਼ਹੀਦ ਭਗਤ ਸਿੰਘ ਹੋਰਾਂ ਦੀ ਫਾਂਸੀ ਵਿਰੁੱਧ ਪੈਦਾ ਹੋਈ ਜਨਤਕ ਲਹਿਰ ਦੇ ਅਸਰ ਅਧੀਨ ਹੋਰ ਰਾਜਸੀ ਕੈਦੀਆਂ ਨਾਲ ਸੇਵਾ ਸਿੰਘ ਠੀਕਰੀਵਾਲਾ ਦੀ ਰਿਹਾਈ ਹੋ ਗਈ। ਰਿਹਾ ਹੋ ਕੇ ਸੇਵਾ ਸਿੰਘ ਨੇ ਕਿਸਾਨਾਂ ਨੂੰ ਜਥੇਬੰਦ ਕਰਕੇ ਮਹਾਰਾਜੇ ਵਿਰੁੱਧ ਜਹਾਦ ਛੇੜ ਦਿੱਤਾ।

ਰਿਆਸਤ ਦੇ ਮੁਜ਼ਾਰੇ ਜੋ ਬਿਸਵੇਦਾਰਾਂ ਦੇ ਅਤਿਆਚਾਰ ਤੋਂ ਦੁਖੀ ਸਨ, ਵੀ ਪਰਜਾ ਮੰਡਲ ਲਹਿਰ ਨਾਲ ਜੁੜ ਗਏ। ਮਹਾਰਾਜਾ ਭੁਪਿੰਦਰ ਸਿੰਘ ਦੀ ਮੌਤ ਤੋਂ ਬਾਅਦ ਪਰਜਾ ਮੰਡਲ ਦਾ ਭਾਰੂ ਧੜਾ ਜ਼ਮੀਨੀ ਲਗਾਨ ਘਟਾਉਣ, ਟੈਕਸ ਘਟਾਉਣ, ਸਕੂਲ, ਹਸਪਤਾਲ, ਸੜਕਾਂ ਬਣਾਉਣ ਅਤੇ ਰਾਜਨੀਤਿਕ ਅਜ਼ਾਦੀ ਦੇਣ ਵਰਗੇ ਗੈਰ-ਧਾਰਮਿਕ ਮੁੱਦਿਆਂ ਤੇ ਕੇਂਦਰਿਤ ਹੋ ਗਿਆ ਅਤੇ ਰਜਵਾੜਾਸ਼ਾਹੀ ਦਾ ਵਿਰੋਧ ਕਰਨ ਵਾਲੀ ਇੱਕੋ ਇੱਕ ਧਿਰ ਬਣ ਗਿਆ। 1946 ਵਿੱਚ ਫ਼ਰੀਦਕੋਟ ਦੇ ਰਾਜੇ ਵੱਲੋਂ ਕਾਂਗਰਸ ਦਾ ਝੰਡਾ ਲਾਹ ਦੇਣ ਪਿੱਛੋਂ ਪਰਜਾ ਮੰਡਲ ਨੇ ਸਤਿਆਗ੍ਰਹਿ ਸ਼ੁਰੂ ਕਰ ਦਿੱਤਾ। ਪੰਡਤ ਜਵਾਹਰ ਲਾਲ ਨਹਿਰੂ ਜਲੂਸ ਦੀ ਅਗਵਾਈ ਕਰਨ ਲਈ ਫ਼ਰੀਦਕੋਟ ਆਇਆ ਤਾਂ ਲੋਕ ਤਾਕਤ ਵੇਖ ਕੇ ਰਾਜਾ ਹਰਿੰਦਰ ਸਿੰਘ ਨੇ ਸਾਰੀਆਂ ਮੰਗਾਂ ਮੰਨ ਕੇ ਸਮਝੌਤਾ ਕਰ ਲਿਆ। ਪਰ ਅਜ਼ਾਦੀ ਤੋਂ ਬਾਅਦ ਬਣੀ ਕੇਂਦਰੀ ਹਕੂਮਤ ਨੇ ਪਰਜਾ ਮੰਡਲ ਦੀ ਮੰਗ ਅਨੁਸਾਰ ਰਾਜਾਸ਼ਾਹੀ ਖ਼ਤਮ ਕਰਕੇ ਪੰਜਾਬ ਵਿੱਚ ਮਿਲਾਉਣ ਦੀ ਥਾਂ ਰਿਆਸਤਾਂ ਨੂੰ ਮਿਲਾ ਕੇ ਪੈਪਸੂ ਨਾਂ ਦਾ ਨਵਾਂ ਪ੍ਰਾਂਤ ਬਣਾ ਦਿੱਤਾ। ਇਸ ਦੇ ਨਾਲ ਹੀ ਪਰਜਾ ਮੰਡਲ ਲਹਿਰ ਸ਼ਾਂਤ ਹੋ ਗਈ ਅਤੇ ਰਿਆਸਤੀ ਪਰਜਾ ਮੰਡਲ ਪੈਪਸੂ ਪ੍ਰਦੇਸ਼ ਕਾਂਗਰਸ ਵਿੱਚ ਮਿਲ ਗਿਆ। ਇਹ ਲਹਿਰ ਕੇਵਲ ਰਿਆਸਤੀ ਲੋਕਾਂ ਤੱਕ ਹੀ ਸੀਮਤ ਸੀ।

ਪੈਪਸੂ ਬਣ ਜਾਣ ਦੇ ਬਾਅਦ ਮੁਜ਼ਾਰਿਆਂ ਨੇ ਜਗੀਰਦਾਰਾਂ ਵਿਰੁੱਧ ਲੜਨ ਲਈ ਕਿਸਾਨ ਸਭਾ ਦੇ ਝੰਡੇ ਹੇਠ ਲਾਮ-ਬੰਦ ਹੋ ਕੇ ਬਟਾਈ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਕਾਫੀ ਜ਼ਮੀਨਾਂ ਤੇ ਕਬਜ਼ਾ ਕਰ ਲਿਆ। 1942 ਵਿਚ ਜੇਲ੍ਹ ਚੋਂ ਰਿਹਾ ਹੋਣ ਤੋਂ ਬਾਅਦ ਕਾਮਰੇਡ ਤੇਜਾ ਸਿੰਘ ਸੁਤੰਤਰ ਨੇ ਮੁਜ਼ਾਰਿਆਂ ਦੀ ਲਹਿਰ ਨੂੰ ਮਜਬੂਤ ਕਰਕੇ ਮੁੜ ਤੋਂ ਇਤਿਹਾਸਕ ਜਥੇਬੰਦ ਸੰਘਰਸ਼ ਲੜਿਆ। ਕਾਮਰੇਡ ਜੰਗੀਰ ਸਿੰਘ ਜੋਗਾ ਅਤੇ ਕਾਮਰੇਡ ਧਰਮ ਸਿੰਘ ਫ਼ੱਕਰ ਨੇ ਉਹਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕੀਤਾ। ਇਹ ਸੰਘਰਸ਼ ਲੋਕ-ਲਹਿਰ ਦੇ ਨਾਲ ਹਥਿਆਰ-ਬੰਦ ਵੀ ਸੀ। ਇਹ ਲਹਿਰ ਰਿਆਸਤਾਂ ਦੇ 784 ਪਿੰਡਾਂ ਤੱਕ ਫੈਲ ਗਈ। ਜਗੀਰਦਾਰਾਂ ਦੇ ਬੰਦਿਆਂ ਅਤੇ ਮੁਜ਼ਾਰਿਆਂ ਵਿੱਚ ਖ਼ੂਨੀ ਝੜਪਾਂ ਹੋਣ ਲੱਗੀਆਂ। ਮਾਨਸਾ ਜਿਲ੍ਹੇ ਦੇ ਪਿੰਡ ਕਿਸ਼ਨਗੜ੍ਹ ਵਿੱਚ ਮੁਜ਼ਾਰਿਆਂ ਦੀ ਰਾਖੀ ਲਈ ਤਾਇਨਾਤ ਵਲੰਟੀਅਰਾਂ ਨੇ ਵੱਡੀ ਗਿਣਤੀ ਵਿੱਚ ਵਿਰੋਧ ਕਰਕੇ ਜਗੀਰਦਾਰਾਂ ਦੀ ਰਾਖੀ ਲਈ ਆਈ ਪੁਲਿਸ ਨੂੰ ਭਾਜੜਾਂ ਪਾ ਦਿੱਤੀਆਂ ਤਾਂ ਫੌਜ ਸੱਦਣੀ ਪਈ। ਮੁਜ਼ਾਰਾ ਆਗੂ ਰਾਮ ਸਿੰਘ ਬਾਗੀ ਤੇ ਉਹਦੇ ਦੋ ਸਾਥੀ ਸ਼ਹੀਦ ਹੋ ਗਏ। ਇਸ ਤਰ੍ਹਾਂ ਜਿੱਥੇ ਵੀ ਟਕਰਾਅ ਹੁੰਦਾ ਆਸ ਪਾਸ ਦੇ ਪਿੰਡਾਂ ਤੋਂ ਸੈਂਕੜੇ ਮੁਜ਼ਾਰੇ ਉੱਥੇ ਪਹੁੰਚ ਜਾਂਦੇ ਤੇ ਬਿਸਵੇਦਾਰਾਂ ਦੀ ਕੋਈ ਪੇਸ਼ ਨਾ ਜਾਂਦੀ। ਇਹਨਾਂ ਹਾਲਤਾਂ ਵਿੱਚ 1952 ਦੀਆਂ ਚੋਣਾਂ ਹੋਈਆਂ। ਕਮਿਊਨਿਸਟਾਂ ਦੀ ਮਦਦ ਨਾਲ ਗਿਆਨ ਸਿੰਘ ਰਾੜੇ ਵਾਲਾ ਦੀ ਅਕਾਲੀ ਸਰਕਾਰ ਬਣੀ ਜਿਸ ਦੇ ਦੋ ਮੰਤਰੀਆਂ ਨੇ ਕਾਮਰੇਡ ਜੰਗੀਰ ਸਿੰਘ ਜੋਗਾ ਦੀ ਪ੍ਰਧਾਨਗੀ ਹੇਠ ਹੋਈ ਕਿਸਾਨ ਕਾਨਫ਼੍ਰੰਸ ਵਿਚ ਹਾਜ਼ਰ ਹੋਕੇ ਮਜਬੂਰੀ ਵੱਸ ਬਿਨਾਂ ਕਿਸੇ ਮੁਆਵਜ਼ੇ ਦੇ 70,000 ਏਕੜ ਜ਼ਮੀਨ ਮੁਜ਼ਾਰਿਆਂ ਨੂੰ ਦੇਣ ਦਾ ਐਲਾਨ ਕੀਤਾ। ਭਾਵੇਂ ਬਾਅਦ ਵਿੱਚ ਰਾੜੇ ਵਾਲੇ ਦੀ ਸਰਕਾਰ ਕਿਸੇ

ਕਾਰਨ ਟੁੱਟ ਗਈ ਪਰ ਕਿਸਾਨਾਂ ਤੇ ਮੁਜ਼ਾਰਿਆਂ ਦੀ ਇਸ ਜਥੇਬੰਦ ਲਹਿਰ ਕਾਰਨ ਕੇਂਦਰ ਸਰਕਾਰ ਨੂੰ ਮੁਜ਼ਾਰਿਆਂ ਦੇ ਹੱਕ ਵਿੱਚ ਚਾਰ ਖੇਤੀ ਕਨੂੰਨ ਪਾਸ ਕਰਕੇ ਥੋੜ੍ਹੇ ਬਹੁਤੇ ਮੁਆਵਜ਼ੇ ਨਾਲ ਮੁਜ਼ਾਰਿਆਂ ਨੂੰ ਲੱਖਾਂ ਏਕੜ ਜ਼ਮੀਨਾਂ ਦੇ ਮਾਲਕੀ ਹੱਕ ਦੇਣੇ ਪਏ।

ਇੱਸੇ ਤਰ੍ਹਾਂ ਹੈਦਰਾਬਾਦ ਰਿਆਸਤ ਵਿਚ ਤਿਲੰਗਾਨਾ ਜ਼ਮੀਨੀ ਘੋਲ਼ ਨੇ ਪੈਰ ਪਸਾਰੇ। ਇਹ ਗੌਰਵਮਈ ਸੰਘਰਸ਼ 1946 ਵਿਚ ਆਂਧਰਾ ਮਹਾਂ-ਸਭਾ ਜੋ ਕੁੱਲ ਹਿੰਦ ਕਿਸਾਨ ਸਭਾ ਨਾਲ਼ ਸਬੰਧਤ ਸੀ, ਦੀ ਅਗਵਾਈ ਹੇਠ ਲੜਿਆ ਗਿਆ। ਤਿਲੰਗਾਨਾ ਦੇ ਕਿਸਾਨਾਂ ਨੇ ਰਿਆਸਤ ਦੇ ਜਗੀਰਦਾਰ ਭੋਂ-ਮਾਲਕਾਂ ਤੇ ਨਿਜ਼ਾਮ ਰਾਜਾਸ਼ਾਹੀ ਖ਼ਿਲਾਫ਼ ਬਹਾਦਰਾਨਾ ਹਥਿਆਰਬੰਦ ਘੋਲ਼ ਲੜਿਆ। ਫੌਰੀ ਮੁੱਦਾ ਜਗੀਰਦਾਰੀ ਦਾ ਖ਼ਾਤਮਾ ਹੋਣ ਕਾਰਨ ਕੁਝ ਹਫ਼ਤਿਆਂ ਵਿਚ ਹੀ ਇਹ ਸੰਘਰਸ਼ ਜੰਗਲ ਦੀ ਅੱਗ ਵਾਂਗ ਸੈਂਕੜੇ ਪਿੰਡਾਂ ਵਿਚ ਫੈਲ ਗਿਆ। ਸੰਘਰਸ਼ ਸਿਖਰ ਤੇ ਪੁਜਦਿਆਂ ਹੀ ਜਗੀਰਦਾਰਾਂ ਨੂੰ ਠੇਕੇ ਦਾ ਭੁਗਤਾਨ ਤੇ ਅਨਾਜ ਦੀ ਅਦਾਇਗੀ ਬੰਦ ਕਰ ਦਿੱਤੀ ਗਈ, ਜਗੀਰਦਾਰਾਂ ਦੇ ਕਬਜ਼ੇ ਹੇਠ ਗੈਰ-ਕਨੂੰਨੀ ਜ਼ਮੀਨਾਂ ਖੋਹਣ, ਜਮ੍ਹਾਂ ਕੀਤਾ ਅਨਾਜ ਖੋਹ ਕੇ ਲੋੜਵੰਦਾਂ ਵਿੱਚ ਵੰਡਣ ਅਤੇ ਜ਼ਮੀਨ-ਮਾਲਕੀ ਦੀ ਹੱਦਬੰਦੀ ਲਾਗੂ ਕਰਨ ਵਰਗੇ ਕਦਮ ਚੁੱਕੇ ਗਏ। ਸਰਕਾਰੀ ਆਤੰਕ ਦਾ ਮੁਕਾਬਲਾ ਕਰਨ ਲਈ ਜਿਲ੍ਹਾ ਪੱਧਰੀ ਗੁਰੀਲਾ ਦਸਤੇ ਬਣਾਏ ਗਏ। ਲਗਭਗ 3000 ਪਿੰਡ, 30 ਲੱਖ ਦੇ ਲਗਭਗ ਵਸੋਂ ਅਤੇ 16000 ਵਰਗ ਮੀਲ ਰਕਬਾ ਅਜ਼ਾਦ ਕਰਵਾ ਲਿਆ ਗਿਆ। ਲਗਭਗ 2000 ਗੁਰੀਲਿਆਂ ਅਤੇ 10000 ਦੀ ਲੋਕ-ਫੌਜ ਨੇ ਪਿੰਡਾਂ ਦੀ ਰਾਖੀ ਕੀਤੀ ਅਤੇ 10 ਲੱਖ ਏਕੜ ਜ਼ਮੀਨ ਬੇ-ਜ਼ਮੀਨਿਆਂ ਵਿਚ ਵੰਡੀ ਗਈ। ਸੂਦਖ਼ੋਰਾਂ ਦਾ ਫਸਤਾ ਵੱਢਿਆ ਗਿਆ, ਵਗਾਰ ਤੇ ਪਾਬੰਦੀ ਲਾਈ ਗਈ ਅਤੇ ਘੱਟੋ ਘੱਟ ਉਜਰਤ ਲਾਗੂ ਕੀਤੀ ਗਈ। ਤਿਲੰਗਾਨਾਂ ਦੇ ਇਸ ਕਿਸਾਨੀ ਘੋਲ਼ ਨੇ ਅੰਗਰੇਜ਼ਾਂ ਦੀ ਮਾਊਂਟ ਬੈਟਨ ਸਕੀਮ ਫੇਲ੍ਹ ਕਰ ਦਿੱਤੀ ਤੇ ਉਹ ਭਾਰਤ ਨੂੰ ਛੱਡ ਕੇ ਚਲੇ ਗਏ ਪਰ ਇਸ ਤੂਫ਼ਾਨ ਨੇ ਨਿਜ਼ਾਮ ਅਤੇ ਭਾਰਤ ਦੀ ਨਵੀਂ ਬਣੀ ਕੇਂਦਰ ਸਰਕਾਰ ਦੀ ਨੀਂਦ ਉਡਾ ਦਿੱਤੀ। ਅਜ਼ਾਦੀ ਦੇ ਆਗਮਨ ਤੇ ਭਾਰਤ ਦੀ ਇਸ ਨਵੀਂ ਬਣੀ ਸਰਕਾਰ ਨੇ 50000 ਦੀ ਵੱਡੀ ਗਿਣਤੀ ਵਿਚ ਹਥਿਆਰ-ਬੰਦ ਫੌਜਾਂ ਭੇਜ ਕੇ ਕਿਸਾਨਾਂ ਦੇ ਇਸ ਘੋਲ਼ ਨੂੰ ਦਬਾਅ ਦਿੱਤਾ। 21.10.1951 ਨੂੰ ਕਿਸਾਨ ਸਭਾ ਵੱਲੋਂ ਇਹ ਘੋਲ਼ ਵਾਪਸ ਲਿਆ ਗਿਆ। ਇਸ ਲਹਿਰ ਵਿਚ 4000 ਕ੍ਰਾਂਤੀਕਾਰੀ ਕਿਸਾਨ ਆਗੂਆਂ ਨੇ ਜਾਨ ਦੀ ਅਹੂਤੀ ਪਾਈ, 10000 ਲੋਕਾਂ ਨੂੰ 3-4 ਸਾਲ ਜੇਲ੍ਹ ਕੱਟਣੀ ਪਈ ਅਤੇ 50000 ਤੋਂ ਵੱਧ ਲੋਕਾਂ ਤੇ ਫੌਜੀ ਕੈਂਪਾਂ ਵਿਚ ਅੰਨ੍ਹਾ ਤਸ਼ੱਦਦ ਢਾਹਿਆ ਗਿਆ।

## 18. ਅਕਾਲੀ ਅਤੇ ਗੁਰਦੁਆਰਾ ਸੁਧਾਰ ਲਹਿਰ

ਗੁਰਦੁਆਰਿਆਂ ਦੇ ਪ੍ਰਬੰਧ ਵਿਚ ਅੰਗਰੇਜ਼ਾਂ ਵੱਲੋਂ ਮਹੰਤਾਂ ਨੂੰ ਸਥਾਪਤ ਕਰਨ ਤੇ ਸ਼ਹਿ ਦੇਣ ਕਾਰਨ ਜਦੋਂ ਗੁਰਦੁਆਰਿਆਂ ਵਿੱਚ ਬੇ-ਅਦਬੀ ਦੀਆਂ ਘਟਨਾਵਾਂ ਵਧਣ ਲੱਗੀਆਂ ਤਾਂ ਖ਼ਫਾ ਹੋ ਕੇ ਅਕਾਲੀਆਂ ਨੇ ਪਹਿਲਾਂ ਮਹੰਤਾਂ ਵਿਰੁੱਧ ਮੋਰਚਾ ਖੋਲ੍ਹਿਆ ਜੋ ਬਾਅਦ ਵਿਚ ਅਜ਼ਾਦੀ ਦੀ ਲੜਾਈ ਦਾ ਸਮਰਥਨ ਕਰਨ ਅਤੇ ਸਰਗਰਮ ਹਿਮਾਇਤ ਦੇਣ ਵਿਚ ਬਦਲ ਗਿਆ। ਜਥੇਬੰਦ ਅਕਾਲੀ ਲਹਿਰ ਦੀ ਸ਼ੁਰੂਆਤ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਨੂੰ ਮਹੰਤਾਂ ਤੋਂ ਅਜ਼ਾਦ ਕਰਾਉਣ ਦੀ ਮੁਹਿੰਮ ਨਾਲ ਸ਼ੁਰੂ ਹੋਈ। ਗੁਰੂ ਖ਼ਾਲਸੇ ਦੇ ਜੰਗਾਂ-ਯੁੱਧਾਂ ਵਿਚ ਰੁਝ ਜਾਣ ਕਾਰਨ ਗੁਰਦੁਆਰਿਆਂ ਦੀ ਸੇਵਾ ਸੰਭਾਲ ਤੇ ਪ੍ਰਬੰਧ ਮਹੰਤਾਂ ਦੇ ਹੱਥ ਆ ਗਿਆ ਸੀ। ਹੌਲੀ ਹੌਲੀ ਅੰਗਰੇਜ਼ਾਂ ਨੇ ਗੁਰਦੁਆਰਿਆਂ ਦੇ ਸਰਬਰਾਹ ਨਿਯੁਕਤ ਕਰਨ ਦੇ ਅਧਿਕਾਰ ਹਥਿਆ ਲਏ ਅਤੇ ਮਹੰਤਾਂ ਨੂੰ ਆਪਣੇ ਪਿੱਠੂ ਬਣਾ ਲਿਆ। ਦੂਸਰਾ ਅਨੈਤਿਕ ਕੰਮ ਇਹ ਹੋਇਆ ਕਿ ਅੰਗਰਜ਼ਾਂ ਦੁਆਰਾ ਜ਼ਮੀਨ ਦਾ ਪੱਕਾ ਬੰਦੋਬਸਤ ਕਰਨ ਸਮੇਂ ਗੁਰਦੁਆਰਿਆਂ ਦੀਆਂ ਜਾਇਦਾਦਾਂ ਨੂੰ ਮਹੰਤਾਂ ਨੇ ਆਪਣੀਆਂ ਨਿੱਜੀ ਜਾਇਦਾਦਾਂ ਵਿਚ ਬਦਲ ਲਿਆ। ਅੰਗਰੇਜ਼ ਸੋਚਦੇ ਸਨ ਕਿ ਮਹੰਤਾਂ ਰਾਹੀਂ ਉਹ ਸਿੱਖਾਂ ਤੇ ਕੰਟਰੋਲ ਰੱਖ ਸਕਣਗੇ। ਅੰਗਰੇਜ਼ਾਂ ਦੇ ਥਾਪੇ ਹੋਏ ਮਹੰਤ ਸੋਚਦੇ ਸਨ ਕਿ ਸਾਡੇ ਪਿੱਛੇ ਅੰਗਰੇਜ਼ ਸਰਕਾਰ ਹੈ, ਇਸ ਕਾਰਨ ਸਾਡਾ ਕੋਈ ਕੁਝ ਨਹੀਂ ਵਿਗਾੜ ਸਕਦਾ। ਸੱਤਾ ਦੇ ਨਸ਼ੇ ਵਿਚ ਚੂਰ ਹੋਏ ਮਹੰਤ ਗੁਰਦੁਆਰਿਆਂ ਦੀ ਮਾਣ ਮਰਿਆਦਾ ਭੁੱਲ ਕੇ ਗੁਰਦੁਆਰਿਆਂ ਵਿਚ ਰੰਗ ਰਲ਼ੀਆਂ ਮਨਾਉਣ ਲੱਗ ਪਏ ਸਨ। ਗੁਰਦੁਆਰੇ ਉਹਨਾਂ ਲਈ ਅਯਾਸ਼ੀ ਦੇ ਅੱਡੇ ਬਣੇ ਹੋਏ ਸਨ ਅਤੇ ਉਹ ਗੁਰਦੁਆਰਿਆਂ ਦੀ ਜਾਇਦਾਦ ਤੇ ਆਮਦਨ ਦੀ ਦੁਰਵਰਤੋਂ ਕਰ ਰਹੇ ਸਨ। ਔਰਤਾਂ ਦਾ ਗੁਰੂ ਘਰ ਜਾਣਾ ਮਹਿਫ਼ੂਜ਼ ਨਹੀਂ ਸੀ ਰਿਹਾ। ਇਹ ਹਰਕਤਾਂ ਵੇਖ ਕੇ ਸ਼ਰਧਾਲੂਆਂ ਦੇ ਹਿਰਦੇ ਛਲਣੀ ਹੋ ਰਹੇ ਸਨ। ਗੁਰਦੁਆਰਿਆਂ ਨੂੰ ਇਹਨਾਂ ਕੁਰੱਪਟ, ਅਯਾਸ਼ ਅਤੇ ਵਿਭਚਾਰੀ ਮਹੰਤਾਂ ਦੇ ਚੁੰਗਲ਼ ਚੋਂ ਕੱਢਣ ਲਈ ਸਿੱਖਾਂ ਵੱਲੋਂ ਕੀਤੀਆਂ ਗਈਆਂ ਕੁਰਬਾਨੀਆਂ ਦੇ ਵੇਰਵੇ ਦੇਣ ਤੋਂ ਪਹਿਲਾਂ ਉਹਨਾਂ ਸਾਰੇ ਮੋਰਚਿਆਂ ਅਤੇ ਘਟਨਾਵਾਂ ਬਾਰੇ ਜਾਨਣਾ ਜ਼ਰੂਰੀ ਹੈ ਜਿਹੜੀਆਂ ਉਸ ਸਮੇਂ ਵਾਪਰੀਆਂ ਅਤੇ ਸਿੱਟੇ ਵਜੋਂ ਅਕਾਲੀਆਂ ਨੂੰ ਮਹੰਤਾਂ ਅਤੇ ਸਰਕਾਰ ਵਿਰੁੱਧ ਮੋਰਚੇ ਲਾਉਣੇ ਪਏ।

- **ਗੁਰਦੁਆਰਾ ਰਕਾਬ ਗੰਜ ਦੀ ਕੰਧ ਦਾ ਮਸਲਾ :-**

ਉਸ ਸਮੇਂ ਦੇ ਅਕਾਲੀ ਲੀਡਰਾਂ ਨੇ ਗੁਰਦੁਆਰਿਆਂ ਦੀ ਉਕਤ ਵਰਨਣ ਕੀਤੀ ਦੁਰਦਸ਼ਾ ਦਾ ਗੰਭੀਰ ਨੋਟਿਸ ਲਿਆ ਅਤੇ ਫੈਸਲਾ ਕੀਤਾ ਕਿ ਗੁਰਦੁਆਰਿਆਂ ਨੂੰ ਮਹੰਤਾਂ ਤੋਂ ਹਰ ਹਾਲਤ ਵਿਚ ਅਜ਼ਾਦ ਕਰਾਉਣਾ ਚਾਹੀਦਾ ਹੈ। ਆਗੂਆਂ ਨੇ ਗੁਰਦੁਆਰਾ ਸੁਧਾਰ ਲਹਿਰ ਦਾ ਬੀੜਾ ਚੁੱਕਿਆ ਅਤੇ ਸਭ ਤੋਂ ਪਹਿਲਾ ਮਸਲਾ ਗੁਰਦੁਆਰਾ ਰਕਾਬ ਗੰਜ ਦਿੱਲੀ ਦੀ ਢਾਹੀ ਗਈ ਕੰਧ ਨੂੰ ਮੁੜ ਉਸਾਰਨ ਦਾ ਹੱਥ ਲਿਆ। 1911 ਵਿਚ ਅੰਗਰੇਜ਼ ਸਰਕਾਰ ਨੇ ਹਿੰਦਸਤਾਨ ਦੀ ਰਾਜਧਾਨੀ ਕਲਕੱਤੇ ਤੋਂ ਬਦਲ ਕੇ ਦਿੱਲੀ ਬਣਾਉਣ ਦਾ ਫ਼ੈਸਲਾ ਕੀਤਾ। ਸਰਕਾਰ ਨੇ ਪਾਰਲੀਮੈਂਟ ਹਾਊਸ ਦੇ ਨਾਲ਼ ਦਿੱਲੀ ਵਿੱਚ ਵਾਇਸਰਾਏ ਦੀ ਕੋਠੀ ਨੂੰ ਖੁੱਲ੍ਹਾ ਕਰਨ ਦਾ ਵੀ ਫ਼ੈਸਲਾ ਲਿਆ। ਇਸ ਤਜਵੀਜ਼ ਦੇ ਰਾਹ ਵਿਚ ਰੁਕਾਵਟ ਪਾਉਂਦੀ ਗੁਰਦੁਆਰਾ ਰਕਾਬਗੰਜ ਦੀ ਕੰਧ ਢਾਹੁਣ ਲਈ ਗੁਰਦੁਆਰੇ ਦੇ ਮਹੰਤ ਪਾਸੋਂ ਸਾਰੀ ਜ਼ਮੀਨ ਐਕੁਆਇਰ ਕਰਕੇ 1913 ਵਿਚ ਕੰਧ ਦਾ ਕੁਝ ਹਿੱਸਾ ਢਾਹ ਦਿੱਤਾ। ਜਦੋਂ ਇਹ ਖ਼ਬਰ ਲੋਕਾਂ ਤੱਕ ਪਹੁੰਚੀ ਤਾਂ ਸਿੱਖ ਜਗਤ ਵਿੱਚ ਡਾਹਢਾ ਰੋਸ ਫੈਲ ਗਿਆ। ਸਿੱਖਾਂ ਵਿਚ ਵਧਦੇ ਰੋਹ ਨੂੰ ਦੇਖਦਿਆਂ ਸਰਕਾਰ ਨੇ ਕੰਧ ਢਾਹੁਣੀ ਬੰਦ ਕਰ ਦਿੱਤੀ। ਪਹਿਲੀ ਸੰਸਾਰ ਜੰਗ ਸ਼ੁਰੂ ਹੋ ਜਾਣ ਕਾਰਨ ਇਹ ਮਸਲਾ ਕੁਝ ਠੰਢਾ ਪੈ ਗਿਆ ਪਰ ਜੰਗ ਖ਼ਤਮ ਹੋ ਜਾਣ ਪਿੱਛੋਂ ਵੀ ਸਰਕਾਰ ਨੇ ਕੰਧ ਪਹਿਲੀ ਥਾਂ ਤੇ ਉਸਾਰਨ ਲਈ ਕੁਝ ਨਾ ਕੀਤਾ। ਆਖ਼ਰ ਸਿੱਖ ਲੀਡਰਾਂ ਨੇ ਇਸ ਕੰਧ ਦੀ ਪਹਿਲਾਂ ਵਾਲ਼ੀ ਥਾਂ ਤੇ ਹੀ ਮੁੜ ਉਸਾਰੀ ਕਰਾਉਣ ਲਈ ਸੰਗਤਾਂ ਵਿਚ ਪ੍ਰਚਾਰ ਕਰਕੇ 100 ਸਿੰਘਾਂ ਦਾ ਜਥਾ 1.12.1920 ਨੂੰ ਦਿੱਲੀ ਭੇਜਣ ਦਾ ਫ਼ੈਸਲਾ ਕੀਤਾ। ਇਸ ਕੰਮ ਲਈ ਲੋਕਾਂ ਵਿਚ ਭਾਰੀ ਉਤਸ਼ਾਹ ਹੋਣ ਕਾਰਨ ਕਈ ਸੌ ਲੋਕਾਂ ਨੇ ਜਥੇ ਵਿਚ ਜਾਣ ਲਈ ਨਾਂ ਲਿਖਾਏ। ਲੋਕਾਂ ਦਾ ਜੋਸ਼ ਵੇਖ ਕੇ, ਮਹਾਰਾਜਾ ਨਾਭਾ ਦੀ ਵਿਚੋਲਗਿਰੀ ਰਾਹੀਂ, ਜਥਾ ਜਾਣ ਤੋਂ ਪਹਿਲਾਂ ਹੀ ਸਰਕਾਰ ਮਸਲਾ ਹੱਲ ਕਰਨ ਲਈ ਸਹਿਮਤ ਹੋ ਗਈ। ਇਸ ਜਿੱਤ ਤੋਂ ਉਤਸ਼ਾਹਤ ਹੋ ਕੇ ਅਕਾਲੀਆਂ ਨੇ ਬਾਕੀ ਗੁਰਦੁਆਰਿਆਂ ਵਿੱਚ ਵੀ ਮਹੰਤਾਂ ਦੀਆਂ ਮਨਮਾਨੀਆਂ ਰੋਕਣ ਲਈ ਸੰਘਰਸ਼ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ। ਉਹਨਾਂ ਨੇ ਆਪਣਾ ਸੰਘਰਸ਼ ਗਾਂਧੀਵਾਦੀ ਸਿਧਾਂਤਾਂ ਅਨੁਸਾਰ ਪੂਰਨ ਤੌਰ ਤੇ ਸ਼ਾਂਤਮਈ ਰੱਖਣ ਦਾ ਅਹਿਦ ਵੀ ਕੀਤਾ।

- **ਗੁਰਦੁਆਰਾ ਬਾਬੇ ਦੀ ਬੇਰ :-**

ਸਤੰਬਰ 1918 ਵਿਚ ਸਰਕਾਰ ਨੇ ਗੁਰਦੁਆਰਾ ਬਾਬੇ ਦੀ ਬੇਰ, ਸਿਆਲ਼ਕੋਟ ਦੇ ਮਹੰਤ ਦੀ ਮੌਤ ਪਿੱਛੋਂ ਉਸ ਦੇ ਨਬਾਲਿਗ ਪੁੱਤਰ ਨੂੰ ਗੱਦੀ ਤੇ ਬਿਠਾ ਕੇ ਗੰਡਾ ਸਿੰਘ ਨਾਂ ਦੇ ਇਕ ਪਤਿਤ ਸਿੱਖ ਨੂੰ ਉਹਦਾ ਸਰਬਰਾਹ ਥਾਪ ਦਿੱਤਾ। ਜਦੋਂ ਖ਼ਾਲਸਾ ਸੇਵਕ ਜਥੇ ਦੇ ਮੈਂਬਰ ਗੁਰਦੁਆਰੇ ਕੀਰਤਨ ਕਰਨ ਗਏ ਤਾਂ ਜਥੇ ਦੇ ਆਗੂ ਭਾਈ ਜਵਾਹਰ ਸਿੰਘ ਨੂੰ ਸਰਬਰਾਹ ਦੇ ਬੰਦਿਆਂ ਨੇ ਕੁੱਟਿਆ ਅਤੇ

ਬੇਇਜ਼ਤ ਕੀਤਾ। ਸਰਬਰਾਹ ਦੀ ਇਸ ਗੁੰਡਾਗਰਦੀ ਨੂੰ ਰੋਕਣ ਲਈ ਅਮਰ ਸਿੰਘ ਤੇ ਜਸਵੰਤ ਸਿੰਘ ਦੋ ਝਬਾਲੀਏ ਭਰਾ ਸਿਆਲ਼ਕੋਟ ਪਹੁੰਚੇ ਅਤੇ ਕਰਤਾਰ ਸਿੰਘ ਝੱਬਰ ਨੂੰ ਵੀ ਬੁਲਾ ਲਿਆ। ਜਦੋਂ ਉਹ ਵੱਡਾ ਜਥਾ ਲੈ ਕੇ ਸਿਆਲ਼ਕੋਟ ਪਹੁੰਚਿਆ ਤਾਂ ਗੰਡਾ ਸਿੰਘ ਤੇ ਉਹਦੇ ਸਾਥੀ ਡਰਦੇ ਮਾਰੇ ਮੈਦਾਨ ਛੱਡ ਕੇ ਦੌੜ ਗਏ ਅਤੇ ਗੁਰਦੁਆਰੇ ਤੇ ਪੰਥ ਦਾ ਕਬਜ਼ਾ ਹੋ ਗਿਆ। ਸਾਰੇ ਜਥਿਆਂ ਦੀ ਤਾਕਤ ਨੂੰ ਇਕੱਠਾ ਕਰਨ ਲਈ ਨਵੰਬਰ 1920 ਵਿਚ ਅਕਾਲੀ ਆਗੂਆਂ ਨੇ ਗੁਰਦੁਆਰਿਆਂ ਦੇ ਪ੍ਰਬੰਧ ਲਈ ਕੇਂਦਰੀ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਕੀਤਾ ਅਤੇ ਰਾਜਨੀਤਕ ਹਿੱਤਾਂ ਦੀ ਰਾਖੀ ਲਈ 14 ਦਸੰਬਰ 1920 ਨੂੰ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਕੀਤੀ।

- **ਗੁਰਦੁਆਰਾ ਪੰਜਾ ਸਾਹਿਬ :-**

1920 ਦੇ ਅਖ਼ੀਰ ਵਿਚ ਜਿਲ੍ਹਾ ਰਾਵਲਪਿੰਡੀ ਦਾ ਇਕ ਗੁਰਸਿੱਖ ਜਦੋਂ ਗੁਰਦੁਆਰਾ ਪੰਜਾ ਸਾਹਿਬ ਦੇ ਦਰਸ਼ਨ ਕਰਨ ਗਿਆ ਤਾਂ ਉਹਨੇ ਇਕ ਤਮਾਕੂ-ਫ਼ਰੋਸ਼ ਨੂੰ ਗੁਰਦੁਆਰੇ ਲਈ ਕੜਾਹ-ਪ੍ਰਸ਼ਾਦਿ ਤਿਆਰ ਕਰਦਿਆਂ ਵੇਖਿਆ। ਜਦੋਂ ਉਹਨੇ ਇਸ ਕਾਰਵਾਈ ਤੇ ਇਤਰਾਜ਼ ਕੀਤਾ ਤਾਂ ਅੱਯਾਸ਼, ਆਚਰਣਹੀਣ ਮਹੰਤ ਮਿੱਠਾ ਸਿੰਘ ਦੇ ਭਰਾ ਸੰਤ ਸਿੰਘ ਨੇ ਪਿਸਤੌਲ਼ ਦੀ ਗੋਲ਼ੀ ਨਾਲ਼ ਉਹਨੂੰ ਜ਼ਖ਼ਮੀ ਕਰ ਦਿੱਤਾ। ਸਿੱਟੇ ਵਜੋਂ ਸਿੱਖਾਂ ਵਿਚ ਮਿੱਠਾ ਸਿੰਘ ਵਿਰੁੱਧ ਰੋਸ ਦੀ ਲਹਿਰ ਫੈਲ ਗਈ। ਥੋੜ੍ਹੇ ਚਿਰ ਬਾਅਦ ਹੀ ਮਿੱਠਾ ਸਿੰਘ ਸੰਸਾਰ ਤੋਂ ਕੂਚ ਕਰ ਗਿਆ। ਸਿੱਖ ਆਗੂਆਂ ਨੇ ਸਲਾਹ ਕਰਕੇ ਭਾਈ ਕਰਤਾਰ ਸਿੰਘ ਝੱਬਰ ਨੂੰ 25 ਸਿੰਘਾਂ ਦਾ ਜਥਾ ਦੇ ਕੇ ਪੰਜਾ ਸਾਹਿਬ ਭੇਜਿਆ। ਦਬਾਅ ਵਧਦਾ ਵੇਖ ਕੇ ਡੀ. ਸੀ. ਨੇ ਸਮਝੌਤਾ ਕਰਵਾ ਕੇ ਗੁਰਦੁਆਰੇ ਦਾ ਚਾਰਜ ਸਿੰਘਾਂ ਨੂੰ ਦਿਵਾ ਦਿੱਤਾ। ਇੰਨ ਬਿੰਨ ਇਹੋ ਜਿਹੀ ਹਾਲਤ ਹੀ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਦੀ ਸੀ। ਇੱਥੇ ਵੀ ਮਹੰਤਾਂ ਨੇ ਪੂਰਾ ਗੰਦ ਪਾਇਆ ਹੋਇਆ ਸੀ।

- **ਗੁਰਦੁਆਰਾ ਤਰਨ ਤਾਰਨ ਸਾਹਿਬ :-**

ਇਸ ਗੁਰਦੁਆਰੇ ਦਾ ਪ੍ਰਬੰਧ ਵੀ ਅੰਮ੍ਰਿਤਸਰ ਦੇ ਸਰਬਰਾਹ ਅਧੀਨ ਸੀ ਪਰ ਦੂਰ ਹੋਣ ਕਾਰਨ ਇੱਥੋਂ ਦੇ ਸਥਾਨਕ ਪੁਜਾਰੀ ਮਨ-ਮਾਨੀਆਂ ਕਰਦੇ ਸਨ। ਗੁਰਦੁਆਰੇ ਦੀ ਹਦੂਦ ਅੰਦਰ ਹੁੰਦੀ ਔਰਤਾਂ ਦੀ ਬੇਪਤੀ ਤੇ ਦੁਰਗਤੀ ਦੀ ਸ਼ਿਕਾਇਤ ਅੰਮ੍ਰਿਤਸਰ ਪਹੁੰਚੀ ਤਾਂ 25 ਜਨਵਰੀ 1921 ਨੂੰ ਭਾਈ ਤੇਜਾ ਸਿੰਘ ਭੁੱਚਰ ਦੀ ਅਗਵਾਈ ਹੇਠ 40 ਸਿੰਘਾਂ ਦਾ ਜਥਾ ਤਰਨਤਾਰਨ ਆ ਪਹੁੰਚਿਆ ਅਤੇ ਦਰਬਾਰ ਸਾਹਿਬ ਵਿਚ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ। ਦੀਵਾਨ ਵਿਚ ਭਾਸ਼ਣ ਕਰ ਰਹੇ ਆਗੂ ਸਮੇਤ ਹਾਜ਼ਰ ਬੈਠੀ ਸੰਗਤ ਉੱਤੇ ਪੁਜਾਰੀਆਂ ਨੇ ਹੱਥ-ਗੋਲ਼ੇ ਸੁੱਟੇ ਅਤੇ ਛਵ੍ਹੀਆਂ ਗੰਡਾਸੀਆਂ ਨਾਲ਼ ਹਮਲਾ ਕਰ ਦਿਤਾ। ਇਸ ਘਟਨਾ ਵਿਚ 17 ਆਦਮੀ ਜ਼ਖ਼ਮੀ ਹੋਏ ਜਿਹਨਾਂ ਚੋਂ **ਭਾਈ ਹਜ਼ਾਰਾ ਸਿੰਘ ਅਲਾਦੀਨਪੁਰ ਅਤੇ ਹੁਕਮ ਸਿੰਘ ਵਸਾਊ ਕੋਟ** ਸ਼ਹੀਦੀ ਜਾਮ ਪੀ ਗਏ। ਇਸ ਦੁਖਾਂਤ ਨੂੰ ਟਾਲਣ ਲਈ ਭਾਈ ਮੋਹਨ ਸਿੰਘ ਵੈਦ ਨੇ ਭਰਪੂਰ ਜਤਨ ਕੀਤੇ ਪਰ ਬੇਅਰਥ ਰਹੇ। ਸਿੰਘ ਸ਼ਾਂਤਮਈ ਢੰਗ ਨਾਲ਼ ਰੋਸ ਪ੍ਰਗਟਾਉਂਦੇ ਰਹੇ। ਆਖ਼ਰ 26 ਜਨਵਰੀ 1921 ਨੂੰ ਪੁਜਾਰੀਆਂ ਨੇ ਮੁਆਫ਼ੀ ਮੰਗ ਕੇ ਗੁਰਦੁਆਰੇ ਦਾ ਕਬਜ਼ਾ ਸਿੱਖਾਂ ਦੀ ਚੁਣੀ ਹੋਈ ਕਮੇਟੀ ਦੇ ਹਵਾਲੇ ਕਰ ਦਿੱਤਾ।

- **ਸਾਕਾ ਨਨਕਾਣਾ ਸਾਹਿਬ :-**

ਮਹੰਤਾਂ ਦੀਆਂ ਮਨਮਾਨੀਆਂ ਕਾਰਨ ਜੋ ਹਾਲਤ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਸੀ, ਨਨਕਾਣਾ ਸਾਹਿਬ, ਗੁਰੂ ਕਾ ਬਾਗ, ਗੰਗਸਰ ਜੈਤੋ ਤੇ ਹੋਰ ਗੁਰਦੁਆਰਿਆਂ ਜਿਹੜੇ ਮਹੰਤਾਂ ਦੇ ਕਬਜ਼ੇ ਹੇਠ ਸਨ, ਸਭ ਦੀ ਹਾਲਤ ਉਸ ਤੋਂ ਵੀ ਮਾੜੀ ਸੀ। ਸਿੱਖ ਧਰਮ ਦੇ ਬਾਨੀ ਸਤਿਗੁਰ ਨਾਨਕ ਦੇਵ ਜੀ ਦੇ ਜਨਮ ਅਸਥਾਨ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਮਹੰਤ ਨਰਾਇਣ ਦਾਸ ਦੇ ਪ੍ਰਬੰਧ ਹੇਠ ਹਰ ਤਰ੍ਹਾਂ ਦੀਆਂ ਬੇਹੁਰਮਤੀਆਂ ਦੇ ਨਾਲ ਬਾਹਰੋਂ ਆਏ ਯਾਤਰੂਆਂ ਦੀ ਜੇਬ ਅਤੇ ਔਰਤਾਂ ਦੀ ਆਬਰੂ ਦੋਵੇਂ ਸੁਰੱਖਿਅਤ ਨਹੀਂ ਸਨ। ਮਹੰਤ ਨੇ ਗੁਰੂ ਘਰ ਨੂੰ ਅਯਾਸ਼ੀ ਦਾ ਅੱਡਾ ਬਣਾ ਰੱਖਿਆ ਸੀ। ਉਹਨੇ 1917 ਵਿਚ ਗੁਰਦੁਆਰੇ ਦੀ ਹਦੂਦ ਅੰਦਰ ਵੇਸਵਾ ਨਚਾਉਣ ਦੀ ਹਿਮਾਕਤ ਵੀ ਕੀਤੀ। 1918 ਵਿਚ ਇਕ ਸਿੰਧੀ ਸਿੱਖ ਆਪਣੀ 13 ਵਰ੍ਹਿਆਂ ਦੀ ਬੱਚੀ ਨਾਲ ਗੁਰੁਆਰਾ ਸਾਹਿਬ ਦੇ ਦਰਸ਼ਨ ਕਰਨ ਗਿਆ ਤੇ ਉੱਥੇ ਰਾਤ ਠਹਿਰਿਆ। ਮਹੰਤ ਦੇ ਚੇਲਿਆਂ ਨੇ ਬੇਖ਼ੌਫ਼ ਹੋ ਕੇ ਰਾਤ ਨੂੰ ਬੱਚੀ ਨਾਲ਼ ਜ਼ੋਰ-ਜਬਰਦਸਤੀ ਕੀਤੀ। ਪਤਾ ਲੱਗਣ ਤੇ ਸਿੱਖਾਂ ਨੇ ਮਹੰਤ ਨੂੰ ਮਿਲ਼ ਕੇ ਰੋਸ ਪ੍ਰਗਟ ਕੀਤਾ ਅਤੇ ਅਜਿਹੀਆਂ ਕਾਰਵਾਈਆਂ ਬੰਦ ਕਰਨ ਲਈ ਕਿਹਾ ਪਰ ਮਹੰਤ ਦੇ ਮਨ ਤੇ ਇਹਨਾਂ ਅਪੀਲਾਂ ਦਾ ਕੋਈ ਅਸਰ ਨਾ ਹੋਇਆ। 26 ਜਨਵਰੀ 1921 ਨੂੰ ਸ਼੍ਰੋਮਣੀ ਕਮੇਟੀ ਨੇ ਜਨਰਲ ਇਜਲਾਸ ਸੱਦ ਕੇ 4-6 ਮਾਰਚ ਤੱਕ ਸ੍ਰੀ ਨਨਕਾਣਾ ਸਾਹਿਬ ਵਿਖੇ ਵੱਡਾ ਪੰਥਕ ਇਕੱਠ

ਕਰਨ ਦਾ ਫ਼ੈਸਲਾ ਕੀਤਾ। ਮਹੰਤ ਨੇ ਇਕ ਪਾਸੇ ਸ਼੍ਰੋਮਣੀ ਕਮੇਟੀ ਦੀਆਂ ਸ਼ਰਤਾਂ ਮੰਨਣ ਦੀ ਗੱਲ ਕੀਤੀ ਅਤੇ ਦੂਜੇ ਪਾਸੇ ਵੱਡੀ ਪੱਧਰ ਤੇ ਗੁੰਡੇ, ਬਦਮਾਸ਼ ਅਤੇ ਹਥਿਆਰ ਇਕੱਠੇ ਕਰਕੇ ਪੰਥਕ ਆਗੂਆਂ ਨੂੰ ਮਾਰ-ਮੁਕਾਉਣ ਦੀ ਪਲਾਨਿੰਗ ਕਰ ਲਈ। ਪੰਥਕ ਫ਼ੈਸਲੇ ਅਨੁਸਾਰ ਪਹਿਲਾਂ ਭਾਈ ਲਛਮਣ ਸਿੰਘ ਅਤੇ ਕਰਤਾਰ ਸਿੰਘ ਝੱਬਰ ਵੱਲੋਂ ਮਹੰਤ ਨਾਲ਼ ਕੋਈ ਸਮਝੌਤਾ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਉਹ ਸਫਲ ਨਾ ਹੋਏ।

ਸਲਾਹ ਮੁਸ਼ਵਰਾ ਕਰਕੇ ਭਾਈ ਲਛਮਣ ਸਿੰਘ ਧਾਰੋਵਾਲ 21 ਫ਼ਰਵਰੀ 1921 ਨੂੰ 150 ਸਿੰਘਾਂ ਦੇ ਜਥੇ ਨਾਲ਼ ਮਹੰਤ ਤੋਂ ਕਬਜ਼ਾ ਲੈਣ ਲਈ ਗੁਰਦੁਆਰੇ ਵਿਚ ਜਾ ਦਾਖ਼ਲ ਹੋਏ। ਭਾਈ ਲਛਮਣ ਸਿੰਘ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਜਾ ਬੈਠੇ। ਮਹੰਤ ਨੇ ਆਪਣੇ ਗੁੰਡਿਆਂ ਨਾਲ਼, ਛਵ੍ਹੀਆਂ, ਗੰਡਾਸੇ, ਮਿੱਟੀ ਦਾ ਤੇਲ ਤੇ ਲੱਕੜਾਂ ਆਦਿ ਨਾਲ਼ ਪੂਰੀ ਤਿਆਰੀ ਕੀਤੀ ਹੋਈ ਸੀ। ਉਹਨਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਭਾਈ ਲਛਮਣ ਸਿੰਘ ਤੇ ਗੋਲ਼ੀਆਂ ਚਲਾਈਆਂ ਅਤੇ ਗੰਭੀਰ ਜ਼ਖ਼ਮੀ ਹੋਏ ਲਛਮਣ ਸਿੰਘ ਨੂੰ ਜੀਊਂਦੇ ਜੀਅ ਜੰਡ ਨਾਲ਼ ਬੰਨ੍ਹ ਕੇ ਤੇਲ ਪਾਕੇ ਸਾੜ ਦਿੱਤਾ। ਅਨੇਕਾਂ ਹੋਰ ਕੀਰਤਨ ਕਰਦੇ ਸਿੰਘਾਂ ਸਿੰਘਣੀਆਂ ਤੇ ਮਹੰਤ ਦੇ ਗੁੰਡਿਆਂ ਨੇ ਗੋਲ਼ੀਆਂ ਚਲਾਈਆਂ ਅਤੇ ਛਵ੍ਹੀਆਂ ਗੰਡਾਸਿਆਂ ਨਾਲ਼ ਫੱਟੜ ਕਰਕੇ ਬਲਦੀ ਅੱਗ ਵਿਚ ਸੁੱਟ ਕੇ ਜਾਂ ਤੇਲ ਪਾ ਕੇ ਸਾੜ ਦਿੱਤੇ। ਇਸ ਦੁਖਦਾਈ ਘਟਨਾ ਤੋਂ ਬਾਅਦ ਗੁਰਦੁਆਰੇ ਨੂੰ ਗੋਰੀ ਫੌਜ ਨੇ ਘੇਰਾ ਪਾ ਲਿਆ। 21 ਫ਼ਰਵਰੀ 1921 ਨੂੰ ਕਰਤਾਰ ਸਿੰਘ ਝੱਬਰ ਆਪਣੇ ਨਾਲ਼ 2200 ਸਿੰਘਾਂ ਦਾ ਜਥਾ ਲੈ ਕੇ ਵਰ੍ਹਦੀਆਂ ਗੋਲ਼ੀਆਂ ਵਿਚ ਗੁਰਦੁਆਰੇ ਅੰਦਰ ਦਾਖ਼ਲ ਹੋਣ ਵਿਚ ਸਫਲ ਹੋ ਗਿਆ ਅਤੇ ਉਸ ਨੇ ਗੁਰਦੁਆਰਾ ਨਨਕਾਣਾ ਸਾਹਿਬ ਨੂੰ ਮਹੰਤਾਂ ਤੋਂ ਅਜ਼ਾਦ ਕਰਾਉਣ ਲਈ ਸ਼ਾਂਤਮਈ ਢੰਗ ਨਾਲ਼ ਜਿੱਤ ਹਾਸਲ ਕਰ ਲਈ।

ਮਹੰਤ ਨਰੈਣ ਦਾਸ ਨੇ ਜੋ ਸ਼ਾਂਤਮਈ ਲੋਕਾਂ ਤੇ ਪੁਲਿਸ ਅਤੇ ਆਪਣੇ ਲੱਠਮਾਰ ਗੁੰਡਿਆਂ ਦੀ ਮਦਦ ਨਾਲ ਡਾਂਗਾਂ, ਸੋਟਿਆਂ ਤੇ ਬੰਦੂਕਾਂ ਨਾਲ਼ ਹਮਲੇ ਕੀਤੇ, ਉਹਨਾਂ ਵਿਚ 100 ਤੋਂ ਵੱਧ ਅਕਾਲੀ ਸ਼ਹੀਦ ਹੋਏ (ਗੁਰਬਚਨ ਸਿੰਘ ਨੇ ਇਹ ਗਿਣਤੀ 150 ਤੋਂ ਵੱਧ ਲਿਖੀ ਹੈ), ਬਾਕੀਆਂ ਨੂੰ ਫੜ ਕੇ ਕੁੱਟਿਆ ਮਾਰਿਆ ਗਿਆ ਤੇ ਗ੍ਰਿਫਤਾਰ ਕਰਕੇ ਸਖ਼ਤ ਸਜ਼ਾਵਾਂ ਦਿੱਤੀਆਂ ਅਤੇ ਕਈਆਂ ਨੂੰ ਤੇਲ ਪਾ ਕੇ ਸਾੜ ਦਿੱਤਾ। ਇਸ ਵਹਿਸ਼ੀ ਕਾਂਡ ਵਿਰੁੱਧ ਸੈਂਕੜੇ ਸਿੱਖਾਂ ਨੇ ਕੁਰਬਾਨੀਆਂ ਦੇ ਕੇ ਗੁਰਦੁਆਰਾ ਮਹੰਤਾਂ ਤੋਂ ਅਜ਼ਾਦ ਕਰਵਾਇਆ। 5 ਅਪ੍ਰੈਲ 1921 ਨੂੰ ਇਸ ਕਤਲਿਆਮ ਦਾ ਮੁਕਦਮਾ ਸੈਸ਼ਨ ਕੋਰਟ ਲਾਹੌਰ ਵਿਚ ਸ਼ੁਰੂ ਹੋਇਆ ਅਤੇ 12.10.1921 ਨੂੰ ਸਾਰੇ ਪੁਆੜੇ ਦੀ ਜੜ੍ਹ ਮਹੰਤ ਨਰੈਣ ਦਾਸ ਅਤੇ ਉਹਦੇ 7 ਹੋਰ ਜੁੰਡੀਦਾਰਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਜਦ ਕਿ 8 ਹੋਰਾਂ ਨੂੰ ਉਮਰ ਕੈਦ ਅਤੇ ਮਹੰਤ ਵੱਲੋਂ ਕਿਰਾਏ ਤੇ ਲਿਆਂਦੇ ਗਏ 16 ਪਠਾਣਾਂ ਨੂੰ 7-7 ਸਾਲ ਦੀ ਸਖ਼ਤ ਕੈਦ ਦੀ ਸਜ਼ਾ ਦਿੱਤੀ ਗਈ। ਹਾਈ ਕੋਰਟ ਵਿਚ ਅਪੀਲ ਕਰਨ ਤੇ 3.03.1922 ਨੂੰ ਮਹੰਤ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਹੋ ਗਈ ਪਰ ਬਾਕੀ ਦੀਆਂ ਸਜ਼ਾਵਾਂ ਬਰਕਰਾਰ ਰੱਖੀਆਂ ਗਈਆਂ।

- **ਸ਼ਹੀਦ ਹੋਏ 130 ਸਿੱਖਾਂ ਵਿਚ ਜਿਲ੍ਹਾ ਤਰਨਤਾਰਨ ਨਾਲ਼ ਸਬੰਧਤ :-**

1. ਭਾਈ ਮੋਤਾ ਸਿੰਘ ਪੁੱਤਰ ਸ੍ਰ ਇੰਦਰ ਸਿੰਘ ਪਿੰਡ ਰੂੜਾ ਵਾਇਆ ਤਰਨਤਾਰਨ
2. ਭਾਈ ਭਗਤ ਸਿੰਘ ਪੁੱਤਰ ਸ੍ਰ ਬੂੜ ਸਿੰਘ ,, ,, ,, ,, ,,
3. ਭਾਈ ਤਾਰਾ ਸਿੰਘ ਪੁੱਤਰ ਸ੍ਰ ਸ਼ਾਮ ਸਿੰਘ ,, ,, ,, ,, ,,
4. ਭਾਈ ਨੱਥਾ ਸਿੰਘ ਪੁੱਤਰ ਸ੍ਰ ਸੁਰੈਣ ਸਿੰਘ ,, ,, ,, ,, ,,

(ਪਿੰਡ ਦਾ ਨਾਂ ਰੂੜੇ ਆਸਲ ਹੋ ਸਕਦਾ ਹੈ ਕਿਉਂਕਿ ਰੂੜਾ ਨਾਂ ਦਾ ਕੋਈ ਪਿੰਡ ਤਰਨਤਾਰਨ ਨੇੜੇ ਨਹੀਂ ਹੈ)

5. ਭਾਈ ਨਰਾਇਣ ਸਿੰਘ ਸੰਧੂ ਪਿੰਡ ਵਰ੍ਹਿਆਂਹ
6. ਭਾਈ ਦਿਆਲ ਸਿੰਘ ਪੁੱਤਰ ਸ੍ਰ ਦੇਵਾ ਸਿੰਘ ਪਿੰਡ ਘਸੀਟਪੁਰ
7. ਭਾਈ ਕਿਸ਼ਨ ਸਿੰਘ ਪੁੱਤਰ ਸ੍ਰ ਸੁੰਦਰ ਸਿੰਘ ਪਿੰਡ ਰੱਤੋ ਕੇ

- **ਸਰਬਰਾਹ ਨੂੰ ਹਟਾਉਣ ਅਤੇ ਚਾਬੀਆਂ ਦਾ ਮੋਰਚਾ :-**

ਜੱਲ੍ਹਿਆਂ ਵਾਲ਼ੇ ਬਾਗ ਦੇ ਦੁਖਦਾਈ ਕਾਂਡ ਦੇ ਜ਼ਿੰਮੇਵਾਰ ਜਨਰਲ ਡਾਇਰ ਨੂੰ ਸਿਰੋਪਾਓ ਦੇਣ ਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਰਬਰਾਹ ਸ੍ਰ ਅਰੂੜ ਸਿੰਘ ਵਿਰੁੱਧ ਲੋਕ ਰੋਹ ਵਧ ਗਿਆ। ਦਬਾਅ ਵਧਦਾ ਵੇਖ ਕੇ ਸਰਬਰਾਹ ਨੇ ਅਸਤੀਫ਼ਾ ਦੇ ਦਿੱਤਾ ਪਰ ਹਰਿਮੰਦਰ ਸਾਹਿਬ ਦੇ ਤੋਸ਼ੇਖ਼ਾਨੇ ਦੀਆਂ ਚਾਬੀਆਂ ਸਰਕਾਰ ਦੇ ਕਬਜ਼ੇ ਵਿਚ ਸਨ। ਸਰਕਾਰ ਨੇ ਸ੍ਰ ਸੁੰਦਰ ਸਿੰਘ ਰਾਮਗੜ੍ਹੀਏ ਨੂੰ ਦਰਬਾਰ ਸਾਹਿਬ ਦਾ ਸਰਬਰਾਹ ਮੁਕੱਰਰ ਕਰਕੇ ਚਾਬੀਆਂ ਉਹਦੇ ਹਵਾਲੇ ਕਰ ਦਿੱਤੀਆਂ। ਸ਼੍ਰੋਮਣੀ ਕਮੇਟੀ ਨੇ ਸਰਕਾਰ ਦੇ ਰਵੱਈਏ ਵਿਰੁੱਧ ਦੀਵਾਨ ਲਾਉਣੇ ਅਤੇ ਜਲਸੇ ਕਰਨੇ ਸ਼ੁਰੂ ਕਰ ਦਿੱਤੇ। ਸਰਕਾਰ ਨੇ ਦਫ਼ਾ 144 ਲਾ ਕੇ ਸਿੱਖਾਂ ਦੇ ਜਲਸੇ ਰੋਕ ਦਿੱਤੇ ਪਰ ਆਪ 26 ਨਵੰਬਰ 1921 ਨੂੰ ਅਜਨਾਲ਼ੇ ਜਲਸਾ ਕੀਤਾ। ਅਕਾਲੀ ਲੀਡਰਾਂ ਨੂੰ ਇਸ ਜਲਸੇ ਵਿਚ ਬੋਲਣ ਲਈ ਸਮਾਂ ਨਾ ਦੇਣ ਕਾਰਨ ਉਹਨਾਂ ਨੇ ਵੱਖਰਾ ਜਲਸਾ ਕਰਨ ਦਾ ਐਲਾਨ ਕਰ ਦਿੱਤਾ ਤਾਂ ਸਿੱਖ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪਿੱਛੋਂ ਹੋਰ ਲੀਡਰ ਵੀ ਫੜ ਲਏ ਗਏ ਅਤੇ ਉਹਨਾਂ ਖ਼ਿਲਾਫ਼ ਜਲਸਾ ਰੋਕੂ ਕਨੂੰਨ ਦੀ ਧਾਰਾ ਲਾ ਕੇ ਮੁਕਦਮਾ ਚਲਾਇਆ ਗਿਆ। ਇਸ ਮੁਕਦਮੇ ਵਿਚ ਸਾਰੇ ਆਗੂਆਂ ਨੂੰ 5-6 ਮਹੀਨੇ ਦੀ ਕੈਦ ਸਮੇਤ 1000 ਰੁਪਏ ਜੁਰਮਾਨੇ ਦੀ ਸਜ਼ਾ ਹੋਈ। ਸਰਕਾਰ ਗ੍ਰਿਫ਼ਤਾਰ ਕੀਤੇ ਆਗੂਆਂ ਨੂੰ ਮੁਆਫ਼ੀ ਮੰਗਣ ਦੀ ਸ਼ਰਤ ਤੇ ਛੱਡ ਦੇਣਾ ਚਾਹੁੰਦੀ ਸੀ ਪਰ ਆਗੂਆਂ ਨੇ ਮੁਆਫ਼ੀ ਮੰਗਣ ਤੋਂ ਨਾਂਹ ਕਰ ਦਿੱਤੀ। ਇਸ ਤੋਂ ਬਾਅਦ ਸਿੱਖ ਲਹਿਰ ਹੋਰ ਤੇਜ਼ ਹੋ ਗਈ। ਅਖ਼ੀਰ ਸਰਕਾਰ ਨੇ 17 ਜਨਵਰੀ 1922 ਨੂੰ ਸਾਰੇ ਆਗੂ ਰਿਹਾਅ ਕਰ ਦਿੱਤੇ ਅਤੇ 19 ਜਨਵਰੀ 1922 ਨੂੰ ਸਰਕਾਰ ਨੇ ਇਕ ਸਰਕਾਰੀ ਅਧਿਕਾਰੀ ਰਾਹੀਂ ਚਾਬੀਆਂ ਸਿੱਖ ਆਗੂ ਬਾਬਾ ਖੜਕ ਸਿੰਘ ਨੂੰ ਸੌਂਪ ਦਿੱਤੀਆਂ ਅਤੇ ਕੁਝ ਗੁਰਦੁਆਰਿਆਂ ਦਾ ਪ੍ਰਬੰਧ ਸਿੱਖਾਂ ਦੀਆਂ ਚੁਣੀਆਂ ਕਮੇਟੀਆਂ ਨੂੰ ਮਿਲ ਗਿਆ।

- **ਗੁਰੂ ਕੇ ਬਾਗ ਦਾ ਮੋਰਚਾ :-**

ਗੁਰੂ ਕੇ ਬਾਗ ਦਾ ਇਤਿਹਾਸਕ ਸਥਾਨ ਅੰਮ੍ਰਿਤਸਰ ਤੋਂ ਅਜਨਾਲ਼ੇ ਜਾਂਦੀ ਸੜਕ ਤੋਂ 23 ਕਿ. ਮੀ. ਹਟਵੇਂ ਘੁੱਕੇ ਵਾਲ਼ੀ ਪਿੰਡ ਦੀ ਜੂਹ ਵਿਚ ਸਥਿੱਤ ਹੈ। ਇਸ ਸਥਾਨ ਤੇ ਸਿੱਖਾਂ ਦੇ ਪੰਜਵੇਂ ਅਤੇ ਨੌਂਵੇਂ ਗੁਰੂ ਦੇ ਦੋ ਗੁਰਦੁਆਰੇ ਹਨ। ਗੁਰੂ ਤੇਗ ਬਹਾਦਰ ਜੀ ਨੇ ਇੱਥੇ ਇਕ ਬਾਗ ਲਵਾਇਆ ਸੀ ਜਿਸ ਕਰਕੇ ਇਸ ਦਾ ਨਾਂ 'ਗੁਰੂ ਕੇ ਬਾਗ' ਪੈ ਗਿਆ। ਪੰਜਾਬ ਤੇ ਅੰਗਰੇਜ਼ਾਂ ਦਾ ਕਬਜ਼ਾ ਹੋਣ ਪਿੱਛੋਂ ਉਹਨਾਂ ਦੀ ਸ਼ਹਿ ਨਾਲ ਗੁਰਦੁਆਰਿਆਂ ਤੇ ਕਾਬਜ਼ ਮਹੰਤਾਂ ਤੇ ਪੁਜਾਰੀਆਂ ਨੇ ਮਨ-ਮਾਨੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਕਾਮਾਗਾਟਾ ਮਾਰੂ ਦੇ ਸ਼ਹੀਦਾਂ ਵਿਰੁੱਧ ਹੁਕਮਨਾਮਾ ਜਾਰੀ ਕੀਤਾ ਗਿਆ ਅਤੇ ਜੱਲ੍ਹਿਆਂ ਵਾਲ਼ੇ ਬਾਗ ਦੇ ਖ਼ੂਨੀ ਸਾਕੇ ਦੇ ਦੋਸ਼ੀਆਂ ਨੂੰ ਅਕਾਲ ਤਖ਼ਤ ਤੋਂ ਸਨਮਾਨਿਤ ਕੀਤਾ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੀਟਿੰਗ ਕਰਕੇ ਭ੍ਰਿਸ਼ਟ ਮਹੰਤਾਂ ਤੋਂ ਗੁਰਦੁਆਰੇ ਅਜ਼ਾਦ ਕਰਾਉਣ ਲਈ ਮੁਹਿੰਮ ਸ਼ੁਰੂ ਕੀਤੀ। ਪਹਿਲਾਂ ਤਰਨਤਾਰਨ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦਾ ਪਾਵਨ ਅਸਥਾਨ ਅਜ਼ਾਦ ਕਰਵਾਇਆ ਗਿਆ।

31 ਜਨਵਰੀ 1921 ਨੂੰ ਬਾਬੂ ਦਾਨ ਸਿੰਘ ਵਿਛੋਆ ਦੀ ਅਗਵਾਈ ਹੇਠ ਗੁਰੂ ਕੇ ਬਾਗ ਗੁਰਦੁਆਰੇ ਤੇ ਕਾਬਜ਼ ਸ਼ਰਾਬੀ ਮਹੰਤ ਸੁੰਦਰ ਦਾਸ ਤੋਂ ਅਜ਼ਾਦ ਕਰਾਉਣ ਲਈ 50 ਦੇ ਕਰੀਬ ਸਿੰਘਾਂ ਦਾ ਜਥਾ ਗੁਰਦੁਆਰੇ ਪਹੁੰਚਿਆ। ਮੌਕਾ ਵੇਖ ਕੇ ਮਹੰਤ ਨੇ ਜਥੇ ਦੀਆਂ ਸ਼ਰਤਾਂ ਲਿਖਤੀ ਰੂਪ ਵਿਚ ਮੰਨ ਲਈਆਂ ਪਰ ਬਾਅਦ ਵਿਚ ਚਲਾਕੀ ਨਾਲ਼ ਹੱਥ-ਲਿਖਤ ਸਮਝੌਤਾ ਕਮੇਟੀ ਦੇ ਦਫ਼ਤਰ ਤੋਂ 500 ਰੁਪਏ ਰਿਸ਼ਵਤ ਦੇ ਕੇ ਵਾਪਸ ਲੈ ਲਿਆ ਅਤੇ ਸਥਾਨਕ ਕਮੇਟੀ ਦੇ ਮੈਨੇਜਰ ਨੂੰ ਕੱਢ ਦਿੱਤਾ। 8-9 ਅਗਸਤ 1922 ਨੂੰ ਲੰਗਰ ਲਈ ਲੱਕੜਾਂ ਲੈਣ ਗਏ ਸਿੰਘਾਂ ਨੂੰ ਰੋਕਣ ਤੇ ਝਗੜਾ ਹੋ ਗਿਆ ਅਤੇ ਪੁਲਿਸ ਨੇ 5 ਸਿੰਘਾਂ ਨੂੰ ਗ੍ਰਿਫ਼ਤਾਰ ਕਰਕੇ ਉਹਨਾਂ ਦਾ ਚਲਾਣ ਕਰ ਦਿੱਤਾ। ਇਸ ਘਟਨਾ ਤੋਂ ਬਾਅਦ ਮੋਰਚਾ ਸ਼ੁਰੂ ਹੋ ਗਿਆ। ਹਰ ਰੋਜ਼ 100 ਸਿੰਘਾਂ ਦਾ ਜਥਾ ਅਕਾਲ ਤਖ਼ਤ ਤੋਂ ਗੁਰੂ ਕੇ ਬਾਗ ਵੱਲ ਜਾਣ ਲੱਗ ਪਿਆ। ਮੋਰਚੇ ਵਿਚ ਸ਼ਾਮਲ ਅਕਾਲੀ ਰੋਸ ਵਜੋਂ ਕਾਲ਼ੀਆਂ ਪੱਗਾਂ ਬੰਨ੍ਹ ਕੇ ਸ਼ਾਂਤਮਈ ਰਹਿੰਦੇ ਹੋਏ ਤੇ ਪੁਲਿਸ ਜਬਰ ਬਰਦਾਸ਼ਤ ਕਰਦੇ ਸਨ। ਪੁਲਿਸ ਦੇ ਡੀ ਐਸ ਪੀ ਮਿਸਟਰ ਬੀ ਟੀ ਨੇ ਗੁਰੂ ਕੇ ਬਾਗ ਪਹੁੰਚ ਕੇ ਮੱਸਿਆ ਵਾਲ਼ੇ ਦਿਨ ਜਾ ਰਹੀ ਸੰਗਤ ਤੇ ਘੋਰ ਤਸ਼ੱਦਦ ਕੀਤਾ। ਲੱਕੜਾਂ ਲੈਣ ਜਾਣ ਵਾਲ਼ਿਆਂ ਨੂੰ ਗ੍ਰਿਫ਼ਤਾਰ ਕੀਤਾ ਜਾਣ ਲੱਗਾ। ਗੁਰਦੁਆਰੇ ਅੰਦਰ ਲੰਗਰ ਵਾਸਤੇ ਜਾਣ ਵਾਲ਼ੀ ਰਸਦ ਤੇ ਸਖ਼ਤੀ ਕੀਤੀ ਗਈ। ਸ਼ਾਮ ਸਿੰਘ ਲੰਗਰ ਲਈ ਲੱਕੜਾਂ ਚੁੱਕਣ ਗਿਆ ਤਾਂ ਉਹਦਾ ਬੀ ਟੀ ਨਾਲ਼ ਟਕਰਾਅ ਹੋ ਗਿਆ। ਉਹਨੇ ਘੋੜੀ ਤੇ ਚੜ੍ਹੇ ਬੀ ਟੀ ਦੇ ਸਿਰ ਵੱਲ ਖੂੰਡਾ ਮਾਰਿਆ ਜਿਸ ਨਾਲ਼ ਬੀ ਟੀ ਦੀ ਬਾਂਹ ਟੁੱਟ ਗਈ, ਖੂੰਡਾ ਸਰਕ ਕੇ ਘੋੜੀ ਦੇ ਸਿਰ 'ਚ ਜਾ ਵੱਜਾ ਤੇ ਘੋੜੀ ਡਿੱਗ ਪਈ। ਗੁੱਸੇ 'ਚ ਆਏ ਬੀ ਟੀ ਨੇ ਡੀ. ਸੀ. ਤੋਂ ਗੋਲ਼ੀ ਚਲਾਉਣ ਦੀ ਆਗਿਆ ਮੰਗੀ ਪਰ ਡੀ. ਸੀ. ਨੇ ਨਾਂਹ ਕਰ ਦਿੱਤੀ। ਅਕਾਲੀਆਂ ਵੱਲੋਂ ਲਗਾਤਾਰ ਗੁਰੂ ਕੇ ਬਾਗ ਨੂੰ ਸ਼ਾਂਤਮਈ ਜਥੇ ਭੇਜੇ ਜਾ ਰਹੇ ਸਨ। ਗ੍ਰਿਫ਼ਤਾਰ ਕਰਨ ਦੀ ਥਾਂ ਸਿੰਘਾਂ ਦੇ ਗੁਪਤ ਅੰਗਾਂ ਤੇ ਸੱਟਾਂ ਮਾਰੀਆਂ ਜਾਂਦੀਆਂ, ਹੱਡੀਆਂ ਤੋੜੀਆਂ ਜਾਂਦੀਆਂ ਅਤੇ ਬੇਹੋਸ਼ ਹੋਣ ਤਕ ਬੁਰੀ ਤਰ੍ਹਾਂ ਕੁੱਟਿਆ ਜਾਂਦਾ ਸੀ। ਸ਼ਾਂਤਮਈ ਸਿੱਖਾਂ ਵੱਲੋਂ ਉਹਨਾਂ ਤੇ ਕੀਤੇ ਗਏ ਤਸ਼ੱਦਦ ਅਤੇ ਜਬਰ ਦਾ ਮੁਕਾਬਲਾ ਸਬਰ ਨਾਲ਼ ਕਰਨ ਦੀਆਂ ਸਾਰੇ ਦੇਸ਼ ਵਿਚ ਧੁੰਮਾਂ ਪੈ ਗਈਆਂ। ਧੜਾ ਧੜ ਗ੍ਰਿਫ਼ਤਾਰੀਆਂ ਚਲਦੀਆਂ ਰਹੀਆਂ। ਪਰ ਛੇਤੀ ਹੀ ਸਰਕਾਰ ਪਿੱਛੇ ਹਟ ਗਈ ਅਤੇ ਸਮਝੌਤੇ ਦਾ ਰਾਹ ਕੱਢ ਲਿਆ।

29 ਅਕਤੂਬਰ 1922 ਨੂੰ ਇਕ ਹੋਰ ਘਟਨਾ ਵਾਪਰ ਗਈ। ਗ੍ਰਿਫ਼ਤਾਰ ਕੀਤੇ ਸਿੰਘਾਂ ਨੂੰ ਅੰਮ੍ਰਿਤਸਰ ਤੋਂ ਅਟਕ ਲਿਜਾ ਰਹੀ ਰੇਲ ਗੱਡੀ ਨੂ ਰੋਕ ਕੇ ਸਿੰਘਾਂ ਨੂੰ ਲੰਗਰ ਛਕਾਉਣ ਲਈ ਪ੍ਰਸ਼ਾਸਨ ਦੇ ਨਾਂਹ ਕਰਨ ਤੇ ਭਾਈ ਪ੍ਰਤਾਪ ਸਿੰਘ ਅਤੇ ਭਾਈ ਕਰਮ ਸਿੰਘ ਮੂਹਰੇ ਹੋ ਕੇ ਸੰਗਤਾਂ ਸਮੇਤ ਰੇਲਵੇ ਲਾਈਨ ਤੇ ਲੰਮੇ ਪੈ ਗਏ। ਦੋਵ੍ਹੇਂ ਸਿੰਘ ਸ਼ਹੀਦ ਹੋ ਗਏ ਪਰ ਗੱਡੀ ਰੁਕ ਗਈ ਤੇ ਭੁੱਖੇ-ਭਾਣੇ ਸਿੰਘਾਂ ਨੂੰ ਲੰਗਰ ਛਕਾਇਆ ਗਿਆ। ਅੰਤ ਵਿਚ ਸਰਕਾਰ ਨੇ ਹਾਰ ਮੰਨਦਿਆਂ ਮਹੰਤ ਸੁੰਦਰ ਦਾਸ ਤੋਂ ਬਾਗ ਦੀ ਸਾਰੀ ਜ਼ਮੀਨ ਸਰ ਗੰਗਾ ਰਾਮ ਰਾਹੀਂ ਪਟੇ ਤੇ ਵਾਪਸ ਲਈ ਅਤੇ 27.11.1923 ਨੂੰ ਮੋਰਚਾ ਖ਼ਤਮ ਕਰਵਾ ਕੇ ਸਾਰੇ ਗ੍ਰਿਫ਼ਤਾਰ ਸਿੰਘਾਂ ਨੂੰ ਰਿਹਾ ਕਰ ਦਿੱਤਾ। ਇਸ ਮੋਰਚੇ ਵਿਚ ਤਕਰੀਬਨ 10 ਸਿੰਘ ਸ਼ਹੀਦ ਹੋਏ ਅਤੇ 5605 ਸਿੰਘਾਂ ਨੇ ਗ੍ਰਿਫ਼ਤਾਰੀ ਦਿੱਤੀ। ਬਾਅਦ ਵਿਚ ਕਰਤਾਰ ਸਿੰਘ ਛੀਨੀਵਾਲ਼, ਬਚਨ ਸਿੰਘ, ਭੋਲਾ ਸਿੰਘ, ਕੁੰਢਾ ਸਿੰਘ, ਫ਼ਜ਼ਲ ਘੁਮਾਣ ਅਤੇ ਕਾਕਾ ਸਿੰਘ ਬੱਬਰ ਯੋਧਿਆਂ ਨੇ ਡਿਪਟੀ ਬੀ. ਟੀ. ਦੀ ਕੋਠੀ ਚੱਠਾ ਸ਼ੇਖਵਾਂ (ਪਟਿਆਲ਼ਾ) ਪਹੁੰਚ ਕੇ ਉਹਨੂੰ ਗੋਲ਼ੀਆਂ ਦਾ ਨਿਸ਼ਾਨਾ ਬਣਾਇਆ ਅਤੇ ਧੁਰ ਦੀ ਟਿਕਟ ਕੱਟ ਦਿੱਤੀ।

- **ਜੈਤੋ ਦਾ ਮੋਰਚਾ :-**

ਇਸ ਲੜੀ ਵਿਚ ਅਗਲੀ ਮਹੱਤਵਪੂਰਨ ਘਟਨਾ ਅੰਗਰੇਜ਼ਾਂ ਵੱਲੋਂ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਤੋਂ ਗੱਦੀ ਛੁਡਵਾਉਣ ਦੀ ਸੀ। ਇਸ ਦਾ ਕਾਰਨ ਇਹ ਸੀ ਕਿ ਮਹਾਰਾਜਾ ਪਟਿਆਲ਼ਾ ਤਾਂ ਦੁਰਾਚਾਰੀ ਤੇ ਵਿਭਚਾਰੀ ਹੋਣ ਦੇ ਨਾਲ਼ ਅੰਗਰੇਜ਼ਾਂ ਦਾ ਪਿੱਠੂ ਸੀ ਪਰ ਮਹਾਰਾਜਾ ਨਾਭਾ ਦੀ ਵਫ਼ਦਾਰੀ ਤੇ ਹਮਦਰਦੀ ਅੰਗਰੇਜ਼ਾਂ ਪ੍ਰਤੀ ਘਟ ਕੇ ਗੁਰਦੁਆਰਾ ਸੁਧਾਰ ਲਹਿਰ ਨਾਲ ਜੁੜ ਗਈ ਸੀ। ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਨੇ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਦੀ ਅੰਗਰੇਜ਼ਾਂ ਕੋਲ਼ ਸ਼ਿਕਾਇਤ ਕਰ ਦਿੱਤੀ ਜਿਸ ਦੀ ਪੜਤਾਲ ਕਰਕੇ ਅੰਗਰੇਜ਼ਾਂ ਨੇ 9 ਜੁਲਾਈ 1923 ਨੂੰ ਮਹਾਰਾਜਾ ਨਾਭਾ ਨੂੰ ਗੱਦੀ ਤੋਂ ਲਾਹ ਕੇ ਦੇਸ਼ ਨਿਕਾਲਾ ਦੇ ਦਿੱਤਾ। ਮਹਾਰਾਜਾ ਦੀ ਥਾਂ ਤੇ ਮਿਸਟਰ ਜੌਹਨਸਨ ਨੂੰ ਪ੍ਰਬੰਧਕ ਲਾ ਦਿੱਤਾ ਗਿਆ। ਸ਼੍ਰੋਮਣੀ ਕਮੇਟੀ ਨੇ 1923 ਵਿਚ ਮਹਾਰਾਜਾ ਨਾਭਾ ਦੀ ਬਹਾਲੀ ਲਈ ਗੁਰਦੁਆਰਾ ਗੰਗਸਰ ਜੈਤੋ ਵਿਖੇ ਅਖੰਡਪਾਠ ਰਖਵਾਏ ਅਤੇ ਦੀਵਾਨ ਸ਼ੁਰੂ ਕੀਤੇ। ਇਸ ਕਾਰਨ ਅਕਾਲੀਆਂ ਦੀਆਂ ਗ੍ਰਿਫ਼ਤਾਰੀਆਂ ਫਿਰ ਸ਼ੁਰੂ ਹੋ ਗਈਆਂ। 11 ਸਤੰਬਰ ਨੂੰ 110 ਸਿੰਘਾਂ (ਪ੍ਰੋ ਬਿਕਰਮ ਸਿੰਘ ਘੁੰਮਣ ਨੇ ਤਰੀਕ 1 ਸਤੰਬਰ ਅਤੇ ਜਥੇ ਦੀ ਗਿਣਤੀ 25 ਸਿੰਘ ਲਿਖੀ ਹੈ) ਅਤੇ 14 ਸਤੰਬਰ 1923 ਨੂੰ 102 ਸਿੰਘਾਂ ਦਾ ਜਥਾ ਗੁਰਦੁਆਰਾ ਸਾਹਿਬ ਜੈਤੋ ਪੁਜਾ। ਇਸ ਜਥੇ ਦੀ ਪਰਵਾਹ ਨਾ ਕਰਦੇ ਹੋਏ ਅਤੇ ਹੋਰ ਚਿੜਾਉਣ ਲਈ ਸਰਕਾਰੀ ਅਧਿਕਾਰੀਆਂ ਵੱਲੋਂ ਗੁਰਦੁਆਰੇ ਵਿਚ ਚਲਦੇ ਅਖੰਡਪਾਠ ਦੀ ਬੇਹੁਰਮਤੀ ਕਰਕੇ ਭੰਗ ਪਾਇਆ ਗਿਆ। ਫਿਰ ਹਰ ਰੋਜ਼ 25 ਸਿੱਖਾਂ ਦਾ ਜਥਾ ਅਕਾਲ ਤਖ਼ਤ ਤੋਂ ਜਾਣਾ ਸ਼ੁਰੂ ਹੋ ਗਿਆ ਪਰ ਜਾਂਦਿਆਂ ਹੀ ਜਥੇ ਨੂੰ ਗ੍ਰਿਫ਼ਤਾਰ ਕਰ ਲਿਆ ਜਾਂਦਾ। ਸਰਕਾਰ ਨੇ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਨੂੰ ਗ਼ੈਰ-ਕਨੂੰਨੀ ਘੋਸ਼ਿਤ ਕਰ ਦਿੱਤਾ। ਅੰਦੋਲਨ ਤੇਜ਼ ਕਰਦਿਆਂ ਅਕਾਲੀਆਂ ਨੇ 500 ਸਿੱਖਾਂ ਦਾ ਸ਼ਹੀਦੀ ਜਥਾ ਰਵਾਨਾ ਕੀਤਾ ਜਿਹੜਾ ਪਿੰਡਾਂ ਵਿਚ ਦੀ ਮਾਰਚ ਕਰਦਾ ਗਿਆ। ਆਖ਼ਰੀ ਪੜਾਅ ਤੇ ਇਸ ਜਥੇ ਦੀ ਗਿਣਤੀ 500 ਤੋਂ ਵਧ ਕੇ 6000 ਨੂੰ ਪਹੁੰਚ ਗਈ। ਪ੍ਰਬੰਧਕ ਨੇ ਜਥੇ ਨੂੰ ਰੁਕਣ ਦਾ ਹੁਕਮ ਕੀਤਾ ਪਰ ਜੋਸ਼ ਵਿਚ ਆਏ ਸਿੰਘ ਕਿੱਥੇ ਰੁਕਦੇ ਸਨ। ਪੁਲਿਸ ਨੇ ਜਥੇ ਤੇ ਸਿੱਧੀ ਗੋਲ਼ੀ ਚਲਾਉਣੀ ਸ਼ੁਰੂ ਕੀਤੀ ਅਤੇ ਦੂਸਰਾ ਜੱਲ੍ਹਿਆਂ ਵਾਲ਼ਾ ਵਹਿਸ਼ੀ ਕਾਂਡ ਵਾਪਰ ਗਿਆ। ਇਸ ਗੋਲ਼ੀ ਕਾਂਡ ਵਿਰੁੱਧ ਦੇਸ਼ ਭਰ ਵਿਚ ਰੋਸ ਲਹਿਰ ਫੈਲ ਗਈ।

ਸਰਕਾਰੀ ਰਿਪੋਰਟ ਅਨੁਸਾਰ ਮੌਕੇ ਤੇ 14 ਦੀ ਮੌਤ ਅਤੇ 34 ਜਖ਼ਮੀ ਹੋਏ ਪਰ ਇਹਨਾਂ ਦੀ ਗਿਣਤੀ ਕਿਤੇ ਵੱਧ ਸੀ, 90 ਸਿੰਘ ਸ਼ਹੀਦ ਹੋਏ ਅਤੇ 210 ਜ਼ਖ਼ਮੀ ਹੋ ਗਏ ਸਨ। ਪਰ ਇਹ ਸ਼ਹਾਦਤਾਂ ਵੀ ਸਿੱਖਾਂ ਦੇ ਜੋਸ਼ ਨੂੰ ਮੱਠਾ ਨਾ ਪਾ ਸਕੀਆਂ ਅਤੇ ਬਾਅਦ ਵਿਚ 500-500 ਸਿੰਘਾਂ ਦੇ ਜਥੇ ਜੁਲਾਈ 1925 (ਮੋਰਚਾ ਖ਼ਤਮ ਹੋਣ) ਤੱਕ ਜਾਂਦੇ ਰਹੇ। ਪੰਜਾਬ ਤੋਂ ਬਾਹਰਲੇ ਸਿੱਖ ਵੀ ਸ਼ਾਮਲ ਹੋਣ ਲੱਗ ਪਏ। ਅਗਸਤ 1925 ਤੋਂ ਬਾਅਦ ਸਰਕਾਰ ਨੇ ਪਹਿਲੇ ਜਥੇ ਨੂੰ ਛੱਡ ਕੇ ਬਾਕੀ ਸਾਰੇ ਕੈਦੀ ਰਿਹਾਅ ਕਰ ਦਿੱਤੇ। ਜੇਲ੍ਹਾਂ ਵਿਚ ਬੰਦ ਰਹਿ ਗਏ ਕੁਝ ਸਿੱਖ ਲੀਡਰ ਸ੍ਰ ਮਹਿਤਾਬ ਸਿੰਘ ਦੀ ਅਗਵਾਈ ਹੇਠ ਸਰਕਾਰ ਦੀਆਂ ਕੁਝ ਸ਼ਰਤਾਂ ਮੰਨ ਕੇ ਬਾਹਰ ਆ ਗਏ ਪਰ ਸ੍ਰ ਤੇਜਾ ਸਿੰਘ ਸਮੁੰਦਰੀ ਸਮੇਤ 15 ਆਗੂ ਸ਼ਰਤਾਂ ਮੰਨਣ ਤੋਂ ਇਨਕਾਰੀ ਹੋਣ ਕਰਕੇ ਜੇਲ੍ਹ ਵਿਚ ਹੀ ਰਹੇ। ਅੰਤ ਸਰਕਾਰ ਨੂੰ ਝੁਕਣਾ ਪਿਆ ਤੇ ਸਮਝੌਤਾ ਕਰਨਾ ਪਿਆ। ਜੁਲਾਈ 1925 ਵਿਚ ਗੁਰਦੁਆਰਾ ਐਕਟ ਪਾਸ ਹੋ ਗਿਆ ਅਤੇ ਗੁਰਦੁਆਰਿਆਂ ਦਾ ਸਮੁੱਚਾ ਕੰਟਰੋਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪ ਦਿੱਤਾ ਗਿਆ ਅਤੇ ਗੁਰਦੁਆਰਿਆਂ ਵਿਚ ਧਾਰਮਿਕ ਮਰਿਯਾਦਾ ਬਹਾਲ ਹੋ ਗਈ। ਗੁਰਦੁਆਰਾ ਸਾਹਿਬ ਵਿਚ 21 ਜੁਲਾਈ ਨੂੰ ਅਖੰਡਪਾਠਾਂ ਦੀ ਲੜੀ ਆਰੰਭ ਹੋਈ ਤੇ 6 ਅਗਸਤ ਨੂੰ ਭੋਗ ਪਾਏ ਗਏ। ਜੇਲ੍ਹ ਵਿਚ ਬਾਕੀ ਰਹਿ ਗਏ ਲੀਡਰਾਂ ਨੂੰ 11 ਫ਼ਰਵਰੀ 1926 ਨੂੰ ਸੈਂਟਰਲ ਜੇਲ੍ਹ ਲਾਹੌਰ ਭੇਜ ਦਿੱਤਾ ਗਿਆ। 17 ਜੁਲਾਈ 1926 ਨੂੰ ਜੇਲ੍ਹ ਅੰਦਰ ਹੀ **ਸ੍ਰ ਤੇਜਾ ਸਿੰਘ ਸਮੁੰਦਰੀ** ਜੀ ਦਿਲ ਦਾ ਦੌਰਾ

ਪੈਣ ਕਾਰਨ ਸ਼ਹੀਦ ਹੋ ਗਏ। ਇਸ ਤੋਂ ਪਿੱਛੋਂ ਬੱਬਰ ਅਕਾਲੀਆਂ ਦੀਆਂ ਸਰਗਰਮੀਆਂ ਤੇਜ਼ ਹੋ ਜਾਣ ਕਾਰਨ ਸਰਕਾਰ ਨੇ ਬਾਕੀ ਅਕਾਲੀ ਆਗੂ ਬਿਨਾਂ ਸ਼ਰਤ ਰਿਹਾਅ ਕਰ ਦਿੱਤੇ।

ਇਸ ਮੋਰਚੇ ਵਿਚ **ਸ਼ਹੀਦ ਹੋਏ** ਜਿਲ੍ਹਾ ਤਰਨਤਾਰਨ ਦੇ ਸਿੰਘਾਂ ਦਾ ਵੇਰਵਾ :-

1. ਸ੍ਰ ਜਸਵੰਤ ਸਿੰਘ ਪਿੰਡ ਜਗਤ ਪੁਰ, ਜਥਾ ਨੰ 2
2. ਸ੍ਰ ਸਰਮੁਖ ਸਿੰਘ ਵਲਦ ਸ੍ਰ ਮੋਹਨਾ ਸਿੰਘ ਪਿੰਡ ਰੱਤੋ ਕੇ, ਜਥਾ ਨੰ 2
3. ਸ੍ਰ ਸੰਪੂਰਨ ਸਿੰਘ ਪਿੰਡ ਚਾਹਲ, ਜਥਾ ਨੰ 2
4. ਸ੍ਰ ਸੱਜਣ ਸਿੰਘ ਪਿੰਡ ਰਾਜੋ ਕੇ, ਜਥਾ ਨੰ 3
5. ਸ੍ਰ ਤਾਰਾ ਸਿੰਘ ਪਿੰਡ ਹਰੀ ਕੇ ਪੱਤਨ, ਜਥਾ ਨੰ 3
6. ਸ੍ਰ ਨਰੰਜਣ ਸਿੰਘ ਸ਼ਾਹਬਾਜ਼ ਪੁਰ, ਜਥਾ ਨੰ 4
7. ਸ੍ਰ ਇੰਦਰ ਸਿੰਘ ਲਹੁਕਾ, ਜਥਾ ਨੰ 5
8. ਸ੍ਰ ਫੌਜਾ ਸਿੰਘ, ਪਿੰਡ ਗੱਗੋਬੂਹਾ, ਜਥਾ ਨੰ 5
9. ਸ੍ਰ ਰਾਮ ਸਿੰਘ ਪਿੰਡ ਰੱਤੋ ਕੇ ਜਥਾ ਨੰ 5
10. ਸ੍ਰ ਅਰੂੜ ਸਿੰਘ ਪਿੰਡ ਖੱਖ ਜਥਾ ਨੰ 5
11. ਸ੍ਰ ਪਰੇਮ ਸਿੰਘ ਪਿੰਡ ਠਰੂ, ਜਥਾ ਨੰ 8
12. ਸ੍ਰ ਬਾਵਾ ਸਿੰਘ ਪਿੰਡ ਤੁੜ, ਜਥਾ ਨੰ 9
13. ਸ੍ਰ ਜੀਵਨ ਸਿੰਘ ਪਿੰਡ ਬਾਹਮਣੀ ਵਾਲ਼ਾ, ਜਥਾ ਨੰ 10

- **ਗੁਰਦੁਆਰਾ ਭਾਈ ਫੇਰੂ ਦਾ ਮੋਰਚਾ** :-

ਗੁਰਦੁਆਰਾ ਭਾਈ ਫੇਰੂ ਜਾਂ ਸੰਗਤ ਸਾਹਿਬ ਮੀਏਂ ਕੀ ਮੌੜ, ਚੂਹਨੀਆਂ ਜਿਲ੍ਹਾ ਲਾਹੌਰ ਭਾਈ ਫੇਰੂ ਜੀ ਦੀ ਯਾਦ ਵਿਚ ਹੈ ਜਿਹਨਾਂ ਨੂੰ ਸਤਵੇਂ ਗੁਰੂ ਹਰਿ ਰਾਏ ਸਾਹਿਬ ਵੱਲੋਂ ਥਾਪੜਾ ਦੇ ਕੇ ਸਿੱਖ ਧਰਮ ਦਾ ਪ੍ਰਚਾਰਕ (ਮਸੰਦ) ਨਿਯੁਕਤ ਕੀਤਾ ਗਿਆ ਸੀ। ਮਗਰੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਉਹਨਾਂ ਨੂੰ 'ਸੱਚੀ ਦਾਹੜੀ' ਕਹਿ ਕੇ ਵਰੋਸਾਇਆ ਸੀ। ਇਸ ਗੁਰਦੁਆਰੇ ਦੇ ਨਾਂ ਸਿੱਖ ਰਾਜ ਤੋਂ ਹੀ ਕੋਈ 2750 ਏਕੜ ਦੇ ਲਗ ਪਗ ਜ਼ਮੀਨ ਲਾਹੌਰ ਅਤੇ ਮਿੰਟਗੁਮਰੀ ਵਿਚ ਅਤੇ 4000 ਰੁਪਏ ਦੀ ਸਾਲਾਨਾ ਜਾਗੀਰ ਲੱਗੀ ਹੋਈ ਸੀ। ਗੁਰਦੁਆਰੇ ਦਾ ਮਹੰਤ ਕਿਸ਼ਨ ਦਾਸ ਸੀ। ਸ਼੍ਰੋਮਣੀ ਗੁਰਦੁਆਰਾ ਕਮੇਟੀ ਨੇ ਉਸ ਮਹੰਤ ਤੋਂ ਗੁਰਦੁਆਰੇ ਦਾ ਕੰਟਰੋਲ਼ ਆਪਣੇ ਹੱਥਾਂ ਵਿਚ ਲੈਣ ਲਈ ਪਹੁੰਚ ਕੀਤੀ ਤਾਂ 18.12.1922 ਨੂੰ ਮਹੰਤ ਇਸ ਸ਼ਰਤ ਤੇ ਮੰਨ ਗਿਆ ਕਿ ਉਸ ਨੂੰ ਹਰ ਮਹੀਨੇ ਪੈਨਸ਼ਨ ਅਤੇ ਜੀਵਨ ਨਿਰਬਾਹ ਲਈ ਰਾਸ਼ਣ ਦਿੱਤਾ ਜਾਇਆ ਕਰੇ। ਮਗਰੋਂ ਮਹੰਤ ਕਮੇਟੀ ਨੂੰ ਜ਼ਮੀਨ ਦੇਣ ਦੇ ਵਾਅਦੇ ਤੋਂ ਮੁੱਕਰ ਗਿਆ ਅਤੇ ਉਹਨੇ ਕਮੇਟੀ ਵਿਰੁੱਧ ਮੁਕਦਮਾ ਦਰਜ ਕਰਵਾ ਦਿੱਤਾ। ਸਿੱਟੇ ਵਜੋਂ ਜਨਵਰੀ 1924 ਵਿਚ ਅਕਾਲੀਆਂ ਨੇ ਮਹੰਤ ਦੇ ਖ਼ਿਲਾਫ਼ ਮੋਰਚਾ ਲਾ ਦਿੱਤਾ। ਸਿਰਾਂ ਤੇ ਕਾਲ਼ੀਆਂ ਦਸਤਾਰਾਂ ਬੰਨ੍ਹ ਕੇ ਸਿੱਖ ਰੋਸ ਪ੍ਰਗਟ ਕਰਦੇ ਹੋਏ ਜਥਿਆਂ ਵਿਚ ਸ਼ਾਮਲ ਹੁੰਦੇ ਤੇ ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਪੇਸ਼ ਕਰਦੇ। ਸੈਂਕੜੇ ਲੋਕਾਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ। ਆਖ਼ਰ 9 ਜੁਲਾਈ 1925 ਨੂੰ ਸਰਕਾਰ ਨੇ ਸਿੱਖ ਗੁਰਦੁਆਰਾ ਐਕਟ ਪਾਸ ਕੀਤਾ ਤਾਂ ਮੁਕਦਮੇ ਦਾ ਫ਼ੈਸਲਾ ਸ਼ੋਮਣੀ ਕਮੇਟੀ ਦੇ ਹੱਕ ਵਿਚ ਆਉਣ ਨਾਲ਼ ਮੋਰਚਾ ਖ਼ਤਮ ਹੋਇਆ। ਅੱਜ ਕੱਲ੍ਹ ਇਸ ਗੁਰਦੁਆਰੇ ਦਾ ਪ੍ਰਬੰਧ ਪਾਕਿਸਤਾਨ ਵਕਫ਼ ਬੋਰਡ ਦੇ ਹੱਥਾਂ ਵਿਚ ਹੈ।

ਅਕਾਲੀ ਲਹਿਰ ਨੇ ਨਾ ਕੇਵਲ ਭ੍ਰਿਸ਼ਟ ਮਹੰਤਾਂ ਦੇ ਚੁੰਗਲ ਚੋਂ ਗੁਰਦੁਆਰੇ ਅਜ਼ਾਦ ਕਰਵਾ ਕੇ ਜਮਹੂਰੀ ਢੰਗ ਨਾਲ ਚੁਣੀ ਗਈ ਸ਼੍ਰੋਮਣੀ ਕਮੇਟੀ ਦੇ ਹਵਾਲੇ ਕੀਤੇ ਸਗੋਂ ਪੇਂਡੂ ਕਿਸਾਨੀ ਨੂੰ ਚੇਤਨ ਕਰਕੇ ਅੰਗਰੇਜ਼ਾਂ ਦੇ ਵਿਰੋਧ ਵਿਚ ਖੜਾ ਕਰ ਦਿੱਤਾ। ਗੁਰਦੁਆਰਾ ਲਹਿਰ ਤੋਂ ਬਾਅਦ ਅੰਗਰੇਜ਼ਾਂ ਨਾਲ਼ ਮੇਲ ਮਿਲਾਪ ਦੀ ਨੀਤੀ ਤਿਆਗ ਕੇ ਦਬਾਅ ਬਣਾਉਣ ਵਾਲੀ ਨੀਤੀ ਤੇ ਅਮਲ ਹੋਣ ਲੱਗਾ। ਬਾਬਾ ਖੜਕ ਸਿੰਘ ਦੀ ਅਗਵਾਈ ਹੇਠ ਕਾਂਗਰਸ ਨਾਲ਼ ਸਹਿਯੋਗ ਕਰਕੇ ਸਿੱਖਾਂ ਨੇ ਨਾ-ਮਿਲਵਰਤਨ ਲਹਿਰ ਅਤੇ ਸਿਵਲ ਨਾ-ਫ਼ੁਰਮਾਨੀ ਲਹਿਰ ਵਿਚ ਸ਼ਮੂਲੀਅਤ ਕੀਤੀ। ਭਾਵੇਂ ਇਸ ਸੁਆਲ ਤੇ ਥਿੜਕਣਾਂ ਕਾਇਮ ਰਹੀਆਂ ਅਤੇ ਮਾਸਟਰ ਤਾਰਾ ਸਿੰਘ ਫੌਜ ਵਿਚ ਸਿੱਖਾਂ ਦੀ ਭਰਤੀ ਰਾਹੀਂ ਅੰਗਰੇਜ਼ਾਂ ਦੇ ਹਮਦਰਦ ਬਣੇ ਪਰ ਬਾਬਾ ਖੜਕ ਸਿੰਘ ਆਪਣੇ ਪੈਂਤੜੇ ਤੇ ਡਟੇ

ਰਹੇ। ਰਾਜਪਾਲ ਸਿੰਘ ਦੇ ਸ਼ਬਦਾਂ ਵਿਚ ਗੁਰਦੁਆਰਾ ਸੁਧਾਰ ਲਹਿਰ ਧਾਰਮਿਕ ਚੌਖਟੇ ਵਿਚ ਬੱਝੀ ਰਹਿਣ ਦੇ ਬਾਵਜੂਦ ਅੰਗਰੇਜ਼ਾਂ ਦੀ ਵਫ਼ਦਾਰੀ ਦਾ ਕਿੱਲਾ ਪੁਟਾ ਕੇ ਅਜ਼ਾਦੀ ਸੰਗਰਾਮ ਦੀਆਂ ਕੌਮੀ ਲਹਿਰਾਂ ਵਿਚ ਡੁਬਕੀਆਂ ਲਾਉਣ ਲੱਗ ਪਈ।

## 19. ਅਜ਼ਾਦ ਹਿੰਦ ਫੌਜ

ਦੇਸ਼ ਦੀ ਅਜ਼ਾਦੀ ਲਈ ਉੱਪਰ ਵਰਨਣ ਕੀਤੀਆਂ ਗਈਆਂ ਲਹਿਰਾਂ ਵਿਚ ਆਈ. ਐਨ. ਏ. ਜਾਂ ਅਜ਼ਾਦ ਹਿੰਦ ਫੌਜ ਦਾ ਵੀ ਅਹਿਮ ਸਥਾਨ ਹੈ। ਇਸ ਦਾ ਪਿਛੋਕੜ ਰਾਸ਼ਟਰਵਾਦੀਆਂ ਦੁਆਰਾ ਪਹਿਲੀ ਸੰਸਾਰ ਜੰਗ ਦੌਰਾਨ ਅਜ਼ਾਦੀ ਹਾਸਲ ਕਰਨ ਦੀ ਤਿਆਰੀ ਨਾਲ ਜੁੜਦਾ ਹੈ। ਗ਼ਦਰੀ ਸੂਰਬੀਰ ਬ੍ਰਿਟਿਸ਼ ਭਾਰਤੀ ਫੌਜਾਂ ਵਿਚ ਬਗ਼ਾਵਤ ਦੀ ਚਿਣਗ ਬਾਲ ਕੇ ਗ਼ਦਰ ਕਰਨ ਵਿਚ ਅਸਫਲ ਹੋ ਗਏ ਸਨ। ਪਹਿਲੀ ਸੰਸਾਰ ਜੰਗ ਦੌਰਾਨ ਕੁਝ ਭਾਰਤੀ ਰਾਸ਼ਟਰਵਾਦੀਆਂ ਨੇ ਜਪਾਨ ਦੀ ਮਦਦ ਨਾਲ਼ ਭਾਰਤੀ ਲੋਕਾਂ ਨੂੰ ਹਥਿਆਰ-ਬੰਦ ਕਰਨ ਦੀ ਕੋਸ਼ਿਸ਼ ਕੀਤੀ ਪਰ ਕਾਮਯਾਬ ਨਾ ਹੋਏ। 1930 ਤੋਂ ਬਾਅਦ ਜਪਾਨ ਏਸ਼ੀਆ ਵਿਚ ਇਕ ਵੱਡੀ ਸ਼ਕਤੀ ਵਜੋਂ ਉੱਭਰ ਰਿਹਾ ਸੀ ਅਤੇ ਸਾਮਰਾਜੀ ਰੁਚੀਆਂ ਰੱਖਦੇ ਹੋਏ ਪੱਛਮ ਦਾ ਵਿਰੋਧ ਕਰ ਰਿਹਾ ਸੀ। ਦੂਸਰੀ ਸੰਸਾਰ ਜੰਗ 1939 ਵਿਚ ਸ਼ੁਰੂ ਹੋਈ। ਬਰਤਾਨੀਆਂ ਨੇ ਭਾਰਤੀ ਆਗੂਆਂ ਨਾਲ ਸਲਾਹ ਕੀਤੇ ਬਿਨਾਂ ਹੀ ਭਾਰਤ ਵੱਲੋਂ ਸੰਸਾਰ ਜੰਗ ਵਿਚ ਭਾਗ ਲੈਣ ਦਾ ਐਲਾਨ ਕਰ ਦਿੱਤਾ। ਫ਼ਰਵਰੀ 1942 ਵਿਚ ਸਿੰਗਾਪੁਰ ਵਿਚ 60 ਹਜ਼ਾਰ ਭਾਰਤੀ ਫੌਜੀਆਂ, ਜੋ ਅੰਗਰੇਜ਼ਾਂ ਵੱਲੋਂ ਲੜ ਰਹੇ ਸਨ, ਨੇ ਜੰਗੀ-ਕੈਦੀ ਵਜੋਂ ਜਪਾਨ ਅੱਗੇ ਹਥਿਆਰ ਸੁੱਟ ਦਿੱਤੇ। ਜਨਰਲ ਮੋਹਨ ਸਿੰਘ ਨੇ ਜਪਾਨ ਦੀ ਸਹਾਇਤਾ ਨਾਲ ਇਹਨਾਂ ਫੌਜੀਆਂ ਦੀ ਸੈਨਾ ਖੜੀ ਕਰ ਲਈ। ਇਸ ਸੈਨਾ ਨੂੰ ਇੰਡੀਅਨ ਇੰਡੀਪੈਡੈਂਸ ਲੀਗ (ਮਿਲਟਰੀ ਵਿੰਗ) ਕਿਹਾ ਜਾਂਦਾ ਸੀ। ਬਾਅਦ ਵਿਚ ਇਸ ਨੂੰ ਆਈ. ਐਨ. ਏ. ਦਾ ਨਾਂ ਦਿੱਤਾ ਗਿਆ। ਇਸ ਦਾ ਮਨੋਰਥ ਜਪਾਨੀ ਫੌਜਾਂ ਦੀ ਮਦਦ ਨਾਲ ਹਥਿਆਰ-ਬੰਦ ਸੈਨਿਕਾਂ ਰਾਹੀਂ ਮਨੀਪੁਰ ਸਾਈਡ ਤੋਂ ਹਿੰਦ ਵਿੱਚ ਦਾਖ਼ਲ ਹੋ ਕੇ ਅੰਗਰੇਜ਼ ਸੈਨਿਕਾਂ ਨਾਲ਼ ਲੜਦੇ ਹੋਏ

ਇਲਾਕਾ ਖਾਲੀ ਕਰਵਾ ਕੇ ਕਬਜ਼ਾ ਕਰਨਾ ਅਤੇ ਹੌਲੀ ਹੌਲੀ ਅੰਗਰੇਜ਼ਾਂ ਤੋਂ ਸਾਰੇ ਭਾਰਤ ਦਾ ਕੰਟਰੋਲ ਖੋਹ ਕੇ ਦੇਸ਼ ਵਿਚ ਆਪਣੀ ਸਰਕਾਰ ਬਣਾਉਣਾ ਸੀ। ਜਪਾਨੀਆਂ ਨੇ ਇਸ ਸੈਨਿਕ ਯੋਜਨਾ ਨੂੰ ਪ੍ਰਚਾਰ ਦਾ ਸੰਦ ਸਮਝ ਕੇ ਕੰਟਰੋਲ ਕਰਨਾ ਚਾਹਿਆ ਤਾਂ ਜਨਰਲ ਮੋਹਨ ਸਿੰਘ ਨਾਲ ਮਤਭੇਦ ਹੋ ਗਏ। 1942 ਦੇ ਅਖ਼ੀਰ ਵਿਚ ਇਸ ਨੂੰ ਭੰਗ ਕਰ ਦਿੱਤਾ ਗਿਆ।

ਦੂਸਰੀ ਵਾਰ ਸੁਭਾਸ਼ ਚੰਦਰ ਬੋਸ ਜੋ ਇੰਡੀਅਨ ਨੈਸ਼ਨਲ ਕਾਂਗਰਸ ਦਾ ਸਾਬਕਾ ਪ੍ਰਧਾਨ ਸੀ ਅਤੇ ਬ੍ਰਿਟਿਸ਼ ਨਿਗਰਾਨੀ ਤੋਂ ਬਚ ਕੇ ਇਕ ਕਿਸ਼ਤੀ ਰਾਹੀਂ ਜਪਾਨ ਦੇ ਕਬਜ਼ੇ ਹੇਠਲੇ ਦੱਖਣ ਪੂਰਬੀ ਏਸ਼ੀਆ ਵਿਚ ਪਹੁੰਚ ਗਿਆ ਸੀ, ਨੇ ਇੰਡੀਅਨ ਇੰਡੀਪੈਡੈਂਸ ਲੀਗ ਨੂੰ ਮੁੜ ਜਥੇਬੰਦ ਕੀਤਾ। ਉਹਨੇ ਇਸ ਦਾ ਨਾਂ ਬਦਲ ਕੇ ਅਜ਼ਾਦ ਹਿੰਦ ਫੌਜ ਰੱਖਿਆ ਅਤੇ ਆਪ ਨੇਤਾ ਜੀ ਦਾ ਉਪਨਾਮ ਧਾਰਨ ਕੀਤਾ। "ਤੁਸੀਂ ਮੈਨੂੰ ਖ਼ੂਨ ਦਿਓ, ਮੈਂ ਤਹਾਨੂੰ ਅਜ਼ਾਦੀ ਦੇਵਾਂਗਾ" ਉਹਦਾ ਮੁੱਖ ਨਾਅਰਾ ਸੀ। 21 ਅਕਤੂਬਰ 1943 ਨੂੰ ਉਸ ਨੇ ਸਿੰਗਾਪੁਰ ਵਿਚ 'ਆਰਜ਼ੀ ਹਕੂਮਤ-ਏ-ਹਿੰਦ' ਨਾਂ ਦੀ ਸਰਕਾਰ ਕਾਇਮ ਕੀਤੀ ਜਿਸ ਦਾ ਮੁਖੀ ਉਹ ਆਪ ਸੀ। ਰਾਸ ਬਿਹਾਰੀ ਬੋਸ ਨੂੰ ਵਿੱਤ ਮੰਤਰੀ, ਏ, ਸੀ. ਚੈਟਰ ਜੀ ਨੂੰ ਪ੍ਰਚਾਰ ਤੇ ਪ੍ਰਾਪੇਗੰਡਾ ਮੰਤਰੀ, ਕੈਪਟਨ ਲਕਸ਼ਮੀ ਸਹਿਗਲ ਨੂੰ ਔਰਤਾਂ ਦੇ ਮਾਮਲੇ, ਮੇਜਰ ਫੂਜੀਵਾਰਾ ਲਵੈਚੀ ਨੂੰ ਜਪਾਨ ਦੇ ਪ੍ਰਤੀਨਿਧ ਵਜੋਂ ਮਾਨਤਾ ਦਿੱਤੀ ਗਈ। ਆਈ. ਐਨ. ਏ. ਦਾ ਕਮਾਂਡਰ ਇਨ ਚੀਫ਼ ਸੁਭਾਸ਼ ਚੰਦਰ ਬੋਸ ਆਪ ਅਤੇ ਲੈਫਟੀਨੈਂਟ ਕਰਨਲ ਜੇ. ਕੇ. ਭੌਂਸਲੇ ਨੂੰ ਚੀਫ਼ ਆਫ ਦਾ ਸਟਾਫ਼ ਦੀ ਡਿਊਟੀ ਦਿੱਤੀ ਗਈ। ਸਰਕਾਰ ਦੀ ਰਾਜਧਾਨੀ ਅੰਡੇਮਾਨ ਨਿਕੋਬਾਰ ਟਾਪੂਆਂ ਦੇ ਸ਼ਹਿਰ ਪੋਰਟ ਬਲੇਅਰ ਨੂੰ ਬਣਾਇਆ ਗਿਆ। ਇਸ ਸਰਕਾਰ ਦੀ ਆਪਣੀ ਕਰੰਸੀ, ਅਦਾਲਤਾਂ ਅਤੇ ਸਿਵਲ ਕੋਡ ਵੀ ਬਣਾਇਆ ਗਿਆ। ਜਪਾਨ, ਜਰਮਨੀ, ਇਟਲੀ, ਕਰੋਸ਼ੀਆ, ਬਰ੍ਹਮਾ ਅਤੇ ਫਿਲਪਾਈਨਜ਼ ਨੇ ਇਸ ਸਰਕਾਰ ਨੂੰ ਮਾਨਤਾ ਵੀ ਪ੍ਰਦਾਨ ਕੀਤੀ। ਸੁਭਾਸ਼ ਚੰਦਰ ਬੋਸ ਬੜਾ ਯੋਗ ਅਤੇ ਪ੍ਰਭਾਵਸ਼ਾਲੀ ਆਗੂ ਸੀ। ਉਹਨੇ ਇਸ ਫੌਜ ਨੂੰ ਹੇਠ ਲਿਖੇ ਚਾਰ ਬ੍ਰਿਗੇਡਾਂ ਵਿਚ ਵੰਡਿਆ :-

**1. ਗਾਂਧੀ ਬ੍ਰਿਗੇਡ** **2. ਨਹਿਰੂ ਬ੍ਰਿਗੇਡ** **3. ਸੁਭਾਸ਼ ਬ੍ਰਿਗੇਡ**

**4. ਰਾਣੀ ਝਾਂਸੀ ਰੈਜਮੈਂਟ (ਕੇਵਲ ਔਰਤਾਂ ਲਈ) ਦੀ ਅਗਵਾਈ ਲਕਸ਼ਮੀ ਸਹਿਗਲ ਕਰਦੀ ਸੀ।**

ਅਜ਼ਾਦ ਹਿੰਦ ਫੌਜ ਜਪਾਨੀਆਂ ਨਾਲ ਮਿਲ ਕੇ ਬਰ੍ਹਮਾ ਰਾਹੀਂ ਭਾਰਤ ਨਾਲ਼ ਲੜ ਰਹੀ ਸੀ ਅਤੇ ਮਨੀਪੁਰ ਤੇ ਨਾਗਾਲੈਂਡ ਰਾਹੀਂ ਹਮਲੇ ਕਰ ਰਹੀ ਸੀ। ਮਾਰਚ ਤੋਂ ਜੁਲਾਈ 1944 ਤੱਕ ਇੰਫਾਲ ਤੇ ਕੋਹੀਮਾ ਫਰੰਟ ਤੇ ਘਮਸਾਨ ਦੀ ਲੜਾਈ ਲੜੀ ਗਈ ਅਤੇ ਪਹਿਲੀ ਵਾਰ ਅਪ੍ਰੈਲ 1944 ਵਿਚ ਮੁਇਰੰਗ ਵਿਖੇ ਤਿਰੰਗਾ ਲਹਿਰਾਇਆ ਗਿਆ। ਮੁੱਖ ਵਿਚਾਰ ਬਰਤਾਨਵੀ ਫੌਜਾਂ ਨੂੰ ਇਸ ਖੇਤਰ ਤੋਂ ਹਟਾ ਕੇ ਇਸ ਤੇ ਕਬਜ਼ਾ ਕਰਨਾ ਸੀ ਪਰ ਮੌਨਸੂਨ ਦੀ ਆਮਦ ਪਿੱਛੋਂ ਗੋਲਾ-ਬਰੂਦ ਦੀ ਸਪਲਾਈ ਵਿਚ ਪੈਦਾ ਹੋਈ ਰੁਕਾਵਟ, ਦੋਹਾਂ ਧਿਰਾਂ ਵਿਚ ਹੋ ਰਹੇ ਸਖ਼ਤ ਮੁਕਾਬਲੇ, ਭੁੱਖ ਅਤੇ ਬਿਮਾਰੀਆਂ 'ਚ ਹੋਏ ਵਾਧੇ ਅਤੇ ਜਪਾਨੀ ਸੈਨਕਾਂ ਦੀ ਦੱਖਣ ਪੂਰਬੀ ਏਸ਼ੀਆ ਵੱਲ ਵਾਪਸੀ ਨੇ ਅਜ਼ਾਦ ਹਿੰਦ ਫੌਜ ਦੀ ਹਾਰ ਦਾ ਰਾਹ ਪੱਧਰਾ ਕੀਤਾ। ਸੰਸਾਰ ਜੰਗ ਵਿਚ ਜਪਾਨ ਦੀ ਹਾਰ ਤੋਂ ਬਾਅਦ 1945 ਵਿਚ ਅਜ਼ਾਦ ਹਿੰਦ ਫੌਜ ਦੇ ਸਿਪਾਹੀਆਂ ਨੇ ਸਮਰਪਨ ਕਰ ਦਿੱਤਾ। ਉਹਨਾਂ ਨੂੰ ਅੰਗਰੇਜ਼ਾਂ ਨੇ ਦਿੱਲੀ ਲਿਆ ਕੇ ਲਾਲ ਕਿਲ੍ਹੇ ਵਿਚ ਉਹਨਾਂ ਤੇ ਬਾਦਸ਼ਾਹ ਵਿਰੁੱਧ ਜੰਗ ਛੇੜਨ, ਸੈਨਕਾਂ ਨੂੰ ਕਤਲ ਕਰਨ, ਬ੍ਰਿਟਿਸ਼ ਫੌਜ ਨੂੰ ਧੋਖਾ ਦੇਣ ਅਤੇ ਦੁਸ਼ਮਣ ਫੌਜਾਂ ਦੀ ਸਹਾਇਤਾ ਕਰਨ ਦੇ ਦੋਸ਼ ਲਾ ਕੇ ਮੁਕਦਮਾ ਚਲਾਇਆ। 31 ਦਸੰਬਰ 1945 ਨੂੰ ਮੁੱਖ ਆਗੂਆਂ ਕਰਨਲ ਪਰੇਮ ਸਹਿਗਲ, ਕਰਨਲ ਗੁਰਬਖਸ਼ ਸਿੰਘ ਢਿੱਲੋਂ ਅਤੇ ਕਰਨਲ ਸ਼ਾਹ ਨਿਵਾਜ਼ ਨੂੰ ਦੋਸ਼ੀ ਸਿੱਧ ਕਰਕੇ ਉਮਰ ਭਰ ਲਈ ਜਲਾਵਤਨੀ ਦੀ ਸਜ਼ਾ ਦਿੱਤੀ ਗਈ ਪਰ ਕੌਮੀ ਪੱਧਰ ਤੇ ਭਾਰਤੀ ਲੋਕਾਂ ਵੱਲੋਂ ਜਨਤਕ ਰੋਸ ਅਤੇ ਵਿਰੋਧ ਦੇ ਦਬਾਅ ਸਦਕਾ 1946 ਦੇ ਅਰੰਭ ਵਿਚ ਤਿੰਨਾਂ ਨੂੰ ਰਿਹਾ ਕਰ ਦਿੱਤਾ ਗਿਆ।

ਮਈ 1945 ਦੀ ਹਾਰ ਤੋਂ ਬਾਅਦ ਸੁਭਾਸ਼ ਚੰਦਰ ਬੋਸ ਨੇ ਜਪਾਨ ਪਹੁੰਚ ਕੇ ਆਈ. ਐਨ. ਏ. ਨੂੰ ਦੁਬਾਰਾ ਸੰਗਠਿਤ ਕਰਨ ਦੀ ਕੋਸ਼ਿਸ਼ ਕੀਤੀ ਪਰ ਦੱਸਿਆ ਜਾਂਦਾ ਹੈ ਕਿ 18 ਅਗਸਤ 1945 ਨੂੰ ਤਾਈਵਾਨ ਵਿਚ ਇਕ ਹਵਾਈ ਹਾਦਸੇ ਦੌਰਾਨ ਨੇਤਾ ਜੀ ਦੀ ਮੌਤ ਹੋ ਗਈ ਜਿਸ ਦਾ ਕੋਈ ਸਬੂਤ ਨਾ ਮਿਲਣ ਕਾਰਨ ਅਜੇ ਤੱਕ ਇਹ ਇਕ ਭੇਦ ਬਣਿਆ ਹੋਇਆ ਹੈ। ਇਸ ਤਰ੍ਹਾਂ ਅਜ਼ਾਦ ਹਿੰਦ ਫੌਜ ਦੇ ਹਜ਼ਾਰਾਂ ਬਹਾਦਰ ਸਿਪਾਹੀਆਂ ਨੇ ਮੁਸ਼ਕਿਲਾਂ ਤੇ ਮੁਸੀਬਤਾਂ ਦੀ ਪ੍ਰਵਾਹ ਕੀਤੇ ਬਿਨਾਂ ਦੇਸ਼ ਨੂੰ ਆਪਣੇ ਢੰਗ ਨਾਲ਼ ਅੰਗਰੇਜ਼ਾਂ ਤੋਂ ਅਜ਼ਾਦ ਕਰਾਉਣ ਵਿਚ ਭਾਰੀ ਯੋਗਦਾਨ ਪਾਇਆ ਜਿਸ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ।

## 20. ਦੇਸ਼ ਭਗਤਾਂ ਦੀ ਰਾਜਧਾਨੀ – ਪਿੰਡ ਸੁਰ ਸਿੰਘ

ਜਿਲ੍ਹਾ ਤਰਨਤਾਰਨ ਵਿਚ ਮਾਝੇ ਦਾ ਮਸ਼ਹੂਰ ਪਿੰਡ **ਸੁਰ ਸਿੰਘ** ਅਜਿਹਾ ਪਿੰਡ ਹੈ ਜਿਸ ਨੇ ਸਭ ਤੋਂ ਵੱਧ ਦੇਸ਼ ਭਗਤ ਯੋਧਿਆਂ ਨੂੰ ਜਨਮ ਦਿੱਤਾ ਹੈ। ਇਹਨਾਂ ਸਮੂਹ ਦੇਸ਼ ਭਗਤਾਂ ਬਾਰੇ ਸੰਖੇਪ ਵੇਰਵੇ ਪੇਸ਼ ਕਰਦਾ ਇਕ ਆਰਟੀਕਲ ਡਾ ਅਜਮੇਰ ਸਿੰਘ ਤਰਨਤਾਰਨ ਨੇ 'ਗ਼ਦਰ ਲਹਿਰ ਦੇ ਇਤਿਹਾਸ ਵਿਚ ਪਿੰਡ ਸੁਰ ਸਿੰਘ' ਨਾਂ ਹੇਠ ਲਿਖਿਆ ਹੈ ਜੋ ਪੁਸਤਕ 'ਗ਼ਦਰ ਲਹਿਰ ਦੀ ਕਹਾਣੀ' ਸੰਪਾਦਕ ਜੈਤੇਗ ਸਿੰਘ ਅਨੰਤ, ਦੇ ਪੰਨਾ 153 ਤੇ ਪੜ੍ਹਿਆ ਜਾ ਸਕਦਾ ਹੈ। ਇਸ ਆਰਟੀਕਲ ਦੇ ਅਧਾਰ ਤੇ ਮੈਂ ਇਸ ਪੁਸਤਕ ਵਿਚ ਇਤਿਹਾਸਕ ਪਿੰਡ ਸੁਰ ਸਿੰਘ ਦੇ ਇਹਨਾਂ ਮਹਾਨ ਸੂਰਬੀਰ ਯੋਧਿਆਂ ਬਾਰੇ ਕੁਝ ਜਾਣਕਾਰੀ ਦੇ ਕੇ ਦੇਸ਼ ਭਗਤਾਂ ਨੂੰ ਅਕੀਦਤ ਦੇ ਫੁੱਲ ਭੇਟ ਕਰਨ ਦਾ ਆਪਣਾ ਫ਼ਰਜ਼ ਅਦਾ ਕਰ ਰਿਹਾ ਹਾਂ। ਮੁਆਫ਼ ਕਰਨਾ, ਇਹਨਾਂ ਵਿਚੋਂ ਕੁਝ ਨਾਂ ਉੱਪਰ ਵਰਨਣ ਕੀਤੇ ਗਏ ਗ਼ਦਰੀਆਂ ਨੂੰ ਦਿੱਤੀਆਂ ਗਈਆਂ ਸਜ਼ਾਵਾਂ ਵਿਚ ਵੀ ਸ਼ਾਮਲ ਹੋਣਗੇ ਪਰ ਪਿੰਡ ਸੁਰ ਸਿੰਘ ਦੇ ਸਮੁੱਚੇ ਦੇਸ਼ ਭਗਤਾਂ ਵਿਚ ਉਹਨਾਂ ਦਾ ਵੇਰਵਾ ਦੇਣਾ ਵੀ ਜ਼ਰੂਰੀ ਹੈ। ਗੁਲਾਮ ਦੇਸ਼ ਦੇ ਵਾਸੀ ਹੋਣ ਕਾਰਨ ਨਸਲੀ ਵਿਤਕਰਿਆਂ ਦੇ ਸ਼ਿਕਾਰ ਬਹੁਤ ਸਾਰੇ ਬਹਾਦਰ ਭਾਰਤੀ ਲੋਕਾਂ ਨੇ, ਮਨ ਵਿਚ ਅਜ਼ਾਦੀ ਦੀ ਚਿਣਗ ਬਾਲ ਕੇ, ਗ਼ਦਰ ਪਾਰਟੀ ਦੇ ਪ੍ਰੋਗਰਾਮ ਅਨੁਸਾਰ ਅੰਗਰੇਜ਼ਾਂ ਨੂੰ ਹਥਿਆਰਬੰਦ ਤਾਕਤ ਨਾਲ਼ ਬਾਹਰ ਕੱਢਣ ਲਈ, ਭਾਰਤ ਵੱਲ ਚਾਲੇ ਪਾਏ। ਇਹਨਾਂ ਵਿਚ ਪਿੰਡ ਸੁਰ ਸਿੰਘ ਦੇ ਹੇਠ ਲਿਖੇ ਯੋਧੇ ਜਾਨ ਤਲੀ ਤੇ ਰੱਖ ਕੇ ਅਤੇ ਵਿਦੇਸ਼ਾਂ ਵਿਚ ਮਿਲੇ ਰੋਜ਼ਗਾਰ ਨੂੰ ਲੱਤ ਮਾਰ ਕੇ ਵੱਖ ਵੱਖ ਜਹਾਜ਼ਾਂ ਤੇ ਸਵਾਰ ਹੋ ਕੇ ਵੱਖ ਵੱਖ ਤਰੀਕਾਂ ਨੂੰ ਵਤਨ ਪਰਤੇ :-

1. ਬੁੱਢਾ ਸਿੰਘ ਹੰਕਾਓ ਤੋਂ ਅਤੇ ਅਲੀ ਬਖ਼ਸ਼ ਸ਼ਿੰਘਾਈ ਤੋਂ ਵਾਪਸ ਪਰਤੇ ਜੋ ਉੱਥੇ ਚੌਂਕੀਦਾਰ ਦੇ ਤੌਰ ਤੇ ਕੰਮ ਕਰਦੇ ਸਨ। ਉਹ 11.09.1914 ਨੂੰ ਹਾਂਗ ਕਾਂਗ ਤੋਂ ਤੁਰੇ।
2. ਨੰਦ ਸਿੰਘ ਪੁੱਤਰ ਸ੍ਰ ਜਵੰਦ ਸਿੰਘ ਨੂੰ ਸ਼ਿੰਘਾਈ ਵਿਚ ਇਕ ਸਾਲ ਰਹਿਣ ਪਿੱਛੋਂ ਵਾਪਸ ਦੇਸ਼ ਪਰਤਣ ਤੇ 4 ਫ਼ਰਵਰੀ 1915 ਨੂੰ ਹੁਕਮ ਜਾਰੀ ਕਰਕੇ ਜੂਹ ਬੰਦ ਕੀਤਾ ਗਿਆ।
3. ਨਰੈਣ ਸਿੰਘ ਪੁੱਤਰ ਸ੍ਰ ਬਲਾਕਾ ਸਿੰਘ 2 ਸਾਲ ਸ਼ਿੰਘਾਈ ਰਹਿ ਕੇ ਜਦੋਂ ਹਿੰਦ ਵਾਪਸ ਆਇਆ ਤਾਂ 29.02.1915 ਦੇ ਹੁਕਮ ਨਾਲ਼ ਉਹਨੂੰ ਜੂਹ ਬੰਦ ਕੀਤਾ ਗਿਆ।
4. ਬੁੱਢਾ ਸਿੰਘ ਪੁੱਤਰ ਸ੍ਰ ਈਸ਼ਰ ਸਿੰਘ, ਗੁਰਦਿੱਤ ਸਿੰਘ ਪੁੱਤਰ ਸ੍ਰ ਲਹਿਣਾ ਸਿੰਘ ਅਤੇ ਟਹਿਲ ਸਿੰਘ ਪੁੱਤਰ ਸ੍ਰ ਭਗਵਾਨ ਸਿੰਘ 13.10.1914 ਨੂੰ ਵਾਪਸ ਪਹੁੰਚੇ।
5. ਇੰਦਰ ਸਿੰਘ ਪੁੱਤਰ ਸ੍ਰ ਫੂਲਾ ਸਿੰਘ 8 ਸਾਲ ਕੈਨੇਡਾ ਰਹਿ ਕੇ 15.10.1914 ਨੂੰ ਵਾਪਸ ਮੁੜ ਆਇਆ।
6. ਆਸਾ ਸਿੰਘ ਪੁੱਤਰ ਸ੍ਰ ਭਗਵਾਨ ਸਿੰਘ ਅਤੇ ਭਗਵਾਨ ਸਿੰਘ ਪੁੱਤਰ ਸ੍ਰ ਗੰਡਾ ਸਿੰਘ ਰੰਗੂਨ ਤੋਂ 16.10.1914 ਨੂੰ ਵਾਪਸ ਆਏ।
7. ਹੰਸ ਰਾਜ ਪੁੱਤਰ ਸ੍ਰ ਭੋਲਾ ਸਿੰਘ 19.10.1914 ਨੂੰ ਦੇਸ਼ ਵਾਪਸ ਆਇਆ।
8. ਮਹਿਲ ਸਿੰਘ ਪੁੱਤਰ ਸ੍ਰ ਜਵਾਹਰ ਸਿੰਘ ਸਾਨਫਰਾਂਸਿਸਕੋ ਤੋਂ 29.10.1914 ਨੂੰ ਹਿੰਦ ਵਾਪਸ ਆਇਆ।
9. ਬੂਟਾ ਸਿੰਘ ਪੁੱਤਰ ਸ੍ਰ ਭੋਲਾ ਸਿੰਘ ਪੀਨਾਂਗ ਤੋਂ 7.11.1914 ਨੂੰ ਵਾਪਸ ਮੁੜਿਆ।
10. ਬੰਤਾ ਸਿੰਘ ਪੁੱਤਰ ਸ੍ਰ ਨਰੈਣ ਸਿੰਘ ਹਾਂਗਕਾਂਗ ਤੋਂ ਅਤੇ ਗੰਡਾ ਸਿੰਘ ਪੁੱਤਰ ਸ੍ਰ ਜਵਾਲਾ ਸਿੰਘ ਵੈਨਕੂਵਰ ਤੋਂ 11.11.1914 ਨੂੰ ਹਿੰਦ ਪਰਤੇ।
11. ਚੈਂਚਲ ਸਿੰਘ ਪੁੱਤਰ ਸ੍ਰ ਹੀਰਾ ਸਿੰਘ ਹੰਕਾਓ ਤੋਂ ਅਤੇ ਸੋਹਣ ਸਿੰਘ ਪੁੱਤਰ ਸ੍ਰ ਲਹਿਣਾ ਸਿੰਘ ਸ਼ੰਘਾਈ ਤੋਂ 20.11.1914 ਨੂੰ ਆਏ। ਇਹਨਾਂ ਨੂੰ 17.02.1915 ਦੇ ਹੁਕਮ ਨਾਲ ਜੂਹ ਬੰਦ ਕੀਤਾ ਗਿਆ।
12. ਆਤਮਾ ਸਿੰਘ ਪੁੱਤਰ ਸ੍ਰ ਦਾਰਾ ਸਿੰਘ 6 ਸਾਲ ਕੈਨੇਡਾ ਰਹਿ ਕੇ ਵਾਪਸ ਪਰਤਿਆ ਤਾਂ 11.02.1915 ਦੇ ਹੁਕਮ ਨਾਲ਼ ਜੂਹ ਬੰਦ ਕੀਤਾ ਗਿਆ।
13. ਚੰਦਾ ਸਿੰਘ ਪੁੱਤਰ ਸ੍ਰ ਨਿਹਾਲ ਸਿੰਘ 1 ਸਾਲ ਕੈਨੇਡਾ ਰਿਹਾ, ਵਾਪਸ ਆਉਣ ਤੇ ਉਕਤ ਹੁਕਮਾਂ ਨਾਲ਼ ਹੀ ਜੂਹ ਬੰਦ ਕੀਤਾ ਗਿਆ।
14. ਮਿੱਤ ਸਿੰਘ ਪੁੱਤਰ ਸ੍ਰ ਜੀਵਨ ਸਿੰਘ ਨੇ 6 ਸਾਲ ਸ਼ੰਘਾਈ ਵਿਚ ਕੰਮ ਕੀਤਾ ਅਤੇ ਦੇਸ਼ ਪਰਤਣ ਤੇ ਉਕਤ ਹੁਕਮ ਮੁਤਾਬਕ ਜੂਹ ਬੰਦ ਕੀਤਾ ਗਿਆ।
15. ਨਰੈਣ ਸਿੰਘ ਪੁੱਤਰ ਸ੍ਰ ਬਿਸ਼ਨ ਸਿੰਘ ਵੀ 6 ਸਾਲ ਕੈਨੇਡਾ ਰਿਹਾ ਅਤੇ ਵਾਪਸੀ ਤੇ ਉਕਤ ਹੁਕਮ ਅਨੁਸਾਰ ਜੂਹ ਬੰਦ ਕੀਤਾ ਗਿਆ।
16. ਉਮਰਾ ਪੁੱਤਰ ਸ੍ਰੀ ਮਿਸ਼ਰੀ ਸ਼ਾਹ 8.01.1915 ਨੂੰ ਹਿੰਦ ਵਾਪਸ ਆਇਆ।
17. ਮੰਗਲ ਸਿੰਘ ਪੁੱਤਰ ਸ੍ਰ ਸ਼ੀਹਾਂ ਸਿੰਘ ਨੂੰ 8 ਜਨਵਰੀ 1915 ਨੂੰ ਹਿੰਦ ਵਾਪਸ ਆਉਣ ਤੇ ਜੂਹ ਬੰਦ ਕੀਤਾ ਗਿਆ।
18. ਜਵਾਲਾ ਸਿੰਘ ਪੁੱਤਰ ਸ੍ਰ ਨੱਥਾ ਸਿੰਘ ਨੂੰ 1 ਸਾਲ ਸ਼ੰਘਾਈ ਰਹਿਣ ਪਿੱਛੋਂ ਭਾਰਤ ਵਾਪਸ ਆਉਣ ਤੇ 17.01.1915 ਦੇ ਹੁਕਮ ਨਾਲ਼ ਜੂਹ ਬੰਦ ਕੀਤਾ ਗਿਆ।
19. ਤਾਰਾ ਸਿੰਘ ਪੁੱਤਰ ਸ੍ਰ ਨਿਹਾਲ ਸਿੰਘ ਵੀ 1 ਸਾਲ ਸ਼ੰਘਾਈ ਰਹਿ ਕੇ ਮੁੜਿਆ ਤਾਂ ਉਕਤ ਹੁਕਮ ਅਨੁਸਾਰ ਜੂਹ ਬੰਦ ਕੀਤਾ ਗਿਆ।
20. ਕਿਰਪਾ ਸਿੰਘ ਪੁੱਤਰ ਸ੍ਰ ਪਾਲ ਸਿੰਘ ਨੂੰ 2 ਸਾਲ ਸ਼ੰਘਾਈ ਰਹਿ ਕੇ ਵਾਪਸ ਆਉਣ ਤੇ ਉਕਤ ਹੁਕਮ ਨਾਲ ਜੂਹ ਬੰਦ ਕੀਤਾ ਗਿਆ।
21. ਚੈਂਚਲ ਸਿੰਘ ਪੁੱਤਰ ਸ੍ਰ ਬੂੜ ਸਿੰਘ 2 ਸਾਲ ਸ਼ਿੰਘਾਈ ਰਿਹਾ, ਡੇਢ ਸਾਲ ਕੈਲੇਫੋਰਨੀਆ ਅਤੇ 3 ਸਾਲ ਕੈਨੇਡਾ ਲਾ ਕੇ ਮੁੜਿਆ ਤਾਂ 23.01.1915 ਦੇ ਹੁਕਮ ਨਾਲ਼ ਜੂਹ ਬੰਦ ਕੀਤਾ ਗਿਆ।
22. ਅੱਲਾ ਦਿੱਤਾ ਪੁੱਤਰ ਸ੍ਰੀ ਠੂਠਾ ਹਾਂਗਕਾਂਗ ਤੇ ਸ਼ਿੰਘਾਈ ਡੇਢ ਸਾਲ ਰਹਿ ਕੇ 23.01.1915 ਨੂੰ ਪਰਤਿਆ।
23. ਉਜਾਗਰ ਸਿੰਘ ਪੁੱਤਰ ਸ੍ਰ ਜਵੰਦ ਸਿੰਘ 10 ਸਾਲ ਸ਼ਿੰਘਾਈ ਲਾ ਕੇ 23.01.1915 ਨੂੰ ਵਾਪਸ ਮੁੜਿਆ।
24. ਬਦਰ ਦੀਨ ਪੁੱਤਰ ਸ੍ਰੀ ਗੁਲਾਮ ਮੁਹੰਮਦ 5 ਸਾਲ ਸ਼ਿੰਘਾਈ ਲਾ ਕੇ 23.01.1915 ਨੂੰ ਵਾਪਸ ਮੁੜਿਆ।
25. ਭਗਤ ਸਿੰਘ ਪੁੱਤਰ ਸ੍ਰ ਹੇਮ ਸਿੰਘ 10 ਮਹੀਨੇ ਹਾਂਗਕਾਂਗ ਅਤੇ ਸਾਢੇ ਛੇ ਸਾਲ ਬ੍ਰਿਟਿਸ਼ ਕੋਲੰਬੀਆ ਰਹਿ ਕੇ ਉਕਤ ਮਿਤੀ ਨੂੰ ਹਿੰਦ ਪਰਤਿਆ।

26. ਜਵੰਦ ਸਿੰਘ ਪੁੱਤਰ ਸ੍ਰ ਉਤਮ ਸਿੰਘ ਵੀ 10 ਮਹੀਨੇ ਹਾਂਗਕਾਂਗ ਅਤੇ ਸਾਢੇ ਛੇ ਸਾਲ ਬ੍ਰਿਟਿਸ਼ ਕੋਲੰਬੀਆ ਰਹਿ ਕੇ ਉਕਤ ਮਿਤੀ ਨੂੰ ਹੀ ਹਿੰਦ ਪਰਤ ਆਇਆ।

27. ਕਾਲ਼ਾ ਸਿੰਘ ਪੁੱਤਰ ਸ੍ਰ ਘਸੀਟਾ ਸਿੰਘ 4 ਸਾਲ ਹਾਂਗਕਾਂਗ, ਢਾਈ ਸਾਲ ਮਨੀਲਾ, ਡੇਢ ਸਾਲ ਅਮਰੀਕਾ ਅਤੇ ਸਾਢੇ ਚਾਰ ਸਾਲ ਕੈਨੇਡਾ ਲਾ ਕੇ ਉਕਤ ਮਿਤੀ ਨੂੰ ਦੇਸ਼ ਪਰਤਿਆ।

28. ਮੂਲਾ ਸਿੰਘ ਪੁੱਤਰ ਸ੍ਰ ਕਿਸ਼ਨ ਸਿੰਘ 2 ਸਾਲ ਸ਼ਿੰਘਾਈ ਡੇਢ ਸਾਲ ਨਾਨਕਿੰਗ ਰਹਿ ਕੇ ਉਕਤ ਮਿਤੀ ਨੂੰ ਵਾਪਸ ਪਰਤਿਆ।

29. ਸ਼ਹਾਬੁਦੀਨ ਪੁੱਤਰ ਫੌਜਦਾਰ ਖਾਨ 11 ਸਾਲ ਸ਼ਿੰਘਾਈ ਲਾ ਕੇ ਵਾਪਸ ਪਰਤੇ ਤਾਂ 28.01.1915 ਦੇ ਹੁਕਮ ਨਾਲ਼ ਪਿੰਡ ਵਿਚ ਜੂਹ ਬੰਦ ਕੀਤਾ ਗਿਆ।

30. ਬੂੜ ਸਿੰਘ ਪੁੱਤਰ ਸ੍ਰ ਮਿੱਤ ਸਿੰਘ ਪੀਨਾਂਗ ਤੋਂ ਵਾਪਸ ਮੁੜਿਆ। ਉਸ ਨੂੰ ਜੂਹ ਬੰਦ ਨਹੀਂ ਕੀਤਾ ਗਿਆ।

31. ਅਤਰ ਸਿੰਘ ਪੁੱਤਰ ਸ੍ਰ ਦੇਵਾ ਸਿੰਘ ਨੂੰ ਸ਼ਿੰਘਾਈ ਤੋਂ 28.01.1915 ਨੂੰ ਵਾਪਸ ਪਰਤਣ ਤੇ 5.02.1915 ਦੇ ਹੁਕਮ ਅਨੁਸਾਰ ਜੂਹ ਬੰਦ ਕੀਤਾ ਗਿਆ।

32. ਕੇਹਰ ਸਿੰਘ ਪੁੱਤਰ ਸ੍ਰ ਨਿਹਾਲ ਸਿੰਘ ਸ਼ਿੰਘਾਈ ਤੋਂ ਉਕਤ ਮਿਤੀ ਨੂੰ ਵਾਪਸ ਪਰਤਿਆ, ਜੂਹ ਬੰਦ ਨਹੀਂ ਕੀਤਾ ਗਿਆ।

33. ਸਦਰ ਦੀਨ ਪੁੱਤਰ ਸ੍ਰੀ ਗੁਲਾਬ ਉਕਤ ਮਿਤੀ ਨੂੰ ਸ਼ਿੰਘਾਈ ਤੋਂ ਹਿੰਦ ਵਾਪਸ ਮੁੜਿਆ, ਜੂਹ ਬੰਦ ਨਹੀਂ ਕੀਤਾ ਗਿਆ।

34. ਈਸ਼ਰ ਪੁੱਤਰ ਅਰੂੜਾ ਪੀਨਾਂਗ ਤੋਂ ਵਾਪਸ ਮੁੜਿਆ ਤਾਂ 16.02.1915 ਨੂੰ ਜੂਹ ਬੰਦ ਕਰਨ ਦਾ ਹੁਕਮ ਹੋਇਆ।

- **ਦੇਸ਼ ਦੀ ਅਜ਼ਾਦੀ ਲਈ ਵਿਦੇਸ਼ਾਂ ਤੋਂ ਵਾਪਸ ਪਰਤੇ ਯੋਧਿਆਂ ਵਿੱਚੋਂ ਸ਼ਜ਼ਾ-ਯਾਫ਼ਤਾ ਦੇਸ਼ ਭਗਤਾਂ ਬਾਰੇ ਸੰਖੇਪ ਵੇਰਵੇ ਇਸ ਪ੍ਰਕਾਰ ਹਨ :-**

35. **ਭਾਈ ਜਗਤ ਸਿੰਘ ਪੁੱਤਰ ਸ੍ਰ ਅਰੂੜ ਸਿੰਘ** ਸੁਰ ਸਿੰਘ ਉਰਫ਼ ਜੈ ਸਿੰਘ ਦਾ ਜਨਮ 1883 ਵਿਚ ਸੂਰਬੀਰਾਂ ਦੇ ਪਿੰਡ ਸੁਰ ਸਿੰਘ ਵਿਖੇ ਪਿਤਾ ਸ੍ਰ ਅਰੂੜ ਸਿੰਘ ਅਤੇ ਮਾਤਾ ਗੁਲਾਬ ਕੌਰ ਦੇ ਘਰ ਹੋਇਆ। ਖੇਤੀਬਾੜੀ ਵਾਲ਼ਾ ਪਰਿਵਾਰ ਹੋਣ ਕਾਰਨ ਬਚਪਨ ਤੋਂ ਹੀ ਖੇਤੀ ਨਾਲ਼ ਜੁੜ ਗਏ। ਜਵਾਨੀ ਦੀ ਦਹਿਲਜ਼ਿ ਤੇ ਪੈਰ ਰੱਖਦਿਆਂ ਹੀ 20 ਸਾਲ ਦੀ ਉਮਰ ਵਿਚ ਬ੍ਰਿਟਿਸ਼-ਭਾਰਤੀ ਫੌਜ ਦੇ ਰਸਾਲਾ ਨੰ 30 ਵਿਚ ਭਰਤੀ ਹੋ ਗਏ ਪਰ ਰੰਗ ਢੰਗ ਵੇਖ ਕੇ 2 ਸਾਲ ਬਾਅਦ ਹੀ ਨਾਂ ਕਟਵਾ ਕੇ ਵਾਪਸ ਆ ਗਏ। ਸਭ ਤੋਂ ਪਹਿਲਾਂ ਸ਼ਿੰਘਾਈ (ਚੀਨ) ਵਿਚ ਪਹਿਰੇਦਾਰੀ ਕੀਤੀ ਅਤੇ ਫਿਰ ਕੈਨੇਡਾ ਦੇ ਸ਼ਹਿਰ ਵੈਨਕੂਵਰ ਪਹੁੰਚ ਗਏ। ਉੱਥੇ ਆਰਾ ਮਿੱਲ ਵਿਚ ਕਿਰਤ ਕਰਨ ਦੇ ਨਾਲ਼ ਅਜ਼ਾਦੀ ਬਾਰੇ ਸਿੱਖਿਆ ਲਈ। ਫ਼ਰੇਜ਼ਰ ਮਿਲ ਵਿਚ ਉਹਨਾਂ 7 ਸਾਲ ਨੌਂਕਰੀ ਕੀਤੀ। ਉੱਥੇ 300 ਦੇ ਲਗ ਪਗ ਹਿੰਦੀਆਂ ਨਾਲ ਮਿਲ਼ ਕੇ ਗੁਰਦੁਆਰਾ ਬਣਵਾਇਆ ਅਤੇ ਗੁਰਦੁਆਰੇ ਦੀ ਸੱਤ ਮੈਂਬਰੀ ਕਮੇਟੀ ਦੇ ਮੈਂਬਰ ਬਣ ਗਏ।

ਜਦੋਂ ਗ਼ਦਰ ਪਾਰਟੀ ਕਾਇਮ ਹੋਈ ਤੇ ਹਥਿਆਰ-ਬੰਦ ਹੋ ਕੇ ਦੇਸ਼ ਨੂੰ ਅਜ਼ਾਦ ਕਰਾਉਣ ਦਾ ਫ਼ੈਸਲਾ ਕੀਤਾ ਗਿਆ ਤਾਂ ਭਾਈ ਜਗਤ ਸਿੰਘ ਪਾਰਟੀ ਦਾ ਮੈਂਬਰ ਬਣ ਗਿਆ ਅਤੇ ਕ੍ਰਾਂਤੀਕਾਰੀ ਸਰਗਰਮੀਆਂ ਵਿਚ ਭਾਗ ਲੈਣ ਲੱਗ ਪਿਆ। ਪਾਰਟੀ ਨੇ ਜਦ ਹਿੰਦ ਪਹੁੰਚ ਕੇ ਗ਼ਦਰ ਕਰਨ ਦਾ ਮਨਸੂਬਾ ਬਣਾਇਆ ਤਾਂ 1914-15 ਵਿਚ ਭਾਈ ਸਾਹਬ 125 ਹਿੰਦੀਆਂ ਦਾ ਜਥਾ ਲੈ ਕੇ ਹਿੰਦੋਸਤਾਨ ਨੂੰ ਚੱਲ ਪਏ। ਕਿਰਪਾਲ ਸਿੰਘ ਦੀ ਗ਼ਦਾਰੀ ਕਾਰਨ ਹੋਈ ਫੜੋ-ਫੜੀ ਤੋਂ ਬਚ ਨਿਕਲਣ ਵਿਚ ਕਾਮਯਾਬ ਰਹੇ। ਉਹ ਪਾਰਟੀ ਲਈ ਫੰਡ ਦੀ ਘਾਟ ਪੂਰੀ ਕਰਨ ਲਈ ਪਾਰਟੀ ਵੱਲੋਂ ਪਲਾਨ ਕੀਤੇ ਗਏ ਮਨਸੂਰਾਂ, ਚੱਬਾ ਅਤੇ ਸਾਹਨੇਵਾਲ਼ ਦੇ ਡਾਕਿਆਂ ਵਿਚ ਸ਼ਾਮਲ ਹੋਇਆ। ਉਹ ਬੰਬ ਬਣਾਉਣ ਦਾ ਵੀ ਮਾਹਰ ਸੀ। ਦੇਸ਼ ਪਹੁੰਚਦਿਆਂ ਹੀ ਗ਼ਦਰੀਆਂ ਦੀਆਂ ਗ੍ਰਿਫ਼ਤਾਰੀਆਂ ਸ਼ੁਰੂ ਹੋ ਗਈਆਂ ਸਨ। ਰਿਸਾਲਦਾਰ ਗੰਡਾ ਸਿੰਘ ਦੀ ਮੁਖ਼ਬਰੀ ਤੇ ਕਰਤਾਰ ਸਿੰਘ ਸਰਾਭੇ ਅਤੇ ਹਰਨਾਮ ਸਿੰਘ ਟੁੰਡੀਲਾਟ ਨਾਲ਼ ਚੱਕ ਨੰ 5, ਸਰਗੋਧੇ ਤੋਂ ਇਹਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਭਾਈ ਜਗਤ ਸਿੰਘ ਗ਼ਦਰ ਲਹਿਰ ਨੂੰ ਏਨਾ ਸਮਰਪਿਤ ਸੀ ਕਿ ਪਾਰਟੀ ਨੂੰ ਫੰਡਾਂ ਦੀ ਘਾਟ ਕਾਰਨ ਲਹਿਰ ਨੂੰ ਚਲਦਾ ਰੱਖਣ ਲਈ ਉਹਨੇ ਆਪਣੀ ਜ਼ਮੀਨ ਗਹਿਣੇ ਕਰਕੇ ਪੈਸੇ ਦੇਣ ਦੀ ਪੇਸ਼ਕਸ਼ ਕੀਤੀ। ਲਾਹੌਰ ਸਾਜਿਸ਼ ਕੇਸ ਵਿਚ ਸ਼ਾਮਲ ਹੋਣ ਕਾਰਨ 16 ਨਵੰਬਰ 1915 ਨੂੰ ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਸਿਆਲ ਕੋਟੀ, ਭਾਈ ਬਖ਼ਸੀਸ਼ ਸਿੰਘ, ਭਾਈ ਸੁਰੈਣ ਸਿੰਘ ਗਿਲਵਾਲੀ (ਇੱਕੋ ਪਿੰਡ ਦੇ ਦੋ ਸੁਰੈਣ ਸਿੰਘ) ਅਤੇ ਵਿਸ਼ਨੂੰ ਗਣੇਸ਼ ਪਿੰਗਲੇ ਨਾਲ ਲਾਹੌਰ ਸੈਂਟਰਲ ਜੇਲ੍ਹ ਵਿਚ ਫਾਂਸੀ ਦਿੱਤੀ ਗਈ ਅਤੇ ਜਾਇਦਾਦ ਜਬਤੀ ਦੀ ਸਜ਼ਾ ਵੀ ਮਿਲ਼ੀ।

36. **ਡਾ ਭਗਤ ਸਿੰਘ ਸੁਰਸਿੰਘ** ਨੇ ਅੰਗਰੇਜ਼ਾਂ ਤੋਂ ਅਜ਼ਾਦੀ ਹਾਸਲ ਕਰਨ ਲਈ ਗ਼ਦਰ ਪਾਰਟੀ ਵੱਲੋਂ ਸ਼ੁਰੂ ਕੀਤੀ ਗਈ ਇਨਕਲਾਬੀ ਲਹਿਰ ਵਿਚ ਭਾਰੀ ਯੋਗਦਾਨ ਪਾਇਆ। ਇਸ ਕਾਰਨ ਉਹ ਪ੍ਰਮੁਖ ਲੀਡਰਾਂ ਵਿਚ ਗਿਣਿਆ ਜਾਂਦਾ ਸੀ। ਉਹ ਕਾਫੀ ਪੜ੍ਹਿਆ ਲਿਖਿਆ ਦਵਾਈਆਂ ਦਾ ਡਾਕਟਰ ਸੀ। ਉਹ ਚੰਗੀ ਨੌਂਕਰੀ ਦੀ ਭਾਲ਼ ਵਿਚ ਅਮਰੀਕਾ ਗਿਆ ਸੀ ਪਰ ਉੱਥੇ ਉਹ ਗ਼ਦਰੀਆਂ ਦੇ ਸੰਪਰਕ ਵਿਚ ਆ ਗਿਆ। ਉਹਨੇ ਅਮਰੀਕਾ ਸਥਿੱਤ ਭਾਰਤੀ ਕਾਮਿਆਂ ਵਿਚ ਕ੍ਰਾਂਤੀਕਾਰੀ ਵਿਚਾਰਾਂ ਅਤੇ ਹਥਿਆਰ-ਬੰਦ ਵਿਦਰੋਹ ਕਰਨ ਬਾਰੇ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਉਹਨੇ ਪਾਰਟੀ ਦਾ ਹਫ਼ਤਾਵਾਰ ਅਖ਼ਬਾਰ 'ਗ਼ਦਰ' ਛਾਪਣ ਅਤੇ ਕਿਰਤੀਆਂ ਵਿਚ ਵੰਡਣ ਲਈ ਭਾਰੀ ਮੁਸ਼ੱਕਤ ਕੀਤੀ। ਉਹ ਗ਼ਦਰ ਲਈ ਯੋਜਨਾ ਬਣਾਉਣ ਅਤੇ ਗ਼ਦਰੀਆਂ ਤੱਕ ਹਥਿਆਰ ਪਹੁੰਚਾਉਣ ਵਿਚ ਵੀ ਪੂਰੀ ਮਦਦ ਕਰਦਾ ਸੀ। ਅਜਿਹੇ ਦੇਸ਼ ਭਗਤਾਂ ਜਿਹੜੇ ਆਪਣੇ ਸੁਖ-ਸੁਵਿਧਾਵਾਂ ਦਾ ਤਿਆਗ ਕਰਕੇ ਹਜ਼ਾਰਾਂ ਮੀਲ ਦੂਰ ਦੇਸ਼ ਦੀ ਅਜ਼ਾਦੀ ਲਈ ਰਾਤ ਦਿਨ ਖਪਦੇ ਰਹੇ, ਦੇ ਕਾਰਨ ਹੀ ਦੇਸ਼ ਸਾਮਰਾਜ ਦੇ ਜੂਲ਼ੇ ਹੇਠੋਂ ਨਿਕਲ ਸਕਿਆ।

37. **ਗੁਰਦਿੱਤ ਸਿੰਘ ਪੁੱਤਰ ਸ੍ਰ ਮੂਲਾ ਸਿੰਘ** 20 ਨਵੰਬਰ 1914 ਨੂੰ ਗ਼ਦਰ ਪਾਰਟੀ ਦੇ ਪ੍ਰੋਗਰਾਮ ਮੁਤਾਬਕ ਸਾਥੀਆਂ ਨਾਲ ਹਿੰਦੋਸਤਾਨ ਪਰਤਿਆ। ਪਹਿਲਾਂ ਪਿੰਡ ਵਿਚ ਜੂਹ ਬੰਦ ਕੀਤਾ ਗਿਆ ਅਤੇ 19 ਫ਼ਰਵਰੀ 1915 ਨੂੰ ਇਕ ਪੁਲਿਸ ਛਾਪੇ ਦੌਰਾਨ ਲਾਹੌਰ ਤੋਂ ਗ੍ਰਿਫ਼ਤਾਰ ਕਰਕੇ ਲਾਹੌਰ ਸਾਜ਼ਿਸ਼ ਕੇਸ ਵਿਚ ਸ਼ਾਮਲ ਕੀਤਾ ਗਿਆ। 13 ਸਤੰਬਰ 1915 ਨੂੰ ਤਾਜੀਰਾਤੇ ਹਿੰਦ ਦੀ ਧਾਰਾ 120, 121 ਏ ਤਹਿਤ ਜਾਇਦਾਦ ਜ਼ਬਤ ਅਤੇ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਜੋ ਮਗਰੋਂ ਮੁੜ ਵਿਚਾਰ ਕਰਦੇ ਹੋਏ ਘਟਾ ਕੇ 10 ਸਾਲ ਕੈਦ ਬਾ-ਮੁਸ਼ੱਕਤ ਕਰ ਦਿੱਤੀ ਗਈ।

38. **ਇੰਦਰ ਸਿੰਘ ਪੁੱਤਰ ਸ੍ਰ ਮੂਲਾ ਸਿੰਘ** 10-12 ਸਾਲ ਕੈਨੇਡਾ ਰਹਿਣ ਪਿੱਛੋਂ ਇਕ ਕੋਰੀਆਈ ਜਹਾਜ਼ ਰਾਹੀਂ ਨਾਗਾਸਾਕੀ (ਜਪਾਨ), ਸ਼ਿੰਘਾਈ ਹੁੰਦਾ ਹੋਇਆ ਕਲਕੱਤੇ ਪਹੁੰਚਿਆ। ਵਾਅਦਾ ਮੁਆਫ਼ ਗਵਾਹ ਅਨੁਸਾਰ ਉਹ 11 ਜਨਵਰੀ 1915 ਨੂੰ ਨਾਨਕ ਸਿੰਘ ਦੇ ਚੁਬਾਰੇ ਵਿਚ ਗ਼ਦਰ ਪਾਰਟੀ ਦੀ ਹੋਈ ਮੀਟਿੰਗ ਵਿੱਚ, ਤਰਨਤਾਰਨ ਦੀ ਮੱਸਿਆ ਅਤੇ ਨਨਕਾਣਾ ਸਾਹਿਬ ਦੇ ਮੇਲੇ ਤੇ ਹਾਜ਼ਰ ਸੀ। ਇਹ ਸਥਾਨ ਗ਼ਦਰੀ ਸਰਗਰਮੀਆਂ ਲਈ ਇਕੱਠੇ ਹੋਣ ਲਈ ਨਿਸ਼ਚਿਤ ਕੀਤੇ ਗਏ ਸਨ। ਮੁਕਦਮੇ ਦੇ ਫ਼ੈਸਲੇ ਅਨੁਸਾਰ ਤਾਜ਼ੀਰਾਤੇ ਹਿੰਦ ਦੀ ਧਾਰਾ 120, 121 ਏ ਤਹਿਤ ਉਮਰ ਕੈਦ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ ਜੋ ਬਾਅਦ ਵਿਚ ਘਟਾ ਕੇ 10 ਸਾਲ ਕੈਦ ਬਾ-ਮੁਸ਼ੱਕਤ ਕਰ ਦਿੱਤੀ ਗਈ।

39. **ਜਵੰਧ ਸਿੰਘ ਪੁੱਤਰ ਸ੍ਰ ਉੱਤਮ ਸਿੰਘ** 23 ਜਨਵਰੀ 1915 ਨੂੰ ਨਾਮਸੰਗ ਜਹਾਜ਼ ਰਾਹੀਂ ਹਿੰਦ ਪੁੱਜਾ ਅਤੇ 28 ਜਨਵਰੀ 1915 ਨੂੰ ਉਹਨੂੰ ਜੂਹ ਬੰਦ ਕੀਤਾ ਗਿਆ। 19 ਫ਼ਰਵਰੀ 1915 ਨੂੰ ਇਕ ਪੁਲਿਸ ਛਾਪੇ ਦੌਰਾਨ ਉਹਨੂੰ ਲਾਹੌਰ ਘਰ ਨੰ 1 ਤੋਂ ਗ੍ਰਿਫ਼ਤਾਰ ਕਰਕੇ ਲਾਹੌਰ ਸਾਜ਼ਿਸ਼ ਕੇਸ ਵਿਚ ਸ਼ਾਮਲ ਕੀਤਾ ਗਿਆ। ਫ਼ੈਸਲੇ ਅਨੁਸਾਰ ਤਾਜੀਰਾਤੇ ਹਿੰਦ ਦੀ ਧਾਰਾ 120, 121 ਏ ਅਨੁਸਾਰ ਉਮਰ ਕੈਦ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ ਜੋ ਮੁੜ ਵਿਚਾਰਨ ਤੇ ਘਟਾ ਕੇ 10 ਸਾਲ ਕੈਦ ਬਾ-ਮੁਸ਼ੱਕਤ ਕੀਤੀ ਗਈ।

40. **ਕਾਲ਼ਾ ਸਿੰਘ ਪੁੱਤਰ ਸ੍ਰ ਘਸੀਟਾ ਸਿੰਘ** ਵੀ 23 ਜਨਵਰੀ 1915 ਨੂੰ ਹਿੰਦ ਪਹੁੰਚਣ ਤੇ ਜੂਹ ਬੰਦ ਕੀਤਾ ਗਿਆ। ਉਕਤ ਛਾਪੇ ਦੌਰਾਨ ਜਵੰਦ ਸਿੰਘ ਦੇ ਨਾਲ਼ ਹੀ ਗ੍ਰਿਫ਼ਤਾਰ ਕਰਕੇ ਉਹੀ ਸਜ਼ਾ ਸੁਣਾਈ ਗਈ ਜੋ ਬਾਅਦ ਵਿਚ ਘਟਾ ਕੇ 10 ਸਾਲ ਕੈਦ ਕੀਤੀ ਗਈ।

41. **ਪਰੇਮ ਸਿੰਘ ਪੁੱਤਰ ਸ੍ਰ ਜੀਵਨ ਸਿੰਘ** ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿਚ ਭਗੌੜਾ ਹੋ ਗਿਆ ਸੀ, ਪੁਲਿਸ ਦੇ ਕਾਬੂ ਨਹੀਂ ਆਇਆ ਸੀ। ਪੱਧਰੀ ਕਤਲ ਕਾਂਡ ਵਿਚ ਉਸ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਉਸ ਦਾ ਜਨਮ ਸ੍ਰ ਜੀਵਨ ਸਿੰਘ ਦੇ ਘਰ ਬੀਬੀ ਕਰਮ ਕੌਰ ਦੀ ਕੁੱਖ ਤੋਂ ਹੋਇਆ। 1903 ਵਿਚ ਉਹ ਰੋਜ਼ੀ ਰੋਟੀ ਲਈ ਮਲਾਇਆ ਤੇ ਫਿਰ ਅੱਗੇ ਹਾਂਗਕਾਂਗ ਜਾ ਕੇ ਕੰਮ ਕਰਨ ਲੱਗ ਪਏ। ਉਹਨਾਂ ਦੇ ਮਨ ਵਿਚ ਇਨਕਲਾਬੀ ਭਾਵਨਾ ਇਸ ਹੱਦ ਤਕ ਘਰ ਕਰ ਚੁੱਕੀ ਸੀ ਕਿ ਇਕ ਵਾਰ ਉਹ ਲੁਧਿਆਣੇ ਤੋਂ ਖੋਤੇ ਤੇ ਗ਼ਦਰੀ ਸਾਹਿਤ ਲੱਦ ਕੇ ਘੁਮਿਆਰ ਦੇ ਭੇਸ ਵਿਚ ਵੰਡਦੇ ਵੰਡਦੇ ਦਿੱਲੀ ਪਹੁੰਚ ਗਏ ਸਨ। 2 ਫ਼ਰਵਰੀ 1915 ਦੇ ਚੱਬੇ ਦੇ ਡਾਕੇ, 12 ਜੂਨ 1915 ਨੂੰ ਵੱਲਾ ਨਹਿਰ ਦੇ ਪੁਲ਼ ਤੇ ਪੁਲਿਸ ਚੌਂਕੀ ਤੇ ਹਮਲੇ, 19 ਜੂਨ 1915 ਨੂੰ ਸਹਿੰਸਰੇ ਦੇ ਜ਼ੈਲਦਾਰ ਈਸ਼ਰ ਸਿੰਘ ਤੇ ਹਮਲੇ, ਕਪੂਰ ਸਿੰਘ ਪੱਧਰੀ ਦੇ ਕਤਲ ਅਤੇ 23 ਵੇਂ ਰਿਸਾਲੇ ਦੇ ਸੈਨਕਾਂ ਨੂੰ ਗ਼ਦਰ ਲਈ ਉਕਸਾਉਣ ਵਿਚ ਆਪ ਨੇ ਸ਼ਲਾਘਾਯੋਗ ਕੰਮ ਕੀਤਾ। ਲਾਹੌਰ ਸਾਜ਼ਿਸ਼ ਕੇਸ ਅਤੇ ਸਪਲੀਮੈਂਟਰੀ ਕੇਸ ਵਿਚ ਭਗੌੜਾ ਸੀ ਪਰ ਪੱਧਰੀ ਕਤਲ ਕਾਂਡ ਮੁਕੱਦਮੇ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ। ਫ਼ੈਸਲੇ ਅਨੁਸਾਰ ਤਾਜ਼ੀਰਾਤੇ ਹਿੰਦ ਦੀ ਧਾਰਾ 302, 398 ਅਧੀਨ **ਮੌਤ ਦੀ ਸਜ਼ਾ** ਸੁਣਾਈ ਗਈ। ਉਸ ਦੇ ਪਿਤਾ ਵੱਲੋਂ ਕੀਤੀ ਰਹਿਮ ਦੀ ਅਪੀਲ ਟ੍ਰਿਬਿਊਨਲ ਨੇ ਇਹ ਕਹਿ ਕੇ ਰੱਦ ਕਰ ਦਿੱਤੀ ਕਿ ਉਹ ਮਾਝਾ ਖੇਤਰ ਦਾ ਖ਼ਤਰਨਾਕ ਵਿਅਕਤੀ ਹੋਣ ਕਰਕੇ ਰਹਿਮ ਦਾ ਪਾਤਰ ਨਹੀਂ ਹੋ ਸਕਦਾ।

42. **ਬੁੱਢਾ ਸਿੰਘ ਪੁੱਤਰ ਸ੍ਰ ਈਸ਼ਰ ਸਿੰਘ** 13.10.1914 ਨੂੰ ਹਿੰਦ ਪਹੁੰਚਿਆ ਅਤੇ 22.9.1915 ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰਕੇ ਦੂਸਰੇ ਲਾਹੌਰ ਸਾਜ਼ਿਸ਼ ਕੇਸ ਵਿਚ ਸ਼ਾਮਲ ਕੀਤਾ ਗਿਆ। ਵਾਅਦਾ ਮੁਆਫ਼ ਗਵਾਹ ਸੁੰਦਰ ਸਿੰਘ ਅਨੁਸਾਰ ਉਹ ਪਹਿਲਾਂ ਸ਼ਿੰਘਾਈ ਵਿਚ ਚੌਂਕੀਦਾਰਾ ਕਰਦਾ ਸੀ। ਹਾਂਗਕਾਂਗ ਗੁਰਦੁਆਰੇ ਵਿਚ ਉਹ ਗ਼ਦਰ ਪਾਰਟੀ ਵਿਚ ਸ਼ਾਮਲ ਹੋਇਆ। 17.10.1914 ਨੂੰ ਨਾਨਕ ਸਿੰਘ ਦੇ ਚੁਬਾਰੇ ਅਤੇ 26.11.1914 ਨੂੰ ਹੋਈ ਝਾੜ ਸਾਹਿਬ ਵਾਲ਼ੀ ਮੀਟਿੰਗ ਵਿਚ ਉਹ ਹਾਜ਼ਰ ਸੀ। 30 ਮਾਰਚ 1916 ਨੂੰ ਫ਼ੈਸਲੇ ਅਨੁਸਾਰ ਤਾਜ਼ੀਰਾਤੇ ਹਿੰਦ ਦੀ ਧਾਰਾ 121 ਅਧੀਨ ਉਮਰ ਕੈਦ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ ਜੋ ਮੁੜ ਵਿਚਾਰਨ ਤੇ ਉਮਰ ਕੈਦ ਵਿਚ ਬਦਲ ਦਿੱਤੀ ਗਈ।

43. **ਗੰਡਾ ਸਿੰਘ ਉਰਫ਼ ਸੰਗਤ ਸਿੰਘ ਪੁੱਤਰ ਸ੍ਰ ਜਵਾਲਾ ਸਿੰਘ** 11.11.1914 ਨੂੰ ਵੈਨਕੂਵਰ ਤੋਂ ਵਾਪਸ ਹਿੰਦ ਪਹੁੰਚ ਕੇ ਫਰਜ਼ੀ ਨਾਂ ਹੇਠ ਹਜ਼ੂਰ ਸਾਹਿਬ ਰਹਿੰਦਾ ਰਿਹਾ। ਮੁਕਦਮੇ ਦੌਰਾਨ ਉਹ ਗੰਡਾ ਸਿੰਘ ਨਿਹੰਗ ਵਜੋਂ ਜਾਣਿਆ ਜਾਂਦਾ ਸੀ। ਵਾਅਦਾ ਮੁਆਫ਼ ਗਵਾਹ ਮੂਲਾ ਸਿੰਘ ਨੇ ਉਸ ਦੇ ਵਰਪਾਲੀ ਧਰਮਸ਼ਾਲਾ ਵਿਚ ਹੋਰ ਗ਼ਦਰੀਆਂ ਨਾਲ਼ ਮਿਲ ਕੇ ਬੰਬ ਬਣਾਉਣ ਅਤੇ ਡਾਕੇ ਮਾਰਨ ਦੀ ਯੋਜਨਾ ਬਣਾਉਣ ਵਿੱਚ ਸ਼ਾਮਲ ਹੋਣ ਬਾਰੇ ਦੱਸਿਆ। ਮੁਕਦਮੇ ਦੇ ਫ਼ੈਸਲੇ ਮੁਤਾਬਕ ਉਹਨੂੰ ਉਮਰ ਕੈਦ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ ਜੋ ਬਾਅਦ ਵਿਚ ਉਮਰ ਕੈਦ ਤਕ ਸੀਮਤ ਕੀਤੀ ਗਈ।

44. **ਗੰਡਾ ਸਿੰਘ ਪੁੱਤਰ ਸ੍ਰ ਲਹਿਣਾ ਸਿੰਘ** ਸ਼ਿੰਘਾਈ ਤੋਂ 25.10.1914 ਨੂੰ ਕੁਲੰਬੋ ਪਹੁੰਚਿਆ ਸੀ। ਉਸ ਨੂੰ 24.11.1914 ਨੂੰ ਗ੍ਰਿਫ਼ਤਾਰ ਕਰਕੇ ਹਿੰਦ ਅੰਤਰ ਪ੍ਰਵੇਸ਼ ਐਕਟ ਤਹਿਤ ਕੈਂਬਲਪੁਰ ਜੇਲ੍ਹ ਵਿਚ ਨਜ਼ਰਬੰਦ ਕੀਤਾ ਗਿਆ।

45. **ਹਰਨਾਮ ਸਿੰਘ ਪੁੱਤਰ ਸ੍ਰ ਆਸਾ ਸਿੰਘ** ਦੂਸਰੇ ਲਾਹੌਰ ਸਾਜ਼ਿਸ਼ ਕੇਸ ਵਿਚ ਭਗੌੜਾ ਕਰਾਰ ਦਿੱਤਾ ਗਿਆ ਸੀ। ਗ੍ਰਿਫ਼ਤਾਰੀ ਉਪ੍ਰੰਤ ਮੁਕਦਮਾ ਵਾਪਸ ਲੈ ਲਿਆ ਗਿਆ ਸੀ।

46. **ਕੇਸਰ ਸਿੰਘ ਪੁੱਤਰ ਸ੍ਰ ਮੰਗਲ ਸਿੰਘ** 25.10.1914 ਨੂੰ ਸ਼ੰਘਾਈ ਤੋਂ ਕੁਲੰਬੋ ਪੁੱਜਾ।14.9.1914 ਨੂੰ ਗ੍ਰਿਫ਼ਤਾਰ ਕਰਕੇ ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ ਵਿਚ ਸ਼ਾਮਲ ਕੀਤਾ ਗਿਆ। ਉਹਦੇ ਤੇ 26 ਨਵੰਬਰ ਦੀ ਝਾੜ ਸਾਹਿਬ ਮੀਟਿੰਗ ਵਿਚ ਹਾਜ਼ਰ ਹੋ ਕੇ ਗ਼ਦਰ ਬਾਰੇ ਵਿਚਾਰਾਂ ਕਰਨ ਦਾ ਦੋਸ਼ ਲਾਇਆ ਗਿਆ। ਫ਼ੈਸਲੇ ਅਨੁਸਾਰ ਉਸ ਨੂੰ 7 ਸਾਲ ਕੈਦ ਦੀ ਸਜ਼ਾ ਸੁਣਾਈ ਗਈ।

47. **ਮੰਗਲ ਸਿੰਘ ਪੁੱਤਰ ਸ੍ਰ ਜਵੰਦ ਸਿੰਘ** ਨੂੰ 12.9.1915 ਨੂੰ ਗ੍ਰਿਫ਼ਤਾਰ ਕਰਕੇ ਮੁਕਦਮੇ ਵਿਚ ਸ਼ਾਮਲ ਕੀਤਾ ਗਿਆ। ਵਾਅਦਾ ਮੁਆਫ਼ ਗਵਾਹ ਨੱਥਾ ਸਿੰਘ ਅਨੁਸਾਰ ਉਹਨੇ 26 ਨਵੰਬਰ ਵਾਲ਼ੀ ਝਾੜ ਸਾਹਿਬ ਮੀਟਿੰਗ ਵਿਚ ਭਾਗ ਲਿਆ ਅਤੇ ਹਾਜ਼ਰ ਮੈਂਬਰਾਂ ਨੂੰ ਗ਼ਦਰ ਦੀ ਗੂੰਜ ਪੜ੍ਹ ਕੇ ਸੁਣਾਈ। ਫ਼ੈਸਲੇ ਮੁਤਾਬਕ ਉਹਨੂੰ ਸ਼ੱਕ ਦੇ ਅਧਾਰ ਤੇ ਬਰੀ ਕੀਤਾ ਗਿਆ।

48. **ਸਾਧੂ ਸਿੰਘ ਪੁੱਤਰ ਸ੍ਰ ਸ਼ੇਰ ਸਿੰਘ** ਸਾਨਫਰਾਂਸਿਸਕੋ ਤੋਂ ਨਿਧਾਨ ਸਿੰਘ ਚੁੱਘਾ ਨਾਲ਼ ਵਾਪਸ ਹਿੰਦ ਪਰਤਿਆ। 12.9.1915 ਨੂੰ ਗ੍ਰਿਫ਼ਤਾਰ ਕਰਕੇ ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ ਵਿਚ ਸ਼ਾਮਲ ਕੀਤਾ ਗਿਆ ਪਰ ਸ਼ੱਕ ਦੇ ਅਧਾਰ ਤੇ ਬਰੀ ਕੀਤਾ ਗਿਆ।

49. **ਫ਼ਜ਼ਲ ਦੀਨ ਪੁੱਤਰ ਸ੍ਰੀ ਬੰਨੂ** ਨੂੰ ਬਰ੍ਹਮਾ ਸਾਜ਼ਿਸ਼ ਕੇਸ ਵਿਚ ਧਰਿਆ ਗਿਆ ਸੀ ਪਰ ਫ਼ੈਸਲੇ ਅਨੁਸਾਰ 13 ਬੰਦਿਆਂ ਨੂੰ ਸਜ਼ਾਵਾਂ ਹੋਈਆਂ ਅਤੇ 4 ਦਾ ਮੁਕਦਮਾ ਖ਼ਾਰਜ ਕੀਤਾ ਗਿਆ ਸੀ। ਖ਼ਾਰਜ ਮੁਕੱਦਮਾ ਵਿੱਚ ਫ਼ਜ਼ਲ ਦੀਨ ਵੀ ਸ਼ਾਮਲ ਸੀ।

50. **ਹਰੀ ਸਿੰਘ ਪੁੱਤਰ ਸ੍ਰ ਚੂਹੜ ਸਿੰਘ** 1917-18 ਵਿਚ ਚੀਨ ਗਏ ਅਤੇ ਸ਼ੰਘਾਈ ਵਿਚ ਚੌਂਕੀਦਾਰ ਦੀ ਨੌਂਕਰੀ ਕੀਤੀ। ਉੱਥੇ ਉਹਨਾਂ ਦਾ ਸੰਪਰਕ ਗ਼ਦਰ ਪਾਰਟੀ ਨਾਲ਼ ਜੁੜ ਗਿਆ ਅਤੇ ਉਹਨਾਂ ਨੇ ਸ਼ਿੰਘਾਈ ਦੀ ਗ਼ਦਰ ਪਾਰਟੀ ਵਿਚ ਆਗੂ ਵਜੋਂ ਰੋਲ ਅਦਾ ਕੀਤਾ। ਉਹਨਾਂ ਨੇ 9 ਅਪ੍ਰੈਲ 1927 ਨੂੰ ਦਸੌਂਧਾ ਸਿੰਘ ਮਾਨ ਦੇ ਘਰ ਹੋਈ ਮੀਟਿੰਗ ਵਿਚ ਭਾਗ ਲਿਆ। ਉਹਨਾਂ ਨੂੰ ਬੁੱਧ ਸਿੰਘ ਇੰਸਪੈਕਟਰ ਦੇ ਕਤਲ ਵਿਚ ਗ੍ਰਿਫ਼ਤਾਰ ਕੀਤਾ ਗਿਆ ਪਰ ਸਬੂਤਾਂ ਦੀ ਘਾਟ ਕਾਰਨ ਮੁਕਦਮਾ ਰੱਦ ਹੋ ਗਿਆ।

51. **ਹਰਨਾਮ ਸਿੰਘ ਪੁੱਤਰ ਸ੍ਰ ਊਧਮ ਸਿੰਘ** 1916-17 ਵਿਚ ਚੀਨ ਗਏ ਅਤੇ ਚੌਂਕੀਦਾਰ ਦੀ ਨੌਂਕਰੀ ਕੀਤੀ। 1927-29 ਵਿਚਕਾਰ ਕੱਪੜਾ ਮਿੱਲ ਸ਼ਿੰਘਾਈ ਵਿਚ ਨੌਂਕਰੀ ਕਰਦੇ ਸਮੇਂ ਬਾਗੀਆਂ ਦੀਆਂ ਮੀਟਿੰਗਾਂ ਵਿਚ ਭਾਗ ਲੈਂਦੇ ਰਹੇ।

52. **ਇੰਦਰ ਸਿੰਘ ਪੁੱਤਰ ਸ੍ਰ ਪ੍ਰਤਾਪ ਸਿੰਘ** ਸ਼ਿੰਘਾਈ ਵਿਚ ਗ਼ਦਰ ਪਾਰਟੀ ਦਾ ਮੈਂਬਰ ਸੀ। ਉਸ ਨੇ 1922 ਵਿਚ ਅਕਾਲੀ ਲਹਿਰ ਅਤੇ 1930 ਵਿਚ ਕਾਂਗਰਸ ਦੀਆਂ ਸਰਗਰਮੀਆਂ ਵਿਚ ਭਾਗ ਲਿਆ।

53. **ਰੋਡਾ ਸਿੰਘ ਪੁੱਤਰ ਸ੍ਰ ਹਰਦਿੱਤ ਸਿੰਘ** 1904 ਵਿਚ ਸ਼ਿੰਘਾਈ ਗਏ ਅਤੇ 5 ਸਾਲ ਚੌਂਕੀਦਾਰ ਵਜੋਂ ਕੰਮ ਕੀਤਾ। 1909-10 ਵਿਚ ਨਾਨਕਿੰਗ ਚਲੇ ਗਏ। ਅਪ੍ਰੈਲ 1927 ਵਿਚ ਐਮ. ਐਨ. ਰਾਓ ਦੇ ਸਵਾਗਤ ਲਈ ਬਣਾਈ ਕਮੇਟੀ ਵਿਚ ਉਹਨਾਂ ਨੂੰ ਸ਼ਾਮਲ ਕੀਤਾ ਗਿਆ।

54. **ਸ਼ਮਸ਼ੇਰ ਸਿੰਘ ਪੁੱਤਰ ਸ੍ਰ ਬਖਸੀਸ਼ ਸਿੰਘ** ਦਾ ਜਨਮ ਕੈਲੇਫੋਰਨੀਆ ਵਿਚ ਹੋਇਆ। ਉਸ ਦਾ ਪਿਤਾ ਅਮਰੀਕਾ ਪਹੁੰਚਣ ਵਾਲਾ ਪਹਿਲਾ ਭਾਰਤੀ ਸੀ। ਉਹ ਬਰਤਾਨਵੀ ਹਕੂਮਤ ਵਿਰੁੱਧ ਪ੍ਰਚਾਰ ਕਰਨ ਵਾਲ਼ੀ ਰਾਜਾ ਮਹਿੰਦਰ ਪ੍ਰਤਾਪ ਦੀ 7 ਮੈਂਬਰੀ ਟੀਮ ਵਿਚ ਸ਼ਾਮਲ ਸਨ। 1926 ਵਿਚ ਉਹਨੇ ਰਾਸ ਬਿਹਾਰੀ ਬੋਸ ਨਾਲ ਮੁਲਾਕਾਤ ਕੀਤੀ। 1927 ਵਿਚ ਈਸਟਰਨ ਯੂਨੀਵਰਸਿਟੀ ਮਾਸਕੋ ਤੋਂ ਸਿੱਖਿਆ ਪ੍ਰਾਪਤ ਕਰਨ ਗਏ ਪਰ ਪ੍ਰਬੰਧਕ ਉਹਨਾਂ ਦੀ ਯੋਗਤਾ ਤੋਂ ਸੰਤੁਸ਼ਟ ਨਾ ਹੋਏ ਅਤੇ ਉਹਨਾਂ ਨੂੰ ਵਾਪਸ ਭੇਜ ਦਿੱਤਾ ਗਿਆ।

## 21. ਦੇਸ਼ ਭਗਤਾਂ ਦੀਆਂ ਜੀਵਨ ਯਾਦਾਂ ਅਤੇ ਸਰਗਰਮੀਆਂ

ਅਸੀਂ ਜਾਣਦੇ ਹਾਂ ਕਿ ਦੇਸ਼ ਨੂੰ ਆਜ਼ਾਦੀ ਰਾਤੋ ਰਾਤ ਨਹੀਂ ਸੀ ਮਿਲ ਗਈ। ਆਜ਼ਾਦੀ ਦੀ ਪ੍ਰਾਪਤੀ ਲਈ ਦੇਸ਼ ਭਗਤਾਂ ਨੇ ਸਾਲਾਂ-ਬੱਧੀ ਲੰਬੀ ਲੜਾਈ ਲੜੀ ਸੀ ਤੇ ਸਖ਼ਤ ਘਾਲਣਾ ਘਾਲ਼ੀ ਸੀ। ਇਸ ਲੜਾਈ ਵਿੱਚ ਹਿੰਦੂ ਮੁਸਲਮ ਤੇ ਸਿੱਖ ਹਰ ਧਰਮ ਦੇ ਲੋਕਾਂ ਨੇ ਆਪਣੀਆਂ ਜਾਨਾਂ ਵਾਰੀਆਂ ਹਨ। ਅਜ਼ਾਦੀ ਦੀ ਲਹਿਰ ਦੀ ਸ਼ੁਰੂਆਤ ਅਸਲ ਵਿੱਚ ਗਦਰੀ ਬਾਬਿਆਂ ਨੇ ਵਿਦੇਸ਼ੀ ਧਰਤੀ ਤੋਂ ਆਪਣੀਆਂ ਹਜ਼ਾਰਾਂ ਡਾਲਰਾਂ ਦੀਆਂ ਕਮਾਈਆਂ ਅਤੇ ਲੱਖਾਂ ਡਾਲਰਾਂ ਦੀਆਂ ਜਾਇਦਾਦਾਂ ਛੱਡ ਕੇ, ਹਥਿਆਰਾਂ ਦੇ ਜ਼ੋਰ ਅੰਗਰੇਜ਼ਾਂ ਨੂੰ ਦੇਸ਼ ਚੋਂ ਬਾਹਰ ਕੱਢਣ ਦੇ ਜਜ਼ਬੇ ਨਾਲ, ਹਜ਼ਾਰਾਂ ਦੀ ਤਾਦਾਦ ਵਿੱਚ ਹਿੰਦੁਸਤਾਨ ਵੱਲ ਚਾਲੇ ਪਾਉਣ ਨਾਲ ਹੋਈ ਸੀ। ਇਹਨਾਂ ਸੂਰਮਿਆਂ ਵਿੱਚ ਦੇਸ਼ ਭਗਤ ਬਾਬਾ ਸੋਹਨ ਸਿੰਘ ਭਕਨਾ, ਸ਼ਹੀਦ ਕਰਤਾਰ ਸਿੰਘ ਸਰਾਭਾ, ਰਾਸ ਬਿਹਾਰੀ ਬੋਸ, ਭਾਈ ਪਰਮਾਨੰਦ, ਪੰਡਤ ਕਾਸ਼ੀ ਰਾਮ, ਬਾਬਾ ਜਵਾਲਾ ਸਿੰਘ ਠੱਠੀਆਂ, ਭਾਈ ਹਰਨਾਮ ਸਿੰਘ ਟੁੰਡੀਲਾਟ, ਪ੍ਰਿਥਵੀ ਸਿੰਘ ਅਜ਼ਾਦ, ਭਾਈ ਭਾਗ ਸਿੰਘ ਕੈਨੇਡੀਅਨ, ਬਾਬਾ ਵਿਸਾਖਾ ਸਿੰਘ ਦਦੇਹਰ ਸਾਹਿਬ, ਜਗਤ ਸਿੰਘ ਸੁਰਸਿੰਘ, ਰਘੁਨਾਥ ਸਿੰਘ ਅਤੇ ਭਾਈ ਪੂਰਨ ਸਿੰਘ ਵਰਗੇ ਅਨੇਕਾਂ ਹੋਰ ਸੂਰਬੀਰ ਯੋਧੇ ਸ਼ਾਮਲ ਸਨ। ਇਹਨਾਂ ਵਿਚ ਬਹੁਤੇ ਪੰਜਾਬੀ ਸਨ। ਮਗਰੋਂ ਸ਼ਹੀਦ ਭਗਤ ਸਿੰਘ ਹੋਰਾਂ ਗਦਰੀਆਂ ਦੇ ਸੁਪਨੇ ਪੂਰੇ ਕਰਨ ਲਈ ਫਾਂਸੀਆਂ ਦੇ ਰੱਸੇ ਚੁੰਮੇ ਅਤੇ ਕੁਰਬਾਨੀਆਂ ਦਿੱਤੀਆਂ। ਬਹੁਤ ਸਾਰਿਆਂ ਨੇ ਕਾਂਗਰਸ ਪਾਰਟੀ ਦੇ ਸਰਵੇ ਸਰਵਾ ਮਹਾਤਮਾ ਗਾਂਧੀ ਦੀ ਅਗਵਾਈ ਹੇਠ ਚੱਲੀਆਂ ਲਹਿਰਾਂ ਵਿਚ ਹਿੱਸਾ ਲਿਆ ਅਤੇ ਜੇਲ੍ਹਾਂ ਵਿਚ ਗਏ। ਅੰਗਰੇਜ਼ਾਂ ਦੀ ਸ਼ਹਿ ਤੇ ਸਿੱਖ ਗੁਰਦੁਆਰਿਆਂ ਦੇ ਭ੍ਰਿਸ਼ਟ ਮਹੰਤਾਂ ਦੇ ਦੁਰ-ਕਰਮਾਂ ਤੋਂ ਗੁਰਦੁਆਰਿਆਂ ਨੂੰ ਅਜ਼ਾਦ ਕਰਾਉਣ ਲਈ ਹਜ਼ਾਰਾਂ ਸਿੱਖਾਂ ਨੇ ਗੁੰਡਿਆਂ ਦੀਆਂ ਮਾਰਾਂ ਸਹੀਆਂ, ਸ਼ਹੀਦੀਆਂ ਪਾਈਆਂ ਅਤੇ ਜੇਲ੍ਹਾਂ ਵਿਚ ਰਹਿ ਕੇ ਅਣ-ਮਨੁੱਖੀ ਅਤਿਆਚਾਰ ਬਰਦਾਸ਼ਤ ਕੀਤਾ।

ਜਦੋਂ ਅਸੀਂ ਇਹਨਾਂ ਦੇਸ਼ ਭਗਤਾਂ ਦੀਆਂ ਜੀਵਨੀਆਂ, ਉਹਨਾਂ ਦੇ ਦਿਲ 'ਚ ਸਮੋਈ ਅਜ਼ਾਦੀ ਦੀ ਤਾਂਘ, ਅਜ਼ਾਦੀ ਦੀ ਲੜਾਈ ਤੇਜ਼ ਕਰਦੇ ਹੋਏ ਉਹਨਾਂ ਦੁਆਰਾ ਝੱਲੀਆਂ ਤਕਲੀਫ਼ਾਂ ਅਤੇ ਘਰ-ਪਰਿਵਾਰ ਛੱਡ ਕੇ ਗਲ਼ 'ਚ ਪਾਈਆਂ ਫਾਂਸੀਆਂ ਤੇ ਕਾਲੇ ਪਾਣੀਆਂ ਦੀਆਂ ਹਨੇਰੀਆਂ ਕੋਠੜੀ-ਨੁਮਾ ਜੇਲ੍ਹਾਂ ਵਿਚ ਬਿਤਾਏ ਦਿਨਾਂ ਦੀ ਦਾਸਤਾਨ ਪੜ੍ਹਦੇ ਹਾਂ ਤਾਂ ਲੂੰ ਕੰਡੇ ਖੜੇ ਹੋ ਜਾਂਦੇ ਹਨ। ਮਨ ਵਿਚ ਖ਼ਿਆਲ ਆਉਂਦਾ ਹੈ ਕਿ 15 ਅਗਸਤ 1947 ਨੂੰ ਜਿਹੜੀ ਅਜ਼ਾਦੀ ਸਾਨੂੰ ਮਿਲ਼ੀ, ਇਸ ਦਾ ਲਾਭ ਭਾਰਤ ਦੇ ਕਰੋੜਾਂ ਕਿਰਤੀ ਲੋਕਾਂ ਤੱਕ ਅਜੇ ਕਿਉਂ ਨਹੀਂ ਪਹੁੰਚਿਆ? ਇਹ ਅਜ਼ਾਦੀ ਕਿੰਨੇ ਮਹਿੰਗੇ ਮੁੱਲ ਤੇ ਮਿਲੀ ਸੀ ਅਤੇ ਜਿਹਨਾਂ ਦੇਸ਼ ਭਗਤਾਂ ਨੇ ਅਜ਼ਾਦੀ ਦੀ ਲਾਟ ਨੂੰ ਬਲ਼ਦਾ ਰੱਖਣ ਲਈ ਆਪਣਾ ਖ਼ੂਨ ਦਿੱਤਾ ਸੀ, ਉਹਨਾਂ ਦੇ ਸੁਪਨਿਆਂ ਦਾ ਕੀ ਬਣਿਆ? ਇਹ ਸੈਂਕੜੇ ਨਹੀਂ ਹਜ਼ਾਰਾਂ ਦੇਸ਼ ਭਗਤ ਵੱਖ ਵੱਖ ਧਰਮਾਂ, ਮਜ਼ਬਾਂ ਜਾਂ ਇਲਾਕਿਆਂ ਨਾਲ਼ ਸਬੰਧਤ ਸਨ ਪਰ ਪੁਸਤਕ ਦੇ ਵਿਸ਼ੇ ਨੂੰ ਮੁੱਖ ਰੱਖਦਿਆਂ ਅਸੀਂ ਜਿਲ੍ਹਾ ਤਰਨਤਾਰਨ ਨਾਲ਼ ਸਬੰਧਤ ਦੇਸ਼ ਭਗਤਾਂ, ਅਜ਼ਾਦੀ

ਘੁਲਾਟੀਆਂ ਅਤੇ ਮਰਿਯਾਦਾ ਤੋਂ ਉਲਟ ਗੁਰਦੁਆਰਿਆਂ ਦੀ ਬੇਅਦਬੀ ਕਰਨ ਵਾਲ਼ੇ ਅਯਾਸ਼ ਮਹੰਤਾਂ ਦੇ ਚੁੰਗਲ਼ ਚੋਂ ਗੁਰਦੁਆਰਿਆਂ ਨੂੰ ਅਜ਼ਾਦ ਕਰਾਉਣ ਵਾਲ਼ੇ ਯੋਧਿਆਂ ਦੇ ਜੀਵਨ ਅਤੇ ਦੇਸ਼ ਲਈ ਕੀਤੀਆਂ ਕੁਰਬਾਨੀਆਂ ਬਾਰੇ ਸੰਖੇਪ ਵਰਨਣ ਹੇਠਾਂ ਦੇ ਰਹੇ ਹਾਂ।

## 21.1 ਬਾਬਾ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ

ਬਾਬਾ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ ਜਿਸ ਨੇ ਰੋਜ਼ੀ-ਰੋਟੀ ਦੀ ਭਾਲ਼ ਵਿੱਚ ਵਿਦੇਸ਼ਾਂ ਨੂੰ ਜਾਣ ਵਾਲ਼ੇ ਭਾਰਤੀਆਂ ਨੂੰ, ਕੈਨੇਡਾ ਸਰਕਾਰ ਵੱਲੋਂ ਭਾਰਤੀਆਂ ਦੇ ਕੈਨੇਡਾ ਅੰਦਰ ਦਾਖ਼ਲੇ ਤੇ ਲਾਈਆਂ ਸਖ਼ਤ ਰੋਕਾਂ ਦਾ ਕਨੂੰਨ ਅਨੁਸਾਰ ਹੱਲ ਲੱਭਦਿਆਂ, ਇਕ ਜਪਾਨੀ ਜਹਾਜ਼ ਕਿਰਾਏ ਤੇ ਲੈ ਕੇ ਕੈਨੇਡਾ ਪਹੁੰਚਾਉਣ ਦਾ ਸਾਹਸ ਭਰਿਆ ਕਦਮ ਚੁੱਕਿਆ ਸੀ, ਦੀ ਕੁਰਬਾਨੀ ਨੂੰ ਵੀ ਗਦਰ ਲਹਿਰ ਨਾਲ਼ ਹੀ ਜੋੜਿਆ ਜਾਂਦਾ ਹੈ। ਬਾਬਾ ਗੁਰਦਿੱਤ ਸਿੰਘ ਜੀ ਸਰਹਾਲ਼ੀ ਜਿਲ੍ਹਾ ਤਰਨਤਾਰਨ ਦੇ ਗਦਰੀ ਬਾਬਿਆਂ ਵਿੱਚ ਅਹਿਮ ਸਥਾਨ ਰੱਖਦੇ ਹਨ। ਬਾਬਾ ਜੀ ਦਾ ਜਨਮ 25 ਅਗਸਤ 1860 ਨੂੰ ਸ੍ਰ ਹੁਕਮ ਸਿੰਘ ਦੇ ਘਰ ਪਿੰਡ ਸਰਹਾਲ਼ੀ ਕਲਾਂ ਵਿਚ ਹੋਇਆ। ਬਚਪਨ ਵਿਚ ਹੀ ਉਹਨਾਂ ਦੇ ਪਿਤਾ ਜੀ ਰੋਜ਼ਗਾਰ ਦੀ ਤਲਾਸ਼ ਵਿਚ ਮਲਾਇਆ ਚਲੇ ਗਏ ਸਨ ਅਤੇ ਉਥੇ ਉਹ ਠੇਕੇਦਾਰੀ ਦਾ ਕੰਮ ਕਰਦੇ ਸਨ। ਇਸ ਕਾਰਨ ਬਾਬਾ ਜੀ ਨੂੰ ਬਹੁਤੀ ਵਿਦਿਆ ਹਾਸਲ ਕਰਨ ਦਾ ਮੌਕਾ ਨਾ ਮਿਲਿਆ। ਫਿਰ ਵੀ ਗੁਰਮਤਿ ਅਤੇ ਪੰਜਾਬੀ ਦਾ ਗਿਆਨ ਉਹਨਾਂ ਗੁਰਦੁਆਰੇ ਦੇ ਗ੍ਰੰਥੀ ਸਿੰਘ ਤੋਂ ਹਾਸਲ ਕੀਤਾ। ਪਹਿਲੀ ਸ਼ਾਦੀ ਤੋਂ ਬਾਅਦ ਪਤਨੀ ਦੀ ਮੌਤ ਹੋ ਜਾਣ ਕਾਰਨ ਦੂਸਰੀ ਸ਼ਾਦੀ ਤੋਂ ਬਲਵੰਤ ਸਿੰਘ ਨਾਂ ਦਾ ਇਕ ਪੁੱਤਰ ਪੈਦਾ ਹੋਇਆ। 1894 ਵਿਚ ਉਹ ਵੀ ਮਲਾਇਆ ਚਲੇ ਗਏ ਅਤੇ ਠੇਕੇਦਾਰੀ ਦੇ ਕੰਮ ਵਿਚ ਲੱਗ ਗਏ। ਇਥੇ ਰਹਿੰਦਿਆਂ ਉਹਨਾਂ ਨੇ ਗਰੀਬ ਪੇਂਡੂ ਮਜ਼ਦੂਰਾਂ ਨਾਲ਼ ਹੋ ਰਹੇ ਧੱਕੇ ਖ਼ਿਲਾਫ਼ ਅਵਾਜ਼ ਉਠਾਈ। ਇੱਥੇ ਹੀ ਉਹਨਾਂ ਦੀ ਮੁਲਾਕਾਤ ਭਾਈ ਬਲਵੰਤ ਸਿੰਘ ਮੁਰਾਦਪੁਰ ਨਾਲ ਹੋਈ ਜੋ ਪਰਵਾਸੀ ਭਾਰਤੀਆਂ ਦੀਆਂ ਤਕਲੀਫ਼ਾਂ ਤੋਂ ਚੰਗੀ ਤਰ੍ਹਾਂ ਜਾਣੂੰ ਸੀ। 1911 ਵਿਚ ਉਹਨਾਂ ਨੇ ਜਬਰੀ ਮਜ਼ਦੂਰੀ ਦੇ ਵਿਰੁੱਧ ਅਵਾਜ਼ ਉਠਾਈ।

ਇਸ ਸਮੇਂ ਮੰਦਵਾੜੇ ਤੇ ਕਰਜ਼ਿਆਂ ਦੇ ਜਾਲ਼ ਵਿਚ ਫਸੇ ਬਹੁਤ ਸਾਰੇ ਪੰਜਾਬੀ ਆਪਣੇ ਲਈ ਰੋਜ਼ਗਾਰ ਦੀ ਭਾਲ਼ ਅਤੇ ਬਿਹਤਰ ਭਵਿੱਖ ਦੀ ਆਸ ਨਾਲ਼ ਵਿਦੇਸ਼ਾਂ ਨੂੰ ਜਾਣ ਲਈ ਉਤਾਵਲੇ ਸਨ। ਜਦੋਂ ਕੁਝ ਲੋਕ ਕੈਨੇਡਾ ਦੀ ਧਰਤੀ ਤੇ ਪਹੁੰਚੇ ਤਾਂ ਕੈਨੇਡਾ ਸਰਕਾਰ ਨੇ ਭਾਰਤੀ ਲੋਕਾਂ ਨੂੰ ਕੈਨੇਡਾ ਵਿਚ ਦਾਖ਼ਲ ਹੋਣ ਤੋਂ ਰੋਕਣ ਲਈ ਸਖ਼ਤ ਇਮੀਗਰੇਸ਼ਨ ਕਨੂੰਨ ਬਣਾਇਆ। ਇਸ ਕਨੂੰਨ ਦੇ ਮੁਤਾਬਕ ਹਿੰਦ ਤੋਂ ਕੈਨੇਡਾ ਜਾਣ ਲਈ ਕੈਨੇਡਾ ਦਾ ਸਿੱਧਾ ਜਹਾਜ਼ ਲੈ ਕੇ ਅਤੇ 200 ਡਾਲਰ ਜੇਬ ਖ਼ਰਚ ਨਾਲ ਲੈ ਕੇ ਆਉਣ ਦੀ ਸ਼ਰਤ ਲਾ ਦਿੱਤੀ ਗਈ। ਉਹ ਜਾਣਦੇ ਸਨ ਕਿ ਉਸ ਸਮੇਂ ਹਿੰਦ ਤੋਂ ਕੈਨੇਡਾ ਨੂੰ ਸਿੱਧਾ ਕੋਈ ਜਹਾਜ਼ ਨਹੀਂ ਸੀ ਜਾਂਦਾ। ਇਸ ਲਈ ਅਜਿਹੇ ਸੈਂਕੜੇ ਹਿੰਦੀਆਂ ਦੀ ਪੀੜ ਨੂੰ ਮਹਿਸੂਸ ਕਰਦਿਆਂ 1914 ਵਿਚ ਬਾਬਾ ਗੁਰਦਿੱਤ ਸਿੰਘ ਨੇ ਇਕ ਜਪਾਨੀ ਜਹਾਜ਼ ਕਿਰਾਏ ਤੇ ਲਿਆ ਅਤੇ ਕੈਨੇਡਾ ਜਾਣ ਦੀ ਤਿਆਰੀ ਕਰ ਲਈ। ਸਾਰੀਆਂ ਕਨੂੰਨੀ

ਕਾਰਵਾਈਆਂ ਪੂਰੀਆਂ ਕਰਕੇ 376 ਮੁਸਾਫ਼ਰ ਲੈ ਕੇ ਇਹ ਜਹਾਜ਼ 3 ਅਪ੍ਰੈਲ 1914 ਨੂੰ ਰਵਾਨਾ ਹੋਇਆ ਅਤੇ 23 ਮਈ 1914 ਨੂੰ ਕੈਨੇਡਾ ਦੇ ਕੰਢੇ ਤੇ ਜਾ ਪਹੁੰਚਿਆ। ਪਰ ਸਰਕਾਰ ਨੇ ਜਹਾਜ਼ ਨੂੰ ਵੈਨਕੂਵਰ ਦੀ ਬੰਦਰਗਾਹ ਤੇ ਲੰਗਰ ਸੁੱਟਣ ਦੀ ਆਗਿਆ ਨਾ ਦਿੱਤੀ ਜਿਸ ਕਾਰਨ ਮੁਸਾਫ਼ਰਾਂ ਦੇ ਮਨ ਵਿਚ ਡੂੰਘਾ ਰੋਸ ਪੈਦਾ ਹੋਇਆ। ਇਕ ਰਾਤ ਕੈਨੇਡਾ ਪੁਲਿਸ ਨੇ ਜਹਾਜ਼ ਤੇ ਹਮਲਾ ਵੀ ਕੀਤਾ ਪਰ ਯਾਤਰੀਆਂ ਨੇ ਇਸ ਦਾ ਡਟ ਕੇ ਮੁਕਾਬਲਾ ਕੀਤਾ। ਇਹ ਖ਼ਬਰ ਜਦੋਂ ਕੈਨੇਡਾ ਵਿਚ ਪਹਿਲਾਂ ਰਹਿੰਦੇ ਭਾਰਤੀਆਂ ਤਕ ਪਹੁੰਚੀ ਤਾਂ ਉਹਨਾਂ ਵਿਚ ਵੀ ਰੋਸ ਦੀ ਲਹਿਰ ਫੈਲ ਗਈ। ਉਹਨਾਂ ਨੇ ਥਾਂ ਥਾਂ ਰੋਸ ਮੀਟਿੰਗਾਂ ਕੀਤੀਆਂ ਅਤੇ ਕੈਨੇਡਾ ਸਰਕਾਰ ਦੇ ਭਾਰਤ ਵਿਰੋਧੀ ਵਤੀਰੇ ਦੀ ਨਿੰਦਿਆ ਕੀਤੀ। ਉਹਨਾਂ ਨੇ ਭਾਈਚਾਰੇ ਤੋਂ ਮਾਇਆ ਇਕੱਠੀ ਕਰਕੇ ਮੁਸਾਫ਼ਰਾਂ ਦੀ ਮਦਦ ਵੀ ਕੀਤੀ। ਕੈਨੇਡੀਅਨ ਸਰਕਾਰ ਨੇ ਜਹਾਜ਼ ਤੇ ਹਮਲਾ ਕਰਨ ਲਈ ਆਪਣਾ ਰੇਨਬੋਅ ਨਾਂ ਦਾ ਜਹਾਜ਼ ਭੇਜਿਆ ਤਾਂ ਵੈਨਕੂਵਰ ਵਿਚ ਰਹਿੰਦੇ ਪੰਜਾਬੀਆਂ ਨੇ ਸ਼ਹਿਰ ਨੂੰ ਅਗਨਭੇਟ ਕਰਨ ਦੀ ਧਮਕੀ ਦਿੱਤੀ। ਆਖ਼ਰ 23 ਜੁਲਾਈ 1914 ਨੂੰ ਕਾਮਾਗਾਟਾ ਮਾਰੂ ਨੂੰ ਰਸਤੇ ਵਿਚ ਮੁਸਾਫ਼ਰਾਂ ਲਈ ਲੋੜੀਂਦੀ ਰਸਦ ਦੇ ਕੇ ਵਾਪਸ ਮੋੜ ਦਿੱਤਾ ਗਿਆ।

27 ਸਤੰਬਰ 1914 ਨੂੰ ਜਦੋਂ ਜਹਾਜ਼ ਵਾਪਸ ਕਲਕੱਤੇ ਪਹੁੰਚਿਆ ਤਾਂ ਬ੍ਰਿਟਿਸ਼ ਗਨਬੋਟ ਨੇ ਘੇਰਾ ਪਾ ਲਿਆ ਅਤੇ ਦੋ ਦਿਨ ਮੁਸਾਫ਼ਰਾਂ ਤੇ ਜਹਾਜ਼ ਦੀ ਤਲਾਸ਼ੀ ਲੈਂਦੇ ਰਹੇ। ਫਿਰ ਉਹਨਾਂ ਨੂੰ ਪੰਜਾਬ ਜਾਣ ਵਾਲੀ ਗੱਡੀ ਤੇ ਸਵਾਰ ਹੋਣ ਲਈ ਕਿਹਾ ਗਿਆ। ਕੁਝ ਮੁਸਾਫ਼ਰ ਗੱਡੀ ਵਿਚ ਚੜ੍ਹ ਗਏ ਪਰ ਬਹੁਗਿਣਤੀ ਨੇ ਗੱਡੀ ਚੜ੍ਹਨ ਤੋਂ ਨਾਂਹ ਕਰ ਦਿੱਤੀ। 29 ਸਤੰਬਰ ਨੂੰ ਜਹਾਜ਼ ਬਜ ਬਜ ਘਾਟ ਤੇ ਲੱਗਾ ਤਾਂ ਸਰਕਾਰ ਬਾਬਾ ਗੁਰਦਿੱਤ ਸਿੰਘ ਤੇ ਹੋਰ ਬਾਗੀ ਆਗੂਆਂ ਨੂੰ ਗ੍ਰਿਫ਼ਤਾਰ ਕਰਨਾ ਚਹੁੰਦੀ ਸੀ। ਬਾਬਾ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਕਲਕੱਤੇ ਦੇ ਗੁਰਦੁਆਰੇ ਪਹੁੰਚਾਉਣ ਜਾ ਰਹੇ ਸਨ ਕਿ ਪੁਲਿਸ ਨੇ ਉਹਨਾਂ ਨੂੰ ਰਾਹ ਵਿਚ ਰੋਕ ਲਿਆ। ਬਾਬਾ ਜੀ ਦੇ ਨਾਲ਼ ਮੁਸਾਫ਼ਰ ਜਦੋਂ ਸਟੇਸ਼ਨ ਤੇ ਰਹਿਰਾਸ ਦਾ ਪਾਠ ਕਰ ਰਹੇ ਸਨ ਤਾਂ ਸਮਾਪਤੀ ਤੋਂ ਪਹਿਲਾਂ ਹੀ ਪੁਲਿਸ ਨੇ ਝਗੜਾ ਖੜਾ ਕਰ ਲਿਆ। ਇਸ ਝਗੜੇ ਵਿਚ ਇਕ ਬੰਦੇ ਦੀ ਮੌਤ ਹੋਣ ਤੋਂ ਬਾਅਦ ਪੁਲਿਸ ਨੇ ਅੰਨ੍ਹੇਵਾਹ ਲਾਠੀਚਾਰਜ ਅਤੇ ਗੋਲ਼ਾਬਾਰੀ ਕੀਤੀ ਜਿਸ ਵਿਚ 19 ਬੰਦੇ ਮਾਰੇ ਗਏ। ਉਧਰੋਂ ਸੂਰਜ ਛਿਪਣ ਕਾਰਨ ਹਨੇਰਾ ਹੋ ਗਿਆ ਅਤੇ ਭਗਦੜ ਮੱਚ ਗਈ। ਬਾਬਾ ਜੀ ਇਸ ਭੀੜ ਵਿਚੋਂ ਹਨੇਰੇ ਦਾ ਲਾਭ ਲੈ ਕੇ ਕੁਝ ਹੋਰ ਮੁਸਾਫ਼ਰਾਂ ਸਮੇਤ ਬਚ ਕੇ ਨਿਕਲ ਗਏ ਅਤੇ 7 ਸਾਲ ਬੇ-ਬਹਾ ਤਕਲੀਫ਼ਾਂ ਸਹਿੰਦੇ ਹੋਏ ਰੂਪੋਸ਼ ਹਾਲਤ ਵਿਚ ਰਹੇ। ਸਰਕਾਰ ਵੱਲੋਂ ਉਹਨਾਂ ਨੂੰ ਭਗੌੜਾ ਕਰਾਰ ਦੇ ਕੇ ਗ੍ਰਿਫ਼ਤਾਰ ਕਰਾਉਣ ਵਾਲ਼ੇ ਨੂੰ 10000 ਰੁਪਏ ਦਾ ਇਨਾਮ ਰੱਖਿਆ ਗਿਆ। ਉਹ ਭੁੱਖੇ ਤਿਹਾਏ, ਜੰਗਲਾਂ, ਪਹਾੜਾਂ ਤੇ ਨਦੀਆਂ ਨੂੰ ਪਾਰ ਕਰਦੇ, ਕਦੇ ਪੈਦਲ ਤੁਰ ਕੇ, ਕਦੇ ਗੱਡੇ ਤੇ, ਕਦੀ ਗੱਡੀ ਤੇ, ਪੁਲਿਸ ਜੋ ਸ਼ਿਕਾਰੀ ਕੁੱਤਿਆਂ ਵਾਂਗ ਉਹਨਾਂ ਦਾ ਪਿੱਛਾ ਕਰ ਰਹੀ ਸੀ, ਤੋਂ ਬਚਦੇ ਬਚਾਉਂਦੇ ਆਖ਼ਰ ਬੜੋਦੇ ਤੇ ਫਿਰ ਬੰਬਈ ਪਹੁੰਚਣ ਵਿਚ ਕਾਮਯਾਬ ਹੋ ਗਏ। ਉੱਥੇ ਉਹਨਾਂ ਨੇ ਕਾਂਗਰਸ ਦੇ ਆਗੂਆਂ ਨਾਲ਼ ਸੰਪਰਕ ਪੈਦਾ ਕੀਤਾ ਅਤੇ ਦੇਸ਼ ਦੀ ਅਜ਼ਾਦੀ ਲਈ ਕਾਂਗਰਸ ਲਹਿਰ ਵਿਚ ਕੁੱਦ ਪਏ। ਇੱਥੇ ਹੀ ਉਹਨਾਂ ਨੂੰ ਜੱਲ੍ਹਿਆਂਵਾਲ਼ਾ ਬਾਗ ਅਤੇ ਨਨਕਾਣਾ ਸਾਹਿਬ ਦੇ ਦੁਖਦਾਈ ਸ਼ਹੀਦੀ ਸਾਕਿਆਂ ਦੀਆਂ ਖ਼ਬਰਾਂ ਪੜ੍ਹਨ ਨੂੰ ਮਿਲ਼ੀਆਂ। ਉਹਨਾਂ ਦਾ ਮਨ ਕੁਰਲਾ ਉੱਠਿਆ ਅਤੇ ਉਹਨਾਂ ਨੇ ਪੇਸ਼ ਹੋਣ ਦਾ ਮਨ ਬਣਾ ਲਿਆ।

ਉਹਨਾਂ ਨੇ 5 ਨਵੰਬਰ 1921 ਨੂੰ ਦਿੱਲੀ ਵਿਚ ਕਾਂਗਰਸ ਦੇ ਸਰਬ ਹਿੰਦ ਇਜਲਾਸ ਵਿਚ ਡੈਲੀਗੇਟ ਬਣ ਕੇ ਭਾਗ ਲਿਆ। ਬੰਬਈ ਪਹੁੰਚ ਕੇ ਮਹਾਤਮਾ ਗਾਂਧੀ ਅਤੇ ਪੰਡਤ ਨਹਿਰੂ ਨਾਲ਼ ਸੰਪਰਕ ਕੀਤਾ। ਮਹਾਤਮਾ ਗਾਂਧੀ ਦੀ ਅਪੀਲ ਤੇ 15 ਨਵੰਬਰ 1921 ਨੂੰ ਨਨਕਾਣਾ ਸਾਹਿਬ ਦੇ ਇਕ ਪਬਲਿਕ ਜਲਸੇ ਵਿਚ ਭਾਸ਼ਣ ਦੇਣ ਉਪ੍ਰੰਤ ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਪੇਸ਼ ਕਰ ਦਿੱਤਾ। ਸਾਢੇ ਤਿੰਨ ਮਹੀਨਿਆਂ ਬਾਅਦ ਉਹਨਾਂ ਖ਼ਿਲਾਫ਼ ਕੋਈ ਸਬੂਤ ਨਾ ਹੋਣ ਕਾਰਨ ਰਿਹਾ ਕਰ ਦਿੱਤਾ ਗਿਆ। 28 ਫਰਵਰੀ 1922 ਨੂੰ ਲੋਕਾਂ ਨੇ ਉਹਨਾਂ ਦੇ ਸਵਾਗਤ ਵਿਚ ਜਲੂਸ ਕੱਢਿਆ ਤਾਂ ਸਰਕਾਰ ਵਿਰੁੱਧ ਭਾਵਕ ਭਾਸ਼ਣ ਕਰਨ ਤੇ ਉਹਨਾਂ ਨੂੰ ਫਿਰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਮੁਕੱਦਮਾ ਚਲਾ ਕੇ 5 ਸਾਲ ਕੈਦ ਦੀ ਸਜ਼ਾ ਦਿੱਤੀ ਗਈ। ਸਜ਼ਾ ਕੱਟ ਕੇ ਬਾਬਾ ਜੀ 26.7.1926 ਨੂੰ ਰਿਹਾ ਹੋਏ। 1931 ਵਿਚ ਤੀਜੀ ਵਾਰ ਉਹ ਫਿਰ 5 ਮਹੀਨੇ ਜੇਲ੍ਹ ਵਿਚ ਨਜ਼ਰਬੰਦ ਰਹੇ। ਦੇਸ਼ ਅਜ਼ਾਦ ਹੋਣ ਤੱਕ ਬਾਬਾ ਜੀ ਅੰਗਰੇਜ਼ ਸਰਕਾਰ ਵਿਰੁੱਧ ਲੜਦੇ ਰਹੇ।

ਅਜ਼ਾਦੀ ਤੋਂ ਬਾਅਦ ਪੰਡਤ ਨਹਿਰੂ ਨੂੰ ਕਹਿ ਕੇ ਉਹਨਾਂ ਨੇ ਬਜ-ਬਜ ਘਾਟ ਤੇ ਸ਼ਹੀਦਾਂ ਦੀ ਯਾਦਗਰ ਬਣਵਾਈ ਜਿਸ ਦਾ ਉਦਘਾਟਨ ਨਹਿਰੂ ਜੀ ਨੇ 1952 ਵਿਚ ਕੀਤਾ। 24 ਜੁਲਾਈ 1954 ਨੂੰ ਅੰਮ੍ਰਿਤਸਰ ਆਪਣੇ ਕਿਸੇ ਵਾਕਫ਼ ਦੇ ਘਰ ਅਕਾਲ ਚਲਾਣਾ ਕਰ ਗਏ। ਉਹਨਾਂ ਦਾ ਸੱਤ ਸਾਲ ਦੀ ਉਮਰ ਦਾ ਇਕੋ ਇਕ ਪੁੱਤਰ ਬਲਵੰਤ ਸਿੰਘ ਵੀ ਇਸ ਸਫ਼ਰ ਵਿਚ ਉਹਨਾਂ ਦੇ ਨਾਲ਼ ਸੀ, ਉਸ ਨੂੰ ਬਾਕੀ ਮੁਸਾਫ਼ਰਾਂ ਨਾਲ਼ ਗ੍ਰਿਫ਼ਤਾਰ ਕਰਕੇ ਕੁਝ ਸਮਾਂ ਅਲੀਪੁਰ ਜੇਲ੍ਹ ਵਿਚ ਰੱਖ ਕੇ

ਫਿਰ ਸਰਹਾਲ਼ੀ (ਪੰਜਾਬ) ਭੇਜ ਦਿੱਤਾ ਗਿਆ ਸੀ। ਜਹਾਜ਼ ਦੇ ਯਾਤਰੂਆਂ ਦੀ ਜਿਹੜੀ ਇਤਿਹਾਸਕ ਤਸਵੀਰ ਮਿਲਦੀ ਹੈ, ਉਹਦੇ ਵਿਚ ਬਲਵੰਤ ਸਿੰਘ ਸਿਰ ਤੇ ਦਸਤਾਰ ਸਜਾਈ ਬਾਬਾ ਜੀ ਦੇ ਨਾਲ਼ ਖੜਾ ਦਿਖਾਈ ਦੇਂਦਾ ਹੈ।

### 21.2 ਭਾਈ ਭਾਗ ਸਿੰਘ ਭਿੱਖੀਵਿੰਡ

ਭਾਈ ਭਾਗ ਸਿੰਘ ਜੋ ਗ਼ਦਰ ਲਹਿਰ ਦਾ ਮੁਢਲਾ ਸ਼ਹੀਦ ਸੀ, ਦਾ ਜਨਮ 1872 ਵਿਚ ਪਿਤਾ ਸ੍ਰ ਨਰੈਣ ਸਿੰਘ ਤੇ ਮਾਤਾ ਮਾਨ ਕੌਰ ਦੇ ਘਰ ਪਿੰਡ ਭਿੱਖੀਵਿੰਡ 'ਚ ਹੋਇਆ। ਉਹਨਾਂ ਦਿਨਾਂ ਵਿਚ ਸਕੂਲ ਬਹੁਤ ਘੱਟ ਹੁੰਦੇ ਸਨ ਇਸ ਕਾਰਨ ਉਹਨਾਂ ਦੀ ਰਸਮੀ ਪੜ੍ਹਾਈ ਬਾਰੇ ਕੋਈ ਵੇਰਵਾ ਨਹੀਂ ਮਿਲਦਾ ਪਰ ਗੁਰਮਤਿ ਅਤੇ ਗੁਰਮੁਖੀ ਬਾਰੇ ਗਿਆਨ ਉਹਨਾਂ ਨੇ ਗੁਰਦੁਆਰੇ ਦੇ ਗ੍ਰੰਥੀ ਸਿੰਘਾਂ ਤੋਂ ਪ੍ਰਾਪਤ ਕੀਤਾ। ਪਰਿਵਾਰ ਖੇਤੀਬਾੜੀ ਨਾਲ਼ ਜੁੜਿਆ ਹੋਣ ਕਾਰਨ ਪਹਿਲਾਂ ਭਰਾਵਾਂ ਨਾਲ਼ ਮਿਲ ਕੇ ਉਹ ਖੇਤੀ ਦੇ ਕੰਮ ਵਿਚ ਲੱਗੇ ਰਹੇ ਅਤੇ ਜਵਾਨੀ ਦੀ ਦਹਿਲੀਜ਼ ਤੇ ਪੈਰ ਰੱਖਦਿਆਂ ਹੀ ਬ੍ਰਿਟਿਸ਼ ਭਾਰਤੀ ਫੌਜ ਵਿਚ ਭਰਤੀ ਹੋ ਗਏ। ਉਹਨਾਂ ਨੇ 12 ਨੰਬਰ ਰਸਾਲੇ ਵਿਚ 5 ਸਾਲ ਨੌਂਕਰੀ ਕਰਕੇ ਛੱਡ ਦਿੱਤੀ। ਚੰਗੇ ਭਵਿੱਖ ਦੀ ਆਸ ਨਾਲ਼ ਉਹ ਚੀਨ ਚਲੇ ਗਏ। ਸ਼ਿੰਘਾਈ ਪੁਲਿਸ ਵਿਚ ਢਾਈ ਸਾਲ ਨੌਂਕਰੀ ਕਰਨ ਪਿੱਛੋਂ ਉਹ ਕੈਨੇਡਾ ਜਾ ਪਹੁੰਚੇ। ਕੈਨੇਡਾ ਪਹੁੰਚ ਕੇ ਉਹ ਅਜ਼ਾਦੀ ਲਈ ਸਿੱਖਾਂ ਵੱਲੋਂ ਸ਼ੁਰੂ ਕੀਤੇ ਸੰਘਰਸ਼ ਨਾਲ ਜੁੜ ਗਏ। ਇਥੇ ਉਹਨਾਂ ਨੂੰ ਵੈਨਕੂਵਰ ਖ਼ਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਗਈ। ਪਰਵਾਸੀ ਭਾਰਤੀਆਂ ਵਿਚ ਰਾਜਸੀ ਤੇ ਜਥੇਬੰਦਕ ਸੰਘਰਸ਼ 1913-14 ਤੱਕ ਸਿਖਰ ਤੇ ਪਹੁੰਚ ਗਿਆ ਸੀ। ਕਾਰਨ ਇਹ ਸੀ ਕਿ ਗੁਲਾਮ ਦੇਸ਼ ਦੇ ਵਾਸੀ ਹੋਣ ਕਾਰਨ ਵਿਦੇਸ਼ਾਂ ਵਿਚ ਭਾਰਤੀਆਂ ਨਾਲ ਬੜਾ ਭੈੜਾ ਵਰਤਾਉ ਕੀਤਾ ਜਾਂਦਾ ਸੀ ਅਤੇ ਨਸਲੀ ਵਿਤਕਰਾ ਹੱਦਾਂ ਬੰਨੇ ਪਾਰ ਕਰ ਗਿਆ ਸੀ। ਭਾਰਤੀਆਂ ਨੂੰ ਕੈਨੇਡਾ ਆਉਣ ਤੋਂ ਰੋਕਣ ਲਈ ਕੈਨੇਡਾ ਸਰਕਾਰ ਨੇ ਕਈ ਬੰਦਿਸ਼ਾਂ ਲਾ ਕੇ ਕਨੂੰਨ ਪਾਸ ਕਰ ਦਿੱਤਾ ਤਾਂ ਬਰਾਬਰੀ ਦੇ ਹੱਕ ਲਈ ਸੰਘਰਸ਼ ਕਰਨ ਲਈ ਵੈਨਕੂਵਰ ਵਿਚ ਗੁਰਦੁਆਰੇ ਅਤੇ ਖਾਲਸਾ ਦੀਵਾਨ ਸੁਸਾਇਟੀ ਦੀ ਸਥਾਪਨਾ ਕੀਤੀ ਗਈ। ਭਾਈ ਭਾਗ ਸਿੰਘ ਜੀ ਗੁਰਦੁਆਰਾ ਕਮੇਟੀ ਦੇ ਮੈਂਬਰ ਸਨ।

1911 ਵਿਚ ਭਾਈ ਭਾਗ ਸਿੰਘ ਆਪਣੀ ਪਤਨੀ ਨੂੰ ਕੈਨੇਡਾ ਲਿਆਉਣ ਲਈ ਭਾਈ ਬਲਵੰਤ ਸਿੰਘ ਨਾਲ ਭਾਰਤ ਗਏ। ਵਾਪਸ ਆਉਣ ਤੇ ਫਿਰ ਸੰਘਰਸ਼ ਵਿਚ ਸਰਗਰਮ ਹੋ ਗਏ। ਜਦੋਂ ਕੈਨੇਡਾ ਸਰਕਾਰ ਨੇ ਭਾਰਤੀਆਂ ਦੇ ਕੈਨੇਡਾ ਦਾਖ਼ਲੇ ਤੇ ਭਾਰਤ ਤੋਂ ਜਹਾਜ਼ ਦੀ ਸਿੱਧੀ ਟਿਕਟ ਲੈ ਕੇ ਆਉਣ ਅਤੇ 200 ਡਾਲਰ ਨਕਦ ਕੋਲ ਰੱਖਣ ਦੀ ਕਠੋਰ ਸ਼ਰਤ ਲਾਈ ਤਾਂ ਖਾਲਸਾ ਦੀਵਾਨ ਸੁਸਾਇਟੀ ਅਤੇ ਹਿੰਦੋਸਤਾਨ ਐਸੋਸੀਏਸ਼ਨ ਨੇ ਇਹਨਾਂ ਕਨੂੰਨਾਂ ਵਿਰੁੱਧ ਲੜਨ ਦਾ ਫ਼ੈਸਲਾ ਕੀਤਾ। ਜਦੋਂ ਕੈਨੇਡਾ ਸਰਕਾਰ ਵੱਲੋਂ ਲਾਈਆਂ ਕਠੋਰ ਸ਼ਰਤਾਂ ਨੂੰ ਪੂਰਾ ਕਰਕੇ ਬਾਬਾ ਗੁਰਦਿੱਤ ਸਿੰਘ ਸਰਹਾਲ਼ੀ ਕਾਮਾਗਾਟਾ ਮਾਰੂ ਜਹਾਜ਼ ਕਿਰਾਏ ਤੇ ਲੈ ਕੇ 376 ਯਾਤਰੀਆਂ ਸਮੇਤ 23 ਮਈ 1914 ਨੂੰ ਵੈਨਕੂਵਰ ਦੀ ਬੰਦਰਗਾਹ ਨੇੜੇ ਪਹੁੰਚੇ ਤਾਂ ਸਰਕਾਰੀ ਅਫਸਰ ਹਾਪਕਿਨਸਨ ਨੇ ਮੁਸਾਫ਼ਰਾਂ ਨੂੰ ਉੱਤਰਨ ਦੀ ਆਗਿਆ ਨਾ ਦਿੱਤੀ। ਦੋ ਮਹੀਨੇ ਜਹਾਜ਼ ਬੰਦਰਗਾਹ ਦੇ ਬਾਹਰ ਖੜਾ ਰਿਹਾ ਅਤੇ ਇਸ ਦੌਰਾਨ ਕੈਨੇਡਾ ਸਰਕਾਰ ਨੇ ਮੁਸਾਫ਼ਰਾਂ ਤੇ ਬੜਾ ਜਬਰ ਢਾਹਿਆ। ਖ਼ਾਲਸਾ ਦੀਵਾਨ ਸੁਸਾਇਟੀ ਦੇ ਸਖ਼ਤ ਵਿਰੋਧ ਕਰਨ ਤੇ ਸਰਕਾਰ ਨੇ 29.07.14 ਨੂੰ ਜਹਾਜ਼ ਨੂੰ ਲੋੜੀਂਦਾ ਰਾਸ਼ਣ ਦੇ ਕੇ ਵਾਪਸ ਭੇਜ ਦਿੱਤਾ।

ਹਾਪਕਿਨਸਨ ਕੈਨੇਡਾ ਵਿਚ ਸੰਗਠਿਤ ਹੋ ਰਹੇ ਭਾਰਤੀਆਂ ਤੋਂ ਬੜਾ ਦੁਖੀ ਸੀ। ਗ਼ਦਾਰ ਬੇਲਾ ਸਿੰਘ ਉਹਨੂੰ ਗ਼ਦਰੀਆਂ ਦੀਆਂ ਸਰਗਰਮੀਆਂ ਬਾਰੇ ਖ਼ਬਰਾਂ ਦੇਂਦਾ ਰਹਿੰਦਾ ਸੀ। 5 ਸਤੰਬਰ 1914 ਨੂੰ ਅਰਜਨ ਸਿੰਘ ਨਾਂ ਦੇ ਇਕ ਹੋਰ ਪੰਜਾਬੀ ਦੇ ਸਸਕਾਰ ਤੋਂ ਬਾਅਦ ਸੰਗਤ ਨਾਲ ਭਾਈ ਭਾਗ ਸਿੰਘ ਗੁਰਦੁਆਰੇ ਗਏ। ਇਸ ਸਮੇਂ ਭਾਗ ਸਿੰਘ ਭਿੱਖੀਵਿੰਡ ਗੁਰੂ ਗ੍ਰੰਥ ਸਾਹਿਬ ਦੀ

ਤਾਬਿਆ ਬੈਠੇ ਸਨ। ਅਰਦਾਸ ਤੋਂ ਬਾਅਦ ਜਦੋਂ ਝੁਕ ਕੇ ਵਾਕ ਲੈਣ ਲੱਗਾ ਤਾਂ ਗ਼ਦਾਰ ਬੇਲਾ ਸਿੰਘ ਨੇ ਗੋਲ਼ੀਆਂ ਮਾਰ ਕੇ ਭਾਈ ਸਾਹਿਬ ਨੂੰ ਸ਼ਹੀਦ ਕਰ ਦਿੱਤਾ। ਜਦੋਂ ਭਾਈ ਬਤਨ ਸਿੰਘ ਦਲੇਲ ਵਾਲ਼ੇ ਨੇ ਬੇਲਾ ਸਿੰਘ ਨੂੰ ਜੱਫਾ ਮਾਰਿਆ ਤਾਂ ਉਹਨੇ ਬਾਕੀ ਗੋਲ਼ੀਆਂ ਭਾਈ ਬਤਨ ਸਿੰਘ ਦੀ ਹਿੱਕ 'ਚ ਠੋਕ ਦਿੱਤੀਆਂ। ਬਿਗਾਨੀ ਧਰਤੀ ਤੇ ਇਹ ਦੋ ਦੇਸ਼ ਭਗਤ ਗ਼ਦਰੀਆਂ ਦੀ ਪਹਿਲੀ ਸ਼ਹੀਦੀ ਸੀ। ਬਾਅਦ ਵਿੱਚ ਇਹਨਾਂ ਸ਼ਹੀਦੀਆਂ ਦਾ ਬਦਲਾ ਭਾਈ ਬਖ਼ਸ਼ੀਸ਼ ਸਿੰਘ ਚੱਬੇਵਾਲ, ਈਸ਼ਰ ਸਿੰਘ ਜੰਡੋਲੀ, ਹੀਰਾ ਸਿੰਘ ਸੂੰਢ ਅਤੇ ਇੰਦਰ ਸਿੰਘ ਮੁਰਾਰੀ ਨੇ ਗ਼ਦਾਰ ਬੇਲਾ ਸਿੰਘ ਨੂੰ ਉਹਦੇ ਪਿੰਡ ਦੇ ਅੱਡੇ ਤੇ 9 ਦਸੰਬਰ 1933 ਨੂੰ ਕਿਰਚ ਨਾਲ਼ ਢਿੱਡ ਪਾੜ ਕੇ ਅਤੇ ਕਿਰਪਾਨ ਨਾਲ਼ ਲਾਸ਼ ਦੇ ਟੋਟੇ ਕਰਕੇ ਲਿਆ।

### 21.3 ਬਾਬਾ ਵਿਸਾਖਾ ਸਿੰਘ ਦਦੇਹਰ ਸਾਹਿਬ

ਬਾਬਾ ਵਿਸਾਖਾ ਸਿੰਘ ਦਦੇਹਰ ਸਾਹਿਬ ਗ਼ਦਰ ਲਹਿਰ ਦੇ ਉੱਘੇ ਹਸਤਾਖ਼ਰ ਸਨ। ਉਹਨਾਂ ਦਾ ਜਨਮ 13 ਅਪ੍ਰੈਲ 1877 ਨੂੰ ਪਿੰਡ ਦਦੇਹਰ ਥਾਣਾ ਸਰਹਾਲ਼ੀ ਵਿਚ ਪਿਤਾ ਸ੍ਰ ਦਿਆਲ ਸਿੰਘ ਅਤੇ ਮਾਤਾ ਇੰਦ ਕੌਰ ਦੇ ਘਰ ਹੋਇਆ। ਬਾਬਾ ਜੀ ਦਾ ਪਿਛੋਕੜ ਭਾਈ ਮੇਹਰ ਸਿੰਘ ਜੀ ਨਾਲ਼ ਜਾ ਜੁੜਦਾ ਹੈ ਜਿਸ ਨੇ 1699 ਵਿਚ ਖ਼ਾਲਸਾ ਸਾਜਣ ਵੇਲ਼ੇ ਗੁਰੂ ਗੋਬਿੰਦ ਸਿੰਘ ਜੀ ਤੋ ਅੰਮ੍ਰਿਤ ਪਾਨ ਕੀਤਾ ਸੀ। ਉਹਨਾਂ ਦੇ ਵਡੇਰੇ ਮਹਾਰਾਜਾ ਰਣਜੀਤ ਸਿੰਘ ਨਾਲ ਵੀ ਚੰਗੇ ਸਬੰਧ ਰੱਖਦੇ ਸਨ। ਬਾਬਾ ਜੀ ਨੇ ਮੁਢਲੀ ਸਿੱਖਿਆ ਅਤੇ ਸਿੱਖ ਇਤਿਹਾਸ ਬਾਰੇ ਗਿਆਨ ਪਿੰਡ ਦੇ ਗੁਰਦੁਆਰੇ ਦੇ ਗ੍ਰੰਥੀ ਸਿੰਘ ਤੋਂ ਹਾਸਲ ਕੀਤਾ ਅਤੇ ਅੰਮ੍ਰਿਤ ਵੀ ਛਕਿਆ। 12 ਸਾਲ ਦੀ ਉਮਰ ਵਿਚ ਉਹਨਾਂ ਦੀ ਸ਼ਾਦੀ ਬੀਬੀ ਰਾਮ ਕੌਰ ਨਾਲ਼ ਹੋਈ। ਚਾਰ ਸਾਲ ਬਾਅਦ ਬੀਬੀ ਰਾਮ ਕੌਰ ਦੀ ਮੌਤ ਹੋ ਗਈ। ਬਾਬਾ ਜੀ ਨੇ ਦੁਬਾਰਾ ਸ਼ਾਦੀ ਨਾ ਕਰਨ ਦਾ ਫ਼ੈਸਲਾ ਕੀਤਾ। ਬਾਬਾ ਜੀ ਰਿਸ਼ਟ-ਪੁਸ਼ਟ ਸਰੀਰ ਦੇ ਮਾਲਕ, ਲੰਮੀ ਦੌੜ ਤੇ ਲੰਮੀ ਛਾਲ਼ ਲਾਉਣ ਵਾਲ਼ੇ ਦਰਸ਼ਨੀ ਜਵਾਨ ਸਨ। ਉਹ ਨਾ ਕੇਵਲ ਘੋੜ-ਸਵਾਰੀ ਵਿਚ ਮਾਹਰ ਸਨ ਸਗੋਂ ਨਿਸ਼ਾਨੇਬਾਜ਼ੀ ਵਿਚ ਵੀ ਨਿਪੁੰਨ ਸਨ। ਇਹਨਾਂ ਗੁਣਾਂ ਕਾਰਨ ਉਹ 19 ਸਾਲ ਦੀ ਉਮਰ ਵਿਚ ਬ੍ਰਿਟਿਸ਼ ਭਾਰਤੀ ਫੌਜ ਦੇ 11 ਨੰਬਰ ਰਿਸਾਲੇ ਵਿਚ ਭਰਤੀ ਹੋ ਗਏ। ਪਰ ਸੁਤੰਤਰ ਤਬੀਅਤ ਦੇ ਮਾਲਕ ਵਿਸਾਖਾ ਸਿੰਘ ਲਈ ਫੌਜੀ ਗੁਲਾਮੀ ਦਾ ਭਾਰ ਚੁੱਕਣਾ ਮੁਸ਼ਕਿਲ ਹੋ ਗਿਆ।

ਸਬੱਬ ਨਾਲ ਉਹਨੀਂ ਦਿਨੀਂ ਦੇਸ਼ ਵਿਚ ਆਜ਼ਾਦੀ ਦੀ ਲਹਿਰ ਜ਼ੋਰ ਫੜ ਰਹੀ ਸੀ। ਜ਼ਮੀਨਾਂ ਉਤੇ ਨਹਿਰੀ ਪਾਣੀ ਸਬੰਧੀ ਬਣਾਏ ਨਵੇਂ ਕਨੂੰਨ ਵਿਰੁੱਧ ਸ੍ਰ ਅਜੀਤ ਸਿੰਘ ਹੋਰਾਂ ਦੀ 'ਪਗੜੀ ਸੰਭਾਲ ਲਹਿਰ' ਚੱਲ ਰਹੀ ਸੀ। ਕਿਸੇ ਨਾ ਕਿਸੇ ਤਰ੍ਹਾਂ ਛੁਪ-ਛਿਪਾ ਕੇ ਬਾਬਾ ਜੀ ਰਾਵਲਪਿੰਡੀ ਵਿੱਚ ਹੋਏ ਇਕ ਜਲਸੇ ਵਿਚ ਪਹੁੰਚੇ ਅਤੇ ਉੱਥੇ ਸ੍ਰ ਅਜੀਤ ਸਿੰਘ ਦਾ ਭਾਸ਼ਣ ਸੁਣ ਕੇ ਉਹ ਬੜੇ ਪ੍ਰਭਾਵਿਤ ਹੋਏ। ਅਫਸਰਾਂ ਦੇ ਸਮਝਾਉਣ ਦੇ ਬਾਵਜੂਦ ਬਾਬਾ ਜੀ 1903-04 ਵਿਚ ਫੌਜ ਦੀ ਨੌਂਕਰੀ ਛੱਡ ਕੇ ਘਰ ਆ ਗਏ। ਕੁਝ ਸਮਾਂ ਘਰ ਰਹਿ ਕੇ 1909 ਵਿੱਚ ਉਹ ਕੁਝ ਹੋਰ ਸਾਥੀਆਂ ਸਮੇਤ ਕਲਕੱਤਾ, ਸਿੰਘਾਪੁਰ, ਹਾਂਗਕਾਂਗ ਹੁੰਦੇ ਹੋਏ ਸ਼ਿੰਘਾਈ ਪਹੁੰਚੇ ਅਤੇ ਉੱਥੋਂ ਅੱਗੇ ਅਮਰੀਕਾ ਜਾ ਵੜੇ। ਅਮਰੀਕਾ ਵਿਚ ਉਹਨਾਂ ਨੇ ਬਾਬਾ ਜਵਾਲਾ ਸਿੰਘ ਠੱਠੀਆਂ ਨਾਲ਼ ਰਲ਼ ਕੇ 500 ਏਕੜ ਜ਼ਮੀਨ ਠੇਕੇ ਤੇ ਲਈ ਅਤੇ ਆਲੂਆਂ ਦੀ ਖੇਤੀ ਕੀਤੀ। ਖੇਤੀ ਦੇ ਇਸ ਧੰਦੇ ਚੋਂ ਹੋਈ ਕਮਾਈ ਨਾਲ ਉਹਨਾਂ ਅਮਰੀਕਾ ਵਿਚ ਪੜ੍ਹਦੇ ਭਾਰਤੀ ਵਿਦਿਆਰਥੀਆਂ ਦੀ ਮਦਦ ਲਈ 'ਗੁਰੂ ਨਾਨਕ ਐਜੂਕੇਸ਼ਨਲ ਸੋਸਾਇਟੀ' ਸਥਾਪਤ ਕੀਤੀ। ਵਿਦੇਸ਼ਾਂ ਵਿਚ ਗੁਲਾਮ ਭਾਰਤ ਦੇ ਲੋਕਾਂ ਨਾਲ਼ ਹੋ ਰਹੇ ਵਿਤਕਰੇ ਨੂੰ ਵੇਖ ਕੇ ਉਹਨਾਂ ਦੇ ਮਨ ਵਿਚ ਦੇਸ਼ ਦੀ ਅਜ਼ਾਦੀ ਦੀ ਚਿਣਗ ਪੈਦਾ ਹੋ ਗਈ ਜਿਸ ਨੂੰ ਭਾਈ ਜਵਾਲਾ ਸਿੰਘ ਠੱਠੀਆਂ ਅਤੇ ਭਾਈ ਸੰਤੋਖ ਸਿੰਘ ਦੀ ਸੰਗਤ ਨੇ ਹੋਰ ਮਘਾ ਦਿੱਤਾ। ਤਿੰਨਾਂ ਨੇ ਮਿਲ ਕੇ ਕੌਮੀ ਅਜ਼ਾਦੀ ਦਾ ਘੋਲ਼ ਤੇਜ਼ ਕਰਨ ਲਈ ਸਾਂਝਾ ਪ੍ਰਚਾਰ ਕੇਂਦਰ ਸਥਾਪਤ ਕਰਨ ਲਈ ਸਟਾਕਟਨ ਸ਼ਹਿਰ ਵਿਚ ਇਕ ਗੁਰਦੁਆਰਾ ਸਥਾਪਤ ਕੀਤਾ। ਬਾਬਾ ਜਵਾਲਾ ਸਿੰਘ ਨੂੰ ਗੁਰਦੁਆਰਾ ਕਮੇਟੀ ਦਾ ਪ੍ਰਧਾਨ ਅਤੇ ਬਾਬਾ ਵਿਸਾਖਾ ਸਿੰਘ ਨੂੰ ਖ਼ਜ਼ਾਨਚੀ ਬਣਾਇਆ ਗਿਆ। ਇਹ ਗੁਰਦੁਆਰਾ ਬਹੁਤ ਛੇਤੀ ਧਾਰਮਿਕ ਗਤੀਵਿਧੀਆਂ ਦੇ ਨਾਲ 2 ਰਾਜਨੀਤਿਕ ਸਰਗਰਮੀਆਂ ਦਾ ਕੇਂਦਰ ਬਣ ਗਿਆ।

ਬਾਬਾ ਵਿਸਾਖਾ ਸਿੰਘ ਤੇ ਹੋਰ ਆਗੂਆਂ ਵੱਲੋਂ ਲਾਲਾ ਹਰਦਿਆਲ ਦੇ ਸਹਿਯੋਗ ਨਾਲ਼ ਗ਼ਦਰ ਪਾਰਟੀ ਦੀ ਸਥਾਪਨਾ ਕੀਤੀ ਗਈ। 31 ਦਸੰਬਰ 1914 ਨੂੰ ਬਾਬਾ ਵਿਸਾਖਾ ਸਿੰਘ ਜੀ ਸੈਕਰਾਮੈਂਟੋ ਸ਼ਹਿਰ ਵਿਚ ਹੋਈ ਗ਼ਦਰ ਪਾਰਟੀ ਦੀ ਮੀਟਿੰਗ ਵਿਚ ਹਾਜ਼ਰ ਹੋਏ ਤਾਂ ਉਹਨਾਂ ਨੂੰ ਪਾਰਟੀ ਦੀ ਕੇਂਦਰੀ ਕਾਰਜਕਾਰੀ ਕਮੇਟੀ ਦਾ ਮੈਂਬਰ ਚੁਣ ਲਿਆ ਗਿਆ। ਸਾਨਫਰਾਂਸਿਸਕੋ ਵਿਚ 'ਯੁਗਾਂਤਰ ਆਸ਼ਰਮ' ਨੂੰ ਪਾਰਟੀ ਦਾ ਪੱਕਾ ਕੇਂਦਰ ਬਣਾ ਕੇ ਗ਼ਦਰ ਨਾਂ ਦਾ ਅਖ਼ਬਾਰ ਕੱਢਿਆ ਗਿਆ ਅਤੇ ਦੇਸ਼ ਨੂੰ ਅੰਗਰੇਜ਼ ਤੋਂ ਅਜ਼ਾਦ ਕਰਾਉਣ ਲਈ ਪ੍ਰਚਾਰ ਮੁਹਿੰਮ ਸ਼ੁਰੂ ਕੀਤੀ ਗਈ। ਪਾਰਟੀ ਦੇ ਪ੍ਰੋਗਰਾਮ ਮੁਤਾਬਕ ਭਾਰਤ ਜਾ ਕੇ ਬਗਾਵਤ ਜਥੇਬੰਦ ਕਰਨ ਲਈ ਉਹ 7 ਜਨਵਰੀ 1915 ਨੂੰ ਮਦਰਾਸ ਦੀ ਬੰਦਰਗਾਹ ਤੇ ਉੱਤਰੇ ਤਾਂ ਸਰਕਾਰ ਨੇ ਗ੍ਰਿਫ਼ਤਾਰ ਕਰਕੇ ਉਹਨਾਂ ਨੂੰ ਲੁਧਿਆਣੇ ਲਿਆਂਦਾ। ਇੱਥੇ ਲੰਮੀ ਪੁੱਛ-ਗਿੱਛ ਕਰਨ ਪਿੱਛੋਂ ਉਹਨਾਂ ਨੂੰ ਅੰਮ੍ਰਿਤਸਰ ਭੇਜ ਕੇ ਘਰ 'ਚ ਨਜ਼ਰਬੰਦ ਕਰ ਦਿੱਤਾ ਗਿਆ। ਮਗਰੋਂ ਕਿਸੇ ਜਸੂਸ ਵੱਲੋਂ ਸਾਜਿਸ਼ ਨੰਗੀ ਕਰਨ ਤੇ ਉਹਨਾਂ ਨੂੰ ਮੁੜ ਗ੍ਰਿਫ਼ਤਾਰ ਕਰਕੇ ਲਾਹੌਰ ਸਾਜਿਸ਼ ਕੇਸ 1915 ਵਿਚ ਸ਼ਾਮਲ ਕੀਤਾ ਗਿਆ। 13 ਸਤੰਬਰ 1915 ਨੂੰ ਕੇਸ ਦਾ ਫ਼ੈਸਲਾ ਹੋਣ ਤੇ ਉਹਨਾਂ ਨੂੰ ਉਮਰ ਭਰ ਲਈ ਜਲਾਵਤਨ ਕਰਕੇ ਜਾਇਦਾਦ ਜਬਤੀ ਦਾ ਹੁਕਮ ਦਿੱਤਾ ਗਿਆ। ਅੰਡੇਮਾਨ ਦੀ ਸੈਲੂਲਰ ਜੇਲ੍ਹ ਵਿਚ ਉਹਨਾਂ ਨੇ ਜੇਲ੍ਹ ਅਧਿਕਾਰੀਆਂ ਵੱਲੋਂ ਰਾਜਸੀ ਕੈਦੀਆਂ ਨਾਲ ਕੀਤੇ ਜਾ ਰਹੇ ਅਮਾਨਵੀ ਵਤੀਰੇ ਖ਼ਿਲਾਫ਼ ਇਕ ਮਹੀਨੇ ਤੋਂ ਵੱਧ ਸਮਾਂ ਭੁੱਖ ਹੜਤਾਲ ਕੀਤੀ। 14 ਅਪ੍ਰੈਲ 1920 ਨੂੰ ਆਮ ਮੁਆਫ਼ੀ ਅਧੀਨ ਜਦੋਂ ਉਹਨਾਂ ਨੂੰ ਰਿਹਾ ਕੀਤਾ ਗਿਆ ਤਾਂ ਉਹ ਕਮਜ਼ੋਰ ਸਿਹਤ ਨਾਲ ਪਿੰਡ ਦਦੇਹਰ ਪਹੁੰਚੇ।

ਪਿੰਡ ਪਹੁੰਚ ਕੇ ਭਾਵੇਂ ਉਹਨਾਂ ਨੇ ਲਾਹੌਰ ਦੇ ਡਾਕਟਰ ਬੇਲੀ ਰਾਮ ਤੋਂ ਆਪਣਾ ਇਲਾਜ ਸ਼ੁਰੂ ਕਰਵਾਇਆ। ਦੇਸ਼ ਭਗਤਾਂ ਦੇ ਦੁਖੀ ਤੇ ਰੁਲ਼ਦੇ ਪਰਿਵਾਰਾਂ ਦੀ ਸਾਰ ਲੈਣ ਲਈ ਪਿੰਡ ਪਿੰਡ ਤੋਂ ਜਾਣਕਾਰੀ ਇਕੱਠੀ ਕਰਵਾ ਕੇ ਉਹਨਾਂ ਨੇ 'ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ' ਬਣਾਈ ਅਤੇ 1921 ਤੋਂ 1956 ਤਕ ਇਸ ਦੇ ਪ੍ਰਧਾਨ ਰਹੇ। ਅਕਤੂਬਰ 1920 ਵਿਚ ਅਜ਼ਾਦੀ ਘੁਲਾਟੀਆਂ ਤੇ ਰਾਜਸੀ ਕੈਦੀਆਂ ਦੇ ਪਰਿਵਾਰਾਂ ਦੀ ਸਹਾਇਤਾ ਕਰਨੀ ਸ਼ੁਰੂ ਕੀਤੀ। ਕਮੇਟੀ ਨੇ ਹੇਠ ਲਿਖੇ ਟੀਚੇ ਸਾਹਮਣੇ ਰੱਖੇ :-

- ਦੇਸ਼ ਭਗਤਾਂ ਦੇ ਪਰਿਵਾਰਾਂ ਦੀ ਮਾਇਕ ਸਹਾਇਤਾ ਕਰਨਾ।
- ਉਹਨਾਂ ਦੇ ਬੱਚਿਆਂ ਦੀ ਪੜ੍ਹਾਈ ਤੇ ਭਲਾਈ ਯਕੀਨੀ ਬਣਾਉਣਾ।
- ਕੈਦੀਆਂ ਅਤੇ ਉਹਨਾਂ ਦੇ ਪਰਿਵਾਰਾਂ ਵਿਚਕਾਰ ਖ਼ਬਰਾਂ ਦਾ ਅਦਾਨ ਪ੍ਰਦਾਨ ਕਰਨਾ।
- ਕੈਦੀਆਂ ਦੀ ਰਿਹਾਈ ਲਈ ਜਨਤਕ ਦਬਾਅ ਉਸਾਰਨਾ
- ਰਾਜਸੀ ਕੈਦੀਆਂ ਨੂੰ ਕਨੂੰਨੀ ਸਹਾਇਤਾ ਦੇ ਕੇ ਉਹਨਾਂ ਦੇ ਬਚਾਅ ਲਈ ਲੜਨਾ।

ਇਸ ਮੰਤਵ ਲਈ ਬਾਬਾ ਜੀ ਨੇ ਸਾਰੇ ਭਾਰਤ ਦੀ ਯਾਤਰਾ ਕਰਕੇ ਜਾਣਕਾਰੀ ਅਤੇ ਫੰਡ ਇਕੱਠਾ ਕੀਤਾ। ਇਸ ਮਹਾਨ ਕਾਰਜ ਲਈ ਉਹ ਭਾਰਤ ਤੋਂ ਬਾਹਰ ਬਰ੍ਹਮਾ, ਸਿੰਘਾਪੁਰ, ਹਾਂਗਕਾਂਗ ਤੇ ਸ਼ਿੰਘਾਈ ਅਤੇ ਪੱਛਮੀ ਦੇਸ਼ਾਂ ਜਿੱਥੇ ਕਿਤੇ ਵੀ ਭਾਰਤੀ ਰਹਿੰਦੇ ਸਨ, ਉੱਥੇ ਪਹੁੰਚੇ ਅਤੇ ਦੇਸ਼-ਭਗਤਾਂ ਦੇ ਪਰਿਵਾਰਾਂ ਨੂੰ ਵੀ ਮਿਲ਼ੇ। ਕਮੇਟੀ ਦਾ ਮੁੱਖ ਦਫ਼ਤਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਸਥਾਪਤ ਕੀਤਾ ਗਿਆ। 1930 ਤੱਕ ਉਹਨਾਂ ਨੇ ਆਪਣਾ ਧਿਆਨ ਰਾਜਸੀ ਪੈਰਵਾਈ ਅਤੇ ਕਿਰਤੀ ਕਿਸਾਨ ਲਹਿਰਾਂ ਤੇ ਕੇਂਦਰਿਤ ਰੱਖਿਆ। ਦੂਸਰੀ ਸੰਸਾਰ ਜੰਗ ਵੇਲ਼ੇ ਅੰਗਰੇਜ਼ ਸਰਕਾਰ ਵੱਲੋਂ ਉਹਨਾਂ ਦੀ ਕਮੇਟੀ ਦੇ ਦਫ਼ਤਰਾਂ ਤੇ ਪੁਲਿਸ ਰੇਡ ਕੀਤੇ ਗਏ। 1931 ਵਿਚ ਉਹਨਾਂ ਦੇ ਅੰਮ੍ਰਿਤਸਰ ਦੀ ਹੱਦ ਤੋਂ ਬਾਹਰ ਜਾ ਕੇ ਸਰਗਰਮੀ ਕਰਨ ਤੇ ਪਾਬੰਦੀ ਲਾ ਦਿੱਤੀ ਅਤੇ 1932 ਵਿਚ ਉਹਨਾਂ ਨੂੰ ਦੋ ਸਾਲ ਲਈ ਪਿੰਡ ਵਿਚ ਜੂਹ ਬੰਦ ਕਰ ਦਿੱਤਾ ਗਿਆ। 10 ਜਨਵਰੀ 1931 ਨੂੰ ਸ੍ਰੀ ਤਰਨਤਾਰਨ ਸਾਹਿਬ ਸਰੋਵਰ ਦੀ ਕਾਰ-ਸੇਵਾ ਸਮੇਂ ਉਹਨਾਂ ਨੇ ਪੰਜ ਪਿਆਰਿਆਂ ਵਿਚ ਸ਼ਾਮਲ ਹੋ ਕੇ ਸੇਵਾ ਕੀਤੀ। 14 ਅਕਤੂਬਰ 1932 ਨੂੰ ਗੁਰਦੁਆਰਾ ਪੰਜਾ ਸਾਹਿਬ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਰੱਖਿਆ। 21 ਅਕਤੂਬਰ 1934 ਨੂੰ ਉਹਨਾਂ ਨੂੰ ਸਿੱਖ ਜਗਤ ਦੇ ਸਰਵ ਉੱਚ ਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਚੁਣਿਆ ਗਿਆ ਪਰ ਦਸੰਬਰ 1934 ਵਿਚ ਉਹਨਾਂ ਦੀ ਗੈਰ-ਹਾਜ਼ਰੀ ਵਿਚ ਕਿਸੇ ਸਰਕਾਰੀ ਅਫਸਰ ਨੂੰ ਅਕਾਲ ਤਖ਼ਤ ਤੋਂ ਸਿਰੋਪਾ ਦਿੱਤੇ ਜਾਣ ਕਾਰਨ ਉਹਨਾਂ ਨੇ ਜਥੇਦਾਰ ਦੀ ਪਦਵੀ ਤੋਂ ਅਸਤੀਫ਼ਾ ਦੇ ਦਿੱਤਾ। 26 ਜੂਨ 1940 ਨੂੰ ਅੱਧੀ ਰਾਤ ਪਿੰਡ ਛਾਪਾ ਮਾਰ ਕੇ ਪੁਲਿਸ ਨੇ ਉਹਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਦਿਓਲੀ ਕੈਂਪ ਜੇਲ੍ਹ ਵਿਚ ਬੰਦ ਕਰ ਦਿੱਤਾ। ਨਵੰਬਰ 1941 ਵਿਚ ਰਿਹਾਈ ਹੋਈ ਅਤੇ ਫ਼ਰਵਰੀ 1942 ਵਿਚ ਦੁਬਾਰਾ ਫੜ੍ਹ ਕੇ ਪਹਿਲਾਂ ਧਰਮਸ਼ਾਲਾ ਤੇ ਫਿਰ ਮੁਲਤਾਨ ਜੇਲ੍ਹ ਭੇਜ ਦਿੱਤਾ ਗਿਆ। 24 ਜੁਲਾਈ 1942 ਨੂੰ ਰਿਹਾਅ ਕੀਤਾ ਗਿਆ ਤਾਂ ਸਰੀਰਕ ਕਮਜ਼ੋਰੀ ਕਾਰਨ ਜੇਲ੍ਹ ਦੇ ਬੂਹੇ ਅੱਗੇ ਡਿੱਗ ਪਏ। ਪਤਾ ਲੱਗਣ ਤੇ ਕਾਂਗਰਸ ਆਗੂ ਸ੍ਰੀ ਮਤੀ ਸਰਲਾ ਦੇਵੀ ਜੀ ਆਪਣੀ ਕਾਰ ਵਿਚ ਉਹਨਾਂ ਨੂੰ ਆਪਣੇ ਘਰ ਲੈ ਕੇ ਗਏ ਅਤੇ ਦਵਾ-ਦਾਰੂ ਕਰਕੇ ਉਹਨਾਂ ਨੂੰ ਪਿੰਡ ਪਹੁੰਚਾਇਆ।

ਅਜ਼ਾਦੀ ਤੋਂ ਬਾਅਦ ਵੀ ਬਾਬਾ ਜੀ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਲਈ ਕੰਮ ਕਰਦੇ ਰਹੇ। ਉਹਨਾਂ ਦਾ ਧਿਆਨ ਅਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਦੇ ਮੁੜ-ਵਸੇਬੇ ਵੱਲ ਫੋਕਸ ਰਿਹਾ। 16 ਦਸੰਬਰ 1955 ਨੂੰ ਜਲੰਧਰ ਸ਼ਹਿਰ ਵਿਚ 55000 ਰੁਪਏ ਦੀ 22 ਕਨਾਲ ਜ਼ਮੀਨ ਖ਼ਰੀਦ ਕੇ ਦੇਸ਼ ਭਗਤਾਂ ਦੀ ਯਾਦ ਵਿਚ ਦੇਸ਼ ਭਗਤ ਯਾਦਗਾਰ ਹਾਲ ਦੀ ਉਸਾਰੀ ਸ਼ੁਰੂ ਕਰਵਾਈ। ਉਹਨਾਂ ਨੇ ਵੰਡ ਤੋਂ ਬਾਅਦ ਸ਼ਰਨਾਰਥੀਆਂ ਨੂੰ ਮੁੜ ਵਸਾਉਣ ਲਈ ਜਤਨ ਕੀਤੇ। ਇਸ ਤੋਂ ਛੁੱਟ ਉਹ ਸਿੱਖ ਧਾਰਮਿਕ ਮਸਲਿਆਂ ਵਿਚ ਵੀ ਡੂੰਘੀ ਦਿਲਚਸਪੀ ਲੈਂਦੇ ਰਹੇ। ਅੰਤਲੇ ਦਿਨਾਂ ਵਿਚ ਉਹਨਾਂ ਨੂੰ ਰੂਹਾਨੀ ਪੰਥਕ ਆਗੂ ਸਮਝਿਆ ਜਾਂਦਾ ਸੀ। ਅਜ਼ਾਦੀ ਤੋਂ ਬਾਅਦ ਵੀ ਬਾਬਾ ਜੀ ਨੂੰ ਉਹਨਾਂ ਦੇ ਜਨਤਕ ਪ੍ਰਭਾਵ ਅਤੇ ਅਜ਼ਾਦ ਵਿਚਾਰਾਂ ਕਾਰਨ ਸਰਕਾਰੀ ਪਾਬੰਦੀਆਂ ਦਾ ਸਾਹਮਣਾ ਕਰਨਾ ਪਿਆ ਪਰ ਗ੍ਰਿਫ਼ਤਾਰੀ ਤੋਂ ਬਚੇ ਰਹੇ। ਆਖ਼ਰੀ ਸਾਲ ਉਹਨਾਂ ਨੇ ਪਿੰਡ ਦਦੇਹਰ ਸਾਹਿਬ, ਤਰਨਤਾਰਨ ਅਤੇ ਅੰਮ੍ਰਿਤਸਰ ਵਿਚ ਮਾਨਵ ਸੇਵਾ, ਧਾਰਮਿਕ ਕਾਰਜ ਅਤੇ ਸਿੱਖ ਸੰਸਥਾਵਾਂ ਦੀ ਸੇਵਾ ਵਿਚ ਗੁਜ਼ਾਰੇ।

5 ਦਸੰਬਰ 1957 ਨੂੰ ਬਾਬਾ ਜੀ ਇਕ ਵਿਸ਼ਾਲ ਕ੍ਰਾਂਤੀਕਾਰੀ ਸੰਘਰਸ਼ ਅਤੇ ਸਮਾਜ ਸੇਵਾ ਦਾ ਇਤਿਹਾਸ ਛੱਡ ਕੇ ਤਰਨਤਾਰਨ ਦੇ ਇਕ ਹਸਪਤਾਲ ਵਿਚ ਸਦੀਵੀ ਵਿਛੋੜਾ ਦੇ ਗਏ। ਬਾਬਾ ਜੀ ਦੀ ਪ੍ਰਤਿਭਾ ਦੇ ਪ੍ਰਭਾਵ ਕਾਰਨ ਉਹਨਾਂ ਦਾ ਪਿੰਡ ਦਦੇਹਰ ਤੋਂ ਦਦੇਹਰ ਸਾਹਿਬ ਬਣ ਗਿਆ। ਹਰ ਸਾਲ 4 ਦਸੰਬਰ ਨੂੰ ਪਿੰਡ ਵਿਚ ਵਿਸ਼ਾਲ ਨਗਰ ਕੀਰਤਨ ਕੱਢਿਆ ਜਾਂਦਾ ਹੈ ਜੋ ਉਹਨਾਂ ਦੇ ਜਨਮ ਸਥਾਨ ਤੋਂ ਸ਼ੁਰੂ ਹੋ ਕੇ ਗੁਰਦੁਆਰਾ ਤਪੋ ਸਥਾਨ ਬਾਬਾ ਵਿਸਾਖਾ ਸਿੰਘ ਜੀ ਤੇ ਖ਼ਤਮ ਹੁੰਦਾ ਹੈ। ਹਰ ਸਾਲ 5 ਦਸੰਬਰ ਨੂੰ ਇਲਾਕੇ ਦੇ ਲੋਕਾਂ ਵੱਲੋਂ ਉਹਨਾਂ ਦੀ ਬਰਸੀ ਧੂਮ-ਧਾਮ ਨਾਲ਼ ਮਨਾਈ ਜਾਂਦੀ ਹੈ। ਭਾਈ ਵਿਸਾਖਾ ਸਿੰਘ ਪੁੱਤਰ ਸ੍ਰ ਈਸ਼ਰ ਸਿੰਘ, ਭਾਈ ਬਿਸ਼ਨ ਸਿੰਘ ਪੁੱਤਰ ਸ੍ਰ ਜਵਾਲਾ ਸਿੰਘ, ਭਾਈ ਹਜ਼ਾਰਾ ਸਿੰਘ ਪੁੱਤਰ ਸ੍ਰ ਬੇਲਾ ਸਿੰਘ ਅਤੇ ਭਾਈ ਬਿਸ਼ਨ ਸਿੰਘ ਪੁੱਤਰ ਸ੍ਰ ਕੇਸਰ ਸਿੰਘ ਤਿੰਨੇ ਗ਼ਦਰ ਲਹਿਰ ਦੇ ਯੋਧੇ ਜਿਹਨਾਂ ਨੂੰ ਉਮਰ ਕੈਦ, ਕਾਲ਼ੇਪਾਣੀ ਜੇਲ੍ਹ ਅਤੇ ਜਾਇਦਾਦ ਜਬਤੀ ਦੀ ਸਜ਼ਾ ਹੋਈ, ਸੁਰੈਣ ਸਿੰਘ ਪੁੱਤਰ ਸ੍ਰ ਜਵਾਲਾ ਸਿੰਘ ਜੋ ਕਾਮਾਗਾਟਾ ਮਾਰੂ ਦੇ ਬਜ ਬਜ ਘਾਟ ਦੇ ਸਾਕੇ ਵਿਚ ਸ਼ਹੀਦ ਹੋਇਆ ਅਤੇ ਸ਼ਹੀਦ ਭਾਈ ਸਾਧੂ ਸਿੰਘ ਪੁੱਤਰ ਸ੍ਰ ਨਿਹੰਗ ਸਿੰਘ ਜਿਸ ਨੂੰ 21 ਨੰਬਰ ਰਸਾਲੇ ਵਿੱਚ ਸਰਕਾਰੀ ਹੁਕਮ ਨਾ ਮੰਨਣ ਕਾਰਨ ਫਾਂਸੀ ਦੀ ਸਜ਼ਾ ਹੋਈ, ਸਾਰੇ ਬਾਬਾ ਜੀ ਦੇ ਪਿੰਡ ਦਦੇਹਰ ਸਾਹਿਬ ਦੇ ਹੀ ਵਾਸੀ ਸਨ।

## 21.4 ਭਾਈ ਹਜ਼ਾਰਾ ਸਿੰਘ ਦਦੇਹਰ ਸਾਹਿਬ

ਭਾਈ ਹਜ਼ਾਰਾ ਸਿੰਘ ਦਦੇਹਰ ਸਾਹਿਬ ਵੀ ਗ਼ਦਰ ਲਹਿਰ ਵਿਚ ਪ੍ਰਸਿੱਧ ਵਿਅਕਤੀ ਸਨ ਜਿਹਨਾਂ ਨੇ ਲੰਬਾ ਸਮਾਂ ਗ਼ਦਰ ਪਾਰਟੀ ਵਿਚ ਕੰਮ ਕੀਤਾ ਅਤੇ ਉਮਰ ਦੇ ਆਖ਼ਰੀ ਸਾਲ ਅਮਰੀਕਾ ਦੇ ਸ਼ਹਿਰ ਕੈਲੇਫ਼ੋਰਨੀਆ ਵਿਚ ਬਿਤਾਏ। ਉਹਨਾਂ ਦਾ ਜਨਮ 1877 ਵਿਚ ਦਦੇਹਰ ਸਾਹਿਬ ਵਿਖੇ ਹੋਇਆ। ਉਹ ਬਸਤੀਵਾਦੀ ਅੰਗਰੇਜ਼ ਹਕੂਮਤ ਦੇ ਕੱਟੜ ਵਿਰੋਧੀ ਸਨ। ਉਹਨਾਂ ਨੇ ਗ਼ਦਰ ਪਾਰਟੀ ਦੀਆਂ ਸਰਗਰਮੀਆਂ ਵਿਚ ਭਾਗ ਲੈਂਦਿਆਂ ਬ੍ਰਿਟਿਸ਼-ਭਾਰਤੀ ਫੌਜੀਆਂ ਅਤੇ ਭਾਰਤੀ ਲੋਕਾਂ ਨੂੰ ਗ਼ਦਰ ਲਈ ਤਿਆਰ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਉਹ ਬਾਬਾ ਜਵਾਲਾ ਸਿੰਘ ਠੱਠੀਆਂ, ਬਾਬਾ ਵਿਸਾਖਾ ਸਿੰਘ ਦਦੇਹਰ, ਭਾਈ ਨੌਧ ਸਿੰਘ, ਸੰਤੋਖ ਸਿੰਘ ਧਰਦੇਓ ਆਦਿ ਨਾਲ਼ 500 ਏਕੜ ਜ਼ਮੀਨ ਤੇ ਆਲੂਆਂ ਦੀ ਖੇਤੀ ਕਰਨ ਵਿਚ ਭਾਈਵਾਲ ਸਨ। ਇਹ ਫ਼ਾਰਮ ਗ਼ਦਰ ਪਾਰਟੀ ਦੇ ਵਰਕਰਾਂ ਦੀ ਅਰਾਮ-ਗਾਹ ਬਣ ਗਈ ਜਿਸ ਨੇ ਅਨੇਕਾਂ ਇਨਕਲਾਬੀਆਂ ਨੂੰ ਰੋਜ਼ਗਾਰ ਅਤੇ ਆਸਰਾ ਦਿੱਤਾ। ਇਸ ਕਾਰਨ ਇਹਨੂੰ "ਭਾਈਆਂ ਦਾ ਡੇਰਾ" ਵੀ ਕਿਹਾ ਜਾਂਦਾ ਸੀ।

ਗ਼ਦਰ ਲਹਿਰ ਦੇ ਦੱਬ ਜਾਣ ਤੋਂ ਬਾਅਦ ਵੀ ਭਾਈ ਹਜ਼ਾਰਾ ਸਿੰਘ ਨੇ ਦੇਸ਼-ਵਾਸੀਆਂ ਨੂੰ, ਅੰਗਰੇਜ਼ ਹਾਕਮਾਂ ਨੂੰ ਦੇਸ਼ ਚੋਂ ਬਾਹਰ ਕੱਢ ਕੇ ਅਜ਼ਾਦੀ ਹਾਸਲ ਕਰਨ ਹਿਤ ਜਾਗਰੂਕ ਕਰਨ ਲਈ ਆਪਣੇ ਜਤਨ ਜਾਰੀ ਰੱਖੇ। ਉਹਨਾਂ ਦੇ ਭਾਰਤ ਪਰਤਣ ਦੀ ਕੋਈ ਗਵਾਹੀ ਨਹੀਂ ਮਿਲਦੀ ਫਿਰ ਵੀ ਗ਼ਦਰ ਪਾਰਟੀ ਵਿਚ ਕੀਤੀਆਂ ਸਰਗਰਮੀਆਂ ਅਤੇ ਨਿਭਾਏ ਗਏ ਰੋਲ ਨੂੰ ਦਰਕਿਨਾਰ ਨਹੀਂ ਕੀਤਾ ਜਾ ਸਕਦਾ। ਅਮਰੀਕਾ ਵਿਚ ਰਹਿੰਦਿਆਂ ਹੀ 1957 ਵਿਚ ਉਹ ਚਲਾਣਾ ਕਰ ਗਏ।

## 21.5 ਬਾਬਾ ਈਸ਼ਰ ਸਿੰਘ ਮਰਹਾਣਾ

ਦੇਸ਼ ਭਗਤ ਬਾਬਾ ਈਸ਼ਰ ਸਿੰਘ ਮਰਹਾਣਾ ਉਹਨਾਂ ਦੇਸ਼ ਭਗਤਾਂ ਚੋਂ ਇੱਕ ਸਨ ਜਿਨ੍ਹਾਂ ਨੇ ਪ੍ਰਦੇਸ਼ ਵਿਚ ਦੇਸ਼ ਦੀ ਅਜ਼ਾਦੀ ਲਈ ਜਥੇਬੰਦੀ ਬਣਾਈ, ਆਪਣਾ ਸੁਖਮਈ ਜੀਵਨ ਛੱਡ ਕੇ ਦੇਸ਼ ਪਰਤੇ ਅਤੇ ਅਜ਼ਾਦੀ ਦੀ ਲਹਿਰ ਵਿਚ ਹਿੱਸਾ ਲਿਆ। ਉਹਨਾਂ ਦਾ ਜਨਮ 1 ਜਨਵਰੀ 1878 ਨੂੰ ਮਾਝੇ ਦੇ ਮਸ਼ਹੂਰ ਪਿੰਡ ਮਰਹਾਣਾ ਵਿਚ ਪਿਤਾ ਸ੍ਰ ਜਿੰਦਾ ਸਿੰਘ ਦੇ ਘਰ ਮਾਤਾ ਚੰਦ ਕੌਰ ਦੀ ਕੁਖੋਂ ਹੋਇਆ। ਉਹਨਾਂ ਸਮਿਆਂ ਵਿਚ ਪਿੰਡਾਂ ਵਿਚ ਸਕੂਲ ਬਹੁਤ ਘੱਟ ਹੁੰਦੇ ਸਨ, ਇਸ ਲਈ ਬਾਬਾ ਜੀ ਨੇ ਧਰਮਸ਼ਾਲਾ ਵਿਚ ਸੰਤ ਜੀ ਤੋਂ ਗੁਰਮੁਖੀ ਦੀ ਪੜ੍ਹਾਈ ਕੀਤੀ ਅਤੇ ਘਰੇਲੂ ਖੇਤੀ ਦੇ ਕੰਮ ਵਿਚ ਰੁੱਝ ਗਏ। ਉਹਨਾਂ ਦਾ ਵਿਆਹ ਬੀਬੀ ਹਰ ਕੌਰ ਪਿੰਡ ਖਾਨਪੁਰ (ਜਲੰਧਰ) ਨਾਲ਼ ਹੋਇਆ। 1905-06 ਵਿਚ ਉਹ ਜੀਵਨ ਵਿੱਚ ਅੱਗੇ ਵਧਣ ਦੀ ਤਾਂਘ ਮਨ ਵਿਚ ਲੈ ਕੇ ਉਹ ਰੋਜ਼ਗਾਰ ਦੀ ਤਲਾਸ਼ ਵਿਚ ਅਮਰੀਕਾ ਦੇ ਸ਼ਹਿਰ ਕੈਲੇਫ਼ੋਰਨੀਆਂ ਵਿਚ ਪਹੁੰਚੇ ਅਤੇ ਹੋਰ ਦੇਸ਼ ਭਗਤਾਂ ਨਾਲ਼ ਰਲ਼ ਕੇ 500 ਏਕੜ ਜ਼ਮੀਨ ਠੇਕੇ ਤੇ ਲੈ ਕੇ ਆਲੂਆਂ ਦੀ ਖੇਤੀ ਸ਼ੁਰੂ ਕੀਤੀ। ਜਦ ਅਮਰੀਕਾ ਵਿਚ ਰਹਿੰਦੇ ਭਾਰਤੀਆਂ ਨੇ ਗ਼ਦਰ ਪਾਰਟੀ ਬਣਾਈ ਤਾਂ ਉਹ ਮੁਹਰਲੀਆਂ ਸਫ਼ਾਂ ਵਿਚ ਸ਼ਾਮਲ ਹੋ ਗਏ। ਗ਼ਦਰ ਪਾਰਟੀ ਦੇ ਹੋਰ ਹਥਿਆਰ-ਬੰਦ ਕਾਰਕੁੰਨਾਂ ਨਾਲ਼ ਦੇਸ਼ ਪਰਤ ਕੇ ਉਹਨਾਂ ਨੂੰ ਗ਼ਦਰ ਦੀ ਤਿਆਰੀ ਕਰਦਿਆਂ ਗ੍ਰਿਫ਼ਤਾਰੀ ਉਪ੍ਰੰਤ ਸਖ਼ਤ ਸਜ਼ਾਵਾਂ ਦਾ ਸਾਹਮਣਾ ਕਰਨਾ ਪਿਆ।

1922 ਵਿਚ ਗ਼ਦਰ ਪਾਰਟੀ ਦੇ ਕੇਸਾਂ ਵਿੱਚੋਂ ਬਰੀ ਹੋ ਕੇ ਆਪਣੇ ਪਿੰਡ ਵਿਚ ਇੱਕ ਕਾਨਫਰੰਸ ਦੀ ਪ੍ਰਧਾਨਗੀ ਕੀਤੀ , ਜਦੋਂ ਕਾਨਫਰੰਸ ਖ਼ਤਮ ਹੋਈ ਤਾਂ ਪੁਲਿਸ ਨੇ ਉਹਨਾਂ ਨੂੰ 13 ਸਾਥੀਆਂ ਸਮੇਤ ਗ੍ਰਿਫ਼ਤਾਰ ਕਰਕੇ 7 ਸਾਲ ਕੈਦ ਬਾ-ਮੁਸ਼ੱਕਤ ਦੀ ਸਜ਼ਾ ਦਿੱਤੀ ਗਈ।

ਸਰਕਾਰ ਵੱਲੋਂ ਪਿੰਡ ਵਿਚ ਪੁਲਿਸ ਚੌਂਕੀ ਬਿਠਾ ਕੇ ਚੌਂਕੀ ਦਾ ਖ਼ਰਚ 2700 ਰੁਪਏ ਮਹੀਨਾ ਪਿੰਡ ਦੇ ਜ਼ਿੰਮੇ ਪਾ ਦਿੱਤਾ ਗਿਆ। ਇਸ ਕੈਦ ਦੌਰਾਨ ਹੀ ਉਹਨਾਂ ਦੇ 25 ਸਾਲਾ ਨੌਜਵਾਨ ਪੁੱਤਰ ਦੀ ਮੌਤ ਹੋ ਗਈ। ਰਿਹਾਈ ਤੋਂ ਬਾਅਦ ਉਹਨਾਂ ਨੂੰ ਜਿਲ੍ਹਾ ਅੰਮ੍ਰਿਤਸਰ ਦੇ ਅਕਾਲੀ ਜਥੇ ਦਾ ਪ੍ਰਧਾਨ ਥਾਪ ਦਿੱਤਾ ਗਿਆ। ਉਹ 1930-33 ਤੱਕ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਦੀ ਕਮੇਟੀ ਦੇ ਮੀਤ ਪ੍ਰਧਾਨ ਰਹੇ। 1930-31 ਵਿੱਚ ਉਹਨਾਂ ਨੇ ਸਿਵਲ ਨਾ-ਫ਼ੁਰਮਾਨੀ ਲਹਿਰ ਵਿਚ ਭਾਗ ਲਿਆ ਤਾਂ 6 ਮਹੀਨੇ ਕੈਦ ਅਤੇ 150 ਰੁਪਏ ਜੁਰਮਾਨੇ ਦੀ ਸਜ਼ਾ ਹੋਈ। ਕਿਸਾਨ ਮੋਰਚੇ ਵਿਚ ਵੀ ਉਹਨਾਂ ਨੇ 1 ਸਾਲ ਦੀ ਕੈਦ ਕੱਟੀ। 1936 ਵਿਚ ਦਰਬਾਰ ਸਾਹਿਬ ਕਮੇਟੀ ਅੰਮ੍ਰਿਤਸਰ ਦੇ 5 ਸਾਲ ਪ੍ਰਧਾਨ ਰਹੇ ਅਤੇ ਗੁਰੂ ਰਾਮ ਦਾਸ ਸਰਾਂ, ਗੁਰੂ ਰਾਮਦਾਸ ਖ਼ਾਲਸਾ ਹਾਈ ਸਕੂਲ, ਕਿਰਪਾਨਾਂ ਦਾ ਕਾਰਖ਼ਾਨਾ ਅਤੇ ਇੰਡਸਟਰੀਅਲ ਸਕੂਲ ਦੀ ਉਸਾਰੀ ਵਿਚ ਯੋਗਦਾਨ ਪਾਇਆ। ਆਖ਼ਰ ਕੁਝ ਦਿਨ ਬਿਮਾਰ ਰਹਿਣ ਪਿੱਛੋਂ 16 ਅਗਸਤ 1941 ਨੂੰ ਉਹਨਾਂ ਦਾ ਦੇਹਾਂਤ ਹੋ ਗਿਆ।

### 21.6 ਬਾਬਾ ਕੇਸਰ ਸਿੰਘ ਠੱਠਗੜ੍ਹ

ਬਾਬਾ ਕੇਸਰ ਸਿੰਘ ਜੀ ਦਾ ਜਨਮ 1879 ਵਿਚ ਪਿਤਾ ਸ੍ਰ ਭੂਪ ਸਿੰਘ ਦੇ ਘਰ ਪਿੰਡ ਠੱਠਗੜ੍ਹ ਤਹਿਸੀਲ (ਤੇ ਹੁਣ ਜਿਲ੍ਹਾ ਵੀ) ਤਰਨਤਾਰਨ ਵਿਚ ਹੋਇਆ। ਉਹਨਾਂ ਦੀ ਮੁਢਲੀ ਸਿੱਖਿਆ ਬਾਰੇ ਵਿਸਥਾਰ ਨਹੀਂ ਮਿਲਦਾ। ਆਮ ਤੌਰ ਤੇ ਉਸ ਸਮੇਂ ਗੁਰਮੁਖੀ ਅਤੇ ਧਾਰਮਿਕ ਵਿਦਿਆ ਗੁਰਦੁਆਰੇ ਦੇ ਗ੍ਰੰਥੀ ਪਾਸੋਂ ਹੀ ਲਈ ਜਾਂਦੀ ਸੀ। ਜਵਾਨੀ ਵੇਲ਼ੇ ਉਹਨਾਂ ਨੇ ਵਿਦੇਸ਼ ਜਾਣ ਤੋਂ ਪਹਿਲਾਂ ਦੋ ਸਾਲ ਬਰਤਾਨਵੀ ਸੈਨਾ ਦੇ ਤੋਪਖ਼ਾਨੇ ਦੀ ਰੈਜਮੈਂਟ ਵਿਚ ਨੌਂਕਰੀ ਕੀਤੀ। 1902 ਦੇ ਨੇੜੇ ਤੇੜੇ ਉਹ ਰੋਜ਼ਗਾਰ ਦੀ ਭਾਲ਼ ਵਿਚ ਸ਼ਿੰਘਾਈ ਚਲੇ ਗਏ ਅਤੇ ਉੱਥੇ ਚੌਂਕੀਦਾਰੀ ਕੀਤੀ। 1909 ਵਿਚ ਅਮਰੀਕਾ ਦੇ ਅਸਟੋਰੀਆ ਤੇ ਓਰੇਗਨ ਵਿਚ ਲੱਕੜ/ਆਰਾ ਮਿੱਲਾਂ ਵਿਚ ਕੰਮ ਕੀਤਾ। 1912 ਵਿਚ ਜਿਉਂ ਹੀ 'ਹਿੰਦੋਸਤਾਨ ਐਸੋਸੀਏਸ਼ਨ ਆਫ਼ ਪੈਸੇਫਿਕ ਕੋਸਟ' ਨਾਂ ਦੀ ਜਥੇਬੰਦੀ ਬਣਾ ਕੇ ਗ਼ਦਰੀਆਂ ਨੇ ਪੋਰਟਲੈਂਡ ਤੇ ਓਰੇਗਨ ਵਿਚ ਸਰਗਰਮੀ ਸ਼ੁਰੂ ਕੀਤੀ ਤਾਂ ਬਾਬਾ ਕੇਸਰ ਸਿੰਘ ਜੀ ਮੁੱਖ ਆਗੂਆਂ 'ਚ ਸ਼ਾਮਲ ਹੋ ਕੇ ਸੇਵਾ ਕਰਨ ਲੱਗੇ। ਉਹਨਾਂ ਨੂੰ ਅਸਟੋਰੀਆਂ ਬ੍ਰਾਂਚ ਦੇ ਮੀਤ ਪ੍ਰਧਾਨ ਦੀ ਜ਼ਿੰਮੇਵਾਰੀ ਦਿੱਤੀ ਗਈ। ਬਾਅਦ ਵਿਚ ਉਹ ਸਾਨਫਰਾਂਸਿਸਕੋ ਵਿਖੇ ਸਥਿੱਤ ਪਾਰਟੀ ਦੇ ਦਫ਼ਤਰ 'ਯੁਗਾਂਤਰ ਆਸ਼ਰਮ' ਪਹੁੰਚ ਕੇ ਗ਼ਦਰ ਅਖ਼ਬਾਰ ਰਾਹੀਂ ਭਾਰਤੀ ਲੋਕਾਂ ਨੂੰ ਜਾਗਰਤ ਕਰਨ ਵਿਚ ਰੁੱਝ ਗਏ।

ਉਹਨਾਂ ਨੇ ਗ਼ਦਰ ਪਾਰਟੀ ਦੀ ਸਥਾਪਨਾ ਵਿਚ ਵਿਸ਼ੇਸ਼ ਭੂਮਿਕਾ ਨਿਭਾਈ। ਅਗਸਤ 1914 ਵਿਚ ਗ਼ਦਰ ਪਾਰਟੀ ਦੀ ਉਸ ਮੀਟਿੰਗ ਵਿਚ ਸ਼ਾਮਲ ਹੋਏ ਜਿਸ ਮੀਟਿੰਗ ਵਿਚ ਵਿਦੇਸ਼ੀ ਭਾਰਤੀਆਂ ਨੂੰ ਦੇਸ਼ ਜਾ ਕੇ ਹਥਿਆਰ-ਬੰਦ ਬਗਾਵਤ ਕਰਨ ਦਾ ਸੱਦਾ ਦਿੱਤਾ ਗਿਆ ਸੀ। ਇਸ ਮਹੀਨੇ ਦੇ ਅੰਤ ਵਿਚ ਉਹ ਭਾਰਤ ਵਿਚ ਪਹੁੰਚੇ। ਭਾਰਤ ਆਉਂਦਿਆਂ ਰਸਤੇ ਵਿਚ ਉਨ੍ਹਾਂ ਸਹਿ-ਯਾਤਰੀਆਂ ਵਿਚ ਕ੍ਰਾਂਤੀਕਾਰੀ ਰੂਹ ਫੂਕਣ ਦਾ ਜਤਨ ਕੀਤਾ। ਹਾਂਗਕਾਂਗ ਵਿਚ ਉਹਨਾਂ ਨੇ ਗੁਰਦੁਆਰੇ ਵਿਚ ਇਕੱਠ ਨੂੰ ਸੰਬੋਧਨ ਕੀਤਾ ਅਤੇ ਦੂਸਰੇ ਦੇਸ਼ਾਂ ਤੋਂ ਆ ਰਹੇ ਹਿੰਦੀਆਂ ਦੀ ਅਗਵਾਈ ਕੀਤੀ। ਉਹ ਪਾਰਟੀ ਦੀ ਕਾਰਵਾਈ ਯੋਜਨਾ ਬਣਾਉਣ ਵਾਲ਼ੀ ਕੇਂਦਰੀ ਕਮੇਟੀ ਦੇ ਮੈਂਬਰ ਚੁਣੇ ਗਏ। ਪੀਨਾਂਗ ਵਿਚ ਤਾਂ ਉਹਨਾਂ ਨੇ ਬਰਤਾਨਵੀ ਸੈਨਾ ਵਿਚ ਸ਼ਾਮਲ ਭਾਰਤੀ ਸੈਨਕਾਂ ਨੂੰ ਵਿਦਰੋਹ ਵਿਚ ਸ਼ਾਮਲ ਹੋਣ ਲਈ ਤਿਆਰ ਕਰਨ ਲਈ ਸਰਗਰਮ ਭੂਮਿਕਾ ਨਿਭਾਈ। ਜਦੋਂ ਭਾਰਤ ਦਾਖ਼ਲੇ ਸਮੇਂ ਉਹਨਾਂ ਦੇ ਜਹਾਜ਼ ਨੂੰ ਰੋਕਿਆ ਗਿਆ ਤਾਂ ਉਹ ਗਵਰਨਰ ਨਾਲ ਗੱਲ ਕਰਨ ਵਾਲ਼ੇ ਡੈਲੀਗੇਸ਼ਨ ਦੇ ਮੈਂਬਰ ਸਨ। ਉਹਨਾਂ ਨੂੰ ਸਰਕਾਰ ਨੇ ਖ਼ਤਰਨਾਕ ਆਗੂ ਸਮਝ ਕੇ ਤੁਰੰਤ ਗ੍ਰਿਫ਼ਤਾਰ ਕਰ ਲਿਆ। ਪਹਿਲਾ ਲਾਹੌਰ ਸਾਜਿਸ਼ ਕੇਸ ਜੋ 1915 ਵਿਚ ਸ਼ੁਰੂ ਹੋਇਆ, ਦੇ ਫ਼ੈਸਲੇ ਮੁਤਾਬਕ ਉਹਨਾਂ ਨੂੰ ਮੌਤ ਦੀ ਸਜ਼ਾ ਹੋਈ ਜੋ ਬਾਅਦ ਵਿਚ ਵਾਇਸਰਾਇ ਲਾਰਡ ਹਾਰਡਿੰਗ ਨੇ ਘਟਾ ਕੇ ਉਮਰ ਭਰ ਜਲਾਵਤਨੀ ਵਿਚ ਬਦਲ ਦਿੱਤੀ। 19 ਸਾਲ ਜੇਲ੍ਹ ਕੱਟ ਕੇ ਉਹ 1933 ਵਿੱਚ ਰਿਹਾਅ ਹੋਏ। ਉਸ ਤੋਂ ਬਾਅਦ ਘਰ ਬਹਿਣ ਦੀ ਥਾਂ ਕਿਸਾਨ ਲਹਿਰ ਅਤੇ ਮੋਰਚਿਆਂ ਵਿੱਚ ਭਾਗ ਲੈਂਦੇ ਰਹੇ।

ਅਜ਼ਾਦੀ ਤੋਂ ਬਾਅਦ ਉਹਨਾਂ ਦੀ ਸਿਹਤ ਬੇਹੱਦ ਕਮਜ਼ੋਰ ਹੋ ਗਈ। 1962 ਵਿੱਚ ਬਿਮਾਰ ਹੋਣ ਤੇ ਉਹਨਾਂ ਨੂੰ ਅੰਮ੍ਰਿਤਸਰ ਦੇ ਇਕ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ। ਕਿਹਾ ਜਾਂਦਾ ਹੈ ਕਿ ਇਲਾਜ ਦੌਰਾਨ ਉਹ ਹਸਪਤਾਲ ਚੋਂ ਬਿਨਾਂ ਦੱਸਿਆਂ ਹੀ ਖਿਸਕ ਗਏ ਤੇ ਮੁੜ ਉਹਨਾਂ ਨਾਲ਼ ਕੀ ਬੀਤੀ, ਕਿਸੇ ਨੂੰ ਕੋਈ ਜਾਣਕਾਰੀ ਨਹੀਂ ਹੈ।

## 21.7 ਗ਼ਦਰੀ ਬਾਬਾ ਸੁੱਚਾ ਸਿੰਘ ਚੋਹਲਾ ਸਾਹਿਬ

ਪ੍ਰਸਿੱਧ ਗ਼ਦਰੀ ਬਾਬਾ ਸੁੱਚਾ ਸਿੰਘ ਚੋਹਲਾ ਸਾਹਿਬ ਦਾ ਜਨਮ ਪਿਤਾ ਸ੍ਰ ਗੁਰਦਿੱਤ ਸਿੰਘ ਅਤੇ ਮਾਤਾ ਇੰਦਰ ਕੌਰ ਦੇ ਘਰ, 1880 ਵਿੱਚ ਇਤਿਹਾਸਕ ਨਗਰ ਚੋਹਲਾ ਸਾਹਿਬ ਵਿਖੇ ਹੋਇਆ। ਉਹਨਾਂ ਦਾ ਪਰਿਵਾਰ ਚੰਗੇ ਗੁਜ਼ਾਰੇ ਵਾਲ਼ਾ ਕਿਸਾਨ ਪਰਿਵਾਰ ਸੀ। ਉਹ ਵੇਖਣ ਨੂੰ ਸਡੌਲ਼ ਅਤੇ ਹੱਡਾਂ-ਪੈਰਾਂ ਦੇ ਖੁੱਲ੍ਹੇ ਲਗਦੇ ਸਨ। ਉਹਨਾਂ ਦੀ ਸ਼ਾਦੀ ਬੀਬੀ ਲਛਮਣ ਕੌਰ ਨਾਲ਼ ਹੋਈ ਪਰ ਉਹਨਾਂ ਦੀ ਆਪਣੀ ਕੋਈ ਸੰਤਾਨ ਨਹੀਂ ਸੀ। ਇਸ ਲਈ ਉਹਨਾਂ ਨੇ ਆਪਣੇ ਛੋਟੇ ਭਰਾ ਕਪੂਰ ਸਿੰਘ ਦੀ ਧੀ ਪ੍ਰੀਤਮ ਕੌਰ ਨੂੰ ਗੋਦ ਲੈ ਲਿਆ ਸੀ। ਉਹਨਾਂ ਨੂੰ ਬਚਪਨ ਤੋਂ ਹੀ ਘੋੜ-ਸਵਾਰੀ ਦਾ ਬੜਾ ਸ਼ੌਕ ਸੀ। ਘੋੜ ਸਵਾਰੀ ਵਿਚ ਮਾਹਰ ਹੋਣ ਕਾਰਨ ਉਹ ਜਵਾਨੀ ਵੇਲ਼ੇ 1897 ਵਿਚ ਬ੍ਰਿਟਿਸ਼ ਭਾਰਤੀ ਫੌਜ ਦੇ 23 ਵੇਂ ਰਸਾਲੇ ਵਿਚ ਬਤੌਰ ਸਵਾਰ ਭਰਤੀ ਹੋ ਗਏ। 15 ਸਾਲ ਨੌਂਕਰੀ ਕਰਨ ਪਿੱਛੋਂ ਉਹ ਰਿਜ਼ਰਵ ਪੈਨਸ਼ਨ ਆ ਗਏ ਸਨ ਪਰ 1914 ਵਿਚ ਪਹਿਲੀ ਸੰਸਾਰ ਜੰਗ ਸ਼ੁਰੂ ਹੋ ਜਾਣ ਕਾਰਨ ਉਹਨਾਂ ਨੂੰ ਦੁਬਾਰਾ ਸੱਦ ਲਿਆ ਗਿਆ। ਇੱਕ ਦਿਨ ਉਹ ਛੁੱਟੀ ਤੇ ਪਿੰਡ ਆਏ ਤਾਂ ਗ਼ਦਰ ਦੀ ਗੂੰਜ ਅਖ਼ਬਾਰ ਹੱਥ ਲੱਗ ਗਈ। ਉਹਨਾਂ ਨੇ ਗ਼ਦਰੀਆਂ ਵੱਲੋਂ ਲਿਖੀਆਂ, ਗੁਲਾਮੀ ਦੇ ਸੰਗਲਾਂ ਵਿਚ ਜਕੜੀ ਭਾਰਤ ਮਾਂ ਨੂੰ ਅਜ਼ਾਦ ਕਰਾਉਣ ਦੀਆਂ ਵਾਰਾਂ ਪੜ੍ਹੀਆਂ। ਬਜ ਬਜ ਘਾਟ ਦੇ ਖ਼ੂਨੀ ਸਾਕੇ ਬਾਰੇ ਕਹਾਣੀਆਂ ਸੁਣੀਆਂ ਤਾਂ ਉਹਨਾਂ ਦਾ ਹਿਰਦਾ ਵਲੂੰਧਰਿਆ ਗਿਆ। ਕਾਮਾਗਾਟਾ ਮਾਰੂ ਦੁਖਾਂਤ ਦਾ ਹੀਰੋ ਕਿਉਂਕਿ ਬਾਬਾ ਗੁਰਦਿੱਤ ਸਿੰਘ ਸਰਹਾਲ਼ੀ ਸੀ, ਇਸ ਕਾਰਨ ਬਜ ਬਜ ਘਾਟ ਦੇ ਇਸ ਅਣ-ਮਨੁੱਖੀ ਕਾਰੇ ਤੋਂ ਇਲਾਕੇ ਦੇ ਲੋਕ ਬੜੇ ਦੁਖੀ ਸਨ ਅਤੇ ਉਹਨਾਂ ਦੇ ਮਨ ਵਿਚ ਅੰਗਰੇਜ਼ਾਂ ਵਿਰੁੱਧ ਬੜਾ ਗੁੱਸਾ ਸੀ। ਅੰਗਰੇਜ਼ ਸਰਕਾਰ ਵਿਰੁੱਧ ਇਨਕਲਾਬ ਦੀਆਂ ਗੱਲਾਂ ਹੋਣ ਲੱਗ ਪਈਆਂ ਸਨ। ਇਹ ਸੁਣੀਆਂ-ਸੁਣਾਈਆਂ ਗੱਲਾਂ ਬਾਬਾ ਸੁੱਚਾ ਸਿੰਘ ਨੇ ਛੁੱਟੀ ਕੱਟ ਕੇ ਵਾਪਸ ਜਾ ਕੇ 23 ਵੇਂ ਰਸਾਲੇ ਦੇ ਆਪਣੇ ਦਫ਼ੇਦਾਰ ਲਛਮਣ ਸਿੰਘ ਚੂਸਲੇਵੜ ਨੂੰ ਇੰਨ ਬਿੰਨ ਦੱਸੀਆਂ। ਦਫ਼ੇਦਾਰ ਨੇ ਉਹਨੂੰ ਗ਼ਦਰੀਆਂ ਨੂੰ ਮਿਲਣ ਵਾਸਤੇ ਦੁਬਾਰਾ ਭੇਜਿਆ। ਬਾਬਾ ਜੀ ਜਾ ਕੇ ਗ਼ਦਰੀਆਂ ਨੂੰ ਮਿਲੇ ਅਤੇ ਪ੍ਰਸਿੱਧ ਗ਼ਦਰੀ ਪਰੇਮ ਸਿੰਘ ਸੁਰ ਸਿੰਘ ਨੂੰ ਨਾਲ਼ ਲਿਆ ਕੇ ਗ਼ਦਰ ਪਾਰਟੀ ਦਾ ਪ੍ਰੋਗਰਾਮ ਸਾਂਝਾ ਕਰਨ ਲਈ ਸਵਾਰਾਂ ਦੀਆਂ ਮੀਟਿੰਗਾਂ ਕਰਵਾਈਆਂ। ਇਸ ਤਰ੍ਹਾਂ ਲਹੌਰ ਛਾਉਣੀ ਵਿਚ ਰਹਿੰਦਿਆਂ ਹੀ 1914 ਵਿਚ ਉਹ ਗ਼ਦਰ ਪਾਰਟੀ ਦੇ ਸੰਪਰਕ ਵਿਚ ਆਏ।

23 ਨਵੰਬਰ ਨੂੰ ਉਹ ਤਿੰਨ ਹੋਰ ਸਾਥੀਆਂ ਨਾਲ਼ ਝਾੜ ਸਾਹਿਬ ਵਿਚ ਗ਼ਦਰੀਆਂ ਦੀ ਹੋਣ ਵਾਲ਼ੀ ਮੀਟਿੰਗ ਵਿਚ ਹਾਜ਼ਰ ਹੋਣ ਲਈ ਝਾੜ ਸਾਹਿਬ ਗਏ ਪਰ ਉੱਥੇ ਗ਼ਦਰੀ ਆਗੂਆਂ ਨਾਲ਼ ਉਹਨਾਂ ਦਾ ਮੇਲ ਨਾ ਹੋ ਸਕਿਆ। ਚੰਨਣ ਸਿੰਘ ਕਸੇਲ ਉਹਨਾਂ ਤੋਂ ਨਿੱਖੜ ਕੇ ਵਾਪਸ ਪਲਟਨ ਵਿਚ ਪਹੁੰਚ ਗਿਆ। ਬਾਬਾ ਸੁੱਚਾ ਸਿੰਘ ਹੋਰੀਂ ਝਾੜ ਸਾਹਿਬ ਦੇ ਮਹੰਤ ਬੋਘ ਸਿੰਘ ਅਤੇ ਗ਼ਦਰੀ ਕਾਲ਼ਾ ਸਿੰਘ ਭੂਰੇ ਨੂੰ ਮਿਲੇ ਪਰ ਗ਼ਦਰ ਦੀ ਤਿਆਰੀ ਬਾਰੇ ਕੋਈ ਖ਼ਬਰ ਨਾ ਮਿਲ਼ੀ। ਇਕ ਦਸੰਬਰ 1914 ਨੂੰ ਗ਼ਦਰੀਆਂ ਮਗਰ ਲੱਗੀ ਪੁਲਿਸ ਨੇ ਡੋਗਰੇ ਤੇ ਪਠਾਣ ਘੋੜ ਸਵਾਰਾਂ ਦੀ ਮਦਦ ਨਾਲ਼ ਇਹਨਾਂ ਤਿੰਨ ਅਜ਼ਾਦੀ ਪ੍ਰਵਾਨਿਆਂ ਨੂੰ ਘੇਰਾ ਪਾ ਕੇ ਕਾਬੂ ਕਰ ਲਿਆ। ਪੂਰਾ ਪਤਾ ਲੱਗਣ ਤੇ ਅਧਿਕਾਰੀਆਂ ਨੇ ਉਹਨਾਂ ਦਾ ਕੋਰਟ ਮਾਰਸ਼ਲ ਕਰਕੇ 5 ਸਾਲ ਲਈ ਜੇਲ੍ਹ ਵਿਚ ਸੁੱਟ ਦਿੱਤਾ। ਬਾਬਾ ਸੁੱਚਾ ਸਿੰਘ ਤੇ ਪਲਟਣ ਵਿਚ ਬਗਾਵਤ ਦੀ ਤਿਆਰੀ ਕਰਨ ਅਤੇ ਬਰਤਾਨੀਆਂ ਸਰਕਾਰ ਵਿਰੁੱਧ ਜੰਗ ਛੇੜਨ ਦੇ ਇਰਾਦੇ ਨਾਲ਼ ਫੌਜ ਤੋਂ ਭਗੌੜੇ ਹੋਣ ਦਾ ਦੋਸ਼ ਲਾ ਕੇ ਕਾਲ਼ੇ ਪਾਣੀ ਭੇਜਣ ਤੋਂ ਪਹਿਲਾਂ ਲਹੌਰ ਸੈਂਟਰਲ ਜੇਲ੍ਹ ਭੇਜਿਆ ਗਿਆ। ਮੁਕਦਮੇ ਦਾ ਫ਼ੈਸਲਾ ਹੋਣ ਤੇ ਉਹਨਾਂ ਨੂੰ ਉਮਰ ਕੈਦ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਦਿੱਤੀ ਗਈ। ਉਹਨਾਂ ਦਾ ਘਰ-ਬਾਹਰ, ਮਾਲ ਡੰਗਰ ਤੇ ਜ਼ਮੀਨ-ਜਾਇਦਾਦ ਸਭ ਨਿਲਾਮ ਕਰ ਦਿੱਤੇ ਗਏ। ਤਿੰਨ ਅਪ੍ਰੈਲ 1916 ਨੂੰ ਉਹਨਾਂ ਨੂੰ ਮੁਲਤਾਨ ਜੇਲ੍ਹ ਅਤੇ ਬਾਅਦ ਵਿਚ ਹਜ਼ਾਰੀ ਬਾਗ (ਬਿਹਾਰ) ਭੇਜ ਦਿੱਤਾ। ਇਹ ਜੇਲ੍ਹ ਵੀ ਕੈਦੀਆਂ ਨੂੰ ਅਣ-ਮਨੁੱਖੀ ਯਾਤਨਾਵਾਂ ਦੇਣ ਕਾਰਨ ਮਸ਼ਹੂਰ ਸੀ। ਹੱਥਾਂ ਨੂੰ ਹੱਥ-ਘੜੀ, ਪੈਰਾਂ ਨੂੰ ਡੰਡਾ-ਬੇੜੀ, ਸੁੰਡੀਆਂ ਤੇ ਕੰਕਰਾਂ ਵਾਲ਼ਾ ਖਾਣਾ, ਟੋਪੀ ਪਾਉਣ ਲਈ ਮਜਬੂਰ ਕਰਨਾ ਅਤੇ ਬੋਰੀਆਂ ਵਾਲ਼ੇ ਟਾਟਾਂ ਦੇ ਕੱਪੜੇ ਪਾਉਣ ਲਈ ਦੇਣ ਵਰਗੇ ਦੁੱਖ ਸਹਿਣੇ ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ।

ਆਖ਼ਰ ਤੰਗ ਆ ਕੇ ਬਾਬਾ ਜੀ ਨੇ ਆਪਣੇ ਸਾਥੀਆਂ ਨਾਲ਼ ਜੇਲ੍ਹ ਚੋਂ ਭੱਜ ਜਾਣ ਦੀ ਸਲਾਹ ਬਣਾਈ। 1918 ਵਿਚ ਇਕ ਹਨੇਰੀ ਰਾਤ ਨੂੰ ਉਹ ਆਪਣੀ ਜੇਲ੍ਹ ਕੋਠੜੀ ਨੂੰ ਸੰਨ੍ਹ ਲਾ ਕੇ ਬਾਹਰ ਨਿਕਲੇ, ਗਾਰਦ ਡਿਊਟੀ ਤੇ ਖੜੇ ਸਿਪਾਹੀਆਂ ਨੂੰ ਸੱਟਾਂ

ਮਾਰ ਕੇ ਉਹਨਾਂ ਦੀ ਵਰਦੀ ਲਾਹ ਕੇ, ਆਪ ਪਾਈ ਅਤੇ ਜੇਲ੍ਹ ਦੀ ਉੱਚੀ ਕੰਧ ਤੋਂ ਛਾਲ਼ਾਂ ਮਾਰ ਕੇ 18 ਗ਼ਦਰੀਆਂ ਸਮੇਤ ਦੌੜ ਗਏ। ਕੰਧ ਤੋਂ ਛਾਲ਼ ਮਾਰਦਿਆਂ ਭਾਈ ਹੀਰਾ ਸਿੰਘ ਚਰੜ ਅਤੇ ਬਾਬਾ ਜਿੰਦਰ ਸਿੰਘ ਚੌਧਰੀ ਵਾਲ਼ਾ ਸਖ਼ਤ ਜ਼ਖ਼ਮੀ ਹੋ ਗਏ ਅਤੇ ਗੰਭੀਰ ਸੱਟਾਂ ਕਾਰਨ ਤੁਰਨ-ਫਿਰਨ ਤੋਂ ਅਸਮਰਥ ਹੋ ਗਏ। ਰਾਤ ਦੇ ਹਨੇਰੇ ਵਿਚ ਕਿਸੇ ਪਿੰਡ ਦੇ ਸ਼ਮਸ਼ਾਨ ਘਾਟ ਵਿਚ ਜਾ ਕੇ ਸਾਹ ਲਿਆ ਅਤੇ ਸਿਵੇ ਦੀ ਅੱਗ ਨਾਲ਼ ਉੱਥੇ ਪਏ ਛੋਲੇ ਉਬਾਲ ਕੇ ਖਾਧੇ। ਇਸ ਤਰ੍ਹਾਂ ਦਿਨੇ ਛੁਪਦੇ ਤੇ ਰਾਤ ਨੂੰ ਤੁਰਦੇ ਤੁਰਦੇ, ਭੁੱਖ-ਤੇਹ ਸਹਿੰਦੇ  ਬਾਬਾ ਜੀ ਪੰਜਾਬ ਪਹੁੰਚ ਗਏ। ਉਹਨਾਂ ਦੇ ਕੁਝ ਸਾਥੀ ਰਸਤੇ ਵਿਚ ਫੜ੍ਹੇ ਵੀ ਗਏ। ਉਹਨਾਂ ਨੇ 19 ਸਾਲ ਰੂਪੋਸ਼ੀ ਦੀ ਹਾਲਤ ਵਿਚ ਗੁਜ਼ਾਰੇ।

ਉਹਨਾਂ ਦੀ ਗੈਰਹਾਜ਼ਰੀ ਵਿਚ ਪੁਲਿਸ ਨੇ ਬੜੀ ਸਖ਼ਤੀ ਕੀਤੀ ਜਿਸ ਕਾਰਨ ਉਹਨਾਂ ਦੀ ਪਤਨੀ ਲਛਮਣ ਕੌਰ ਅਤੇ ਭਰਜਾਈ ਬਸੰਤ ਕੌਰ ਆਪੋ ਆਪਣੇ ਪੇਕੇ ਚਲੇ ਗਈਆਂ। ਇਸ ਸਖ਼ਤੀ ਕਾਰਨ ਹੀ ਬਾਬਾ ਜੀ ਵੀ ਪਿੰਡ ਛੱਡ ਕੇ ਮਾਲਵੇ ਵਿਚ ਕਿਸੇ ਪਿੰਡ ਦੇ ਬਾਹਰ ਕੁਟੀਆ ਬਣਾ ਕੇ, ਸਾਧੂ ਦੇ ਭੇਸ ਵਿਚ ਰਹਿਣ ਲੱਗੇ ਅਤੇ ਇਨਕਲਾਬੀ ਸਰਗਰਮੀਆਂ ਵਿਚ ਰੁੱਝੇ ਰਹੇ। ਉਹਨਾਂ ਨੇ ਅੰਡਰ-ਗਰਾਊਂਡ ਰਹਿ ਕੇ ਗ਼ਦਰੀ ਸਾਹਿਤ ਅਤੇ ਸੁਨੇਹੇਂ ਪਹੁੰਚਾਉਣ ਦਾ ਕੰਮ ਜਾਰੀ ਰੱਖਿਆ। ਇੱਥੇ ਉਹਨਾਂ ਦਾ ਮੇਲ਼ ਤੇਜਾ ਸਿੰਘ ਸੁਤੰਤਰ ਨਾਲ਼ ਹੋਇਆ। 13 ਅਪ੍ਰੈਲ 1918 ਨੂੰ ਉਹ ਵਾਪਸ ਚੋਹਲੇ ਆ ਗਏ। ਸਰਕਾਰ ਨੇ ਉਹਨਾਂ ਦੇ ਸਿਰ ਤੇ 500 ਰੁਪਏ ਨਕਦ ਸਮੇਤ 5 ਮੁਰੱਬੇ ਜ਼ਮੀਨ ਦੇਣ ਦਾ ਇਨਾਮ ਰੱਖਿਆ ਹੋਇਆ ਸੀ। ਉਹਨਾਂ ਨੇ ਆਪਣੇ ਜਵਾਈ ਹਰਨਾਮ ਸਿੰਘ ਬਰਾੜ ਰਾਹੀਂ ਪੇਸ਼ ਹੋਣ ਦਾ ਮਨ ਬਣਾ ਲਿਆ। ਹਰਨਾਮ ਸਿੰਘ ਬਰਾੜ ਨੇ ਚੌਧਰੀ ਫ਼ਕੀਰ ਹੁਸੈਨ ਖ਼ਵਾਸਪੁਰ ਰਾਹੀਂ ਸਰ ਛੋਟੂ ਰਾਮ ਨਾਲ਼ ਸੰਪਰਕ ਕੀਤਾ ਪਰ ਸਰ ਛੋਟੂ ਰਾਮ ਨੇ ਕੋਈ ਰਿਆਇਤ ਦਿਵਾਉਣ ਤੋਂ ਇਨਕਾਰ ਕਰ ਦਿੱਤਾ।

ਆਖ਼ਰ ਇਕ ਪੁਲਿਸ ਅਧਿਕਾਰੀ ਰਾਹੀਂ 26 ਨਵੰਬਰ 1937 ਨੂੰ ਪੇਸ਼ ਹੋਏ ਪਰ ਉਹ ਪੁਲਿਸ ਅਫਸਰ ਲਾਲਚ ਵਿਚ ਆ ਕੇ ਬੇਈਮਾਨ ਹੋ ਗਿਆ ਅਤੇ ਗ੍ਰਿਫ਼ਤਾਰੀ ਦਿਖਾ ਕੇ ਇਨਾਮ ਲੈ ਗਿਆ। ਬਾਬਾ ਜੀ ਫਿਰ ਹਜ਼ਾਰੀ ਬਾਗ ਦੀ ਜੇਲ੍ਹ ਵਿਚ ਪਹੁੰਚ ਗਏ। 1947 ਵਿਚ ਦੇਸ਼ ਅਜ਼ਾਦ ਹੋਣ ਨਾਲ਼ ਹੀ ਕੈਦੀਆਂ ਦੀ ਆਮ ਰਿਹਾਈ ਹੋਈ ਅਤੇ ਬਾਬਾ ਜੀ ਮੁੜ ਚੋਹਲਾ ਸਾਹਿਬ ਪਹੁੰਚੇ। ਉਹਨਾਂ ਦੀ ਪਤਨੀ ਤੇ ਭਰਜਾਈ ਉਹਨਾਂ ਦੇ ਜੇਲ੍ਹ 'ਚ ਹੁੰਦਿਆਂ ਹੀ ਸਵਰਗਵਾਸ ਹੋ ਗਈਆਂ ਸਨ। 1949 ਵਿਚ ਉਹਨਾਂ ਦੇ ਮਾਤਾ ਜੀ ਵੀ ਚੜ੍ਹਾਈ ਕਰ ਗਏ। ਉਹਨਾਂ ਨੇ ਆਪਣੀ ਤਿੰਨ ਵਿਘੇ ਜ਼ਮੀਨ ਸਰਕਾਰੀ ਮਿਡਲ (ਹੁਣ ਐਲੀਮੈਂਟਰੀ) ਸਕੂਲ ਚੋਹਲਾ ਸਾਹਿਬ ਦੇ ਨਾਂ ਕਰ ਦਿੱਤੀ ਅਤੇ ਬਾਕੀ ਆਪਣੀ ਗੋਦ ਲਈ ਬੇਟੀ ਪ੍ਰੀਤਮ ਕੌਰ ਜੋ ਲਾਲ ਪੁਰੇ ਵਿਆਹੀ ਹੋਈ ਸੀ, ਨੂੰ ਸੌਂਪ ਦਿੱਤੀ। 24 ਨਵੰਬਰ 1953 ਨੂੰ ਉਹਨਾਂ ਨੇ ਅੰਤਿਮ ਸਵਾਸ ਲਏ। ਉਹਨਾਂ ਦੀ ਯਾਦ ਵਿਚ ਪਿੰਡ ਵਾਸੀਆਂ ਨੇ 'ਦੇਸ਼ ਭਗਤ ਬਾਬਾ ਸੁੱਚਾ ਸਿੰਘ ਯਾਦਗਾਰੀ ਸੁਸਾਇਟੀ, ਚੋਹਲਾ ਸਾਹਿਬ' ਦਾ ਗਠਨ ਕਰਕੇ ਉਹਨਾਂ ਦੇ ਪਰਿਵਾਰ ਵੱਲੋਂ ਦਿੱਤੀ ਗਈ ਜ਼ਮੀਨ ਤੇ ਬਾਬਾ ਜੀ ਦੀ ਯਾਦ ਵਿਚ ਜੰਗੇ ਆਜ਼ਾਦੀ ਦੇ ਇਨਕਲਾਬੀਆਂ ਦਾ ਅਜਾਇਬ-ਘਰ ਅਤੇ ਪੰਜਾਬੀ ਸਾਹਿਤ ਸਭਾ ਦੀ ਲਾਇਬ੍ਰੇਰੀ ਬਣਾਈ ਹੋਈ ਹੈ।

## 21.8 ਬਾਬਾ ਸ਼ੇਰ ਸਿੰਘ ਵੇਈਂ ਪੂਈਂ

ਬਾਬਾ ਸ਼ੇਰ ਸਿੰਘ ਵੇਈਂ ਪੂਈਂ ਦਾ ਜਨਮ 1880 ਵਿਚ ਸ੍ਰ ਕੇਸਰ ਸਿੰਘ ਦੇ ਘਰ ਤਰਨਤਾਰਨ- ਗੋਇੰਦਵਾਲ਼ ਰੋਡ ਤੇ ਪੈਂਦੇ ਪਿੰਡ ਵੇਈਂ ਪੂਈਂ ਵਿਚ ਹੋਇਆ। ਪਰਿਵਾਰ ਦਾ ਮੁੱਖ ਧੰਦਾ ਖੇਤੀਬਾੜੀ ਸੀ।ਜਵਾਨ ਹੋਏ ਤਾਂ ਘਰ ਵਿੱਚ ਘੋਰ ਗਰੀਬੀ ਹੋਣ ਕਾਰਨ ਫੌਜ ਵਿੱਚ ਭਰਤੀ ਹੋ ਗਏ। ਫੌਜ ਵਿੱਚ ਭਾਰਤੀ ਸੈਨਕਾਂ ਨਾਲ ਤਨਖ਼ਾਹ, ਸਹੂਲਤਾਂ ਦੇ ਸਵਾਲ ਤੇ ਹੁੰਦੇ ਵਿਤਕਰੇ ਅਤੇ ਅੰਗਰੇਜ਼ ਅਫਸਰਾਂ ਵੱਲੋਂ ਭਾਰਤੀ ਜਵਾਨਾਂ ਨਾਲ ਹੁੰਦੇ ਦੁਰ-ਵਿਹਾਰ ਨੂੰ ਨਾ ਸਹਾਰਦਿਆਂ ਉਹਨਾਂ ਨੇ ਫੌਜ ਦੀ ਨੌਂਕਰੀ ਛੱਡ ਦਿੱਤੀ। ਵਿਦੇਸ਼ਾਂ ਤੋਂ ਦੇਸ਼ ਪਰਤੇ ਸੈਨਕਾਂ ਤੋਂ ਵਿਦੇਸ਼ਾਂ ਵਿੱਚ ਮਿਹਨਤ-ਮੁਸ਼ੱਕਤ ਦਾ ਹਿੰਦ ਨਾਲੋਂ ਵੱਧ ਮੁੱਲ ਪੈਂਦਾ ਸੁਣ ਕੇ ਬਾਬਾ ਜੀ ਚੰਗੇ ਭਵਿੱਖ ਦੀ ਆਸ ਨਾਲ ਆਪਣੇ ਭਣਵੱਈਏ ਕੋਲ਼ ਹਾਂਗਕਾਂਗ ਪਹੁੰਚ ਗਏ। ਹਾਂਗਕਾਂਗ ਵਿਚ ਉਹਨਾਂ ਨੂੰ ਗੁਰਦੁਆਰੇ ਦੀ ਕੇਂਦਰੀ ਪ੍ਰਬੰਧਕੀ ਕਮੇਟੀ ਦਾ ਮੈਂਬਰ ਚੁਣਿਆ ਗਿਆ। ਉਹ ਹਾਂਗਕਾਂਗ ਗੁਰਦੁਆਰੇ ਵਿਚ ਗ਼ਦਰੀ ਕਵਿਤਾਵਾਂ ਪੜ੍ਹਿਆ ਕਰਦੇ ਸਨ ਅਤੇ ਗ਼ਦਰ ਪਾਰਟੀ ਦਾ ਸਾਹਿਤ ਵੰਡਿਆ ਕਰਦੇ ਸਨ ਜੋ ਸਰਕਾਰ ਵਲੋਂ ਵਿਵਰਜਿਤ ਸੀ। 1906 ਵਿਚ ਉਹਨਾਂ ਹਾਂਗਕਾਂਗ ਵਿਚ 6 ਮਹੀਨੇ ਨੌਂਕਰੀ ਕਰਕੇ ਸ਼ਿੰਘਾਈ ਵੱਲ ਚਾਲੇ ਪਾ ਦਿੱਤੇ ਅਤੇ ਕੁਝ ਚਿਰ ਬਾਅਦ ਉੱਥੋਂ ਅੱਗੇ ਵੈਨਕੂਵਰ ਪਹੁੰਚ ਗਏ। 1907 ਵਿਚ ਉਹ ਗ਼ਦਰ ਲਹਿਰ ਦੇ ਸਰਗਰਮ ਆਗੂ ਬਣ ਕੇ ਕੈਨੇਡਾ ਰਾਹੀਂ ਅਮਰੀਕਾ ਜਾ ਕੇ ਸੈਕਰਾਮੈਂਟੋ ਵਿੱਚ ਬਾਬਾ ਵਿਸਾਖਾ ਸਿੰਘ ਦਦੇਹਰ ਅਤੇ ਬਾਬਾ ਜਵਾਲਾ ਸਿੰਘ ਠੱਠੀਆਂ ਦੇ ਫਾਰਮ ਵਿੱਚ ਕੰਮ ਕਰਨ ਲੱਗੇ।ਇੱਥੇ ਰਹਿੰਦਿਆਂ ਬਾਬਾ ਜੀ ਗ਼ਦਰ ਪਾਰਟੀ ਦੇ ਸਰਗਰਮ ਵਰਕਰ ਬਣ ਗਏ।

ਇਹਨੀਂ ਦਿਨੀਂ ਆਰਥਿਕ ਮੰਦਵਾੜੇ ਕਾਰਨ ਅਮਰੀਕਾ ਦੇ ਮੂਲ ਨਿਵਾਸੀਆਂ ਨੇ ਹਿੰਦੀ ਮਜ਼ਦੂਰਾਂ ਨਾਲ ਘਿਰਣਾ ਦਾ ਮਹੌਲ ਪੈਦਾ ਕਰ ਦਿੱਤਾ ਤਾਂ ਬਾਬਾ ਜੀ ਅਮਰੀਕਾ ਛੱਡ ਕੇ ਕੈਨੇਡਾ ਚਲੇ ਗਏ।ਅੰਗਰੇਜ਼ਾਂ ਦੀ ਕੱਠਪੁਤਲੀ ਹੋਣ ਕਾਰਨ ਕੈਨੇਡਾ ਸਰਕਾਰ ਨੇ ਹਿੰਦੀ ਕਾਮਿਆਂ ਦਾ ਦਾਖ਼ਲਾ ਬੰਦ ਕਰਨ ਲਈ ਕਈ ਔਕੜਾਂ ਪੈਦਾ ਕੀਤੀਆਂ। ਇਹਨਾਂ ਹਾਲਾਤਾਂ ਵਿੱਚ ਗ਼ਦਰ ਪਾਰਟੀ ਨੇ ਹਿੰਦੁਸਤਾਨ ਨੂੰ ਅਜ਼ਾਦ ਕਰਾਉਣ ਲਈ ਵਿਚਾਰਾਂ ਕੀਤੀਆਂ।ਬਾਬਾ ਜੀ ਪਾਰਟੀ ਦੇ ਪ੍ਰਚਾਰ ਵਿਚ ਰੁੱਝ ਗਏ। ਦਸ ਹਜ਼ਾਰ ਦੇ ਕਰੀਬ ਗ਼ਦਰੀਆਂ ਨੇ ਦੇਸ਼ ਨੂੰ ਅਜ਼ਾਦ ਕਰਾਉਣ ਲਈ ਹਿੰਦ ਵੱਲ ਚਾਲੇ ਪਾ ਦਿੱਤੇ। ਬਾਬਾ ਸ਼ੇਰ ਸਿੰਘ ਨੂੰ ਵੀ ਇਕ ਗਰੁੱਪ ਲੀਡਰ ਦੀ ਜ਼ਿੰਮੇਵਾਰੀ ਦਿੱਤੀ ਗਈ ਅਤੇ ਦੇਸ਼ ਵੱਲ ਜਾਂਦਿਆ ਉਹਨਾਂ ਨੇ ਹਾਂਗਕਾਂਗ ਪਹੁੰਚ ਕੇ ਹੋਰ ਜਹਾਜ਼ਾਂ ਤੇ ਸਵਾਰ ਕ੍ਰਾਂਤੀਕਾਰੀਆਂ ਨਾਲ ਤਾਲਮੇਲ ਕੀਤਾ। ਸਿੰਘਾਪੁਰ ਤੇ ਪੀਨਾਂਗ ਵਿਚ ਉਹਨਾਂ ਨੇ ਬਰਤਾਨੀਆਂ ਦੀ ਫੌਜ ਵਿਚ ਭਾਰਤੀ ਸੈਨਕਾਂ ਨੂੰ ਬਗਾਵਤ ਕਰਨ ਲਈ ਉਤਸ਼ਾਹਤ ਕੀਤਾ। ਕਲਕੱਤਾ ਦੇ ਬਜ-ਬਜ ਘਾਟ ਤੇ ਪਹੁੰਚਦਿਆਂ ਹੀ ਬਾਬਾ ਜਵਾਲਾ ਸਿੰਘ ਠੱਠੀਆਂ ਤੇ ਭਾਈ ਨਿਧਾਨ ਸਿੰਘ ਚੁੱਘਾ ਵਰਗੇ ਪ੍ਰਸਿੱਧ ਗ਼ਦਰੀਆਂ ਨਾਲ ਉਹਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪਹਿਲੇ ਲਾਹੌਰ ਸਾਜਿਸ਼ ਕੇਸ ਵਿਚ ਉਹਨਾਂ ਨੂੰ ਉਮਰ ਭਰ ਲਈ ਜਲਾਵਤਨ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਦਿੱਤੀ ਗਈ। ਉਹਨਾਂ ਨੇ 1933 ਵਿਚ ਰਿਹਾ ਹੋਣ ਤੱਕ ਲੱਗ ਭੱਗ 18 ਵਰ੍ਹੇ ਅੰਡੇਮਾਨ ਨਿੱਕੋਬਾਰ ਦੇ ਕਾਲ਼ੇ ਪਾਣੀਆਂ ਦੀ ਜੇਲ੍ਹ ਵਿਚ ਬਿਤਾਏ। ਰਿਹਾਈ ਉਪ੍ਰੰਤ ਉਹਨਾਂ ਦਾ ਝੁਕਾਅ ਕਮਿਊਨਿਸਟ ਵਿਚਾਰਧਾਰਾ ਵੱਲ ਹੋ ਗਿਆ ਅਤੇ ਉਹ ਕਿਰਤੀ ਕਿਸਾਨ ਲਹਿਰ ਵਿਚ ਕੁੱਦ ਪਏ। ਉਹਨਾਂ ਨੇ ਕਿਰਤੀ ਪਾਰਟੀ, ਕਿਸਾਨ ਸਭਾ, ਖੇਤ ਮਜ਼ਦੂਰ ਸਭਾ ਅਤੇ ਕਮਿਊਨਿਸਟ ਪਾਰਟੀ ਉਸਾਰਨ ਵਿੱਚ ਮਹੱਤਵਪੂਰਨ ਰੋਲ ਅਦਾ ਕੀਤਾ। ਉਹ ਕਿਰਤੀ ਅਖ਼ਬਾਰ ਦੇ ਮੈਨੇਜਰ ਰਹੇ ਅਤੇ ਦੇਸ਼-ਭਗਤ ਪਰਿਵਾਰ ਸਹਾਇਕ ਕਮੇਟੀ ਦੇ ਸਰਗਰਮ ਮੈਂਬਰ ਅਤੇ ਦੇਸ਼-ਭਗਤ ਯਾਦਗਾਰ ਕਮੇਟੀ ਦੇ ਬਾਨੀ ਮੈਂਬਰ ਸਨ। ਉਹਨਾਂ ਨੇ ਰਿਹਾ ਹੋ ਕੇ ਪਿੰਡ ਖੇਤੀ ਦਾ ਕੰਮ ਕਰਦਿਆਂ ਸਮਾਜਿਕ ਉਚ-ਨੀਚ ਵਿਰੁੱਧ ਗਰੀਬ ਖੇਤ ਮਜ਼ਦੂਰਾਂ ਨੂੰ ਬਰਾਬਰ ਦਰਜਾ ਦੇ ਕੇ ਮਿਸਾਲ ਪੇਦਾ ਕੀਤੀ।

1938 ਵਿਚ ਉਹਨਾਂ ਨੂੰ ਪੰਜਾਬ ਦੀ ਯੂਨੀਅਨਿਸਟ ਸਰਕਾਰ ਦੀਆਂ ਕਿਸਾਨ ਵਿਰੋਧੀ ਨੀਤੀਆਂ ਅਤੇ ਮਾਲੀਆ ਵਧਾਉਣ ਵਿਰੁੱਧ ਪਰੋਟੈਸਟ ਕਰਦੇ ਹੋਏ ਗ੍ਰਿਫ਼ਤਾਰ ਕਰਕੇ ਸਾਲ ਭਰ ਜੇਲ੍ਹ ਵਿਚ ਰੱਖਿਆ ਗਿਆ। ਦੂਜੀ ਸੰਸਾਰ ਜੰਗ ਸ਼ੁਰੂ ਹੋਣ ਤੇ ਅੰਗਰੇਜ਼ ਸਰਕਾਰ ਨੇ ਉਹਨਾਂ ਨੂੰ ਮੁੜ ਗ੍ਰਿਫ਼ਤਾਰ ਕਰਕੇ ਦਿਓਲੀ ਜੇਲ੍ਹ (ਰਾਜਸਥਾਨ) ਭੇਜ ਦਿੱਤਾ ਜਿੱਥੋਂ ਉਹ 1943 ਵਿਚ ਰਿਹਾ ਕੀਤੇ ਗਏ। ਅਜ਼ਾਦੀ ਤੋਂ ਪਹਿਲਾਂ ਹੁੰਦੇ ਹਿੰਦੂ-ਮੁਸਲਿਮ ਫ਼ਿਰਕੂ ਦੰਗਿਆਂ ਸਮੇਂ ਉਹਨਾਂ ਨੇ ਦੋਹਾਂ ਧਿਰਾਂ ਨੂੰ ਸਮਝਾ ਕੇ ਅੰਗਰੇਜ਼ਾਂ ਨੂੰ ਦੇਸ਼ ਚੋਂ ਬਾਹਰ ਕੱਢਣ ਲਈ ਪ੍ਰਚਾਰ ਕੀਤਾ।ਅਜ਼ਾਦੀ ਤੋਂ ਬਾਅਦ ਵੀ ਉਹ ਕਿਸਾਨ ਸਭਾ ਵਿਚ ਸਰਗਰਮ ਰਹੇ ਅਤੇ ਸਰਕਾਰ ਵਿਰੁੱਧ ਕਿਸਾਨ ਮੋਰਚਿਆਂ ਵਿਚ ਹਿੱਸਾ ਲੈਂਦੇ ਰਹੇ। ਉਹ ਕਿਸਾਨਾਂ-ਮਜ਼ਦੂਰਾਂ ਦੀ ਖ਼ੁਸ਼ਹਾਲੀ ਲਈ ਕੰਮ ਕਰਦੇ ਹੋਏ 28 ਮਾਰਚ 1966 ਨੂੰ ਉਹ ਗੁਰਪੁਰੀ ਸੁਧਾਰ ਗਏ।

## 21.9 ਭਾਈ ਮੋਹਣ ਸਿੰਘ ਵੈਦ :-

ਭਾਈ ਮੋਹਣ ਸਿੰਘ ਵੈਦ ਇਕ ਪ੍ਰਭਾਵਸ਼ਾਲੀ ਸਾਹਿਤਕ ਪ੍ਰਤਿਭਾ ਦਾ ਮਾਲਕ, ਪੱਤਰਕਾਰ, ਪ੍ਰਸਿੱਧ ਵੈਦ, ਮਹਾਨ ਸਮਾਜ ਸੁਧਾਰਕ ਅਤੇ ਪ੍ਰਚਾਰਕ ਹੋਣ ਦਾ ਮਾਣ ਰੱਖਣ ਵਾਲ਼ੀ ਸ਼ਖ਼ਸੀਅਤ ਹੈ। ਉਹਨਾਂ ਦਾ ਜਨਮ ਸ੍ਰੀ ਤਰਨਤਾਰਨ ਸਾਹਿਬ ਦੀ ਧਰਤੀ ਤੇ ਸ੍ਰ ਜਰਨੈਲ ਸਿੰਘ ਵੈਦ ਦੇ ਘਰ 7 ਮਾਰਚ 1881 ਨੂੰ ਹੋਇਆ। ਮੁਢਲੀ ਵਿਦਿਆ ਉਹਨਾਂ ਨੇ ਵਿਦਿਆਲਿਆ ਤੋਂ, ਸਿੱਖ ਇਤਿਹਾਸ ਅਤੇ ਵੈਦਗੀ ਸਬੰਧੀ ਗਿਆਨ ਆਪਣੇ ਪਿਤਾ ਜੀ, ਸੰਤ ਈਸ਼ਰ ਸਿੰਘ ਵੈਦਰਾਜ ਨਿਵਾਸੀ ਮਾਣੋ ਚਾਹਲ ਅਤੇ ਪੰਡਤ ਜੈ ਦਿਆਲ ਤੋਂ ਪ੍ਰਾਪਤ ਕੀਤਾ। 13 ਸਾਲ ਦੀ ਉਮਰ ਵਿਚ ਉਹਨਾਂ ਨੇ ਵੈਦਗੀ ਸਿੱਖਣੀ ਸ਼ੁਰੂ ਕੀਤੀ ਅਤੇ ਪ੍ਰਸਿੱਧ ਵੈਦ ਸ਼ਿਵ ਦਿਆਲ ਜੀ ਤੋਂ 4 ਸਾਲ ਹੋਰ ਵੈਦਿਕ ਗਿਆਨ ਹਾਸਲ ਕੀਤਾ। ਜਵਾਨੀ ਵੇਲ਼ੇ ਹੀ ਉਹ ਸਿੰਘ ਸਭਾ ਲਹਿਰ ਵਿਚ ਸਰਗਰਮ ਹੋ ਗਏ। ਉਹਨਾਂ ਨੇ 1906 ਵਿਚ ਖ਼ਾਲਸਾ ਪ੍ਰਚਾਰਕ ਵਿਦਿਆਲਿਆ ਸਥਾਪਤ ਕੀਤਾ ਜਿਸ ਦੇ ਉਹ ਸਕੱਤਰ ਸਨ। 1906-07 ਵਿਚ ਉਹਨਾਂ ਨੇ ਧਾਰਮਿਕ ਤੇ ਸਮਾਜਿਕ ਸੁਧਾਰ ਸਬੰਧੀ ਪ੍ਰਚਾਰ ਕਰਨ ਲਈ 'ਮਾਸਕ ਦੂਖ ਨਿਵਾਰਨ' ਨਾਂ ਦਾ ਮੈਗਜ਼ੀਨ ਛਾਪਣਾ ਸ਼ੁਰੂ ਕੀਤਾ।

ਉਹਨਾਂ ਨੇ ਗੁਰਮਤਿ ਗਿਆਨ ਅਤੇ ਆਰੀਆ ਸਮਾਜ ਦੇ ਪ੍ਰਚਾਰਕਾਂ ਦੇ ਜਵਾਬ ਵਿਚ ਅਨੇਕਾਂ ਭਾਸ਼ਣ ਦਿੱਤੇ ਅਤੇ ਟ੍ਰੈਕਟ ਛਾਪੇ। ਉਹਨਾਂ ਨੇ ਸਵੈ-ਅਧਿਐਨ ਰਾਹੀਂ ਹਿੰਦੀ, ਉਰਦੂ, ਫ਼ਾਰਸੀ ਤੇ ਅੰਗਰੇਜ਼ੀ ਦਾ ਚੰਗਾ ਗਿਆਨ ਹਾਸਲ ਕੀਤਾ। ਉਹ ਖ਼ਾਲਸਾ ਵਿਦਿਆਰਥੀ ਸਭਾ, ਚੀਫ਼ ਖ਼ਾਲਸਾ ਦੀਵਾਨ, ਖ਼ਾਲਸਾ ਭੁਜੰਗੀ ਦਲ ਅਤੇ ਖ਼ਾਲਸਾ ਪ੍ਰਚਾਰਕ ਵਿਦਿਆਲਿਆ ਆਦਿ ਕਈ ਸੰਸਥਾਵਾਂ ਨਾਲ਼ ਜੁੜੇ ਹੋਏ ਸਨ। ਉਹਨਾਂ ਨੇ ਸ੍ਰੀ ਗੁਰੂ ਅਰਜਨ ਦੇਵ ਖ਼ਾਲਸਾ ਹਾਈ ਸਕੂਲ ਤਰਨਤਾਰਨ ਦੀ ਸਥਾਪਨਾ ਵਿਚ ਵੀ ਬਣਦਾ ਯੋਗਦਾਨ ਪਾਇਆ। ਸਮਾਜ-ਸੁਧਾਰ ਸਬੰਧੀ ਉਹਨਾਂ ਨੇ 43 ਪੈਂਫਲਿਟ ਛਾਪੇ ਅਤੇ ਪੰਜਾਬੀ ਸਮਾਜ ਵਿਚ ਪਾਈਆਂ ਜਾਂਦੀਆਂ ਕੁਰੀਤੀਆਂ ਖ਼ਿਲਾਫ਼ ਉਮਰ ਭਰ ਸੰਘਰਸ਼ ਅਤੇ ਪ੍ਰਚਾਰ ਕੀਤਾ। ਉਹਨਾਂ ਨੇ ਤਰਨਤਾਰਨ ਸ਼ਹਿਰ ਵਿਚੋਂ ਵੇਸ਼ਵਾਵਾਂ ਦਾ ਪੇਸ਼ਾ ਖ਼ਤਮ ਕਰਵਾਇਆ। ਗੁਰਦੁਆਰਾ ਸੁਧਾਰ ਲਹਿਰ ਦੌਰਾਨ 1924 ਅਤੇ 1926 ਵਿਚ ਸਰਕਾਰ ਨੇ ਉਹਨਾਂ ਨੂੰ ਦੋ ਵਾਰ ਗ੍ਰਿਫ਼ਤਾਰ ਕੀਤਾ। ਜੇਲ੍ਹ ਵਿਚ ਰਹਿੰਦਿਆਂ ਵੀ ਉਹ ਸਾਹਿਤ ਰਚਨਾ ਕਰਦੇ ਰਹੇ। ਉਹ 1910 ਵਿਚ ਨਗਰ ਕੌਂਸਲ ਤਰਨਤਾਰਨ ਦੇ ਮੈਂਬਰ ਚੁਣੇ ਗਏ ਅਤੇ ਅੰਤਲੇ ਦਿਨ 1936 ਤੱਕ ਮੈਂਬਰ ਰਹੇ। ਉਹਨਾਂ ਨੇ ਖ਼ਾਲਸਾ ਵਿਦਿਆਲਿਆ ਸਭਾ ਬਣਾਈ ਅਤੇ 1915 ਵਿਚ ਇਹਨੂੰ ਚੀਫ਼ ਖ਼ਾਲਸਾ ਦੀਵਾਨ ਵਿਚ ਮਰਜ ਕਰ ਦਿੱਤਾ।

1921 ਵਿਚ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਜੁੜ ਕੇ ਧਾਰਮਿਕ ਸਰਗਰਮੀਆਂ ਵਿਚ ਰੁੱਝ ਗਏ। ਉਹਨਾਂ ਨੇ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਨੂੰ ਭ੍ਰਿਸ਼ਟ ਤੇ ਵਿਭਚਾਰੀ ਮਹੰਤਾਂ ਦੇ ਕਬਜ਼ੇ ਚੋਂ ਸ਼ਾਂਤਮਈ ਢੰਗ ਨਾਲ਼ ਛਡਾਉਣ ਲਈ ਭਰਪੂਰ ਜਤਨ ਕੀਤੇ ਪਰ ਕਾਮਯਾਬ ਨਾ ਹੋਏ। ਆਖਰ ਭਾਈ ਲਛਮਣ ਸਿੰਘ ਧਾਰੋਵਾਲ਼ੀਏ ਅਤੇ ਭਾਈ ਤੇਜਾ ਸਿੰਘ ਭੁੱਚਰ ਦੀ ਅਗਵਾਈ ਹੇਠ ਸ਼ੁਰੂ ਕੀਤੇ ਸ਼ਾਂਤਮਈ ਸੰਘਰਸ਼ ਵਿਰੁੱਧ ਪੁਜਾਰੀਆਂ ਨੇ ਛਵ੍ਹੀਆਂ ਗੰਡਾਸਿਆਂ ਨਾਲ਼ ਹਮਲਾ ਕਰਕੇ 17 ਸਿੰਘ ਜ਼ਖ਼ਮੀ ਕਰ ਦਿੱਤੇ। ਦੋ ਸਿੰਘ ਗੰਭੀਰ ਜ਼ਖ਼ਮੀ ਹੋਣ ਕਾਰਨ ਸ਼ਹੀਦ ਹੋ ਗਏ ਪਰ 26 ਜਨਵਰੀ 1921 ਨੂੰ ਗੁਰਦੁਆਰੇ ਦਾ ਪ੍ਰਬੰਧ ਸਿੱਖਾਂ ਦੀ ਚੁਣੀ ਹੋਈ ਕਮੇਟੀ ਨੂੰ ਮਿਲ ਗਿਆ। ਉਹ ਪ੍ਰਕਰਮਾ ਵਿਚ ਰੋਸ਼ਨੀ ਦਾ ਪ੍ਰਬੰਧ ਕਰਨ ਲਈ ਕਈ ਵਾਰ ਅਧਿਕਾਰੀਆਂ ਨੂੰ ਮਿਲ਼ੇ। 1929 ਵਿਚ ਸਰਕਾਰ ਨੇ ਉਹਨਾਂ ਨੂੰ ਗ੍ਰਿਫ਼ਤਾਰ ਕਰਕੇ ਦੋ ਸਾਲ ਲਈ ਮੀਆਂਵਾਲ਼ੀ ਜੇਲ੍ਹ ਭੇਜ ਦਿੱਤਾ ਅਤੇ 500 ਰੁਪਏ ਜੁਰਮਾਨਾ ਕੀਤਾ ਗਿਆ। ਉਹਨਾਂ ਦੇ ਬੇਟੇ ਤ੍ਰਿਲੋਕ ਸਿੰਘ ਨੇ ਵੀ ਗੁਰੂ ਕੇ ਬਾਗ ਮੋਰਚੇ ਵਿਚ 9 ਮਹੀਨੇ ਕੈਦ ਸਮੇਤ 150 ਰੁਪਏ ਜੁਰਮਾਨੇ ਦੀ ਸਜ਼ਾ ਭੁਗਤੀ। 1925, 30 ਅਤੇ 1933 ਵਿਚ ਉਹ ਦੁਬਾਰਾ ਗੁਰਦੁਆਰਾ ਕਮੇਟੀ ਦੇ ਮੈਂਬਰ ਚੁਣੇ ਗਏ। ਉਹਨਾਂ ਨੇ ਪੰਜਾਬੀ ਭਾਸ਼ਾ ਲਈ ਸਾਹਿਤਕ ਯੋਗਦਾਨ ਪਾਉਂਦਿਆਂ ਦੰਪਤੀ ਪਿਆਰ, ਰੰਗ ਬਰੰਗੇ ਫੁੱਲ, ਕਰਮ ਯੋਗ, ਇਲਮ ਖ਼ਿਆਲ, ਦੇਵਨਾਗਰੀ ਵਿਚ ਗੁਰੂ ਗ੍ਰੰਥ ਸਾਹਿਬ, 26 ਜਰਨਲ ਅਤੇ 20000 ਪੈਂਫਲਿਟ ਛਾਪੇ। ਉਹਨਾਂ ਨੇ ਪੰਜਾਬੀ ਸਾਹਿਤ ਲਈ ਏਨੀਆਂ ਪੁਸਤਕਾਂ ਲਿਖੀਆਂ ਹਨ ਕਿ ਗਿਣਤੀ ਕਰਨੀ ਮੁਸ਼ਕਿਲ ਹੈ।

3 ਅਕਤੂਬਰ 1936 ਨੂੰ ਉਹਨਾਂ ਨੇ ਅੰਤਮ ਸਵਾਸ ਲਏ ਪਰ ਮੌਤ ਤੋਂ ਇਕ ਦਿਨ ਪਹਿਲਾਂ ਨਗਰ ਕੌਂਸਲ ਤਰਨਤਾਰਨ ਦੀ ਪ੍ਰਧਾਨਗੀ ਅਤੇ ਕਮਿਸ਼ਨਰ ਦਾ ਅਹੁਦਾ ਸਵੈ ਇੱਛਾ ਨਾਲ਼ ਛੱਡ ਦਿੱਤਾ।ਉਹਨਾਂ ਦੀ ਮੌਤ ਤੋਂ ਬਾਅਦ ਉਹਨਾਂ ਦਾ ਕੋਈ

ਬੇਟਾ ਤਰਨ ਤਾਰਨ ਨਹੀਂ ਰਹਿੰਦਾ। ਉਹਨਾਂ ਦੀ ਪੋਤਰੀ ਬੀਬੀ ਸੁਰਿੰਦਰ ਕੌਰ ਨਰੂਲਾ ਵਿਦੇਸ਼ ਤੋਂ ਕਦੇ ਕਦਾਈਂ ਜ਼ਰੂਰ ਗੇੜਾ ਮਾਰਦੀ ਰਹਿੰਦੀ ਹੈ ਅਤੇ ਯਥਾਯੋਗ ਸਹਾਇਤਾ ਕਰਦੀ ਹੈ। ਉਹਨਾਂ ਦੀ ਯਾਦ ਵਿਚ ਭਾਈ ਮੋਹਨ ਸਿੰਘ ਵੈਦ ਯਾਦਗਾਰੀ ਲਾਇਬ੍ਰੇਰੀ, ਗੰਢਾਂ ਵਾਲ਼ੀ ਧਰਮਸ਼ਾਲਾ, ਤਰਨਤਾਰਨ ਵਿਖੇ ਮੌਜੂਦ ਹੈ। ਇਸ ਲਾਇਬ੍ਰੇਰੀ ਵਿਚ ਲਗ ਭੱਗ 8000 ਕਿਤਾਬਾਂ ਹਨ ਜਿਹਨਾਂ ਤੋਂ ਇਲਾਕੇ ਦੇ ਪਾਠਕ ਗਿਆਨ ਹਾਸਲ ਕਰਦੇ ਹਨ। ਭਾਈ ਦੀਦਾਰ ਸਿੰਘ ਜੀ ਅਤੇ ਸ੍ਰ ਤਾਰਾ ਸਿੰਘ ਜੀ ਇਸ ਸਮੇਂ ਨਿਰਸਵਾਰਥ ਇਸ ਲਾਇਬ੍ਰੇਰੀ ਵਿਚ ਲਾਇਬ੍ਰੇਰੀਅਨ ਦੀ ਸੇਵਾ ਨਿਭਾ ਰਹੇ ਹਨ।

### 21.10 ਲਾਲਾ ਰਾਮ ਨਾਥ ਪੁਰੀ ਖ਼ੇਮਕਰਨ

ਹਿੰਦੁਸਤਾਨ ਦੀ ਅਜ਼ਾਦੀ ਦੀ ਲੜਾਈ ਵਿਚ ਲਾਲਾ ਰਾਮ ਨਾਥ ਪੁਰੀ ਵੀ ਇਕ ਪ੍ਰਸਿੱਧ ਹਸਤੀ ਹੋਈ ਹੈ। ਉਹਨਾਂ ਦੀ ਸੰਯੁਕਤ ਰਾਜ ਅਮਰੀਕਾ ਵਿਚ ਰਹਿੰਦਿਆਂ ਗ਼ਦਰ ਪਾਰਟੀ ਨੂੰ ਸੰਗਠਿਤ ਕਰਨ ਅਤੇ ਪਾਰਟੀ ਦੀਆਂ ਸਰਗਰਮੀਆਂ ਜਾਰੀ ਰੱਖਣ ਵਿਚ ਵਿਸ਼ੇਸ਼ ਭੂਮਿਕਾ ਰਹੀ ਹੈ। ਉਹਨਾਂ ਦਾ ਜਨਮ 21 ਸਤੰਬਰ 1881 ਨੂੰ ਪਿਤਾ ਸ੍ਰੀ ਜਵਾਲਾ ਮੱਲ ਪੁਰੀ ਦੇ ਘਰ ਪਿੰਡ ਖ਼ੇਮਕਰਨ ਵਿਚ ਹੋਇਆ ਸੀ। ਜਵਾਲਾ ਮੱਲ ਆਪ ਖ਼ੁਦ ਦੇਸ਼ ਭਗਤ ਬੰਦਾ ਸੀ। ਪੜ੍ਹਾਈ ਪੂਰੀ ਕਰਨ ਤੋਂ ਬਾਅਦ ਰਾਮ ਨਾਥ ਜੀ ਨੇ ਲਾਹੌਰ ਵਿਚ ਬੈਂਕ ਕਲਰਕ ਦੀ ਨੌਂਕਰੀ ਕੀਤੀ। ਜਲਦੀ ਹੀ ਉਹ ਅੰਗਰੇਜ਼ ਸਰਕਾਰ ਵਿਰੁੱਧ ਪ੍ਰਚਾਰ ਮੁਹਿੰਮ ਵਿਚ ਜੁੱਟ ਗਏ। ਉਹਨਾਂ ਨੇ ਬ੍ਰਿਟਿਸ਼ ਸਰਕਾਰ ਦੀ ਅਲੋਚਨਾ ਕਰਦੇ ਹੋਏ ਦੋ ਪੈਂਫਲਿਟ ਛਾਪੇ ਜਿਹਨਾਂ ਦੇ ਕਾਰਨ ਉਹਨਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਪੈਂਫਲਿਟ ਜ਼ਬਤ ਕਰਨ ਅਤੇ ਪੁਲਿਸ ਦੇ ਮਾੜੇ ਵਰਤਾਓ ਦੇ ਸਿੱਟੇ ਵਜੋਂ ਉਹਨਾਂ ਨੂੰ 1906 ਵਿਚ ਅਮਰੀਕਾ ਜਾਣਾ ਪਿਆ। ਉਹ ਆਪਣੀ ਪਤਨੀ ਨੂੰ ਵੀ ਨਾਲ਼ ਲੈ ਗਏ। ਅਮਰੀਕਾ ਦੇ ਸਟੇਟ ਕੈਲੇਫ਼ੋਰਨੀਆ ਵਿਚ ਪੈਰ ਜਮਾ ਕੇ ਉਹਨਾਂ ਨੇ 1907 ਵਿਚ ਅਮਰੀਕਾ ਵਿਚ ਰਹਿੰਦੇ ਭਾਰਤੀਆਂ ਨੂੰ ਇਕਮੁੱਠ ਕਰਨ ਲਈ ਹਿੰਦੋਸਤਾਨ ਐਸੋਸੀਏਸ਼ਨ ਨਾਂ ਦੀ ਸੰਸਥਾ ਬਣਾਈ ਅਤੇ ਉਰਦੂ ਵਿਚ ਇਕ “ਸਰਕੂਲਰ-ਏ-ਅਜ਼ਾਦੀ” ਨਾਂ ਦਾ ਪਰਚਾ ਕੱਢਿਆ। ਇਸ ਪਰਚੇ ਰਾਹੀਂ ਉਹਨਾਂ ਨੇ ਬਸਤੀਵਾਦ ਵਿਰੁੱਧ, ਭਾਰਤੀਆਂ ਨੂੰ ਸਵੈ-ਸਾਸ਼ਨ ਦਾ ਹੱਕ ਦੇਣ, ਇੰਗਲੈਂਡ ਦੇ ਬਾਦਸ਼ਾਹ ਦੀ ਅਧੀਨਗੀ ਨਾ ਮੰਨਣ, ਸਵਦੇਸ਼ੀ ਵਸਤਾਂ ਦਾ ਉਪਯੋਗ ਕਰਨ ਅਤੇ ਹੋਰਨਾਂ ਦੇਸ਼ਾਂ ਵਿਚ ਚਲਦੀਆਂ ਅਜ਼ਾਦੀ ਲਹਿਰਾਂ ਬਾਰੇ ਪ੍ਰਚਾਰ ਕੀਤਾ।

1910 ਵਿਚ ਉਹਨਾਂ ਨੇ ਓਕਲੈਂਡ ਵਿਚ ਕੁਝ ਜ਼ਮੀਨ ਖ਼ਰੀਦੀ। 1917 ਵਿਚ ਉਹ ਅਮਰੀਕਾ ਦੇ ਨਾਗਰਿਕ ਬਣ ਗਏ ਅਤੇ ਰਫ਼ੀਕ-ਏ-ਹਿੰਦੀ ਨਾਂ ਦਾ ਪਰਚਾ ਕੱਢਣਾ ਸ਼ੁਰੂ ਕੀਤਾ। ਦਹਾਕਿਆਂ ਬੱਧੀ ਬਨਵਾਸ ਭੋਗਣ ਤੋਂ ਬਾਅਦ ਰਾਮ ਨਾਥ ਜੀ ਅਜ਼ਾਦੀ ਤੋਂ ਪਹਿਲਾਂ ਇਕ ਵਾਰ ਭਾਰਤ ਪਰਤੇ ਪਰ ਛੇਤੀ ਹੀ ਵਾਪਸ ਅਮਰੀਕਾ ਦੇ ਸ਼ਹਿਰ ਲੌਸ ਐਂਜਲੇਸ ਜਾ ਵੱਸੇ। ਉੱਥੇ ਹੀ 1974 ਵਿਚ ਉਹਨਾਂ ਦੀ ਮੌਤ ਹੋ ਗਈ। ਉਹਨਾਂ ਦਾ ਬੇਟਾ ਉੱਥੇ ਆਪਣਾ ਬਿਜ਼ਨਸ ਕਰਦਾ ਹੈ ਅਤੇ ਇਕ ਧੀ ਕੈਲੇਫ਼ੌਰਨੀਆ ਸਰਕਾਰ ਦੀ ਨੌਂਕਰੀ ਕਰਦੀ ਹੈ।

### 21.11 ਸ੍ਰ ਤੇਜਾ ਸਿੰਘ ਸਮੁੰਦਰੀ

ਸਿੱਖਾਂ ਦੇ ਪ੍ਰਸਿੱਧ ਆਗੂ ਸ੍ਰ ਤੇਜਾ ਸਿੰਘ ਸਮੁੰਦਰੀ ਜਿਹਨਾਂ ਦੇ ਨਾਂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਦਫ਼ਤਰ ਵਿਚ ਸ੍ਰ ਤੇਜਾ ਸਿੰਘ ਸਮੁੰਦਰੀ ਹਾਲ ਬਣਿਆ ਹੋਇਆ ਹੈ, ਦਾ ਜਨਮ 20 ਫ਼ਰਵਰੀ 1882 ਨੂੰ ਪਿੰਡ ਬੁਰਜ ਰਾਏ ਕਾ ਤਹਿਸੀਲ ਤੇ ਜਿਲ੍ਹਾ ਤਰਨਤਾਰਨ ਵਿਖੇ ਪਿਤਾ ਰਿਸਾਲਦਾਰ ਮੇਜਰ ਸ੍ਰ ਦੇਵਾ ਸਿੰਘ ਅਤੇ ਮਾਤਾ ਨੰਦ ਕੌਰ ਦੇ

ਘਰ ਹੋਇਆ। ਜਦੋਂ ਅੰਗਰੇਜ਼ਾਂ ਨੇ ਬਾਰਾਂ ਅਬਾਦ ਕੀਤੀਆਂ ਤਾਂ ਉਹਨਾਂ ਦੇ ਪਰਿਵਾਰ ਨੂੰ ਲਾਇਲਪੁਰ ਜਿਲ੍ਹੇ ਦੇ ਪਿੰਡ ਸਮੁੰਦਰੀ ਵਿਚ 140 ਮੁਰੱਬੇ ਜ਼ਮੀਨ ਅਲਾਟ ਹੋਈ ਸੀ। ਉਸ ਦੇ ਪਿਤਾ ਜੀ ਇਸ ਪਿੰਡ ਦੇ ਮੁਖੀਆ (ਸਰਪੰਚ) ਸਨ। ਇਸ ਕਾਰਨ ਉਹਨਾਂ ਦੇ ਨਾਂ ਨਾਲ ਸ਼ਬਦ 'ਸਮੁੰਦਰੀ' ਜੁੜ ਗਿਆ। ਉਹਨਾਂ ਨੇ ਪੰਜਵੀਂ ਤੱਕ ਦੀ ਮੁਢਲੀ ਪੜ੍ਹਾਈ ਹਾਸਲ ਕੀਤੀ ਅਤੇ ਜਵਾਨੀ ਦੀ ਉਮਰ ਵਿਚ ਬ੍ਰਿਟਿਸ਼ ਭਾਰਤੀ ਸੈਨਾ ਦੇ 22 ਵੇਂ ਘੋੜ ਸਵਾਰ ਰਿਸਾਲੇ ਵਿਚ ਦਫ਼ੇਦਾਰ ਭਰਤੀ ਹੋ ਗਏ।

ਫੌਜੀ ਜੀਵਨ ਤੋਂ ਅੱਕ ਕੇ ਸਾਢੇ ਤਿੰਨ ਸਾਲ ਬਾਅਦ ਉਹਨਾਂ ਨੇ ਨੌਕਰੀ ਛੱਡ ਦਿੱਤੀ ਅਤੇ ਖੇਤੀ ਦੇ ਕੰਮ ਨਾਲ ਸਿੱਖ ਧਰਮ ਸਬੰਧੀ ਧਾਰਮਿਕ ਤੇ ਸਮਾਜਿਕ ਗਤੀਵਿਧੀਆਂ ਵਿਚ ਖੁਭ ਗਏ। ਉਹਨਾਂ ਨੇ ਚੀਫ਼ ਖ਼ਾਲਸਾ ਦੀਵਾਨ ਸਥਾਪਤ ਕਰਨ ਵਿੱਚ ਸਰਗਰਮ ਰੋਲ ਅਦਾ ਕੀਤਾ ਅਤੇ ਸਰਹਾਲ਼ੀ ਤੇ ਲਾਇਲਪੁਰ ਵਿੱਚ ਖ਼ਾਲਸਾ ਹਾਈ ਸਕੂਲ ਖੋਲ੍ਹੇ। ਉਹਨਾਂ ਨੇ ਲਾਇਲਪੁਰ ਵਿੱਚ ਵੀ ਖ਼ਾਲਸਾ ਦੀਵਾਨ ਦੀ ਸ਼ਾਖਾ ਖੋਲ੍ਹੀ ਅਤੇ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਸਥਾਪਤ ਕਰਨ ਵਿਚ ਉੱਘਾ ਯੋਗਦਾਨ ਪਾਇਆ। ਉਹਨਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਇਮ ਕਰਨ ਲਈ ਜ਼ੋਰਦਾਰ ਜਤਨ ਕੀਤੇ। ਪਿੱਛੋਂ ਉਹ ਇਸ ਦੇ ਮੀਤ ਪ੍ਰਧਾਨ ਵੀ ਰਹੇ। ਗੁਰਦੁਆਰਾ ਸੁਧਾਰ ਲਹਿਰ ਵਿਚ ਉਹਨਾਂ ਨੇ ਕੇਂਦਰੀ ਰੋਲ ਨਿਭਾਇਆ ਅਤੇ ਗੁਰਦੁਆਰਾ ਰਕਾਬਗੰਜ ਦੀ ਢਾਹੀ ਗਈ ਕੰਧ ਮੁੜ ਉਸਾਰਨ ਲਈ ਉਦਮ ਕੀਤੇ। 1921-22 ਦੇ ਚਾਬੀਆਂ ਦੇ ਮੋਰਚੇ ਲਈ ਐਜੀਟੇਸ਼ਨ ਕੀਤੀ ਅਤੇ ਜੇਲ੍ਹ ਯਾਤਰਾ ਵੀ ਕੀਤੀ। ਗੁਰੂ ਕੇ ਬਾਗ ਦੇ ਮੋਰਚੇ ਵਿਚ ਉਹਨਾਂ ਦੀ ਦੋ ਵਾਰ ਗ੍ਰਿਫ਼ਤਾਰੀ ਹੋਈ ਅਤੇ ਕੈਦ ਨਾਲ਼ ਜਾਇਦਾਦ ਜ਼ਬਤੀ ਦੀ ਸਜ਼ਾ ਭੁਗਤਣੀ ਪਈ। ਗੁਰਦੁਆਰਾ ਨਨਕਾਣਾ ਸਾਹਿਬ ਨੂੰ ਮਹੰਤਾਂ ਤੋਂ ਅਜ਼ਾਦ ਕਰਾਉਣ ਲਈ ਜਥੇ ਤਿਆਰ ਕਰਨ ਵਿਚ ਉਹਨਾਂ ਨੇ ਮੋਹਰੀ ਰੋਲ ਅਦਾ ਕੀਤਾ।

ਜੈਤੋ ਦੇ ਮੋਰਚੇ ਸਮੇਂ ਜਦੋਂ ਉਹਨਾਂ ਸਮੇਤ ਕੁਝ ਅਕਾਲੀ ਆਗੂਆਂ ਨੂੰ ਅੰਮ੍ਰਿਤਸਰ ਜੇਲ੍ਹ ਤੋਂ ਬਦਲ ਕੇ ਲਾਹੌਰ ਸੈਂਟਰਲ ਜੇਲ੍ਹ ਭੇਜਿਆ ਗਿਆ ਤਾਂ ਸਰਕਾਰ ਨੇ ਕੁਝ ਸ਼ਰਤਾਂ ਅਧੀਨ ਰਿਹਾਅ ਕਰਨ ਦੀ ਤਜਵੀਜ਼ ਪੇਸ਼ ਕੀਤੀ। ਭਾਈ ਮਹਿਤਾਬ ਸਿੰਘ ਤੇ 19 ਹੋਰ ਆਗੂ ਸ਼ਰਤਾਂ ਮੰਨ ਕੇ ਰਿਹਾਅ ਹੋ ਗਏ ਪਰ ਸ੍ਰ ਤੇਜਾ ਸਿੰਘ ਸਮੁੰਦਰੀ ਤੇ ਮਾਸਟਰ ਤਾਰਾ ਸਿੰਘ ਸਮੇਤ 15 ਅਕਾਲੀ ਆਗੂਆਂ ਨੇ ਸਰਕਾਰ ਦੀਆਂ ਸ਼ਰਤਾਂ ਮੰਨਣ ਤੋਂ ਇਨਕਾਰ ਕਰ ਦਿੱਤਾ। ਇਸ ਦੌਰਾਨ 17 ਜੁਲਾਈ 1926 ਨੂੰ ਲਹੌਰ ਦੇ ਸ਼ਾਹੀ ਕਿਲ੍ਹੇ ਵਾਲੀ ਜੇਲ੍ਹ ਵਿਚ ਦਿਲ ਦਾ ਦੌਰਾ ਪੈਣ ਕਾਰਨ ਸਮੁੰਦਰੀ ਜੀ ਅਕਾਲ ਚਲਾਣਾ ਕਰ ਗਏ। ਉਹਨਾਂ ਦੇ ਜਾਣ ਨਾਲ਼ ਸਿੱਖ ਜਗਤ ਨੂੰ ਅਥਾਹ ਘਾਟਾ ਪਿਆ ਹੈ। ਉਹਨਾਂ ਦੀ ਯਾਦ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ 'ਸ੍ਰ ਤੇਜਾ ਸਿੰਘ ਸਮੁੰਦਰੀ ਹਾਲ' ਦੀ ਉਸਾਰੀ ਕਰਕੇ ਉਹਨਾਂ ਦੀ ਯਾਦ ਨੂੰ ਤਾਜ਼ਾ ਕੀਤਾ ਹੈ। 1969 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਕਾਇਮ ਹੋਣ ਤੇ ਉਹਨਾਂ ਦੇ ਸਪੁੱਤਰ ਸ੍ਰ ਬਿਸ਼ਨ ਸਿੰਘ ਸਮੁੰਦਰੀ ਨੂੰ ਇਸ ਦਾ ਪਹਿਲਾ ਵਾਈਸ ਚਾਂਸਲਰ ਨਿਯੁਕਤ ਕੀਤਾ ਗਿਆ ਜਿਹਨਾਂ ਨੇ 10 ਸਾਲ ਇਸ ਆਹੁਦੇ ਤੇ ਸਫ਼ਲਤਾਪੂਰਵਕ ਕੰਮ ਕੀਤਾ।ਉਹਨਾਂ ਦਾ ਪੜਪੋਤਾ ਸ੍ਰ ਤਰਨਜੀਤ ਸਿੰਘ ਸੰਧੂ ਅਮਰੀਕਾ ਵਿਚ ਭਾਰਤ ਦਾ ਰਾਜਦੂਤ ਰਿਹਾ ਹੈ।

### 21.12 ਮਾਸਟਰ ਊਧਮ ਸਿੰਘ ਕਸੇਲ

ਭਾਈ ਊਧਮ ਸਿੰਘ ਕਸੇਲ ਗ਼ਦਰ ਲਹਿਰ ਦਾ ਉੱਘਾ ਹਸਤਾਖ਼ਰ ਸੀ। ਉਸ ਦਾ ਜਨਮ 15 ਮਾਰਚ 1882 ਨੂੰ ਪਿਤਾ ਸ੍ਰ ਮੇਵਾ ਸਿੰਘ ਅਤੇ ਮਾਤਾ ਹੁਕਮ ਕੌਰ ਦੇ ਘਰ ਪਿੰਡ ਕਸੇਲ ਵਿਖੇ ਹੋਇਆ। ਛੋਟੇ ਹੁੰਦਿਆਂ ਮਾਪਿਆਂ ਨੇ ਉਹਨੂੰ ਖੇਤੀ ਦੇ ਧੰਦੇ ਨਾਲ਼ ਡੰਗਰ ਚਾਰਨ ਲਾ ਦਿੱਤਾ ਅਤੇ ਇਸ ਕਾਰਨ ਉਹ ਸਕੂਲ ਸਿੱਖਿਆ ਪ੍ਰਾਪਤ ਨਾ ਕਰ ਸਕਿਆ। 1907 ਵਿਚ ਉਹ ਕਮਾਈ ਦੇ ਚੰਗੇ ਮੌਕੇ ਦੀ ਭਾਲ ਵਿਚ

ਘਰ ਛੱਡ ਕੇ ਵਿਦੇਸ਼ ਚਲਾ ਗਿਆ। ਪਹਿਲਾਂ ਪੀਨਾਂਗ ਤੇ ਫਿਰ ਮਲਾਇਆ ਚਲੇ ਗਿਆ। ਉੱਥੇ ਉਹਨੇ ਸਿਗਨਲਰ ਦੀ ਨੌਂਕਰੀ ਕੀਤੀ ਅਤੇ ਅੰਗਰੇਜ਼ੀ ਤੇ ਮਲਾਈ ਭਾਸ਼ਾ ਦਾ ਗਿਆਨ ਹਾਸਲ ਕੀਤਾ। ਕੁਝ ਚਿਰ ਬਾਅਦ ਉਹ ਮਲਾਇਆ ਛੱਡ ਕੇ ਅਮਰੀਕਾ ਪਹੁੰਚ ਗਿਆ ਅਤੇ ਓਰੇਗਨ ਦੀ ਇਕ ਆਰਾ ਮਿੱਲ ਵਿਚ ਕੰਮ ਕਰਨ ਲੱਗਾ। ਇੱਥੇ ਉਹਦਾ ਸੰਪਰਕ ਬਾਬਾ ਸੋਹਨ ਸਿੰਘ ਭਕਨਾ, ਬਾਬਾ ਵਿਸਾਖਾ ਸਿੰਘ ਦਦੇਹਰ ਸਾਹਿਬ ਅਤੇ ਜਵਾਲਾ ਸਿੰਘ ਠੱਠੀਆਂ ਵਰਗੇ ਗ਼ਦਰੀ ਆਗੂਆਂ ਨਾਲ ਜੁੜ ਗਿਆ। ਸਹਿਜੇ ਸਹਿਜੇ ਉਹ ਗ਼ਦਰੀ ਸਰਗਰਮੀਆਂ ਵਿਚ ਡੂੰਘਾ ਖੁਭ ਗਿਆ। ਉਹਨੇ ਵਲੰਟੀਅਰਾਂ ਨੂੰ ਸਿਖਲਾਈ ਦੇਣ ਲਈ ਮਿਲਟਰੀ ਟਰੇਨਰ ਦੀ ਜ਼ਿੰਮੇਵਾਰੀ ਨਿਭਾਈ।

1914 ਵਿਚ ਉਹਨੇ ਗ਼ਦਰ ਪਾਰਟੀ ਦੇ ਪ੍ਰੋਗਰਾਮ ਮੁਤਾਬਕ ਗ਼ਦਰੀਆਂ ਦੇ ਇਕ ਟੋਲੇ ਦੀ ਭਾਰਤ ਪਹੁੰਚਣ ਵਿਚ ਅਗਵਾਈ ਕੀਤੀ। 1915 ਵਿਚ ਉਹ ਜੇਹਲਮ ਤੇ ਹੋਤੀ ਮਰਦਾਨ ਵਿਚ ਸਰਗਰਮ ਸੀ। ਗ੍ਰਿਫ਼ਤਾਰੀ ਉਪ੍ਰੰਤ ਉਹਨੂੰ ਲਾਹੌਰ ਸਾਜਿਸ਼ ਕੇਸ ਵਿਚ ਉਮਰ ਭਰ ਜਲਾਵਤਨੀ ਤੇ ਜਾਇਦਾਦ ਜਬਤ ਕਰਨ ਦੀ ਸਜ਼ਾ ਦਿੱਤੀ ਗਈ। ਜੇਲ੍ਹ ਬਦਲੀ ਕਰਦੇ ਸਮੇਂ 1922 ਵਿੱਚ ਉਹ ਪੁਲਿਸ ਦੀ ਕਸਟੋਡੀ ਚੋਂ ਖਿਸਕ ਗਿਆ। ਕੁਝ ਸਫ਼ਰ ਪੈਦਲ ਅਤੇ ਕੁਝ ਰੇਲ ਗੱਡੀ ਰਾਹੀਂ ਕਰਕੇ ਉਹ ਪਿਆਰਾ ਸਿੰਘ ਲੰਗੇਰੀ ਕੋਲ਼ ਹੁਸ਼ਿਆਰਪੁਰ ਪਹੁੰਚਾ। ਇੱਥੇ ਕੁਝ ਦਿਨ ਰਹਿ ਕੇ ਉਹਨੇ ਅਫ਼ਗਾਨਿਸਤਾਨ ਜਾਣ ਦਾ ਫ਼ੈਸਲਾ ਕੀਤਾ ਅਤੇ ਕਾਬਲ ਪਹੁੰਚ ਕੇ ਉਹਨੇ ਗ਼ਦਰ ਪਾਰਟੀ ਦਾ ਕੇਂਦਰ ਸਥਾਪਤ ਕੀਤਾ। ਉੱਥੇ ਰਹਿ ਕੇ ਉਹਨੇ ਭਾਰਤੀ ਕ੍ਰਾਂਤੀਕਾਰੀਆਂ ਅਤੇ ਅਫਗਾਨ ਆਗੂਆਂ ਵਿਚਕਾਰ ਕੜੀ ਦਾ ਕੰਮ ਕੀਤਾ। ਉਹਨੇ ਉੱਥੇ ਸੋਵੀਅਤ ਪ੍ਰਤੀਨਿਧਾਂ ਨਾਲ਼ ਵੀ ਸਬੰਧ ਬਣਾਏ। ਅੁੱਥੇ ਰਹਿੰਦੇ ਹਿੰਦੂ-ਸਿੱਖਾਂ ਦੇ ਬੱਚਿਆਂ ਨੂੰ ਪੜ੍ਹਾਉਣ ਕਾਰਨ ਉਹਦੇ ਨਾਂ ਨਾਲ 'ਮਾਸਟਰ' ਸ਼ਬਦ ਜੁੜ ਗਿਆ। ਉਹ ਹਰ ਸਾਲ ਕਾਬਲ ਤੋਂ ਅੰਮ੍ਰਿਤਸਰ ਆਇਆ ਕਰਦਾ ਸੀ। 1925 ਵਿਚ ਆਖ਼ਰੀ ਵਾਰ ਜਦੋਂ ਵਾਪਸ ਗਿਆ ਤਾਂ ਰਸਤਾ ਭਟਕ ਜਾਣ ਕਾਰਨ ਜੰਗਲ਼ੀ ਇਲਾਕੇ ਵਿੱਚ ਦੋ ਲੁਟੇਰੇ ਪਠਾਨਾਂ ਨੇ ਉਹਨੂੰ ਗੋਲ਼ੀ ਮਾਰ ਦਿੱਤੀ। ਕਿਹਾ ਜਾਂਦਾ ਹੈ ਕਿ ਜਦੋਂ ਸਥਾਨਕ ਲੋਕਾਂ ਨੂੰ ਪਤਾ ਲੱਗਾ ਤਾਂ ਉਹਨਾਂ ਨੇ ਗੁੱਸੇ ਵਿੱਚ ਪਠਾਨਾਂ ਦੇ ਪਿੰਡ ਨੂੰ ਅੱਗ ਲਾ ਕੇ ਸਾੜ ਦਿੱਤਾ। ਸਦੀਵੀ ਵਿਛੋੜਾ ਦੇ ਜਾਣ ਤੱਕ ਭਾਰਤ ਮਾਂ ਦਾ ਮਹਾਨ ਸਪੂਤ ਮਾਸਟਰ ਊਧਮ ਸਿੰਘ ਗੁਪਤ ਤੌਰ ਤੇ ਪੰਜਾਬ ਦੇ ਕ੍ਰਾਂਤੀਕਾਰੀਆਂ ਨੂੰ ਵੀ ਅਗਵਾਈ ਦੇਂਦਾ ਰਿਹਾ।

**21.13 ਸੋਹਨ ਸਿੰਘ ਪੁੱਤਰ ਸ੍ਰ ਜਵੰਧ ਸਿੰਘ** ਦਾ ਜਨਮ 1882 ਵਿਚ ਖਡੂਰ ਸਾਹਿਬ ਦੀ ਪਾਵਨ ਧਰਤੀ ਤੇ ਹੋਇਆ। ਇਹਨਾਂ ਨੇ ਅਜ਼ਾਦੀ ਲਹਿਰ ਵਿਚ ਬਹੁਤ ਕਸ਼ਟ ਸਹਾਰੇ। 1919 ਵਿਚ ਜੱਲ੍ਹਿਆਂ ਵਾਲੇ ਬਾਗ ਦੇ ਸਾਕੇ ਵਿਚ ਹਿੱਸਾ ਲਿਆ। ਅਕਾਲੀ ਲਹਿਰ ਦੌਰਾਨ ਗੁਰੂ ਕੇ ਬਾਗ ਮੋਰਚੇ ਵਿਚ ਗ੍ਰਿਫ਼ਤਾਰੀ ਹੋਈ। ਸਿਆਲਕੋਟ ਵਿਚ 100 ਸਿੰਘਾਂ ਦੇ ਜਥੇ ਸਮੇਤ ਗ੍ਰਿਫ਼ਤਾਰ ਹੋਏ। ਇਹਨਾਂ ਨੇ ਅਨੇਕਾਂ ਵਾਰ ਜੇਲ੍ਹ ਯਾਤਰਾ ਕੀਤੀ। ਗੁਰੂ ਕੇ ਬਾਗ ਮੋਰਚੇ ਵਿਚ 6 ਮਹੀਨੇ ਕੈਦ ਸਮੇਤ 150 ਰੁਪਏ ਜੁਰਮਾਨੇ ਦੀ ਸਜ਼ਾ ਅਤੇ ਗ਼ੈਰ-ਕਨੂੰਨੀ ਸਰਗਰਮੀਆਂ ਕਾਰਨ 2 ਸਾਲ 3 ਮਹੀਨੇ ਕੈਦ ਅਤੇ 250 ਰੁਪਏ ਜੁਰਮਾਨੇ ਦੀ ਸਜ਼ਾ ਭੁਗਤੀ। ਇਕ ਵਾਰ ਹੱਤਕ ਇਜ਼ਤ ਦੇ ਕੇਸ ਵਿਚ ਵੀ 2 ਸਾਲ ਦੀ ਕੈਦ ਹੋਈ।

### 21.14 ਸੋਹਨ ਲਾਲ ਪਾਠਕ ਪੱਟੀ

ਸ਼ਹੀਦ ਸਾਥੀ ਸੋਹਨ ਲਾਲ ਪਾਠਕ ਦਾ ਜਨਮ 7 ਜਨਵਰੀ 1883 ਨੂੰ ਪੰਡਤ ਚੰਦਾ ਰਾਮ ਅਤੇ ਮਾਤਾ ਕਿਰਪਾ ਦੇਵੀ ਦੇ ਘਰ ਪੱਟੀ (ਤਰਨਤਾਰਨ) ਵਿਖੇ ਹੋਇਆ। ਉਹਨਾਂ ਦਾ ਚਾਰ ਭੈਣ ਭਰਾਵਾਂ ਵਾਲ਼ਾ ਪਰਿਵਾਰ ਸੀ ਪਰ ਜ਼ਮੀਨ ਦੀ ਮਾਲਕੀ ਕੇਵਲ ਡੇਢ ਵਿਘਾ ਸੀ। ਘਰ ਦਾ ਗੁਜ਼ਾਰਾ ਮੁਸ਼ਕਲ ਨਾਲ ਚੱਲਦਾ ਸੀ। ਸੋਹਨ ਲਾਲ ਨੇ ਪੰਜਵੀਂ ਜਮਾਤ ਪੱਟੀ ਤੋਂ ਪਾਸ ਕੀਤੀ ਤੇ ਮਿਡਲ ਹੁਸ਼ਿਆਰ ਪੁਰ ਤੋਂ ਦੋ ਰੁਪਏ ਮਹੀਨਾ ਸਰਕਾਰੀ ਵਜੀਫ਼ੇ ਨਾਲ ਕੀਤੀ। ਉਹਨਾਂ ਨੇ ਸੰਸਕ੍ਰਿਤ, ਉਰਦੂ, ਪੰਜਾਬੀ ਤੇ ਫਾਰਸੀ ਦਾ ਚੰਗਾ ਗਿਆਨ ਪ੍ਰਾਪਤ ਕੀਤਾ ਅਤੇ ਪਰਿਵਾਰਕ ਭਾਰ ਵੰਡਾਉਣ ਲਈ ਪੜ੍ਹਾਈ ਛੱਡ ਕੇ 6 ਰੁਪਏ ਮਹੀਨਾ ਤਨਖ਼ਾਹ ਤੇ ਨਗਰ

ਪਾਲਕਾ ਦੇ ਸਿੰਚਾਈ ਵਿਭਾਗ ਵਿਚ ਨੌਂਕਰੀ ਕਰ ਲਈ। ਕੁਝ ਚਿਰ ਬਾਅਦ ਨਾਰਮਲ ਟਰੇਨਿੰਗ ਸਕੂਲ ਲਹੌਰ ਤੋਂ ਜੂਨੀਅਰ ਪਾਸ ਕਰਕੇ ਅਜਨਾਲਾ ਵਰਨੈਕੂਲਰ ਸਕੂਲ ਵਿਚ 8 ਰੁਪਏ ਮਾਸਕ ਤਨਖ਼ਾਹ ਤੇ ਟੀਚਰ ਲੱਗ ਗਏ। ਉਹਨਾਂ ਦਾ ਵਿਆਹ ਕਲਾਨੌਰ ਜਿਲ੍ਹਾ ਗੁਰਦਾਸ ਪੁਰ ਦੀ ਰਹਿਣ ਵਾਲ਼ੀ ਲਕਸ਼ਮੀ ਦੇਵੀ ਨਾਲ ਹੋਇਆ ਪਰ ਪਹਿਲੇ ਬੱਚੇ ਦੇ ਜਨਮ ਵੇਲ਼ੇ ਹੀ ਉਹਦੀ ਮੌਤ ਹੋ ਗਈ। ਸੀਨੀਅਰ ਟਰੇਨਿੰਗ ਵਿਚ ਦਾਖ਼ਲਾ ਹੁੰਦਿਆਂ ਹੀ ਉਹਨਾਂ ਨੂੰ 10 ਰੁਪਏ ਮਹੀਨਾ ਵਜੀਫ਼ਾ ਮਿਲ ਗਿਆ। ਸੀਨੀਅਰ ਪਾਸ ਕਰਕੇ ਉਹਨਾਂ ਸਰਕਾਰੀ ਸਕੂਲ ਛੱਡ ਦਿੱਤਾ ਅਤੇ ਲਾਲਾ ਲਾਜਪਤ ਰਾਏ ਦੇ ਡੀ. ਏ. ਵੀ. ਸਕੂਲ ਵਿਚ 21 ਰੁਪਏ ਮਹੀਨਾ ਤਨਖ਼ਾਹ ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਕੂਲ ਦੇ ਨਾਲ ਉਹਨਾਂ ਨੂੰ ਆਸ਼ਰਮ ਦਾ ਕੰਮ ਵੀ ਵੇਖਣਾ ਪੈਂਦਾ ਸੀ।

ਇੱਥੇ ਉਹਨਾਂ ਦਾ ਸੰਪਰਕ ਲਾਲਾ ਹਰਦਿਆਲ ਨਾਲ਼ ਹੋਇਆ ਅਤੇ ਮਨ ਵਿਚ ਦੇਸ਼ ਦੀ ਅਜ਼ਾਦੀ ਦੀ ਚਿਣਗ ਫੁੱਟੀ। 1909 ਵਿਚ ਉਹ ਆਪਣੇ ਇਕ ਮਿੱਤਰ ਕੋਲ਼ ਸਿਆਮ (ਥਾਈਲੈਂਡ) ਪਹੁੰਚਿਆ ਅਤੇ ਸ੍ਰ ਅਮਰ ਸਿੰਘ ਇੰਜੀਨੀਅਰ ਕੋਲ਼ 80 ਰੁਪਏ ਮਾਸਕ ਵੇਤਨ ਤੇ ਨੌਂਕਰੀ ਕੀਤੀ। ਸਿਆਮ ਤੋਂ ਫਿਲਪਾਈਨਜ਼, ਮਨੀਲਾ ਹੁੰਦਾ ਹੋਇਆ ਉਹ ਅਮਰੀਕਾ ਦੇ ਸ਼ਹਿਰ ਕੈਲੇਫ਼ੋਰਨੀਆ ਪਹੁੰਚਾ ਜਿੱਥੇ ਉਹਦਾ ਮੇਲ ਭਾਈ ਪਰਮਾਨੰਦ ਵਰਗੇ ਗ਼ਦਰੀ ਕ੍ਰਾਂਤੀਕਾਰੀਆਂ ਨਾਲ਼ ਹੋਇਆ। 1913 ਵਿਚ ਜਦੋਂ 'ਹਿੰਦੀ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ' ਦੀ ਸਥਾਪਨਾ ਹੋਈ ਤਾਂ ਉਹ ਗ਼ਦਰ ਪਾਰਟੀ ਦਾ ਮੈਂਬਰ ਬਣ ਗਿਆ। ਸਾਨਫਰਾਂਸਿਸਕੋ ਵਿਚ ਪਾਰਟੀ ਵੱਲੋਂ ਹੈਡ ਕਵਾਟਰ ਵਾਲ਼ੇ ਦਫ਼ਤਰ ਦੀ ਜ਼ਿੰਮੇਵਾਰੀ ਸੋਹਨ ਲਾਲ ਨੂੰ ਦਿਤੀ ਗਈ। ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਰਾਂ ਨਾਲ ਜੋ ਦੁਰ-ਵਿਹਾਰ ਕੈਨੇਡਾ ਸਰਕਾਰ ਨੇ ਕੀਤਾ, ਉਹਨੇ ਸੋਹਨ ਲਾਲ ਤੇ ਹੋਰ ਗ਼ਦਰੀ ਸੂਰਬੀਰਾਂ ਦੇ ਮਨ ਤੇ ਡੂੰਘਾ ਅਸਰ ਕੀਤਾ।

ਗ਼ਦਰ ਪਾਰਟੀ ਵੱਲੋਂ ਸੋਹਨ ਲਾਲ ਦੀ ਡਿਊਟੀ ਬਰ੍ਹਮਾ, ਮਲਾਇਆ ਅਤੇ ਸਿੰਘਾਪੁਰ ਵਿਚ ਬ੍ਰਿਟਿਸ਼ ਭਾਰਤੀ ਫੌਜਾਂ ਦੇ ਜਵਾਨਾਂ ਨੂੰ ਬਗਾਵਤ ਲਈ ਤਿਆਰ ਕਰਨ ਦੀ ਲੱਗੀ। ਮਾਰਚ 1915 ਵਿਚ 2000 ਸੈਨਕਾਂ ਨੇ ਵਿਦਰੋਹ ਕੀਤਾ ਪਰ ਅਸਫਲ ਰਿਹਾ। ਸੋਹਨ ਲਾਲ ਨੇ ਦਿਲ ਨਾ ਛੱਡਿਆ ਅਤੇ ਇਸ ਅਸਫਲਤਾ ਤੋਂ ਬਾਅਦ ਵੀ ਜਤਨ ਜਾਰੀ ਰੱਖੇ। 14 ਅਗਸਤ 1915 ਨੂੰ ਮੇਮੀਓ (ਹੁਣ ਮੀਆਂਮਾਰ) 23 ਵੀਂ ਬਟਾਲੀਅਨ ਦੇ ਤੋਪਖ਼ਾਨੇ ਵਿਚ ਇਕ ਜਮਾਂਦਾਰ ਦੀ ਗਦਾਰੀ ਕਾਰਨ ਸੋਹਨ ਲਾਲ ਦੀ ਗ੍ਰਿਫ਼ਤਾਰੀ ਹੋ ਗਈ। ਗ੍ਰਿਫ਼ਤਾਰੀ ਸਮੇਂ ਉਸ ਕੋਲ਼ੋਂ 3 ਪਿਸਟਲ ਅਤੇ 273 ਕਾਰਤੂਸ ਬਰਾਮਦ ਹੋਏ। ਮਾਂਡਲੇ ਜੇਲ੍ਹ ਵਿਚ ਉਹਨੂੰ ਡਿਫੈਂਸ ਆਫ ਇੰਡੀਆ ਐਕਟ ਅਧੀਨ ਬਾਦਸ਼ਾਹ ਵਿਰੁੱਧ ਜੰਗ ਛੇੜਨ ਤੇ ਬਗਾਵਤ ਦੇ ਦੋਸ਼ਾਂ ਅਧੀਨ ਫਾਂਸੀ ਦੀ ਸਜ਼ਾ ਹੋਈ। ਬਰ੍ਹਮਾ ਦਾ ਗਵਰਨਰ ਮੁਆਫ਼ੀ ਮੰਗਣ ਦੀ ਸ਼ਰਤ ਤੇ ਸਜ਼ਾ ਘੱਟ ਕਰਨ ਲਈ ਤਿਆਰ ਸੀ ਪਰ ਸੋਹਨ ਲਾਲ ਨੇ ਮੁਆਫ਼ੀ ਮੰਗਣ ਤੋਂ ਇਨਕਾਰ ਕਰ ਦਿੱਤਾ ਅਤੇ 10 ਫਰਵਰੀ 1916 ਨੂੰ ਫਾਂਸੀ ਦੇ ਰੱਸੇ ਨੂੰ ਚੁੰਮਦਿਆਂ ਭਾਰਤ ਦਾ ਇਹ ਲਾਲ ਸ਼ਹੀਦੀ ਜਾਮ ਪੀ ਗਿਆ।

### 21.15 ਭਾਈ ਭਗਵਾਨ ਸਿੰਘ ਪ੍ਰੀਤਮ

ਗ਼ਦਰ ਲਹਿਰ ਵਿਚ ਵਿਸ਼ੇਸ਼ ਯੋਗਦਾਨ ਪਾਉਣ ਵਾਲ਼ੇ ਭਾਈ ਭਗਵਾਨ ਸਿੰਘ ਪ੍ਰੀਤਮ ਜੀ ਦਾ ਜਨਮ 27 ਜੁਲਾਈ 1884 ਨੂੰ ਪਿਤਾ ਸ੍ਰ ਸਰਮੁਖ ਸਿੰਘ ਅਤੇ ਮਾਤਾ ਹਰ ਕੌਰ ਦੇ ਘਰ ਪਿੰਡ ਵੜਿੰਗ (ਮੋਹਨਪੁਰ) ਨੇੜੇ ਚੋਹਲਾ ਸਾਹਿਬ ਵਿਖੇ ਹੋਇਆ। ਮੁਢਲੀ ਪੜ੍ਹਾਈ ਕਰਦਿਆਂ ਸਕੂਲ ਵਿਚ ਸੱਚ ਬੋਲਣ ਦੀ ਸਜ਼ਾ ਮਿਲਣ ਪਿੱਛੋਂ ਉਹਨਾਂ ਨੇ ਸਕੂਲ ਛੱਡ ਦਿੱਤਾ। ਬਾਅਦ ਵਿੱਚ ਪਿਤਾ ਜੀ ਦੀ ਪ੍ਰੇਰਨਾ ਨਾਲ਼ ਉਹਨਾਂ ਨੇ ਲਹੌਰ ਦੇ ਗੁੱਜਰਾਂ ਵਾਲ਼ਾ ਕਾਲਜ ਤੋਂ ਬੁੱਧੀਮਾਨੀ, ਵਿਦਵਾਨੀ ਤੇ ਗਿਆਨੀ ਦਾ ਤਿੰਨ ਸਾਲਾ ਕੋਰਸ ਇਕੋ ਸਾਲ ਵਿਚ ਪਾਸ ਕਰ ਲਿਆ ਅਤੇ ਉਸੇ ਕਾਲਜ ਵਿਚ ਪ੍ਰੋਫੈਸਰ ਲਗ ਗਏ। ਉਹਨਾਂ ਦਾ ਵਿਆਹ ਬੀਬੀ ਵਿਦਿਆ ਦੇਵੀ ਨਾਲ਼ ਹੋਇਆ। ਉਹਨਾਂ ਦੀਆਂ ਦੋ ਲੜਕੀਆਂ ਸਨ। 1907 ਵਿਚ ਉਹਨਾਂ ਦਾ ਜੋੜ ਮੇਲ ਚਾਚਾ ਅਜੀਤ

ਸਿੰਘ ਤੇ ਸੂਫ਼ੀ ਅੰਬਾ ਪ੍ਰਸਾਦ ਨਾਲ਼ ਹੋਇਆ ਜਿਹੜੇ ਉਸ ਸਮੇਂ ਕਿਸਾਨੀ ਲਹਿਰ 'ਪਗੜੀ ਸੰਭਾਲ ਜੱਟਾ' ਚਲਾ ਰਹੇ ਸਨ। ਚੰਗੇ ਬੁਲਾਰੇ ਹੋਣ ਕਾਰਨ ਪ੍ਰੀਤਮ ਜੀ ਇਸ ਲਹਿਰ ਵਿਚ ਕੁੱਦ ਪਏ। ਥਾਂ ਥਾਂ ਤੇ ਰੋਹ ਭਰਪੂਰ ਭਾਸ਼ਣ ਕਰਨ ਤੇ ਸਰਕਾਰ ਵੱਲੋਂ ਉਹਨਾਂ ਦੇ ਵਰੰਟ ਗ੍ਰਿਫ਼ਤਾਰੀ ਜਾਰੀ ਹੋ ਗਏ ਤਾਂ ਉਹ ਰੂਪੋਸ਼ ਹੋ ਕੇ ਫ਼ਰਜ਼ੀ ਨਾਂ ਹੇਠ ਗੁਰਦੁਆਰਿਆਂ ਵਿਚ ਭਾਸ਼ਣ ਕਰਦੇ ਹੋਏ, ਪੀਨਾਂਗ ਤੋਂ ਬੈਂਕਾਕ ਹੁੰਦੇ ਹੋਏ ਸਿੰਘਾਪੁਰ ਪਹੁੰਚ ਗਏ। 1910 ਵਿਚ ਹਾਂਗਕਾਂਗ ਵਿਚ ਗੁਰਦੁਆਰੇ ਦੇ ਗ੍ਰੰਥੀ ਦੀ ਸੇਵਾ ਮਿਲ ਗਈ। ਉੱਥੇ ਉਹ ਭਾਰਤੀ ਅੰਗਰੇਜ਼ ਪਲਟਨਾਂ ਦੇ ਸਿਪਾਹੀਆਂ ਨੂੰ ਭਾਸ਼ਣਾਂ ਅਤੇ ਕਵਿਤਾਵਾਂ ਰਾਹੀਂ ਜਾਗਰੂਕ ਕਰਦੇ ਰਹੇ।

1913 ਵਿਚ ਉਹ ਕੈਨੇਡਾ ਦੇ ਸ਼ਹਿਰ ਵੈਨਕੂਵਰ ਪਹੁੰਚ ਗਏ। ਉੱਥੇ ਉਹ ਹਫ਼ਤਾਵਰੀ ਧਾਰਮਿਕ ਦੀਵਾਨਾਂ ਵਿਚ ਰਾਜਸੀ ਭਾਸ਼ਣ ਕਰਦੇ ਸਨ। ਗ਼ਦਰ ਅਖ਼ਬਾਰ ਵਿੱਚ ਛਪਣ ਵਾਲ਼ੀ ਪਹਿਲੀ ਕਵਿਤਾ ਉਹਨਾਂ ਦੀ ਸੀ। ਕੈਨੇਡਾ ਸਰਕਾਰ ਨੇ ਉਹਨਾਂ ਦੀਆਂ ਗਤੀਵਿਧੀਆਂ ਨੂੰ ਵੇਖਦਿਆਂ 1913 ਵਿੱਚ ਗ੍ਰਿਫ਼ਤਾਰ ਕਰਕੇ ਉਹਨਾਂ ਨੂੰ ਭਾਰਤ ਜਾਣ ਵਾਲ਼ੇ ਜਹਾਜ਼ ਵਿਚ ਬਿਠਾ ਦਿੱਤਾ ਪਰ ਉਹ ਜਪਾਨ ਦੀ ਬੰਦਰਗਾਹ ਯੋਕੋਹਾਮਾ ਤੇ ਪੁਲਿਸ ਨੂੰ ਚਕਮਾ ਦੇ ਕੇ ਫ਼ਰਾਰ ਹੋ ਗਏ। 1914 ਵਿਚ ਜਰਮਨੀ ਤੋਂ ਹਥਿਆਰਾਂ ਦੀ ਪ੍ਰਾਪਤੀ ਲਈ ਜਹਾਜ਼ ਤੇ ਸਵਾਰ ਹੋ ਗਏ ਸਨ ਪਰ ਸੀ. ਆਈ. ਡੀ. ਮਗਰ ਲੱਗ ਜਾਣ ਕਾਰਨ ਰਸਤੇ ਚੋਂ ਵਾਪਸ ਜਪਾਨ ਆ ਗਏ ਅਤੇ ਇੱਥੋਂ ਸਿੱਧੇ ਅਮਰੀਕਾ ਪਹੁੰਚ ਗਏ। ਬਾਬਾ ਸੋਹਨ ਸਿੰਘ ਭਕਨਾ ਦੇ ਗ਼ਦਰ ਪਾਰਟੀ ਦੀ ਪ੍ਰਧਾਨਗੀ ਛੱਡਣ ਪਿੱਛੋਂ ਉਹ ਪਾਰਟੀ ਦੇ ਪ੍ਰਧਾਨ ਚੁਣੇ ਗਏ ਅਤੇ 1920 ਤੱਕ ਇਸ ਅਹੁਦੇ ਤੇ ਰਹੇ। ਉਹਨਾਂ ਨੇ ਰਾਸ ਬਿਹਾਰੀ ਬੋਸ ਨਾਲ ਮਿਲ ਕੇ ਜਰਮਨ ਕੌਂਸਲ ਨਾਲ਼ ਸਬੰਧ ਕਾਇਮ ਕੀਤੇ ਅਤੇ ਮੁੜ ਅਮਰੀਕਾ ਪਹੁੰਚ ਗਏ। 8 ਅਪ੍ਰੈਲ 1917 ਨੂੰ ਅੰਗਰੇਜ਼ ਸਰਕਾਰ ਨੇ ਉਹਨਾਂ ਨੂੰ 19 ਸਾਥੀਆਂ ਸਮੇਤ ਗ੍ਰਿਫ਼ਤਾਰ ਕਰਕੇ ਮੁਕਦਮਾ ਚਲਾਇਆ। ਦੋ ਸਾਲ ਸਖ਼ਤ ਕੈਦ ਦੀ ਸਜ਼ਾ ਦਿੱਤੀ। ਦੇਸ਼ ਅਜ਼ਾਦ ਹੋਣ ਤੋਂ ਬਾਅਦ ਵੀ ਪਾਸਪੋਰਟ ਕੋਲ਼ ਨਾ ਹੋਣ ਕਾਰਨ ਉਹਨਾਂ ਨੂੰ ਦੇਸ਼ ਪਰਤਣ ਦੀ ਆਗਿਆ ਨਾ ਮਿਲੀ। ਪੰਜਾਬ ਦੇ ਉਸ ਵੇਲ਼ੇ ਦੇ ਮੁੱਖ ਮੰਤਰੀ ਸ੍ਰ ਪ੍ਰਤਾਪ ਸਿੰਘ ਕੈਰੋਂ ਦੇ ਜਤਨਾਂ ਨਾਲ਼ 10 ਨਵੰਬਰ 1958 ਨੂੰ ਭਾਰਤ ਵਾਪਸ ਪਰਤੇ ਤੇ ਸੋਲਨ ਨੂੰ ਆਪਣੀ ਰਿਹਾਇਸ਼ ਲਈ ਚੁਣਿਆ। 8 ਅਕਤੂਬਰ (ਇਕ ਥਾਂ ਨਵੰਬਰ ਵੀ ਲਿਖਿਆ ਹੈ) 1962 ਨੂੰ ਨਵੀਂ ਦਿੱਲੀ ਦੇ ਡਾ ਸੈਨ ਨਰਸਿੰਗ ਹੋਮ ਵਿਚ ਉਹਨਾਂ ਨੇ ਆਖ਼ਰੀ ਸਾਹ ਲਏ।

### 21.16 ਬਾਬਾ ਮੇਹਰ ਸਿੰਘ ਅਲੀਪੁਰ

ਬਾਬਾ ਮੇਹਰ ਸਿੰਘ ਦਾ ਜਨਮ ਸ੍ਰ ਗੁਲਾਬ ਸਿੰਘ ਅਤੇ ਚੰਦ ਕੌਰ ਦੇ ਘਰ ਪਿੰਡ ਅਲੀਪੁਰ (ਪੱਟੀ) ਵਿਖੇ 1885 ਵਿਚ ਹੋਇਆ ਸੀ। ਉਹ ਬਚਪਨ ਤੋਂ ਹੀ ਧਾਰਮਿਕ ਵਿਚਾਰਾਂ ਦੇ ਸਨ। ਉਹਨਾਂ ਦੀ ਹਮਦਰਦੀ ਅਕਾਲੀ ਲਹਿਰ ਨਾਲ਼ ਸੀ। 13 ਅਪ੍ਰੈਲ 1919 ਨੂੰ ਜੱਲ੍ਹਿਆਂਵਾਲ਼ੇ ਬਾਗ ਦੀ ਦੁਖਾਂਤਕ ਘਟਨਾ ਤੋਂ ਕੁਝ ਦਿਨ ਪਹਿਲਾਂ ਹੀ ਉੱਥੇ ਪਹੁੰਚ ਕੇ ਉਹ ਸੰਗਤਾਂ ਦੀ ਗੁੜ ਅਤੇ ਭੁੱਜੇ ਹੋਏ ਛੋਲਿਆਂ ਨਾਲ਼ ਸੇਵਾ ਕਰਦੇ ਰਹੇ। ਜਨਰਲ ਡਾਇਰ ਵੱਲੋਂ ਕੀਤੀ ਗਈ ਫ਼ਾਇਰਿੰਗ ਦੌਰਾਨ ਸੈਂਕੜੇ ਲੋਕ ਮੌਤ ਦਾ ਸ਼ਿਕਾਰ ਹੋਏ ਅਤੇ ਹਜ਼ਾਰਾਂ ਜ਼ਖ਼ਮੀ ਹੋਏ ਸਨ। ਬਾਬਾ ਜੀ ਨੂੰ ਵੀ ਇਸ ਭੱਜ ਦੌੜ ਵਿਚ ਸੱਟਾਂ ਲੱਗੀਆਂ ਪਰ ਉਹ ਜ਼ਖ਼ਮੀਆਂ ਦੀ ਸਹਾਇਤਾ ਵਿਚ ਰੁੱਝੇ ਰਹੇ। 1920 ਵਿਚ ਉਹ ਅਕਾਲੀ ਲਹਿਰ ਵਿਚ ਸ਼ਾਮਲ ਹੋ ਕੇ ਕਈ ਮੋਰਚਿਆਂ ਵਿਚ ਸ਼ਾਮਲ ਹੋਏ ਅਤੇ ਜੇਲ੍ਹ ਯਾਤਰਾ ਕੀਤੀ। 1942 ਵਿਚ ਉਹਨਾਂ ਨੇ ਭਾਰਤ ਛੱਡੋ ਲਹਿਰ ਵਿਚ ਵਧ ਚੜ੍ਹ ਕੇ ਭਾਗ ਲਿਆ ਅਤੇ ਕੁੱਲ ਮਿਲਾ ਕੇ 3 ਸਾਲ ਦੀ ਕੈਦ ਕੱਟੀ। ਅਜ਼ਾਦੀ ਤੋਂ ਬਾਅਦ 1972 ਵਿਚ ਉਹਨਾਂ ਨੂੰ ਪ੍ਰਧਾਨ ਮੰਤਰੀ ਸ੍ਰੀ ਮਤੀ ਇੰਦਰਾ

ਗਾਂਧੀ ਵਲੋਂ ਤਾਂਬੇ ਦੀ ਯਾਦਗਾਰੀ ਪਲੇਟ ਅਤੇ ਪ੍ਰਸ਼ੰਸਾ ਪੱਤਰ ਨਾਲ਼ ਸਨਮਾਨਿਆ ਗਿਆ। 3 ਜਨਵਰੀ 1974 ਨੂੰ ਉਹ ਅਕਾਲ ਚਲਾਣਾ ਕਰ ਗਏ।

## 21.17 ਗ਼ਦਰੀ ਬਾਬਾ ਸੰਤਾ ਸਿੰਘ ਗੰਡੀਵਿੰਡ

ਦੇਸ਼ ਦੀ ਅਜ਼ਾਦੀ ਦੇ ਸੰਘਰਸ਼ ਵਿਚ ਅਹਿਮ ਭੂਮਿਕਾ ਨਿਭਾਉਣ ਵਾਲ਼ੇ ਬਾਬਾ ਸੰਤਾ ਸਿੰਘ ਗੰਡੀਵਿੰਡ ਦਾ ਜਨਮ 1886 ਵਿਚ ਸਰਹਾਲ਼ੀ ਦੇ ਨੇੜੇ ਪਿੰਡ ਗੰਡੀਵਿੰਡ ਵਿਚ ਸ੍ਰ ਵੀਰ ਸਿੰਘ ਦੇ ਘਰ ਹੋਇਆ। ਉਹ ਚਾਰ ਭਰਾ ਸਨ। ਉਹਨਾਂ ਦੀ ਸ਼ਾਦੀ ਬੀਬੀ ਸੰਤੋ ਨਾਲ਼ ਹੋਈ। ਉਹਨਾਂ ਦਾ ਇਕ ਪੁੱਤਰ ਲਛਮਣ ਸਿੰਘ ਅਤੇ ਇਕ ਬੇਟੀ ਲਛਮਣ ਕੌਰ ਸੀ। ਬੇਟਾ ਭਰ ਜਵਾਨੀ ਵਿਚ ਚੱਲ ਵੱਸਿਆ ਸੀ ਅਤੇ ਬੇਟੀ ਪਿੰਡ ਜੀਓਬਾਲ਼ਾ ਵਿਖੇ ਵਿਆਹੀ ਗਈ ਸੀ। ਇਹ ਪਰਿਵਾਰ ਬਾਅਦ ਵਿਚ ਜੀਓਬਾਲ਼ੇ ਤੋਂ ਜ਼ਮੀਨ ਵੇਚ ਕੇ ਬਾਜ਼ ਪੁਰ-ਰੁਦਰ ਪੁਰ (ਉਤਰਾ ਖੰਡ) ਜਾ ਵੱਸਿਆ ਸੀ। ਸਧਾਰਨ ਕਿਸਾਨੀ ਪਰਿਵਾਰ ਨਾਲ ਸਬੰਧ ਰੱਖਦੇ ਬਾਬਾ ਸੰਤਾ ਸਿੰਘ ਨੇ ਜਵਾਨੀ ਦੀ ਦਹਿਲੀਜ਼ ਤੇ ਪੈਰ ਰੱਖਦਿਆਂ ਹੀ ਅੰਗਰੇਜ਼ ਹਕੂਮਤ ਵੱਲੋਂ ਭਾਰਤੀ ਲੋਕਾਂ ਨਾਲ ਕੀਤੀਆਂ ਜਾਂਦੀਆਂ ਵਧੀਕੀਆਂ ਬਾਰੇ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ। ਉਸ ਸਮੇਂ ਕਿਸਾਨੀ ਕਰਜ਼ੇ ਹੇਠ ਨਪੀੜੀ ਜਾ ਰਹੀ ਸੀ। ਇਸ ਕਾਰਨ 1909 ਵਿਚ ਉਹ ਕੰਮ ਦੀ ਭਾਲ਼ ਅਤੇ ਆਪਣੇ ਬਿਹਤਰ ਭਵਿੱਖ ਲਈ ਅਮਰੀਕਾ ਜਾ ਪਹੁੰਚੇ ਜਿੱਥੇ ਉਹਨਾਂ ਨੇ ਸਟਾਕਟਨ ਵਿਖੇ 29 ਜਨਵਰੀ 1915 ਨੂੰ ਹੋਈ ਗ਼ਦਰ ਪਾਰਟੀ ਦੀ ਮੀਟਿੰਗ ਵਿਚ ਹਾਜ਼ਰ ਹੋ ਕੇ ਆਪਣੇ ਵਿਚਾਰ ਪੇਸ਼ ਕੀਤੇ।

1916 ਵਿਚ ਉਹ ਗ਼ਦਰ ਪਾਰਟੀ ਦੇ ਸਰਗਰਮ ਮੈਂਬਰ ਬਣ ਗਏ। ਪਹਿਲਾਂ ਉਹ ਗ਼ਦਰ ਪਾਰਟੀ ਦੇ ਰਾਮ ਚੰਦਰ ਪੇਸ਼ਾਵਰੀ ਗਰੁੱਪ ਨਾਲ਼ ਸਨ ਪਰ ਬਾਅਦ ਵਿਚ ਰਾਮ ਚੰਦ ਦੀ ਕਮੀਨਗੀ ਅਤੇ ਵਿਸ਼ਵਾਸਘਾਤ ਬਾਰੇ ਪਤਾ ਲੱਗਣ ਪਿੱਛੋਂ ਭਾਈ ਭਗਵਾਨ ਸਿੰਘ ਨਾਲ਼ ਜੁੜ ਗਏ ਅਤੇ ਸਾਥੀਆਂ ਦੀ ਮਦਦ ਨਾਲ਼ ਰਾਮ ਚੰਦ ਤੋਂ ਪਾਰਟੀ ਵਿਰਾਸਤ ਅਤੇ ਜਾਇਦਾਦ ਵਾਪਸ ਲਈ। 1917 ਵਿਚ ਹਿੰਦ ਜਰਮਨ ਸਾਜ਼ਿਸ਼ ਕੇਸ ਅਧੀਨ ਗ੍ਰਿਫ਼ਤਾਰ ਕੁਝ ਗ਼ਦਰੀ ਆਗੂਆਂ ਦੀਆਂ ਜ਼ਮਾਨਤਾਂ ਕਰਾਉਣ ਅਤੇ ਕੇਸ ਲੜਨ ਲਈ ਸਰਗਰਮੀ ਨਾਲ ਫੰਡ ਇਕੱਠਾ ਕੀਤਾ। 1918 ਵਿਚ ਉਹਨਾਂ ਨੂੰ ਗ਼ਦਰ ਪਾਰਟੀ ਦਾ ਖ਼ਜ਼ਾਨਚੀ ਚੁਣਿਆ ਗਿਆ। 1921 ਤਕ ਖਿੰਡੇ-ਪੁੰਡੇ ਪਾਰਟੀ-ਕਾਰਕੁੰਨਾਂ ਨੂੰ ਜਥੇਬੰਦ ਕਰਕੇ ਉਹਨਾਂ ਗ਼ਦਰ ਪਾਰਟੀ ਨੂੰ ਮੁੜ ਸੁਰਜੀਤ ਕੀਤਾ। ਇਸ ਕੰਮ ਵਿਚ ਭਾਈ ਰਤਨ ਸਿੰਘ ਰਾਏਪੁਰ ਡੱਬਾ ਅਤੇ ਗ਼ਦਰੀ ਪ੍ਰੀਤਮ ਸਿੰਘ ਕਸੇਲ ਨੇ ਉਹਨਾਂ ਦੀ ਮਦਦ ਕੀਤੀ। ਰਿਹਾਈ ਤੋਂ ਬਾਅਦ ਭਾਈ ਸੰਤੋਖ ਸਿੰਘ ਜੋ ਜੇਲ੍ਹ ਵਿਚ ਰਹਿ ਕੇ ਕਮਿਊਨਿਸਟ ਵਿਚਾਰਾਧਾਰਾ ਨਾਲ਼ ਜੁੜ ਗਿਆ ਸੀ, ਨੇ ਗ਼ਦਰ ਪਾਰਟੀ ਨੂੰ ਮਾਰਕਸੀ ਵਿਚਾਰਧਾਰਾ ਮੁਤਾਬਕ ਸੰਸਾਰ ਪੱਧਰ ਤੇ ਕੌਮਾਂਤਰੀ ਨਾਲ ਜੋੜ ਦਿੱਤਾ ਅਤੇ ਮਾਸਕੋ ਵਿਚ ਚੌਥੀ ਕੌਮਾਂਤਰੀ ਵਿਚ ਭਾਗ ਲਿਆ।

1926 ਵਿਚ ਬਾਬਾ ਸੰਤਾ ਸਿੰਘ, ਕਰਮ ਸਿੰਘ ਧੂਤ ਦੀ ਅਗਵਾਈ ਹੇਠ ਕੈਲੇਫੋਰਨੀਆ ਦੇ ਰਸਤੇ ਪੰਜ ਮੈਂਬਰੀ ਡੈਲੀਗੇਸ਼ਨ ਨਾਲ਼ ਮਾਸਕੋ ਪਹੁੰਚੇ ਅਤੇ ਰੂਸੀ ਇਨਕਲਾਬ ਅਤੇ ਗੁਰੀਲਾ ਯੁੱਧ ਦੇ ਦਾਅ-ਪੇਚਾਂ ਦੀ ਸਿਖਲਾਈ ਪ੍ਰਾਪਤ ਕੀਤੀ। ਉਹਨਾਂ ਨੇ ਗ਼ਦਰ ਪਾਰਟੀ ਦੇ ਪ੍ਰੋਗਰਾਮ ਮੁਤਾਬਕ ਭਾਈ ਹਰਜਾਪ ਸਿੰਘ ਨਾਲ਼ ਮਿਲ ਕੇ ਪੈਰਿਸ ਦੇ ਰਸਤੇ ਭਾਰਤ ਪਰਤਣ ਦਾ ਪਲਾਨ ਬਣਾਇਆ। ਪਰ ਜਿਉਂ ਹੀ ਉਹ 7 ਅਕਤੂਬਰ 1927 ਨੂੰ ਪਾਂਡੀਚਰੀ ਦੀ ਬੰਦਰਗਾਹ ਤੇ ਉੱਤਰੇ, ਮਦਰਾਸ ਪੁਲਿਸ ਨੇ ਉਹਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਡੇਢ ਸਾਲ ਤੋਂ ਵੱਧ ਸਮਾਂ ਉਹਨਾਂ ਨੂੰ ਬਿਨਾਂ ਮੁਕਦਮਾ ਚਲਾਏ ਜੇਲ੍ਹ ਵਿਚ ਬੇਅੰਤ ਤਸੀਹੇ ਦਿੱਤੇ ਗਏ ਅਤੇ 1 ਮਈ 1929 ਨੂੰ ਰਿਹਾਅ ਕੀਤਾ ਗਿਆ। ਰਿਹਾਈ ਤੋਂ ਬਾਅਦ ਉਹਨਾਂ ਨੂੰ ਪਿੰਡ ਨਜ਼ਰਬੰਦ ਕੀਤਾ ਗਿਆ ਪਰ ਉਹਨਾਂ ਨੇ ਨਜ਼ਰਬੰਦੀ ਦੌਰਾਨ ਹੀ ਗ਼ਦਰੀ ਦਸੌਂਧਾ ਸਿੰਘ ਅਤੇ ਗੱਜਣ ਸਿੰਘ ਨਾਲ ਮਿਲ ਕੇ ਕਿਸਾਨਾਂ, ਕਿਰਤੀਆਂ ਤੇ ਹੋਰ ਮਿਹਨਤਕਸ਼ ਲੋਕਾਂ ਨੂੰ ਅੰਗਰੇਜ਼ਾਂ ਖ਼ਿਲਾਫ਼ ਲਾਮਬੰਦ ਕਰਨਾ ਸ਼ੁਰੂ ਕੀਤਾ। ਭਾਈ ਸੰਤੋਖ ਸਿੰਘ ਨਾਲ ਮਿਲ਼ ਕੇ 'ਕਿਰਤੀ' ਨਾਂ ਦਾ ਇਕ ਅਖ਼ਬਾਰ ਛਾਪਣਾ ਸ਼ੁਰੂ ਕੀਤਾ। ਉਹਨਾਂ ਨੇ ਅਜ਼ਾਦੀ ਸੰਗਰਾਮ ਵਿਚ ਭਾਗ ਲੈਣ ਵਾਲੇ ਪੰਜਾਬੀਆਂ ਅਤੇ ਬੰਗਾਲੀਆਂ ਨੂੰ ਅੰਡੇਮਾਨ ਭੇਜਣ ਵਿਰੁੱਧ ਕੀਤੇ ਸੰਘਰਸ਼ ਵਿਚ ਆਗੂ ਭੂਮਿਕਾ ਨਿਭਾਈ। ਇਸ ਸੰਘਰਸ਼ ਦੀ ਲੜੀ ਵਿਚ ਉਹਨਾਂ ਨੇ ਭਗਵਾਨ ਸਿੰਘ ਸ਼ੇਖ਼ੂਪੁਰਾ ਨਾਲ਼ ਮਿਲ ਕੇ ਲਾਹੌਰ

ਅਸੈਂਬਲੀ ਅੱਗੇ ਵਿਸ਼ਾਲ ਮੁਜ਼ਾਹਰਾ ਕੀਤਾ ਅਤੇ ਇਹੋ ਜਿਹਾ ਮੁਜ਼ਾਹਰਾ ਕਲਕੱਤਾ ਵਿਚ ਵੀ ਕੀਤਾ ਗਿਆ ਜਿਸ ਦੀ ਪ੍ਰਧਾਨਗੀ ਬਾਬਾ ਸੰਤਾ ਸਿੰਘ ਨੇ ਕੀਤੀ।

ਗਾਂਧੀ ਇਰਵਨ ਸਮਝੌਤੇ ਤੋਂ ਬਾਅਦ ਜਦੋਂ ਸ਼ਹੀਦ ਭਗਤ ਸਿੰਘ ਦੀ ਨੌਜਵਾਨ ਸਭਾ ਨੇ ਆਪਣਾ ਨਾਂ ਬਦਲਕੇ ਪੰਜਾਬ ਸੋਸ਼ਲਿਸਟ ਪਾਰਟੀ ਰੱਖਿਆ ਤਾਂ ਬਾਬਾ ਸੰਤਾ ਸਿੰਘ ਜੀ ਨੇ ਉਹਨਾਂ ਨਾਲ਼ ਕਿਰਤੀ ਕਿਸਾਨ ਪਾਰਟੀ ਦਾ ਸਾਂਝਾ ਬੋਰਡ ਬਣਾਇਆ। ਉਹਨਾਂ ਨੇ ਕਿਰਤੀ ਕਿਸਾਨ ਪਾਰਟੀ ਅਤੇ ਕਿਰਤੀ ਅਖ਼ਬਾਰ ਲਈ ਫੰਡ ਇਕੱਠਾ ਕਰਨ ਲਈ ਸਾਥੀਆਂ ਨੂੰ ਨਾਲ਼ ਲੈ ਕੇ ਮੁਹਿੰਮ ਚਲਾਈ। ਜਦੋਂ 1931 ਵਿਚ ਕਿਰਤੀ ਕਿਸਾਨ ਪਾਰਟੀ ਨੇ ਕਿਸਾਨਾਂ ਤੇ ਕਿਰਤੀਆਂ ਨੂੰ ਜਾਗਰਿਤ ਕਰਨ ਲਈ ਜਲਸੇ ਕਰਨ ਦਾ ਪ੍ਰੋਗਰਾਮ ਬਣਾਇਆ ਤਾਂ 1932 ਵਿਚ ਉਹਨਾਂ ਨੂੰ ਮੁੜ ਨਜ਼ਰਬੰਦ ਕੀਤਾ ਗਿਆ ਜਿਸ ਦਾ ਕਿਰਤੀ ਕਿਸਾਨ ਮੀਟਿੰਗਾਂ ਤੇ ਕਾਨਫ੍ਰੰਸਾਂ ਵਿਚ ਪੁਰਜ਼ੋਰ ਵਿਰੋਧ ਕੀਤਾ ਗਿਆ। ਇਸ ਨਜ਼ਰਬੰਦੀ ਦੌਰਾਨ ਹੀ ਉਹਨਾਂ ਦੇ ਇਕਲੌਤੇ ਪੁੱਤਰ ਦੀ ਗੰਭੀਰ ਬੀਮਾਰੀ ਦਾ ਯੋਗ ਇਲਾਜ ਨਾ ਹੋਣ ਕਾਰਨ 29 ਮਾਰਚ 1934 ਨੂੰ ਮੌਤ ਹੋ ਗਈ। ਨਵੰਬਰ 1935 ਵਿਚ ਉਹਨਾਂ ਨੂੰ ਨਜ਼ਰਬੰਦੀ ਤੋਂ ਛੁਟਕਾਰਾ ਮਿਲ਼ਿਆ ਤਾਂ ਉਹਨਾਂ ਨੇ ਬਾਬਾ ਵਿਸਾਖਾ ਸਿੰਘ ਦਦੇਹਰ ਸਾਹਿਬ ਨਾਲ਼ ਮਿਲ਼ ਕੇ ਸਰਹਾਲ਼ੀ ਵਿਚ ਕਿਰਤੀਆਂ ਕਿਸਾਨਾਂ ਦੀ ਇਕ ਵਿਸ਼ਾਲ ਕਾਨਫ੍ਰੰਸ ਕੀਤੀ ਜਿਸ ਵਿਚ 1 ਲੱਖ ਤੋਂ ਵੱਧ ਲੋਕ ਸ਼ਾਮਲ ਹੋਏ ਅਤੇ ਪੰਡਤ ਜਵਾਹਰ ਲਾਲ ਨਹਿਰੂ ਨੇ ਇਸ ਨੂੰ ਸੰਬੋਧਨ ਕੀਤਾ।

1937 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਿਰਤੀ ਕਿਸਾਨ ਪਾਰਟੀ ਨੇ ਜਿਹੜੇ 9 ਉਮੀਦਵਾਰ ਖੜੇ ਕੀਤੇ ਸਨ ਉਹਨਾਂ ਵਿਚ ਬਾਬਾ ਜੀ ਵੀ ਸ਼ਾਮਲ ਸਨ ਪਰ ਜਦੋਂ ਕਾਂਗਰਸ ਪਾਰਟੀ ਨੇ ਉਹਨਾਂ ਦੇ ਮੁਕਾਬਲੇ ਬਾਬਾ ਗੁਰਦਿੱਤ ਸਿੰਘ ਸਰਹਾਲ਼ੀ ਨੂੰ ਖੜਾ ਕਰ ਦਿੱਤਾ ਤਾਂ ਪਾਰਟੀ ਦੇ ਹੁਕਮ ਤੇ ਬਾਬਾ ਸੰਤਾ ਸਿੰਘ ਨੇ ਆਪਣੇ ਕਾਗਜ਼ ਵਾਪਸ ਲੈ ਲਏ। 1937-38 ਵਿਚ ਬਾਬਾ ਜੀ ਲਹੌਰ ਅਸੈਂਬਲੀ ਅੱਗੇ ਅੰਗਰੇਜ਼ਾਂ ਵੱਲੋਂ ਖੜੀਆਂ ਕੀਤੀਆਂ ਕਈ ਰੋਕਾਂ ਅਤੇ ਧਮਕੀਆਂ ਦੇ ਬਾਵਜੂਦ 1 ਲੱਖ ਕਿਸਾਨਾਂ ਦਾ ਮੁਜ਼ਾਹਰਾ ਕਰਨ ਵਿਚ ਕਾਮਯਾਬ ਹੋਏ। ਜਦੋਂ ਸਰਕਾਰ ਨੇ ਬੰਦੋਬਸਤ ਦੇ ਨਾਂ ਤੇ ਜ਼ਮੀਨ ਦਾ ਮਾਲੀਆ, ਆਬਿਆਨਾ ਅਤੇ ਹੋਰ ਟੈਕਸਾਂ ਵਿਚ ਭਾਰੀ ਵਾਧਾ ਕੀਤਾ ਤਾਂ 20 ਜੁਲਾਈ 1938 ਨੂੰ ਕਿਸਾਨ ਸਭਾ ਨੇ ਡੀ. ਸੀ. ਨੂੰ ਮੰਗ ਪੱਤਰ ਦੇਣ ਲਈ ਜੱਲ੍ਹਿਆਂ ਵਾਲ਼ੇ ਬਾਗ ਤੋਂ ਕਿਸਾਨਾਂ ਦਾ ਮੁਜ਼ਾਹਰਾ ਸ਼ੁਰੂ ਕੀਤਾ। ਜਲੂਸ ਦੇ ਭੰਡਾਰੀ ਪੁਲ਼ ਤੇ ਪੁਜਦਿਆਂ ਹੀ ਪੁਲਿਸ ਨੇ ਲਾਠੀਚਾਰਜ ਸ਼ੁਰੂ ਕਰ ਦਿੱਤਾ ਜਿਸ ਵਿਚ ਬਾਬਾ ਭਕਨਾ ਤੇ ਹਰਨਾਮ ਸਿੰਘ ਕਸੇਲ ਨੂੰ ਗੰਭੀਰ ਸੱਟਾਂ ਲੱਗੀਆਂ। ਬਾਬਾ ਸੰਤਾ ਸਿੰਘ, ਬਾਬਾ ਸੋਹਨ ਸਿੰਘ ਭਕਨਾ, ਸ੍ਰ ਦਰਸ਼ਨ ਸਿੰਘ ਫੇਰੂਮਾਨ, ਫੌਜਾ ਸਿੰਘ ਭੁੱਲਰ ਅਤੇ ਬਾਬਾ ਕਰਮ ਸਿੰਘ ਚੀਮਾ ਨੂੰ ਗ੍ਰਿਫ਼ਤਾਰ ਕਰਕੇ ਹੱਥਕੜੀਆਂ ਤੇ ਬੇੜੀਆਂ ਪਾ ਕੇ ਨੂੜ ਦਿੱਤਾ ਗਿਆ। ਹਰ ਰੋਜ਼ 25 ਸਾਥੀਆਂ ਦਾ ਜਥਾ ਗ੍ਰਿਫ਼ਤਾਰੀ ਲਈ ਜਾਂਦਾ ਰਿਹਾ ਅਤੇ ਆਖ਼ਰ 9 ਅਗਸਤ 1938 ਨੂੰ ਸਰਕਾਰ ਦੇ ਹਾਰ ਮੰਨ ਲੈਣ ਨਾਲ਼ ਮੋਰਚਾ ਜੇਤੂ ਹੋ ਗਿਆ। ਇਸ ਸਬੰਧ ਵਿਚ ਹੋਈ ਗ੍ਰਿਫ਼ਤਾਰੀ ਸਮੇਂ ਦੀ ਪੰਜਾਂ ਦੇਸ਼ ਭਗਤਾਂ ਦੀ ਹੱਥ ਘੜੀਆਂ ਤੇ ਬੇੜੀਆਂ ਸਮੇਤ ਗਰੁੱਪ ਫੋਟੋ ਦੇਸ਼ ਭਗਤ ਯਾਦਗਰ ਹਾਲ ਜਲੰਧਰ ਵਿਚ ਸੰਭਾਲ਼ੀ ਹੋਈ ਹੈ।

ਬਾਬਾ ਜੀ ਨੇ ਬਾਬਾ ਵਿਸਾਖਾ ਸਿੰਘ ਦਦੇਹਰ ਸਾਹਿਬ ਵੱਲੋਂ ਗਠਨ ਕੀਤੀ 'ਦੇਸ਼ ਭਗਤ ਪਰਿਵਾਰ ਸਹਾਇਤਾ ਕਮੇਟੀ' ਦਾ ਮੈਂਬਰ ਬਣ ਕੇ ਉਹਨਾਂ ਦੇ ਕੰਮ ਵਿਚ ਭਰਪੂਰ ਮਦਦ ਕੀਤੀ। ਜਦੋਂ ਬਾਬਾ ਵਿਸਾਖਾ ਸਿੰਘ ਹੋਰਾਂ ਨੇ ਗ਼ਦਰੀ ਦੇਸ਼ ਭਗਤਾਂ ਦੀ ਯਾਦਗਾਰ ਬਣਾਉਣ ਲਈ 9 ਮੈਂਬਰੀ ਬੋਰਡ ਬਣਾਇਆ ਤਾਂ ਬਾਬਾ ਸੰਤਾ ਸਿੰਘ ਵੀ ਉਹਨਾਂ ਵਿਚ ਸ਼ਾਮਲ ਸੀ। ਅਜ਼ਾਦੀ ਦੇ ਪ੍ਰਵਾਨਿਆਂ ਵੱਲੋਂ ਹੱਸ ਹੱਸ ਜਾਨਾਂ ਕੁਰਬਾਨ ਕਰਦਿਆਂ ਨੂੰ ਵੇਖ ਕੇ ਅੰਗਰੇਜ਼ਾਂ ਨੇ ਭਾਰਤ ਨੂੰ ਆਜ਼ਾਦ ਕਰਨ ਦਾ ਨਿਰਣਾ ਕਰ ਲਿਆ ਪਰ ਇਸ ਤੋਂ ਪਹਿਲਾਂ ਹੀ ਉਹਨਾਂ ਨੇ ਦੇਸ਼ ਨੂੰ ਦੋ ਭਾਗਾਂ ਵਿਚ ਵੰਡ ਦੇਣ ਦੀ ਠਾਣ ਲਈ ਅਤੇ ਫ਼ਿਰਕੂ ਨਫ਼ਰਤ ਦੇ ਜ਼ਹਿਰ ਦਾ ਅਜਿਹਾ ਛੱਟਾ ਦਿੱਤਾ ਕਿ ਹਿੰਦੂ ਸਿੱਖ ਤੇ ਮੁਸਲਮਾਨ ਇਕ ਦੂਜੇ ਦੀ ਜਾਨ ਦੇ ਦੁਸ਼ਮਣ ਬਣ ਗਏ। ਫ਼ਸਾਦਾਂ ਦੇ ਰਾਮ-ਰੌਲੇ ਵਿਚ ਹੀ ਬਾਬਾ ਜੀ ਦੀ ਸਿਹਤ ਵਿਗੜ ਗਈ। ਨਜ਼ਰਬੰਦੀ ਵੇਲ਼ੇ ਅੰਗਰੇਜ਼ ਸਰਕਾਰ ਵੱਲੋਂ ਕੀਤੇ ਗਏ ਤਸ਼ੱਦਦ ਕਾਰਨ ਜ਼ਿੰਦਗੀ ਦੇ ਅੰਤਲੇ ਦਿਨਾਂ ਵਿਚ ਉਹਨਾਂ ਨੂੰ ਦਰਦਾਂ ਦੀ ਸ਼ਿਕਾਇਤ ਰਹਿੰਦੀ ਸੀ ਜਿਸ ਦੇ ਠੀਕ ਨਾ ਹੋਣ ਕਾਰਨ ਉਹਨਾਂ ਦੀ ਮੌਤ ਹੋ ਗਈ। ਸਰਕਾਰ ਵੱਲੋਂ ਉਹਨਾਂ ਦੀ ਯਾਦ ਵਿਚ ਕੋਈ ਯਾਦਗਾਰ ਨਹੀਂ ਬਣਾਈ ਗਈ। ਪਿੰਡ ਦੀ ਪੰਚਾਇਤ ਵੱਲੋਂ ਨਗਰ ਵਾਸੀਆਂ ਦੀ ਮਦਦ ਨਾਲ਼ ਮੇਨ ਹਾਈ-ਵੇਅ ਤੇ ਇਕ ਸ਼ਾਨਦਾਰ ਯਾਦਗਾਰੀ ਗੇਟ ਦੀ ਉਸਾਰੀ ਕੀਤੀ ਗਈ ਹੈ। ਗੰਡੀਵਿੰਡ ਦਾ ਨਿਵਾਸੀ ਸਾਥੀ ਗੁਰਪ੍ਰੀਤ ਸਿੰਘ ਜੋ ਕਿ ਖੱਬੇ ਪੱਖੀ ਵਿਚਾਰਧਾਰਾ ਨਾਲ਼ ਜੁੜਿਆ ਹੋਇਆ ਹੈ, ਗਰਾਮ ਪੰਚਾਇਤ ਦੀ ਮਦਦ ਨਾਲ ਪਿਛਲੇ ਕੁਝ ਸਾਲਾਂ ਤੋਂ ਹਰ ਸਾਲ 7 ਨਵੰਬਰ ਨੂੰ ਬਾਬਾ ਜੀ ਦੀ ਯਾਦ ਵਿਚ ਮੇਲੇ ਦਾ ਆਯੋਜਨ ਕਰਦਾ ਆ ਰਿਹਾ ਹੈ।

- ਗੰਡੀਵਿੰਡ ਪਿੰਡ ਦੇ ਹੋਰ ਦੇਸ਼ ਭਗਤ :- ਬਾਬਾ ਈਸ਼ਰ ਸਿੰਘ ਪੁੱਤਰ ਸ੍ਰ ਜੈਮਲ ਸਿੰਘ ਵਾਸੀ ਗੰਡੀਵਿੰਡ ਰੋਜ਼ੀ-ਰੋਟੀ ਲਈ ਸ਼ਿੰਘਾਈ ਵਿਚ ਚੌਂਕਾਦਾਰ ਦੀ ਡਿਊਟੀ ਕਰਦੇ ਸਨ। ਉਹਨਾਂ ਨੇ ਉੱਥੇ ਗ਼ਦਰ ਪਾਰਟੀ ਦੀਆਂ ਮੀਟਿੰਗਾਂ ਵਿਚ ਹਿੱਸਾ ਲਿਆ ਅਤੇ ਅੰਗਰੇਜ਼ ਸਾਮਰਾਜ ਵਿਰੁੱਧ ਪ੍ਰਚਾਰ ਬੜੀ ਸਰਗਰਮੀ ਨਾਲ਼ ਕਰਦੇ ਰਹੇ। ਉਹਨਾਂ ਦਾ ਸਬੰਧ ਗ਼ਦਰੀ ਪ੍ਰੀਤਮ ਸਿੰਘ ਢੰਡ ਕਸੇਲ, ਭਾਈ ਦਸੌਂਧਾ ਸਿੰਘ, ਗੱਜਣ ਸਿੰਘ ਤੇ ਗੰਡਾ ਸਿੰਘ ਨਾਲ਼ ਮੇਲਜੋਲ ਸੀ। ਗ਼ਦਰ ਪਾਰਟੀ ਦੇ ਕਾਰਜਾਂ ਲਈ ਉਹ ਅਮਰੀਕਾ, ਰੰਗੂਨ, ਸਿੰਘਾ ਪੁਰ, ਬੈਂਕਾਕ ਤੇ ਹਾਂਗਕਾਂਗ ਕਈ ਵਾਰ ਗਏ। ਉਹਨਾਂ ਤੋਂ ਛੁੱਟ ਕਿਰਤੀ ਕਿਸਾਨ ਪਾਰਟੀ ਦੇ ਰਿਕਾਰਡ ਮੁਤਾਬਕ ਭਾਈ ਗੁਰਦਿੱਤ ਸਿੰਘ, ਭਗਤ ਸਿੰਘ, ਬਹਾਦਰ ਸਿੰਘ ਅਤੇ ਹਰਦਿੱਤ ਸਿੰਘ ਗੰਡੀਵਿੰਡ ਵੀ ਕਿਰਤੀ ਕਿਸਾਨ ਪਾਰਟੀ ਦੇ ਸਰਗਰਮ ਮੈਂਬਰ ਸਨ।

### 21.18 ਜਥੇਦਾਰ ਤੇਜਾ ਸਿੰਘ ਭੁੱਚਰ

ਜਥੇਦਾਰ ਤੇਜਾ ਸਿੰਘ ਭੁੱਚਰ ਸਿੱਖ ਪੰਥ ਦੀ ਅਹਿਮ ਹਸਤੀ ਸਨ ਜਿਹਨਾਂ ਨੇ ਮਹੰਤਾਂ ਤੋਂ ਗੁਰਦੁਆਰੇ ਅਜ਼ਾਦ ਕਰਾਉਣ ਹਿਤ ਗੁਰਦੁਆਰਾ ਸੁਧਾਰ ਲਹਿਰ ਵਿਚ ਅਹਿਮ ਭੂਮਿਕਾ ਹੀ ਨਹੀਂ ਨਿਭਾਈ ਸਗੋਂ ਇਸ ਦੀ ਸ਼ੁਰੂਆਤ ਹੀ ਉਹਨਾਂ ਨੇ ਕੀਤੀ ਸੀ। ਉਹਨਾਂ ਨੇ ਦੇਸ਼ ਨੂੰ ਅਜ਼ਾਦ ਕਰਾਉਣ ਤੋਂ ਪਹਿਲਾਂ ਸਿੱਖ ਧਰਮ ਦੇ ਮੁਕੱਦਸ ਸਥਾਨਾਂ ਤੇ ਅੰਗਰੇਜ਼ਾਂ ਦੀ ਸ਼ਹਿ ਨਾਲ ਕਾਬਜ਼ ਹੋਏ ਅਯਾਸ਼ ਤੇ ਵਿਭਚਾਰੀ ਮਹੰਤਾਂ ਤੋਂ ਗੁਰਦੁਆਰੇ ਅਜ਼ਾਦ ਕਰਵਾਉਣ ਨੂੰ ਤਰਜੀਹ ਦਿੱਤੀ। ਉਹਨਾਂ ਨੂੰ 1920-21 ਤੱਕ ਸ੍ਰੀ ਅਕਾਲ ਤਖ਼ਤ ਦੇ ਪਹਿਲੇ ਜਥੇਦਾਰ ਨਿਯੁਕਤ ਕੀਤੇ ਜਾਣ ਦਾ ਮਾਣ ਵੀ ਹਾਸਲ ਹੈ। ਮਾਝੇ ਦੇ ਇਸ ਬਹਾਦਰ ਸਿੱਖ ਜਰਨੈਲ ਅਤੇ ਅਣਖੀ ਸੂਰਬੀਰ ਯੋਧੇ ਦਾ ਜਨਮ 28 ਅਕਤੂਬਰ 1887 ਨੂੰ ਨਾਨਕੇ ਪਿੰਡ ਭਾਈ  ਫੇਰੂ ਜਿਲ੍ਹਾ ਲਹੌਰ ਵਿਖੇ ਪਿਤਾ ਸ੍ਰ ਮਈਆ ਸਿੰਘ ਹਕੀਮ ਦੇ ਘਰ ਮਾਤਾ ਮਹਿਤਾਬ ਕੌਰ ਦੀ ਕੁਖੋਂ ਹੋਇਆ। ਉਹਨਾਂ ਦਾ ਜੱਦੀ ਪਿੰਡ ਭੁੱਚਰ ਖ਼ੁਰਦ ਜਿਲ੍ਹਾ ਤਰਨਤਾਰਨ ਵਿਚ ਪੈਂਦਾ ਹੈ। ਉਹਨਾਂ ਦੇ ਪਿਤਾ ਜੀ ਜ਼ਮੀਨ ਜਾਇਦਾਦ ਦੇ ਮਾਲਕ ਹੋਣ ਕਾਰਨ ਅਮੀਰ ਆਦਮੀ ਸਨ ਅਤੇ ਖੇਤੀਬਾੜੀ ਨਾਲ਼ ਹਕੀਮੀ ਦਾ ਕੰਮ ਵੀ ਕਰਦੇ ਸਨ। ਉਹਨਾਂ ਨੇ ਮੁਢਲੀ ਵਿਦਿਆ ਪਿੰਡ ਦੇ ਸਕੂਲ ਤੋਂ ਹਾਸਲ ਕੀਤੀ ਅਤੇ 1903 ਵਿਚ ਸਾਈਂ ਮੀਆਂ ਮੀਰ ਛਾਉਣੀ ਲਾਹੌਰ ਵਿਚ ਬ੍ਰਿਟਿਸ਼ ਭਾਰਤੀ ਫੌਜ ਦੇ ਘੋੜ ਸਵਾਰ ਰਸਾਲੇ ਵਿਚ ਸਿਪਾਹੀ ਭਰਤੀ ਹੋ ਗਏ। ਪਰਿਵਾਰਕ ਪਿਛੋਕੜ ਆਦਰਸ਼-ਵਾਦੀ ਗੁਰਸਿੱਖ ਦਾ ਹੋਣ ਕਾਰਨ ਉਹਨਾਂ ਨੇ ਸਿੱਖ ਧਰਮ ਦੇ ਸੇਵਾ ਕਾਰਜਾਂ ਵਿਚ ਸ਼ਾਮਲ ਹੋਣ ਲਈ 1914 ਵਿਚ ਫੌਜ ਦੀ ਨੌਂਕਰੀ ਛੱਡ ਦਿੱਤੀ।

ਅੰਮ੍ਰਿਤ ਪਾਨ ਕਰਕੇ ਉਹ 'ਸੈਂਟਰਲ ਮਾਝਾ ਖ਼ਾਲਸਾ ਦੀਵਾਨ' ਦੇ ਸਰਗਰਮ ਮੈਂਬਰ ਬਣ ਕੇ ਸਮਰਪਿਤ ਭਾਵਨਾ ਅਧੀਨ ਪੰਥਕ ਗਤੀਵਿਧੀਆਂ ਵਿਚ ਰੁੱਝ ਗਏ। ਉਹਨਾਂ ਦੀ ਸ਼ਾਦੀ ਬੀਬੀ ਕਰਤਾਰ ਕੌਰ ਵਾਸੀ ਬਲ੍ਹੇਰ ਨਾਲ਼ ਹੋਈ। ਆਪ ਦੇ ਦੋ

ਲੜਕੇ ਅਤੇ ਦੋ ਲੜਕੀਆਂ ਸਨ। 1918 ਵਿਚ ਜਥੇਦਾਰ ਤੇਜਾ ਸਿੰਘ ਭੁੱਚਰ ਨੇ ਖੇਰੂੰ ਖੇਰੂੰ ਹੋਏ ਸੈਂਟਰਲ ਮਾਝਾ ਖ਼ਾਲਸਾ ਦੀਵਾਨ ਨਵੀਂ ਰੂਹ ਫੂਕਣ ਲਈ ਆਪਣੇ ਪਿੰਡ ਵਿਚ ਨੇੜਲੇ ਪਿੰਡਾਂ ਦਾ ਇਕੱਠ ਕੀਤਾ। ਦੀਵਾਨ ਦਾ ਮੁੱਖ ਟੀਚਾ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਅਤੇ ਅੰਮ੍ਰਿਤਸਰ ਨੂੰ ਅਯਾਸ਼ ਮਹੰਤਾਂ ਦੇ ਕਬਜ਼ੇ ਤੋਂ ਮੁਕਤ ਕਰਾਉਣਾ ਸੀ। ਦੀਵਾਨ ਦੇ 2000 ਤੋਂ ਵੱਧ ਮੈਂਬਰ ਸਨ। ਮਾਰਚ 1919 ਵਿਚ ਪਿੰਡ ਭੁੱਚਰ ਵਿਖੇ ਦੀਵਾਨ ਦਾ ਸਾਲਾਨਾ ਇਕੱਠ ਕਰਕੇ ਜਥੇਦਾਰ ਤੇਜਾ ਸਿੰਘ ਨੂੰ ਪ੍ਰਧਾਨ ਥਾਪਿਆ ਗਿਆ। 13 ਅਪ੍ਰੈਲ 1919 ਨੂੰ ਰੌਲਟ ਐਕਟ ਦਾ ਵਿਰੋਧ ਕਰ ਰਹੇ ਸ਼ਾਂਤ ਮਈ ਲੋਕਾਂ ਤੇ ਗਵਰਨਰ ਦੇ ਹੁਕਮਾਂ ਤੇ ਜਨਰਲ ਡਾਇਰ ਨੇ ਅੰਨ੍ਹੇਵਾਹ ਗੋਲ਼ੀ ਚਲਾ ਕੇ ਸੈਂਕੜੇ ਲੋਕਾਂ ਨੂੰ ਕਤਲ ਅਤੇ ਹਜ਼ਾਰਾਂ ਨੂੰ ਜ਼ਖ਼ਮੀ ਕਰ ਦਿੱਤਾ। ਉਸ ਸਮੇਂ ਦੇ ਅਕਾਲ ਤਖ਼ਤ ਦੇ ਸਰਬਰਾਹ ਸ੍ਰ ਅਰੂੜ ਸਿੰਘ ਨੇ ਅਕਾਲ ਤਖ਼ਤ ਤੇ ਇਸ ਖ਼ੂਨੀ ਸਾਕੇ ਦੇ ਜ਼ਿੰਮੇਵਾਰ ਜਨਰਲ ਡਾਇਰ ਨੂੰ ਸਿਰੋਪਾ ਭੇਟ ਕੀਤਾ ਤਾਂ ਜਥੇਦਾਰ ਭੁੱਚਰ ਨੇ ਉਸ ਦੇ ਖ਼ਿਲਾਫ਼ ਨਾ-ਮਿਲਵਰਤਨ ਅੰਦੋਲਨ ਚਲਾਇਆ।

ਇਸ ਤੋਂ ਬਾਅਦ ਗੁਰਦੁਆਰਾ ਬਾਬੇ ਦੀ ਬੇਰ ਸਿਆਲ਼ਕੋਟ ਦੇ ਸਰਬਰਾਹ ਗੰਡਾ ਸਿੰਘ ਦੇ ਕਬਜ਼ੇ ਚੋਂ ਛਡਾਉਣ ਲਈ ਸੈਂਟਰਲ ਮਾਝਾ ਖ਼ਾਲਸਾ ਦੀਵਾਨ ਵੱਲੋਂ ਜਥੇਦਾਰ ਭੁੱਚਰ 105 ਸਿੰਘਾਂ ਦਾ ਜਥਾ ਲੈ ਕੇ ਪਹੁੰਚੇ। ਸ਼ਾਂਤਮਈ ਸਿੰਘਾਂ ਦੀ ਵਧਦੀ ਲਹਿਰ ਨੂੰ ਵੇਖਦੇ ਹੋਏ ਅਕਤੂਬਰ 1920 ਵਿਚ ਇਸ ਗੁਰਦੁਆਰੇ ਦਾ ਪ੍ਰਬੰਧ ਪੰਥਕ ਕਮੇਟੀ ਨੂੰ ਮਿਲ ਗਿਆ। ਇਹਨੀਂ ਦਿਨੀਂ ਹੀ ਪੁਜਾਰੀਆਂ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਕੁਝ ਅੰਮ੍ਰਿਤਧਾਰੀ ਸਿੰਘਾਂ ਦਾ ਕੜਾਹ ਪ੍ਰਸ਼ਾਦਿ ਜਾਤ-ਪਾਤ ਦੇ ਅਧਾਰ ਤੇ ਪ੍ਰਵਾਨ ਕਰਨ ਤੋਂ ਨਾਂਹ ਕਰ ਦਿੱਤੀ। ਜਥੇਦਾਰ ਤੇਜਾ ਸਿੰਘ ਅਤੇ ਕਰਤਾਰ ਸਿੰਘ ਝੱਬਰ ਦੇ ਦਖ਼ਲ ਨਾਲ ਮਾਮਲਾ ਹੱਲ ਹੋ ਗਿਆ ਅਤੇ ਪੁਜਾਰੀ ਅਕਾਲ ਤਖ਼ਤ ਛੱਡ ਕੇ ਭੱਜ ਗਏ। ਇਕੱਠੀ ਹੋਈ ਸੰਗਤ ਵੱਲੋਂ ਜਥੇਦਾਰ ਤੇਜਾ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਦਾ ਪਹਿਲਾ ਜਥੇਦਾਰ ਲਾਇਆ ਗਿਆ ਅਤੇ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧ ਲਈ 9 ਮੈਂਬਰੀ ਆਰਜ਼ੀ ਕਮੇਟੀ ਬਣਾਈ ਗਈ ਜਿਸ ਦੇ ਉਹ ਵੀ ਮੈਂਬਰ ਸਨ।

ਨਵੰਬਰ 1920 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ 14 ਦਸੰਬਰ 1920 ਨੂੰ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਕੀਤੀ ਗਈ। ਸ੍ਰ ਸਰਮੁਖ ਸਿੰਘ ਝਬਾਲ ਨੂੰ ਇਸ ਦਾ ਪ੍ਰਧਾਨ ਅਤੇ ਜਥੇਦਾਰ ਭੁੱਚਰ ਨੂੰ ਸਕੱਤਰ ਦੀ ਪਦਵੀ ਦਿੱਤੀ ਗਈ। ਨਵੰਬਰ 1920 ਵਿਚ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਹਸਨ ਅਬਦਾਲ ਦੇ ਮਹੰਤ ਮਿੱਠਾ ਸਿੰਘ ਦੀ ਮੌਤ ਤੋਂ ਬਾਅਦ ਇਸ ਦਾ ਪ੍ਰਬੰਧ ਪੰਥਕ ਹੱਥਾਂ ਵਿਚ ਦੇਣ ਲਈ ਜਥੇਦਾਰ ਭੁੱਚਰ ਦੀ ਹੱਲਾਸ਼ੇਰੀ ਨਾਲ ਭਾਈ ਕਰਤਾਰ ਸਿੰਘ ਝੱਬਰ ਦੀ ਅਗਵਾਈ ਹੇਠ 25 ਸਿੰਘਾਂ ਦਾ ਜਥਾ ਭੇਜਿਆ ਗਿਆ ਅਤੇ ਪ੍ਰਬੰਧ ਆਪਣੇ ਹੱਥਾਂ ਵਿਚ ਲੈ ਲਿਆ ਗਿਆ। ਦਸੰਬਰ 1920 ਵਿਚ ਗੁਰਦੁਆਰਾ ਭਾਈ ਜੋਗਾ ਸਿੰਘ ਪਿਸ਼ਾਵਰ ਦਾ ਪ੍ਰਬੰਧ ਸਿੱਖ-ਸੰਗਤ ਹੱਥ ਲੈਣ ਲਈ ਜਥੇਦਾਰ ਤੇਜਾ ਸਿੰਘ ਨੇ ਸੰਗਤ ਦੀ ਮਦਦ ਨਾਲ ਸਫਲਤਾ ਪ੍ਰਾਪਤ ਕੀਤੀ। 26 ਜਨਵਰੀ 1921 ਨੂੰ ਜਥੇਦਾਰ ਤੇਜਾ ਸਿੰਘ 40 ਸਿੰਘਾਂ ਦਾ ਜਥਾ ਲੈ ਕੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਵੱਲ ਮਹੰਤਾਂ ਦੀਆਂ ਮਨਮਾਨੀਆਂ ਨੂੰ ਨੱਥ ਪਾਉਣ ਅਤੇ ਗੁਰ-ਮਰਿਯਾਦਾ ਬਹਾਲ ਕਰਨ ਲਈ ਪਹੁੰਚੇ। ਪੁਜਾਰੀਆਂ ਦੇ ਗੁੰਡਿਆਂ ਵੱਲੋਂ ਹਥਿਆਰਬੰਦ ਵਿਰੋਧ ਦੇ ਬਾਵਜੂਦ ਦੋ ਸਿੰਘਾਂ ਦੀ ਕੁਰਬਾਨੀ ਦੇ ਕੇ ਗੁਰਦੁਆਰੇ ਦਾ ਪ੍ਰਬੰਧ ਸੰਗਤ ਵੱਲੋਂ ਬਣਾਈ 15 ਮੈਂਬਰੀ ਕਮੇਟੀ ਦੇ ਹਵਾਲੇ ਕਰਨ ਵਿਚ ਸਫਲ ਰਹੇ।

15 ਮਾਰਚ 1921 ਨੂੰ ਸਰਕਾਰ ਨੇ ਜਥੇਦਾਰ ਤੇਜਾ ਸਿੰਘ ਸਮੇਤ 11 ਸਿੰਘਾਂ ਨੂੰ ਹਿਰਾਸਤ ਵਿਚ ਲੈ ਕੇ ਲਾਹੌਰ ਜੇਲ੍ਹ ਭੇਜ ਦਿੱਤਾ ਅਤੇ ਗ੍ਰਿਫ਼ਤਾਰ ਕੀਤੇ ਸਿੰਘਾਂ ਤੇ ਮੁਕੱਦਮੇ ਚਲਾਏ ਗਏ। ਗੁਰਦੁਆਰਿਆਂ ਤੇ ਜਬਰੀ ਕਬਜ਼ਾ ਕਰਨ ਦੇ ਦੋਸ਼ ਹੇਠ ਜਥੇਦਾਰ ਹੋਰਾਂ ਨੂੰ ਇਕ ਮੁਕੱਦਮੇ ਵਿਚ 5 ਸਾਲ ਸਖ਼ਤ ਕੈਦ ਅਤੇ ਦੂਸਰੇ ਵਿਚ ਦੋ ਸਾਲ ਕੈਦ ਦੀ ਸਜ਼ਾ ਹੋਈ। ਪੰਜ ਮਹੀਨੇ ਬਾਅਦ ਉਹਨਾਂ ਨੂੰ ਰਿਹਾ ਕਰ ਦਿੱਤਾ ਗਿਆ ਪਰ ਉਹਨਾਂ ਨੇ ਪੰਥਕ ਸਰਗਰਮੀ ਜਾਰੀ ਰੱਖੀ। 19 ਅਪ੍ਰੈਲ 1921 ਨੂੰ ਸੈਂਟਰਲ ਮਾਝਾ ਖ਼ਾਲਸਾ ਦੀਵਾਨ ਤੋਂ ਵੱਖ ਹੋ ਕੇ ਉਹਨਾਂ ਨੇ ਗੜਗੱਜ ਅਕਾਲੀ ਜਥੇ ਦੀ ਸਥਾਪਨਾ ਕੀਤੀ ਜਿਸ ਦੇ ਪ੍ਰਧਾਨ ਉਹ ਆਪ ਸਨ। ਇਸ ਜਥੇ ਵੱਲੋਂ ਲੋਕਾਂ ਨੂੰ ਜਾਗਰੂਕ ਕਰਨ ਲਈ 21 ਫ਼ਰਵਰੀ 1922 ਨੂੰ 'ਗੜਗੱਜ ਅਕਾਲੀ' ਨਾਂ ਦਾ ਅਖ਼ਬਾਰ ਵੀ ਚਾਲੂ ਕੀਤਾ ਗਿਆ ਪਰ ਮਾਇਕ ਸੰਕਟ ਕਾਰਨ ਇਹ ਛੇਤੀ ਹੀ ਬੰਦ ਹੋ ਗਿਆ। ਦੁਬਾਰਾ 15 ਜੂਨ 1923 ਨੂੰ 'ਬੱਬਰ ਸ਼ੇਰ' ਅਖ਼ਬਾਰ ਛਾਪ ਕੇ ਪੰਥਕ ਹਿੱਤਾਂ ਲਈ ਪ੍ਰਚਾਰ ਸ਼ੁਰੂ ਕੀਤਾ। ਸਰਕਾਰ ਵਿਰੋਧੀ ਹੋਣ ਕਾਰਨ ਇਹਨਾਂ ਅਖ਼ਬਾਰਾਂ ਦੇ ਇਕ ਦਰਜਨ ਸੰਪਾਦਕਾਂ ਨੂੰ ਕੈਦ ਹੋਈ। ਦਸੰਬਰ 1923 ਵਿਚ ਉਹਨਾਂ ਨੂੰ ਪੁਰਾਣੇ ਕੇਸ ਵਿਚ ਫਿਰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ ਅਤੇ ਉਹ ਤਕਰੀਬਨ 7 ਸਾਲ ਲਾਹੌਰ ਤੇ ਰਾਵਲਪਿੰਡੀ ਜੇਲ੍ਹ ਵਿਚ ਤਸੀਹੇ ਭੁਗਤਦੇ ਰਹੇ।

ਗੁਰਦੁਆਰਾ ਐਕਟ ਬਣ ਜਾਣ ਪਿੱਛੋਂ ਵੀ ਅੰਗਰੇਜ਼ ਸਰਕਾਰ ਨੇ ਜਥੇਦਾਰ ਭੁੱਚਰ ਅਤੇ ਕਰਤਾਰ ਸਿੰਘ ਝੱਬਰ ਨੂੰ ਰਿਹਾ ਨਾ ਕੀਤਾ। ਸਜ਼ਾ ਪੂਰੀ ਹੋਣ ਤੇ ਉਹਨਾਂ ਨੂੰ ਸ਼ਰਤਾਂ ਅਧੀਨ ਰਿਹਾ ਕਰਨ ਦੀ ਸੂਚਨਾ ਦਿੱਤੀ ਗਈ ਪਰ ਸ਼ਰਤਾਂ ਸਵੀਕਾਰ ਨਾ ਕਰਨ ਪਿੱਛੋਂ 5 ਨਵੰਬਰ 1923 ਨੂੰ ਬਿਨਾਂ ਸ਼ਰਤ ਰਿਹਾ ਕਰ ਦਿੱਤਾ। ਇਸ ਦਰਮਿਆਨ ਸਰਕਾਰ ਨੇ ਉਹਨਾਂ ਦੇ ਘਰ ਦੀ ਕੁਰਕੀ ਵੀ ਕੀਤੀ। ਰਿਹਾਈ ਤੋਂ ਬਾਅਦ ਉਹਨਾਂ ਨੇ 1927-33 ਤੱਕ ਸਿੱਖ ਰਹਿਤ ਮਰਿਯਾਦਾ ਤਿਆਰ ਕਰਨ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਾਥ ਦਿੱਤਾ ਅਤੇ 1936 ਵਿਚ ਬੁਰਜ ਅਕਾਲੀ ਫੂਲਾ ਸਿੰਘ ਦੀ ਜ਼ਮੀਨ ਤੋਂ ਮਿਊਂਨਿਸਪਲ ਕਮੇਟੀ ਦਾ ਕਬਜ਼ਾ ਹਟਾਉਣ ਵਿਚ ਨਿਹੰਗ ਸਿੰਘਾਂ ਦੀ ਮਦਦ ਕੀਤੀ। ਦੋ ਅਕਤੂਬਰ 1939 ਨੂੰ ਜਦੋਂ ਉਹ ਆਪਣੇ ਪਿੰਡ ਤੋਂ ਗੱਗੋ ਬੂਏ ਵੱਲ ਜਾ ਰਹੇ ਸਨ ਤਾਂ ਵਿਰੋਧੀਆਂ ਨੇ ਉਹਨਾਂ ਤੇ ਹਮਲਾ ਕਰਕੇ ਸਖ਼ਤ ਜ਼ਖ਼ਮੀ ਕਰ ਦਿੱਤਾ ਅਤੇ 26 ਅਕਤੂਬਰ 1939 ਨੂੰ ਜ਼ਖ਼ਮਾਂ ਦੀ ਤਾਬ ਨਾ ਸਹਿੰਦੇ ਹੋਏ ਉਹ ਗੁਰੂ ਤੇਗ ਬਹਾਦਰ ਹਸਪਤਾਲ ਵਿਚ ਗੁਰ ਪੁਰੀ ਸੁਧਾਰ ਗਏ। ਉਹਨਾਂ ਦੇ ਪਰਿਵਾਰ ਚੋਂ ਉਹਨਾਂ ਦੇ ਪੋਤਰੇ ਸ੍ਰ ਸੁਰਜੀਤ ਸਿੰਘ ਭੁੱਚਰ, ਸ੍ਰ ਰਘਬੀਰ ਸਿੰਘ ਭੁੱਚਰ ਅਤੇ ਪੋਤਰੀਆਂ-ਦੋਹਤਰੀਆਂ ਦਾ ਸਮੂਹ ਪਰਿਵਾਰ ਉਹਨਾਂ ਦੇ ਨਕਸ਼ੇ-ਕਦਮਾਂ ਤੇ ਚੱਲਦਿਆਂ ਜ਼ਿੰਦਗੀ ਬਸ਼ਰ ਕਰ ਰਿਹਾ ਹੈ। ਉਹਨਾਂ ਦੀ ਯਾਦ ਵਿਚ ਪਿੰਡ ਭੁੱਚਰ ਵਿਚ ਓਹਨਾਂ ਦੇ ਜੱਦੀ ਮਕਾਨ ਵਿਚ ਯਾਦਗਾਰੀ ਲਾਇਬ੍ਰੇਰੀ ਸਥਾਪਤ ਕੀਤੀ ਗਈ ਹੈ ਜਿੱਥੇ ਇਲਾਕੇ ਦੇ ਬੱਚੇ ਆਪਣੇ ਇਤਿਹਾਸ ਤੇ ਸੱਭਿਆਚਾਰ ਸਬੰਧੀ ਪੁਸਤਕਾਂ ਪੜ੍ਹ ਕੇ ਗਿਆਨ ਹਾਸਲ ਕਰ ਰਹੇ ਹਨ।

**21.19 ਹਰਨਾਮ ਸਿੰਘ ਪੁੱਤਰ ਸ੍ਰ ਸੰਤ ਸਿੰਘ** ਅਤੇ ਮਾਤਾ ਅਤਰ ਕੌਰ ਪਿੰਡ ਠੱਠੀ-ਖਾਰਾ ਦਾ ਜਨਮ 1887 ਵਿਚ ਹੋਇਆ। ਇਹਨਾਂ ਨੇ ਦੇਸ਼ ਦੀ ਅਜ਼ਾਦੀ ਲਈ ਗ਼ਦਰ ਲਹਿਰ ਵਿਚ ਹਿੱਸਾ ਲਿਆ। ਫਾਂਸੀ ਦੀ ਸਜ਼ਾ ਹੋਈ ਅਤੇ 19 ਜੂਨ 1915 ਨੂੰ ਦੇਸ਼ ਦੀ ਖ਼ਾਤਰ ਸ਼ਹੀਦੀ ਜਾਮ ਪੀ ਗਏ।

### 21.20 ਗ਼ਦਰੀ ਸ਼ਹੀਦ ਬਾਬਾ ਜਿੰਦਰ ਸਿੰਘ ਦੂਧਾਧਾਰੀ

ਗ਼ਦਰੀ ਦੇਸ਼-ਭਗਤ ਬਾਬਾ ਜਿੰਦਰ ਸਿੰਘ ਚੌਧਰੀਵਾਲ਼ਾ ਜਿਲ੍ਹਾ ਤਰਨਤਾਰਨ ਇਕ ਨਿਵੇਕਲਾ ਦੇਸ਼-ਭਗਤ ਸੀ ਜਿਹੜਾ ਦੇਸ਼ ਦੀ ਖ਼ਾਤਰ ਅੰਗਰੇਜ਼ਾਂ ਦੀਆਂ ਕਾਲ਼ੇ-ਪਾਣੀ ਵਰਗੀਆਂ ਜੇਲ੍ਹਾਂ ਵਿੱਚ ਆਪਣੀ ਜ਼ਿੰਦਗੀ ਦੇ 16 ਸਾਲ ਬਿਨਾਂ ਰੋਟੀ ਖਾਧੇ ਕੇਵਲ ਦੁੱਧ ਦੇ ਸਹਾਰੇ ਕੱਟ ਕੇ ਦੇਸ਼ ਲਈ ਕੁਰਬਾਨ ਹੋ ਗਿਆ।ਬਾਬਾ ਜਿੰਦਰ ਸਿੰਘ ਦਾ ਜਨਮ 1888 ਵਿੱਚ ਜਿਲ੍ਹਾ ਤਰਨਤਾਰਨ ਦੇ ਪਿੰਡ ਚੌਧਰੀਵਾਲ਼ਾ ਵਿੱਚ ਸ੍ਰ ਮੰਗਲ ਸਿੰਘ ਦੇ ਘਰ ਹੋਇਆ। ਘਰ ਦੀ ਹਾਲਤ ਸੁਧਾਰਨ ਲਈ ਉਹ 1909-10 ਵਿੱਚ ਚੀਨ ਚਲੇ ਗਏ ਅਤੇ ਬਰਤਾਨਵੀ ਫੌਜ ਵਿਚ ਸਿਪਾਹੀ ਭਰਤੀ ਹੋ ਗਏ। 1914 ਦੇ ਸ਼ੁਰੂ ਵਿਚ ਉਹਨਾਂ ਦਾ ਮੇਲ ਬਾਬਾ ਗੁੱਜਰ ਸਿੰਘ ਭਕਨਾ ਨਾਲ਼ ਹੋਇਆ ਜਿਸ ਦਾ ਸਬੰਧ ਪਹਿਲਾਂ ਹੀ ਬਾਬਾ ਸੋਹਨ ਸਿੰਘ ਭਕਨਾ ਅਤੇ ਕਰਤਾਰ ਸਿੰਘ ਸਰਾਭਾ ਨਾਲ਼ ਹੋ ਚੁੱਕਾ ਸੀ। ਗੁੱਜਰ ਸਿੰਘ ਭਕਨਾ ਵੀ ਸ਼ੰਘਾਈ ਪੁਲਿਸ ਵਿਚ ਸੀ। ਉਹ ਸ਼ੰਘਾਈ ਵਿਚ ਗ਼ਦਰੀ ਸਰਗਰਮੀਆਂ ਵਿਚ ਭਾਗ ਲੈਂਦਾ ਸੀ। ਬਾਬਾ ਜਿੰਦਰ ਸਿੰਘ ਨੇ ਵੀ ਉਹਦੇ ਰਾਹੀਂ ਗ਼ਦਰ ਲਹਿਰ ਨੂੰ 20 ਡਾਲਰ ਫੰਡ ਦਿੱਤਾ। ਪਹਿਲਾ ਵਿਸ਼ਵ-ਯੁੱਧ ਸ਼ੁਰੂ ਹੋਣ ਤੇ ਗ਼ਦਰ ਪਾਰਟੀ ਨੇ ਦੇਸ਼-ਭਗਤਾਂ ਨੂੰ ਦੇਸ਼ ਵਿਚ ਪਹੁੰਚ ਕੇ ਗ਼ਦਰ ਕਰਨ ਲਈ ਹੁਕਮ ਕੀਤਾ ਤਾਂ ਬਾਬਾ ਜੀ ਨੌਂਕਰੀ ਛੱਡ ਕੇ ਸਾਥੀਆਂ ਨਾਲ਼ ਕੁਲੰਬੋ ਹੁੰਦੇ ਹੋਏ ਮਦਰਾਸ ਪਹੁੰਚੇ।

ਮਦਰਾਸ ਤੋਂ ਪੰਜਾਬ ਪਹੁੰਚ ਕੇ ਉਹਨਾਂ ਨੇ ਗ਼ਦਰੀ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ। 23 ਤੇ 26 ਨਵੰਬਰ ਦੀਆਂ ਝਾਂੜ ਸਾਹਿਬ ਅਤੇ ਤਰਨਤਾਰਨ ਦੀਆਂ ਮੀਟਿੰਗਾਂ ਵਿਚ ਸ਼ਾਮਲ ਹੋਏ ਅਤੇ ਸਰਹਾਲ਼ੀ ਥਾਣੇ ਤੋਂ

ਹਥਿਆਰ ਖੋਹਣ ਵਾਲ਼ੇ ਕਾਂਡ ਵਿਚ ਮੋਹਰੀ ਭੂਮਕਾ ਨਿਭਾਈ। ਇਹ ਮਿਸ਼ਨ ਕਾਮਯਾਬ ਨਾ ਹੋ ਸਕਿਆ। ਉਹਨਾਂ ਨੇ ਭਾਰਤੀ ਫੌਜੀਆਂ ਨੂੰ ਗ਼ਦਰ ਲਈ ਤਿਆਰ ਕਰਨ ਵਾਸਤੇ ਮੀਆਂਮੀਰ ਛਾਉਣੀ ਲਹੌਰ ਵਿਚ ਦਫੇਦਾਰ ਵਧਾਵਾ ਸਿੰਘ ਰੂੜੀਵਾਲ਼ੇ ਰਾਹੀਂ ਸੰਪਰਕ ਬਣਾਇਆ ਪਰ ਬਗ਼ਾਵਤ ਸ਼ੁਰੂ ਕਰਨ ਵਿਚ ਕਾਮਯਾਬ ਨਾ ਹੋਏ। 12 ਜੁਲਾਈ 1914 ਨੂੰ ਪੁਲਿਸ ਨੇ ਉਹਨਾਂ ਨੂੰ ਗ੍ਰਿਫ਼ਤਾਰ ਕਰਕੇ ਵਾਅਦਾ-ਮੁਆਫ਼ ਗਵਾਹ ਬਣਾਉਣ ਲਈ ਬੜੀ ਸਖਤੀ ਕੀਤੀ। ਉਹ 102 ਗ਼ਦਰੀਆਂ ਵਿਚ ਸ਼ਾਮਲ ਸਨ ਜਿਹਨਾਂ ਤੇ ਪਹਿਲਾ ਲਹੌਰ ਸਾਜ਼ਿਸ਼ ਕੇਸ ਦਰਜ ਕੀਤਾ ਗਿਆ। ਲਹੌਰ ਸੈਂਟਰਲ ਜੇਲ੍ਹ ਵਿਚ ਮੁਕੱਦਮੇਂ ਦੀ ਸੁਣਵਾਈ ਸ਼ੁਰੂ ਹੋਈ। ਸੁਣਵਾਈ ਦੌਰਾਨ ਜੇਲ੍ਹ ਵਿਚ ਮਿਲਦੀ ਮਿੱਟੀ-ਘੱਟੇ ਵਾਲ਼ੀ ਰੋਟੀ ਕਾਰਨ ਉਹਨਾਂ ਦਾ ਜੇਲ੍ਹ ਦੇ ਦਰੋਗੇ ਨਾਲ਼ ਝਗੜਾ ਹੋ ਗਿਆ। ਅਧਿਕਾਰੀਆਂ ਨੂੰ ਸ਼ਿਕਾਇਤ ਕਰਨ ਤੇ ਵੀ ਕੋਈ ਸੁਧਾਰ ਨਾ ਹੋਇਆ ਤਾਂ ਉਹਨਾਂ ਨੇ ਰੋਟੀ ਖਾਣੀ ਛੱਡ ਦਿੱਤੀ। ਜੇਲ੍ਹ ਵਿਚ ਕਦੇ ਉਹਨਾਂ ਨੂੰ ਦੁੱਧ ਜਾਂ ਲੱਸੀ ਮਿਲ ਜਾਂਦੀ ਸੀ ਜੀਹਦੇ ਆਸਰੇ ਉਹ ਜੀਊਂਦੇ ਰਹੇ। ਇਸ ਕਾਰਨ ਉਹਨਾਂ ਦੇ ਨਾਂ ਨਾਲ਼ 'ਦੂਧਾਧਾਰੀ' ਸ਼ਬਦ ਪੱਕੇ ਤੌਰ ਤੇ ਜੁੜ ਗਿਆ।30 ਮਈ 1916 ਨੂੰ ਹੋਏ ਫੈਸਲੇ ਮੁਤਾਬਕ ਬਾਬਾ ਜੀ ਨੂੰ ਉਮਰ ਕੈਦ ਕਾਲ਼ੇ-ਪਾਣੀ ਦੀ ਸਜ਼ਾ ਹੋਈ। ਉਹਨਾਂ ਨੇ ਉਮਰ ਦੇ ਆਖ਼ਰੀ 16 ਸਾਲ ਵੱਖ ਵੱਖ ਜੇਲ੍ਹਾਂ ਵਿਚ ਅਨੇਕਾਂ ਕਸ਼ਟ ਸਹਾਰਦਿਆਂ ਬਿਨਾਂ ਰੋਟੀ ਖਾਧਿਆਂ ਗੁਜ਼ਾਰੇ। ਜਦੋਂ ਉਹਨਾਂ ਨੂੰ ਅੰਡੇਮਾਨ ਦੀ ਕਾਲ਼ੇ-ਪਾਣੀ ਜੇਲ੍ਹ ਦੀ ਸਜ਼ਾ ਹੋਈ ਤਾਂ ਉਹਨਾਂ ਹੋਰ ਕੈਦੀ ਲੈਣ ਤੋਂ ਨਾਂਹ ਕਰ ਦਿੱਤੀ। ਬਾਬਾ ਜਿੰਦਰ ਸਿੰਘ ਨੂੰ ਕਾਲ਼ੇ-ਪਾਣੀ ਵਰਗੀ ਮੁਲਤਾਨ ਸੈਂਟਰਲ ਜੇਲ੍ਹ ਤੇ ਫਿਰ ਬਿਹਾਰ ਦੀ ਹਜ਼ਾਰੀ ਬਾਗ ਜੇਲ੍ਹ ਭੇਜਿਆ ਗਿਆ। ਕੁਝ ਚਿਰ ਬਾਓਦ ਮਦਰਾਸ ਦੀ ਬੁਲਾਰੀ ਜੇਲ੍ਹ ਬਦਲ ਦਿੱਤਾ ਗਿਆ ਜਿੱਥੇ 1932 ਵਿਚ ਇਹ ਮਹਾਨ ਦੇਸ਼-ਭਗਤ ਅਨੇਕਾਂ ਕਸ਼ਟ ਸਹਾਰਦਿਆਂ ਸ਼ਹੀਦੀ ਜਾਮ ਪੀ ਗਿਆ। ਇਸ ਮਹਾਨ ਦੇਸ਼-ਭਗਤ ਅਤੇ ਕੁਰਬਾਨੀ ਵਾਲ਼ੇ ਯੋਧੇ ਦੀ ਕਿਤੇ ਕੋਈ ਯਾਦਗਾਰ ਨਹੀਂ ਬਣਵਾਈ ਗਈ ਅਤੇ ਉਹ ਅੱਜ ਤੱਕ ਅਣਗੌਲ਼ਿਆ ਰਿਹਾ ਹੈ। ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਸਾਡੇ ਦੇਸ਼ ਦੇ ਆਗੂ ਕਿਹੋ ਜਿਹੀ ਫ਼ਿਤਰਤ ਦੇ ਮਾਲਕ ਹਨ ਜੋ ਦੇਸ਼ ਦੀ ਅਜ਼ਾਦੀ ਤੋਂ ਬਾਅਦ ਕੁਰਸੀਆਂ ਦਾ ਆਨੰਦ ਤਾਂ ਲੈ ਰਹੇ ਹਨ ਪਰ ਦੇਸ਼ ਅਜ਼ਾਦ ਕਰਾਉਣ ਵਾਲ਼ੇ ਯੋਧਿਆਂ ਨੂੰ ਭੁੱਲ ਬੈਠੇ ਹਨ।
(ਜਾਣਕਾਰੀ ਦਾ ਸ੍ਰੋਤ - ਫੇਸ-ਬੁੱਕ ਪੋਸਟ ਕੰਵਲਬੀਰ ਸਿੰਘ ਪੰਨੂ)

### 21.21 ਸ੍ਰ ਅਮਰ ਸਿੰਘ ਝਬਾਲ

ਪਿੰਡ ਝਬਾਲ ਕਲਾਂ ਇਕ ਇਤਿਹਾਸਕ ਪਿੰਡ ਹੈ ਜਿਸ ਦਾ ਪਿਛੋਕੜ ਪੰਜਵੇਂ ਗੁਰੂ ਅਰਜਨ ਦੇਵ ਜੀ ਦੇ ਅਨਿੰਨ ਸੇਵਕ ਭਾਈ ਲੰਗਾਹ ਨਾਲ਼ ਜਾ ਜੁੜਦਾ ਹੈ। ਇਸ ਪਿੰਡ ਦੇ ਬਹਾਦਰ ਵਡੇਰਿਆਂ ਨੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੁਆਰਾ ਜ਼ਾਲਮ ਮੁਗ਼ਲ ਹਾਕਮਾਂ ਵਿਰੁੱਧ ਲੜੀਆਂ ਜੰਗਾ ਵਿਚ ਸੈਨਿਕਾਂ ਵਜੋਂ ਸ਼ਹਾਦਤਾਂ ਦਿੱਤੀਆਂ। ਛੇਵੇਂ ਗੁਰੂ ਹਰਗੋਬਿੰਦ ਸਾਹਿਬ ਦੀ ਸਪੁਤਰੀ ਬੀਬੀ ਵੀਰੋ ਦੀ ਸ਼ਾਦੀ ਵੀ ਇੱਸੇ ਪਿੰਡ ਵਿਚ ਹੋਈ ਸੀ। ਸਿੱਖ ਵੀਰਾਂਗਣਾ ਮਾਈ ਭਾਗੋ ਅਤੇ ਪ੍ਰਮੁਖ ਇਤਿਹਾਸਕਾਰ ਤੇ ਵਿਦਵਾਨ ਸ੍ਰ ਕਰਮ ਸਿੰਘ ਹਿਸਟੋਰੀਅਨ ਦਾ ਸਬੰਧ ਵੀ ਇਸ ਨਗਰ ਨਾਲ ਹੈ। ਸ੍ਰ ਅਮਰ ਸਿੰਘ ਝਬਾਲ ਦਾ ਜਨਮ ਇਸੇ ਪਿੰਡ ਵਿਚ ਸ੍ਰ ਗੋਪਾਲ ਸਿੰਘ ਦੇ ਘਰ 1888 ਵਿਚ ਹੋਇਆ। ਉਹਨਾਂ ਦੇ ਪੜਦਾਦਾ ਸ੍ਰ ਗੁਲਾਬ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਤਾਇਨਾਤ ਰਹੇ ਸਨ, ਦਾਦਾ ਸ੍ਰ ਹਰਭਗਤ ਸਿੰਘ ਕੰਵਰ ਨੌ ਨਿਹਾਲ ਸਿੰਘ ਦੇ ਕੁੰਮੇਦਾਨ ਸਨ। ਉਹਨਾਂ ਨੇ ਮੁਢਲੀ ਵਿਦਿਆ ਪਿੰਡ ਦੇ ਸਕੂਲ ਤੋਂ ਪ੍ਰਾਪਤ ਕੀਤੀ ਅਤੇ ਉਚੇਰੀ ਪੜ੍ਹਾਈ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਕਰਕੇ ਪੁਲਿਸ ਵਿਚ ਸਬ ਇੰਸਪੈਕਟਰ ਭਰਤੀ ਹੋ ਗਏ।

1917 ਵਿਚ ਬਸਤੀਵਾਦੀ ਅਧਿਕਾਰੀਆਂ ਵੱਲੋਂ ਕਿਰਪਾਨ ਪਹਿਨਣ ਤੇ ਪਾਬੰਦੀ ਲਾਉਣ ਕਾਰਨ ਉਹਨਾਂ ਨੇ ਪੁਲਿਸ ਦੀ ਨੌਂਕਰੀ ਛੱਡ ਦਿੱਤੀ ਅਤੇ 1920 ਵਿਚ ਭਾਈ ਦਾਨ ਸਿੰਘ ਵਿਛੋਆ ਨਾਲ਼ ਸੰਪਰਕ ਕਰਕੇ ਗੁਰਦੁਆਰਾ ਸੁਧਾਰ ਲਹਿਰ ਵਿਚ ਕੁੱਦ ਪਏ। ਉਹਨਾਂ ਨੇ ਗੁਰਦੁਆਰਾ ਪੰਜਾ ਸਾਹਿਬ ਹਸਨ ਅਬਦਾਲ਼, ਬਾਬੇ ਦੀ ਬੇਰ ਸਿਆਲ਼ਕੋਟ ਅਤੇ ਤਰਨਤਾਰਨ ਦੇ ਗੁਰਦੁਆਰਿਆਂ ਨੂੰ ਅਯਾਸ਼ ਮਹੰਤਾਂ ਦੇ ਕਬਜ਼ੇ ਚੋਂ ਛਡਾਉਣ ਲਈ ਜਾਣ ਵਾਲ਼ੇ ਜਥਿਆਂ ਦੀ ਅਗਵਾਈ ਕੀਤੀ। ਕਿਹਾ ਜਾਂਦਾ ਹੈ ਕਿ 1947 ਤੋਂ ਪਹਿਲਾਂ ਉਹਨਾਂ ਦੇ ਪਰਿਵਾਰ ਕੋਲ 1000 ਏਕੜ ਜ਼ਮੀਨ ਸੀ ਜਿਸ ਦਾ ਵੱਡਾ ਹਿੱਸਾ ਉਹਨਾਂ ਨੇ ਪੰਥਕ ਹਿੱਤਾਂ ਲਈ ਝੋਕ ਦਿੱਤਾ। ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਕਰਨ ਵਿਚ ਅਹਿਮ ਭੂਮਿਕਾ ਨਿਭਾਈ।

ਇਸ ਕਾਰਨ ਉਹਨਾਂ ਨੂੰ ਤਰਨਤਾਰਨ ਅਤੇ ਅੰਮ੍ਰਿਤਸਰ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵਿਚ ਮੈਂਬਰ ਚੁਣਿਆ ਗਿਆ। ਉਹ ਸੈਂਟਰਲ ਸਿੱਖ ਲੀਗ ਅਤੇ ਜਿਲ੍ਹਾ ਕਾਂਗਰਸ ਕਮੇਟੀ ਦੇ ਵੀ ਮੈਂਬਰ ਸਨ। ਉਹਨਾਂ ਨੂੰ ਦੋ ਵਾਰ ਆਲ ਇੰਡੀਆ ਕਾਂਗਰਸ ਕਮੇਟੀ ਲਈ ਚੁਣਿਆ ਗਿਆ। 1962 ਵਿਚ ਉਹਨਾਂ ਦੀ ਮੌਤ ਹੋ ਗਈ।

**21.22 ਸੋਭਾ ਸਿੰਘ ਪੁੱਤਰ ਸ੍ਰ ਭੋਲਾ ਸਿੰਘ** ਪਿੰਡ ਮਰ੍ਹਾਣਾ 1914 ਦੇ ਕਾਮਾਗਾਟਾ ਮਾਰੂ ਸਾਕੇ ਦੇ ਦੇਸ਼ ਭਗਤਾਂ ਵਿਚ ਸ਼ਾਮਲ ਸੀ। ਇਹਨਾਂ ਨੇ ਬਾਅਦ ਵਿਚ ਅਜ਼ਾਦੀ ਲਹਿਰ ਵਿਚ ਬਹੁਤ ਕਸ਼ਟ ਸਹਾਰੇ। 1922-23 ਵਿਚ 2 ਸਾਲ ਦੀ ਕੈਦ ਅਤੇ 200 ਰੁਪਏ ਜੁਰਮਾਨੇ ਦੀ ਸਜ਼ਾ ਭੁਗਤੀ। ਅੰਗਰੇਜ਼ਾਂ ਮੂਹਰੇ ਝੁਕਣ ਤੋਂ ਇਨਕਾਰ ਕਰ ਦੇਣ ਕਾਰਨ ਇਹਨਾਂ ਨੂੰ ਦੂਸਰੀ ਵਾਰ 4 ਸਾਲ ਕੈਦ ਅਤੇ 500 ਰੁਪਏ ਜੁਰਮਾਨੇ ਦੀ ਸਜ਼ਾ ਦਿੱਤੀ ਗਈ। ਸਜ਼ਾ ਭੁਗਤਣ ਬਾਅਦ ਸਾਰੀ ਉਮਰ ਅਜ਼ਾਦੀ ਲਹਿਰ ਵਿਚ ਸ਼ਾਮਲ ਰਹੇ।

**21.23 ਪਰਸਾ ਸਿੰਘ ਪੁੱਤਰ ਸ੍ਰ ਭਗਤ ਸਿੰਘ** 1893 ਵਿਚ ਪਿੰਡ ਨੌਰੰਗਾਬਾਦ ਵਿਚ ਮਾਤਾ ਗੁਲਾਬੋ ਦੀ ਕੁੱਖ ਤੋਂ ਪੈਦਾ ਹੋਏ। ਅਕਾਲੀ ਲਹਿਰ ਵਿਚ ਨਾਭੇ ਦੇ ਮੋਰਚੇ ਵਿਚ ਹਿੱਸਾ ਲਿਆ। ਡੇਢ ਸਾਲ ਦੀ ਸਜ਼ਾ ਭੁਗਤੀ। ਦੂਸਰੀ ਵਾਰ ਫਿਰ 2 ਸਾਲ 1 ਮਹੀਨੇ ਦੀ ਸਜ਼ਾ ਹੋਈ।

**21.24 ਸ੍ਰ ਸਰਮੁਖ ਸਿੰਘ ਝਬਾਲ**

ਸ੍ਰ ਸਰਮੁਖ ਸਿੰਘ ਝਬਾਲ ਸ੍ਰ ਅਮਰ ਸਿੰਘ ਝਬਾਲ ਦੇ ਛੋਟੇ ਤੇ ਵਿਚਕਾਰਲੇ ਸਕੇ ਭਰਾ ਸਨ। ਉਹਨਾਂ ਦਾ ਤੀਜਾ ਭਰਾ ਸ੍ਰ ਜਸਵੰਤ ਸਿੰਘ ਝਬਾਲ ਸੀ। ਉਹਨਾਂ ਦਾ ਜਨਮ 1893 ਵਿਚ ਸ੍ਰ ਗੋਪਾਲ ਸਿੰਘ ਦੇ ਘਰ ਝਬਾਲ ਵਿਖੇ ਹੋਇਆ ਸੀ। ਉਹ ਵੀ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਸਿੱਖਿਆ ਹਾਸਲ ਕਰਕੇ ਅਕਾਲੀ ਲਹਿਰ ਵਿਚ ਸ਼ਾਮਲ ਹੋ ਗਏ। ਉਹਨਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੀ 14 ਦਸੰਬਰ 1920 ਨੂੰ ਸਥਾਪਤੀ ਵੇਲ਼ੇ ਇਸ ਦਾ ਪਹਿਲਾ ਪ੍ਰਧਾਨ ਚੁਣੇ ਜਾਣ ਦਾ ਮਾਣ ਹਾਸਲ ਹੋਇਆ। 24 ਨਵੰਬਰ 1921 ਨੂੰ ਚਾਬੀਆਂ ਦੇ ਮੋਰਚੇ ਸਮੇਂ ਉਹਨਾਂ ਨੂੰ ਸਰਕਾਰ ਨੇ ਗ੍ਰਿਫ਼ਤਾਰ ਕਰ ਲਿਆ ਗਿਆ। 1922 ਵਿਚ ਗੁਰਦੁਆਰਾ ਗੁਰੂ ਕਾ ਬਾਗ ਦੇ ਮੋਰਚੇ ਵਿਚ ਜਥਾ ਲੈ ਕੇ ਸ਼ਾਮਲ ਹੋਣ ਉਪ੍ਰੰਤ ਉਹਨਾਂ ਨੂੰ ਫਿਰ ਗ੍ਰਿਫ਼ਤਾਰ ਕਰ ਲਿਆ ਗਿਆ। ਸਿੱਖ ਗੁਰਦੁਆਰਾ ਐਕਟ 1925 ਪਾਸ ਕਰਨ ਵੇਲ਼ੇ ਸਰਕਾਰੀ ਹੁਕਮ ਨਾ ਮੰਨਣ ਕਾਰਨ ਉਹਨਾਂ ਦੀ ਰਿਹਾਈ ਰੋਕੀ ਗਈ ਜੋ ਮਗਰੋਂ 27 ਸਤੰਬਰ 1927 ਨੂੰ ਹੋਈ। ਰਿਹਾਈ ਤੋਂ ਬਾਅਦ ਉਹਨਾਂ ਦਾ ਝੁਕਾਅ ਕਾਂਗਰਸ ਵੱਲ ਹੋ ਗਿਆ ਅਤੇ ਉਹਨਾਂ ਨੇ ਗਾਂਧੀ ਜੀ ਦੀ ਅਗਵਾਈ ਹੇਠ ਸਿਵਲ ਨਾ-ਫ਼ੁਰਮਾਨੀ ਲਹਿਰ -1930 ਅਤੇ ਭਾਰਤ ਛੱਡੋ ਲਹਿਰ -1942 ਵਿਚ ਹਿੱਸਾ ਲਿਆ। ਅਜ਼ਾਦੀ ਮਿਲ਼ ਜਾਣ ਅਤੇ ਦੇਸ਼-ਵੰਡ ਹੋ ਜਾਣ ਤੋਂ ਬਾਅਦ ਉਹ ਲਾਇਲਪੁਰ ਤੋਂ ਜਲੰਧਰ ਆ ਵੱਸੇ ਜਿੱਥੇ 16 ਅਪ੍ਰੈਲ 1952 ਨੂੰ ਉਹਨਾਂ ਦੀ ਮੌਤ ਹੋ ਗਈ।

**21.25 ਜਥੇਦਾਰ ਊਧਮ ਸਿੰਘ ਨਾਗੋ ਕੇ**

ਉੱਘੇ ਸੁਤੰਤਰਤਾ ਸੈਨਾਨੀ ਅਤੇ ਸਾਬਕਾ ਮੈਂਬਰ ਰਾਜ ਸਭਾ ਜਥੇਦਾਰ ਊਧਮ ਸਿੰਘ ਦਾ ਜਨਮ 28 ਅਪ੍ਰੈਲ 1894 ਨੂੰ ਪਿੰਡ ਨਾਗੋ ਕੇ ਵਿਚ ਹੋਇਆ। ਮੁਢਲੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਉਹ ਸ਼੍ਰੋਮਣੀ ਅਕਾਲੀ ਦਲ ਨਾਲ ਜੁੜ ਗਏ

ਅਤੇ 1947 ਤੱਕ ਅਕਾਲੀ ਦਲ ਨਾਲ਼ ਰਹੇ। ਉਹਨਾਂ ਨੇ ਸਿਵਲ ਨਾ-ਫ਼ੁਰਮਾਨੀ ਲਹਿਰ ਵਿਚ ਹਿੱਸਾ ਲਿਆ। ਉਹਨਾਂ ਨੇ 1921 ਵਿਚ ਅਕਾਲੀ ਦਲ ਵੱਲੋਂ ਸ਼ੁਰੂ ਕੀਤੇ ਚਾਬੀਆਂ ਦੇ ਮੋਰਚੇ ਵਿਚ ਵੀ ਭਾਗ ਲਿਆ ਅਤੇ 6 ਮਹੀਨੇ ਦੀ ਕੈਦ ਕੱਟੀ। ਇਸ ਤੋਂ ਬਾਅਦ ਗੁਰੂ ਕੇ ਬਾਗ ਮੋਰਚੇ ਵਿਚ ਭਾਗ ਲੈਣ ਕਾਰਨ 2 ਸਾਲ ਕੈਦ ਅਤੇ 200 ਰੁਪਏ ਜੁਰਮਾਨੇ ਦੀ ਸਜ਼ਾ ਭੁਗਤੀ। ਉਹਨਾਂ ਨੂੰ 9 ਫ਼ਰਵਰੀ 1924 ਨੂੰ ਜੈਤੋ ਦੇ ਮੋਰਚੇ ਲਈ ਪਹਿਲਾ ਸ਼ਹੀਦੀ ਜਥਾ ਲੈ ਕੇ ਜਾਣ ਦੀ ਡਿਊਟੀ ਲਾਈ ਗਈ ਪਰ ਇਕ ਰਾਤ ਪਹਿਲਾਂ ਹੀ ਸਰਕਾਰ ਨੇ ਉਹਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਦੋ ਸਾਲ ਲਈ ਸੈਂਟਰਲ ਜੇਲ੍ਹ ਮੁਲਤਾਨ ਵਿਚ ਭੇਜ ਦਿੱਤਾ। ਰਿਹਾਈ ਤੋਂ ਬਾਅਦ 1926 ਵਿਚ ਉਹਨਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਨਿਯੁਕਤ ਕੀਤਾ ਗਿਆ। 1930 ਵਿਚ ਸਿਵਲ ਨਾ-ਫ਼ੁਰਮਾਨੀ ਲਹਿਰ ਵਿਚ ਭਾਗ ਲੈਣ ਤੇ ਫਿਰ ਇਕ ਸਾਲ ਦੀ ਕੈਦ ਕੱਟੀ। ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਐਕਟ ਲਾਗੂ ਹੋਇਆ ਤਾਂ ਉਹ ਇਸ ਦੇ ਮੈਬਰ ਚੁਣੇ ਗਏ ਤੇ 1954 ਤੱਕ ਮੈਬਰ ਰਹੇ। 1948 ਅਤੇ 1950 ਵਿਚ ਉਹਨਾਂ ਨੂੰ ਐਸ ਜੀ ਪੀ ਸੀ ਦਾ ਪ੍ਰਧਾਨ ਵੀ ਚੁਣਿਆ ਗਿਆ। 1935 ਵਿਚ ਉਹ ਅਕਾਲੀ ਦਲ ਦੇ ਪ੍ਰਧਾਨ ਦੇ ਅਹੁਦੇ ਤੇ ਵੀ ਰਹੇ। 1936-39 ਚਾਰ ਸਾਲ ਅਜ਼ਾਦੀ ਲਹਿਰ ਦੇ ਲੇਖੇ ਲਾਏ।

ਮਾਰਚ 1942 ਵਿਚ ਉਹਨਾਂ ਨੂੰ ਡੀ. ਆਈ. ਆਰ. ਅਧੀਨ ਗ੍ਰਿਫ਼ਤਾਰ ਕਰਕੇ ਜੇਲ੍ਹ ਵਿਚ ਸੁੱਟ ਦਿੱਤਾ ਗਿਆ। ਭਾਰਤ ਛੱਡੋ ਲਹਿਰ ਸਮੇਂ ਵੀ ਉਹ ਤਿੰਨ ਸਾਲ ਜੇਲ੍ਹ ਵਿਚ ਰਹੇ। ਜੇਲ੍ਹ ਤੋਂ ਰਿਹਾ ਹੋਣ ਪਿੱਛੋਂ 1946-52 ਤਕ ਪੰਜਾਬ ਦੀ ਪ੍ਰਾਂਤਕ ਅਸੈਂਬਲੀ ਦੇ ਮੈਂਬਰ ਚੁਣੇ ਗਏ। 1952 ਵਿਚ ਉਹਨਾਂ ਨੂੰ ਕਾਂਗਰਸ ਦੇ ਸੰਗਠਨ ਭਾਰਤ ਸੇਵਕ ਸਮਾਜ ਦਾ ਮੁਖੀ ਥਾਪਿਆ ਗਿਆ। ਉਹਨਾਂ ਨੇ 1947 ਤੋਂ 1960 ਤੱਕ ਕਾਂਗਰਸ ਵਿਚ ਕੰਮ ਕੀਤਾ ਅਤੇ 1947-51 ਤੱਕ ਅੰਮ੍ਰਿਤਸਰ ਕੇਂਦਰੀ ਸਿੱਖ ਹਲਕੇ ਦੀ ਪ੍ਰਤੀਨਿਧਤਾ ਕੀਤੀ। 1952 ਤੋਂ 1960 ਤੱਕ ਉਹ ਕਾਂਗਰਸ ਵੱਲੋਂ ਰਾਜ ਸਭਾ ਦੇ ਮੈਂਬਰ ਰਹੇ। ਇਸ ਸਮੇਂ ਦੌਰਾਨ ਉਹ ਪੰਜਾਬ ਪ੍ਰਦੇਸ਼ ਕਾਂਗਰਸ ਦੇ ਵੀ ਮੈਂਬਰ ਸਨ। 1960 ਵਿਚ ਉਹ ਪੰਜਾਬੀ ਸੂਬੇ ਦੀ ਮੰਗ ਲਈ ਸਰਗਰਮ ਹੋ ਗਏ ਅਤੇ 1966 ਤੱਕ ਸੀ. ਰਾਜ ਗੋਪਾਲ ਅਚਾਰੀਏ ਦੀ ਸਵਤੰਤਰ ਪਾਰਟੀ ਦੀ ਪੰਜਾਬ ਇਕਾਈ ਦੇ ਪ੍ਰਧਾਨ ਰਹੇ। ਉਹ ਕੁਝ ਚਿਰ ਬਿਮਾਰ ਰਹਿ ਕੇ 11 ਜਨਵਰੀ (ਇਕ ਥਾਂ 16 ਜਨਵਰੀ ਲਿਖਿਆ ਵੀ ਮਿਲਦਾ ਹੈ) 1966 ਨੂੰ ਪੀ ਜੀ ਆਈ ਚੰਡੀਗੜ੍ਹ ਵਿਚ ਸਵਰਗਵਾਸ ਹੋ ਗਏ।

### 21.26 ਸ੍ਰ ਜਸਵੰਤ ਸਿੰਘ ਝਬਾਲ

ਜਿਵੇਂ ਕਿ ਉੱਪਰ ਦੱਸਿਆ ਗਿਆ ਹੈ ਕਿ ਸ੍ਰ ਜਸਵੰਤ ਸਿੰਘ ਝਬਾਲ, ਸ੍ਰ ਅਮਰ ਸਿੰਘ ਅਤੇ ਸ੍ਰ ਸਰਮੁਖ ਸਿੰਘ ਦੇ ਛੋਟੇ ਭਰਾ ਸਨ। ਉਹਨਾਂ ਦਾ ਜਨਮ 17 ਜੂਨ 1896 ਨੂੰ ਮਾਝੇ ਦੇ ਪ੍ਰਸਿੱਧ ਨਗਰ ਝਬਾਲ ਦੀ ਇਤਿਹਾਸਕ ਧਰਤੀ ਤੇ ਪਿਤਾ ਸ੍ਰ ਗੋਪਾਲ ਸਿੰਘ ਦੇ ਘਰ ਹੋਇਆ। ਖ਼ਾਲਸਾ ਹਾਈ ਸਕੂਲ਼ ਲਾਹੌਰ ਤੋਂ 1916 ਵਿਚ ਦਸਵੀਂ ਕਰਨ ਤੋਂ ਬਾਅਦ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਪੜ੍ਹਾਈ ਸ਼ੁਰੂ ਕੀਤੀ ਜੋ 1918 ਵਿਚ ਪਿਤਾ ਜੀ ਦੀ ਮੌਤ ਹੋਣ ਕਾਰਨ ਛੱਡਣੀ ਪਈ। 1919 ਵਿਚ ਉਹ ਲੋਕਲ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਚੁਣੇ ਗਏ। ਉਹਨਾਂ ਨੇ ਗੁਰਦੁਆਰਿਆਂ ਦੇ ਭ੍ਰਿਸ਼ਟ ਮਹੰਤਾਂ ਵਿਰੁੱਧ, ਗੁਰਦੁਆਰਾ ਰਕਾਬਗੰਜ ਦੀ ਢਾਹੀ ਗਈ ਕੰਧ ਦੀ ਮੁੜ-ਉਸਾਰੀ ਅਤੇ ਗੁਰਦੁਆਰਾ ਬਾਬੇ ਕੀ ਬੇਰ ਸਿਆਲ਼ਕੋਟ ਦੇ ਸ਼ਰਾਬੀ ਮਹੰਤ ਨੂੰ ਹਟਾਉਣ ਦੇ ਸਵਾਲ ਤੇ ਚਲਦੇ ਸੰਘਰਸ਼ ਵਿਚ ਵਧ ਚੜ੍ਹ ਕੇ ਯੋਗਦਾਨ ਪਾਇਆ। 1920 ਵਿਚ ਉਹਨਾਂ ਨੂੰ ਸਿੱਖ ਲੀਗ ਦੀ ਜਿਲ੍ਹਾ ਇਕਾਈ ਦਾ ਜਾਇੰਟ ਸਕੱਤਰ ਅਤੇ ਪਹਿਲੀ ਵਾਰ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਚੁਣਿਆ ਗਿਆ।

ਨਵੰਬਰ 1921 ਵਿਚ ਚਾਬੀਆਂ ਦੇ ਮੋਰਚੇ ਸਮੇਂ ਅਜਨਾਲਾ ਵਿਚ ਇਕ ਦੀਵਾਨ ਆਯੋਜਿਤ ਕਰਦਿਆਂ ਉਹਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। 1922 ਵਿਚ ਸਰਕਾਰ ਵਿਰੋਧੀ ਭਾਸ਼ਣ ਦੇਣ ਕਾਰਨ ਉਹਨਾਂ ਨੂੰ ਮੁੜ ਗ੍ਰਿਫ਼ਤਾਰ ਕਰਕੇ ਡੇਰਾ ਗ਼ਾਜ਼ੀ ਖਾਂ ਜੇਲ੍ਹ ਭੇਜ ਦਿੱਤਾ ਗਿਆ ਜਿੱਥੇ ਉਹਨਾਂ ਨੇ ਰੋਸ ਵਜੋਂ ਕਾਲ਼ੀ ਪੱਗ ਬੰਨ੍ਹ ਲਈ। ਅਧਿਕਾਰੀਆਂ ਨੇ ਉਹਨੂੰ ਕਾਲ਼ੀ ਦਸਤਾਰ ਉਤਾਰਨ ਲਈ ਕਿਹਾ ਪਰ ਉਹਦੇ ਨਾਂਹ ਕਰਨ ਤੇ ਕੈਦ ਦੀ ਸਜ਼ਾ 9 ਮਹੀਨੇ ਹੋਰ ਵਧਾ ਦਿੱਤੀ। ਫ਼ਰਵਰੀ 1925 ਵਿਚ ਉਹਨਾਂ ਨੂੰ ਰਿਹਾ ਕੀਤਾ ਗਿਆ। 1926 ਵਿਚ ਉਹਨਾਂ ਨੂੰ ਐਸ ਜੀ ਪੀ ਸੀ ਦਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ ਅਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਲੋਕਲ ਕਮੇਟੀ ਦੇ ਪ੍ਰਧਾਨ ਦੀ ਸੇਵਾ ਸੌਂਪੀ ਗਈ ਜੋ 1933 ਤੱਕ ਜਾਰੀ ਰਹੀ। ਅੰਤਲੇ ਸਮੇਂ ਉਹਨਾਂ ਨੇ ਸਰਗਰਮ ਸਿਆਸਤ ਤੋਂ ਕਿਨਾਰਾ ਕਰ ਲਿਆ। 14 ਜੁਲਾਈ 1964 ਨੂੰ ਗੁੰਮਨਾਮੀ ਦੀ ਹਾਲਤ ਵਿਚ ਉਹ ਚੰਡੀਗੜ੍ਹ ਵਿਚ ਪ੍ਰਲੋਕ ਗਮਨ ਕਰ ਗਏ।

## 21.27 ਸੇਵਾ ਸਿੰਘ 'ਸੇਵਕ' ਤਰਨਤਾਰਨ

ਭਾਈ ਸੇਵਾ ਸਿੰਘ 'ਸੇਵਕ' ਗ਼ਦਰੀ ਸਰਗਰਮੀਆਂ ਨਾਲ ਜੁੜਿਆ ਇਕ ਹੋਰ ਦੇਸ਼ ਭਗਤ ਸੀ। ਉਹਦੀ ਜੀਵਨੀ ਬਾਰੇ ਕੋਈ ਦਸਤਾਵੇਜ਼ੀ ਰਿਕਾਰਡ ਨਹੀਂ ਮਿਲਿਆ। ਉਹ 1895 ਦੇ ਨੇੜੇ ਤਰਨਤਾਰਨ ਸ਼ਹਿਰ ਵਿਚ ਪੈਦਾ ਹੋਇਆ ਸੀ। ਉਹ ਇਕ ਪ੍ਰਤਿਭਾਵਾਨ ਲੇਖਕ ਸੀ ਅਤੇ 'ਸੇਵਕ' ਉਸ ਦਾ ਕਲਮੀ ਨਾਮ ਸੀ। ਉਹ ਅਖ਼ਬਾਰਾਂ ਵਿਚ ਰਾਜਨੀਤਿਕ ਵਿਸ਼ਿਆਂ ਤੇ ਲੇਖ, ਕਵਿਤਾਵਾਂ ਅਤੇ ਹੋਰ ਲਿਖਤਾਂ ਛਪਵਾਉਂਦਾ ਸੀ ਜੋ ਨੌਜਵਾਨਾਂ ਨੂੰ ਸਮਾਜਿਕ ਸੁਧਾਰਾਂ ਅਤੇ ਅਜ਼ਾਦੀ ਦੀ ਲਹਿਰ ਨਾਲ਼ ਜੋੜਦੇ ਸਨ। ਉਹ ਗ਼ਦਰੀ ਇਨਕਲਾਬੀਆਂ ਨਾਲ਼ ਤਾਲਮੇਲ ਰੱਖਦਾ ਸੀ ਅਤੇ ਉਹਨਾਂ ਦੀ ਮਦਦ ਕਰਦਾ ਸੀ ਪਰ ਉਹਦੀ ਗਿਣਤੀ ਸਰਗਰਮ ਆਗੂਆਂ ਵਿਚ ਨਹੀਂ ਸੀ। ਉਸ ਨੂੰ ਕਿਸੇ ਕੇਸ ਵਿਚ ਸਜ਼ਾ ਹੋਣ ਦਾ ਵੀ ਪਤਾ ਨਹੀਂ ਲਗਦਾ। ਅਜ਼ਾਦੀ ਤੋਂ ਬਾਅਦ ਉਹਨੇ ਆਪਣਾ ਲਿਖਣ ਕਾਰਜ ਅਤੇ ਸਮਾਜ ਸੁਧਾਰ ਦਾ ਕੰਮ 1954 ਵਿਚ ਹੋਈ ਆਪਣੀ ਮੌਤ ਤੱਕ ਜਾਰੀ ਰੱਖਿਆ।

## 21.28 ਅਣਗੌਲ਼ਿਆ ਦੇਸ਼-ਭਗਤ ਇੰਦਰ ਸਿੰਘ ਮੁਰਾਰੀ

ਇਤਿਹਾਸ ਦੀਆਂ ਪਰਤਾਂ ਹੇਠ ਲੁਕੇ ਦੇਸ਼-ਭਗਤ ਇੰਦਰ ਸਿੰਘ ਮੁਰਾਰੀ ਬਾਰੇ ਬਹੁਤ ਘੱਟ ਲੋਕ ਜਾਣਦੇ ਹਨ। ਮੈਨੂੰ ਵੀ ਇਸ ਮਹਾਨ ਆਤਮਾ ਬਾਰੇ ਜਾਣਕਾਰੀ ਨਹੀਂ ਸੀ ਮਿਲਣੀ ਜੇ ਉੱਘੇ ਲੇਖਕ, ਕਵੀ ਅਤੇ ਜੀਵਨੀਕਾਰ ਸ਼ਿਵ ਨਾਥ ਦੀ ਪੁਸਤਕ "ਅਣ-ਫੋਲਿਆ ਵਰਕਾ ਇੰਦਰ ਸਿੰਘ ਮੁਰਾਰੀ" ਮੇਰੇ ਹੱਥ ਨਾ ਲਗਦੀ। ਮੌਤ ਨੂੰ ਮਖੌਲਾਂ ਕਰਨ ਵਾਲਾ ਇਹ ਯੋਧਾ ਪੰਜਾਬ ਦੀ ਧਰਤੀ ਤੇ ਜੰਮਿਆ ਭਾਰਤ ਮਾਂ ਦਾ ਉਹ ਹੀਰਾ ਪੁੱਤਰ ਸੀ ਜਿਸਨੇ ਬੇਲਾ ਸਿੰਘ ਗ਼ਦਾਰ ਵਰਗੇ ਮੁਰ੍ਹਾ-ਦੈਂਤ ਨੂੰ ਮਾਰ ਕੇ ਭਾਈ ਭਾਗ ਸਿੰਘ ਅਤੇ ਬਦਨ ਸਿੰਘ ਦੇ ਕਤਲਾਂ ਦਾ ਬਦਲਾ ਲਿਆ ਸੀ ਜਿਨ੍ਹਾਂ ਨੂੰ ਵੈਨਕੂਵਰ ਦੇ ਗੁਰਦੁਆਰੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਬੇਲਾ ਸਿੰਘ ਨੇ ਗੋਲ਼ੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਸੀ। ਇਸ ਮੁਰ੍ਹਾ-ਦੈਂਤ ਨੂੰ ਮਾਰਨ ਕਰਕੇ ਹੀ 'ਮੁਰਾਰੀ' ਸ਼ਬਦ ਉਹਦੇ ਨਾਂ ਨਾਲ ਜੁੜ ਗਿਆ ਸੀ। ਉਸ ਦਾ ਜਨਮ ਪਿੰਡ ਸਰਾਏ ਅਮਾਨਤ ਖਾਂ, ਤਹਿਸੀਲ ਤੇ ਜਿਲ੍ਹਾ ਤਰਨਤਾਰਨ ਵਿੱਚ ਵਾਹੀਕਾਰ ਕਿਸਾਨ ਈਸ਼ਰ ਸਿੰਘ ਦੇ ਘਰ ਮਾਤਾ ਕਿੱਸੋ ਦੀ ਕੁੱਖ ਤੋਂ ਅੰਦਾਜ਼ਨ 1897-98 ਵਿੱਚ ਹੋਇਆ। ਮੂਲ ਲੇਖਕ, ਜਿਸ ਨੇ ਉਸਦੀ ਜੀਵਨੀ ਉਹਦੇ ਨਾਲ ਮੁਲਾਕਾਤ ਕਰਨ ਉਪ੍ਰੰਤ ਲਿਖੀ ਸੀ, ਵੱਲੋਂ ਵੀ ਉਹਦਾ ਜਨਮ ਅਤੇ ਮੌਤ ਦਾ ਸਾਲ ਨਹੀਂ ਲਿਖਿਆ ਗਿਆ। ਉਹਨਾਂ ਦਾ ਘਰ ਪਿੰਡ ਤੋਂ ਬਾਹਰ ਮੀਲ ਕੁ ਦੀ ਵਿੱਥ ਤੇ ਖੇਤਾਂ ਵਿੱਚ ਖੂਹ ਤੇ ਸੀ ਜੋ 'ਠੱਠਗੜ੍ਹੀਆਂ ਦਾ ਵਾੜਾ' ਕਰਕੇ ਮਸ਼ਹੂਰ ਸੀ। ਇਹ ਨਾਂ ਈਸ਼ਰ ਸਿੰਘ ਦੇ ਆਪਣੇ ਨਾਨਕੇ ਪਿੰਡ ਠੱਠਗੜ੍ਹ ਵਿਖੇ ਰਹਿਣ ਕਾਰਨ ਪਿਆ ਸੀ। ਭਰਾਵਾਂ ਵੱਲੋਂ ਜ਼ੱਦੀ ਜ਼ਮੀਨ ਖ਼ੁਰਦ-ਬੁਰਦ ਕਰ ਦੇਣ ਕਾਰਨ ਉਹ ਠੱਠਗੜ੍ਹ ਛੱਡ ਕੇ ਤੁਰੰਤ ਆਪਣੇ ਪਿੰਡ ਆ ਗਿਆ ਸੀ ਅਤੇ ਜ਼ਮੀਨ ਦਾ ਕਬਜ਼ਾ ਲੈ ਕੇ ਖੇਤ ਵਿੱਚ ਹੀ ਰਹਿਣ ਲੱਗ ਪਿਆ ਸੀ।

ਈਸ਼ਰ ਸਿੰਘ ਦੇ ਪੰਜ ਪੁੱਤਰ ਅਤੇ ਇੱਕ ਧੀ ਸੀ। ਵੱਡੇ ਦੋਵ੍ਹੇਂ ਫੌਜ ਵਿੱਚ ਸਨ ਅਤੇ ਛੋਟੇ ਦੋ ਖੇਤੀ ਕਰਦੇ ਸਨ। ਸਭ ਤੋਂ ਛੋਟਾ ਇੰਦਰ ਸਿੰਘ ਸਾਧੂ-ਸੁਭਾਅ ਦਾ ਮਾਲਕ, ਘਰ-ਪਰਿਵਾਰ ਅਤੇ ਧਨ-ਦੌਲਤ ਦੇ ਮੋਹ ਤੋਂ ਮੁਕਤ ਰੱਬੀ ਰੂਹ ਸੀ। ਅਨਪੜ੍ਹ ਹੋਣ ਕਰਕੇ ਉਹਦਾ ਕੰਮ ਮਾਲ-ਡੰਗਰ ਦੀ ਸੇਵਾ ਕਰਨਾ ਸੀ। ਤੀਹ-ਚਾਲ਼ੀ ਮੱਝਾਂ ਤੇ ਸੌ ਕੁ ਬੱਕਰੀਆਂ ਦਾ ਵੱਗ ਲੈ ਕੇ ਉਹ ਰੋਜ਼ ਪਿੰਡ ਦੇ ਬਾਹਰ ਮੀਲਾਂ ਤੱਕ ਫੈਲੀ ਚਰਾਂਦ ਜਿਸ ਨੂੰ ਅੱਜ ਕੱਲ੍ਹ ਰੱਖ

ਕਿਹਾ ਜਾਂਦਾ ਹੈ, ਵਿੱਚ ਲੈ ਜਾਂਦਾ ਸੀ ਤੇ ਡੰਗਰ ਚਾਰ ਕੇ ਸ਼ਾਮ ਨੂੰ ਘਰ ਮੁੜ ਆਉਂਦਾ ਸੀ। ਰੱਖ ਵਿਚ ਦੀ ਇੱਕ ਕੱਚੀ ਸੜਕ ਤਰਨਤਾਰਨ ਨੂੰ ਜਾਂਦੀ ਸੀ ਜਿਸ ਰਾਹੀਂ ਹਰ ਮਹੀਨੇ ਕਾਫ਼ਲੇ ਬਣਾ ਕੇ ਪਿਛਲੇ ਪਿੰਡਾਂ ਦੇ ਲੋਕ ਪੈਦਲ ਤੁਰ ਕੇ ਮੱਸਿਆ ਵੇਖਣ ਜਾਂਦੇ ਸਨ। ਇੱਕ ਦਿਨ ਮਾਲ-ਡੰਗਰ ਯਾਰਾਂ-ਬੇਲੀਆਂ ਦੇ ਹਵਾਲੇ ਕਰਕੇ ਇੰਦਰ ਸਿੰਘ ਇੱਕ ਟੋਲੇ ਨਾਲ ਮੱਸਿਆ ਵੇਖਣ ਚਲਾ ਗਿਆ। ਮੱਸਿਆ ਦੇ ਦੀਵਾਨ ਵਿੱਚ ਕਵੀਸ਼ਰ ਸੋਹਨ ਸਿੰਘ ਘੁੱਕੇਵਾਲ਼ੀਏ ਦੇ ਪ੍ਰਸੰਗ ਸੁਣ ਕੇ ਏਨਾ ਪ੍ਰਭਾਵਿਤ ਹੋਇਆ ਕਿ ਆਉਂਦਾ ਹੋਇਆ ਘੁੱਕੇਵਾਲ਼ੀਏ ਦੀਆਂ ਕਵੀਸ਼ਰੀ ਦੀਆਂ ਕਿਤਾਬਾਂ ਖ਼ਰੀਦ ਲਿਆਇਆ। ਪਿੰਡ ਪਹੁੰਚਣ ਤੇ ਯਾਰਾਂ-ਬੇਲੀਆਂ ਦੇ ਤਾਹਨੇ-ਮਿਹਣੇ ਸੁਣ ਕੇ ਅੱਖਰ-ਵਿਦਿਆ ਹਾਸਲ ਕਰਨ ਦੀ ਤਾਂਘ ਪੈਦਾ ਹੋਈ ਤਾਂ ਬਾਲ-ਉਪਦੇਸ਼ ਲੈ ਕੇ ਸਵੈ-ਸਿੱਖਿਆ ਰਾਹੀਂ ਕੁਝ ਪੜ੍ਹਨਾ-ਲਿਖਣਾ ਸਿੱਖ ਲਿਆ।

ਪਹਿਲੀ ਸੰਸਾਰ-ਜੰਗ ਦੇ ਚਲਦਿਆਂ ਇੰਦਰ ਸਿੰਘ ਘਰਦਿਆਂ ਨਾਲ ਮਮੂਲੀ ਗੱਲੋਂ ਨਰਾਜ਼ ਹੋ ਕੇ ਅੰਬਾਲੇ ਜਾ ਕੇ ਫੌਜ ਦੇ 9 ਨੰਬਰ ਰਸਾਲੇ ਵਿੱਚ ਭਰਤੀ ਜਾ ਹੋਇਆ। ਸਿਖਲਾਈ ਖ਼ਤਮ ਹੋਣ ਤੇ ਉਹਨੂੰ ਲੜਾਈ ਦੇ ਮੁਹਾਜ਼ ਤੇ ਸਿਕੰਦਰੀਆ (ਮਿਸਰ) ਦੀ ਬੰਦਰਗਾਹ ਤੇ ਭੇਜਿਆ ਗਿਆ ਤਾਂ ਬੰਦਰਗਾਹ ਤੇ ਰਹਿੰਦਿਆਂ ਸਮੁੰਦਰੀ ਡਾਕੂਆਂ ਦਾ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ। ਜੰਗ ਖ਼ਤਮ ਹੋਣ ਤੇ ਦੇਸ਼ ਵਾਪਸ ਆਉਂਦਿਆਂ ਹੀ ਅੰਬਾਲਾ ਛਾਉਣੀ ਪਹੁੰਚਣ ਪਿੱਛੋਂ ਦੋ ਮਹੀਨੇ ਦੀ ਛੁੱਟੀ ਮਿਲ ਗਈ। ਗੱਡੀ ਫੜ ਕੇ ਅੰਮ੍ਰਿਤਸਰ ਪਹੁੰਚਿਆ ਹੀ ਸੀ ਕਿ ਸ੍ਰੀ ਨਨਕਾਣਾ ਸਾਹਿਬ ਵਿਖੇ ਮਹੰਤ ਨਰੈਣੂ ਦੁਆਰਾ ਸੈਂਕੜੇ ਸਿੱਖਾਂ ਸਮੇਤ ਸ੍ਰ ਲਛਮਣ ਸਿੰਘ ਦੀ ਸ਼ਹੀਦੀ ਦੀਆਂ ਖ਼ਬਰਾਂ ਕੰਨੀਂ ਪਈਆਂ। ਇੰਦਰ ਸਿੰਘ ਪਿੰਡ ਜਾਣ ਦੀ ਥਾਂ ਨਨਕਾਣਾ ਸਾਹਿਬ ਵਾਲੀ ਗੱਡੀ ਚੜ੍ਹ ਗਿਆ ਅਤੇ ਗੁਰਦੁਆਰੇ ਸੇਵਾ ਜਾ ਸੰਭਾਲੀ। ਗੁਰਦੁਆਰੇ ਦਾ ਪ੍ਰਬੰਧ ਸੂਤ ਕਰਦਿਆਂ ਉੱਥੇ ਢਾਈ ਮਹੀਨੇ ਲੰਘ ਗਏ। ਜਦੋਂ ਵਾਪਸ ਪਲਟਨ ਵਿੱਚ ਪਹੁੰਚਿਆ ਤਾਂ ਅੰਗਰੇਜ਼ ਅਫਸਰ ਨਾਲ ਝਗੜਾ ਹੋ ਗਿਆ। ਗੁੱਸੇ ਵਿੱਚ ਆਏ ਅਫਸਰ ਨੇ ਬਾਰਾਂ ਪੱਥਰ ਕਰਕੇ ਘਰ ਭੇਜ ਦਿੱਤਾ ਤਾਂ ਉਹ ਘਰ ਜਾਣ ਦੀ ਥਾਂ ਮੁੜ ਨਨਕਾਣਾ ਸਾਹਿਬ ਦੇ ਪ੍ਰਬੰਧਕਾਂ ਕੋਲ ਜਾ ਹਾਜ਼ਰ ਹੋਇਆ। ਕੁਝ ਦਿਨਾਂ ਬਾਅਦ ਹੀ ਉਹਦੀ ਡਿਊਟੀ ਗੁਰਦੁਆਰਾ ਸ੍ਰੀ ਤਰਨਤਾਰਨ ਨੂੰ ਅਯਾਸ਼ ਤੇ ਬਦਕਾਰ ਮਹੰਤਾਂ ਦੇ ਕਬਜ਼ੇ ਚੋਂ ਛਡਾਉਣ ਦੀ ਲੱਗ ਗਈ। ਉੱਥੇ ਮਹੰਤਾਂ ਦੀਆਂ ਮਨਮਾਨੀਆਂ ਰੋਕ ਕੇ ਗੁਰਦੁਆਰੇ ਦਾ ਕਬਜ਼ਾ ਪ੍ਰਬੰਧਕੀ ਕਮੇਟੀ ਨੂੰ ਦਿਵਾਇਆ ਹੀ ਸੀ ਕਿ ਉਹਨੂੰ ਸ੍ਰੀ ਅਕਾਲ ਤਖ਼ਤ ਤੇ ਬੁਲਾ ਲਿਆ ਗਿਆ। ਇੱਥੋਂ ਹੀ ਉਹਨੇ ਗੁਰੂ ਕੇ ਬਾਗ ਦੇ ਮੋਰਚੇ ਵਿੱਚ ਭਾਗ ਲਿਆ ਅਤੇ ਗ੍ਰਿਫ਼ਤਾਰੀ ਉਪ੍ਰੰਤ 9 ਮਹੀਨੇ ਦੀ ਕੈਦ ਦੀ ਸਜ਼ਾ ਅੰਬਾਲਾ ਜੇਲ੍ਹ ਵਿੱਚ ਕੱਟੀ। ਰਿਹਾ ਹੋਣ ਪਿੱਛੋਂ ਉਹਨੇ ਜੈਤੋ ਦੇ ਮੋਰਚੇ ਵਿੱਚ ਜਾ ਗ੍ਰਿਫ਼ਤਾਰੀ ਦਿੱਤੀ ਅਤੇ ਨਾਭਾ ਜੇਲ੍ਹ ਵਿੱਚ ਬੰਦ ਰਿਹਾ।

ਨਾਭਾ ਜੇਲ੍ਹ ਤੋਂ ਰਿਹਾਅ ਹੋਣ ਪਿੱਛੋਂ ਫਿਰ ਘਰ ਜਾਣ ਦੀ ਥਾਂ ਉਹ ਸੰਤ ਬਖ਼ਸ਼ੀਸ਼ ਸਿੰਘ ਦੇ ਡੇਰੇ ਗੁਰਦੁਆਰਾ ਸਿੰਘ ਬੇਲਾ (ਬਟਾਲਾ-ਜਲੰਧਰ ਰੋਡ ਤੇ) ਵਿਖੇ ਜਾ ਹਾਜ਼ਰ ਹੋਇਆ। ਇੱਥੇ ਉਹਦਾ ਮੇਲ ਭਾਈ ਸੰਤੋਖ ਸਿੰਘ ਧਰਦੇਓ ਨਾਲ ਹੋਇਆ। ਅਮਰ ਸਿੰਘ ਤੇਗ਼ ਰਾਹੀਂ ਉਹਨੂੰ ਕਿਰਤੀ ਅਖ਼ਬਾਰ ਪੜ੍ਹਨ ਨੂੰ ਮਿਲੀ ਤਾਂ ਕੈਨੇਡਾ ਦੇ ਗੁਰਦੁਆਰੇ ਅੰਦਰ ਭਾਈ ਭਾਗ ਸਿੰਘ ਅਤੇ ਬਦਨ ਸਿੰਘ ਦੇ ਹੋਏ ਕਤਲਾਂ ਬਾਰੇ ਜਾਣਕਾਰੀ ਮਿਲੀ। ਇੱਥੇ ਰਹਿਣ ਲਈ ਉਹਨੂੰ ਧਾਰਮਿਕ ਵਿਦਿਆ ਦੀ ਲੋੜ ਸੀ ਤੇ ਇਸ ਲੋੜ-ਪੂਰਤੀ ਲਈ ਉਹ ਗਿਆਨੀ ਸੁੰਦਰ ਸਿੰਘ ਭਿੰਡਰਾਂ ਵਾਲੇ ਕੋਲ ਜਾ ਪਹੁੰਚਿਆ। ਧਾਰਮਿਕ ਗ੍ਰੰਥਾਂ ਦੀ ਪੜ੍ਹਾਈ ਕਰਦਿਆਂ ਉਹ ਅਚਾਨਕ ਬਿਮਾਰ ਹੋ ਗਿਆ। ਡਾਕਟਰ ਦੀ ਸਲਾਹ ਤੇ ਅਮਰ ਸਿੰਘ ਤੇਗ਼ ਨਾਲ ਸ੍ਰੀ ਨਗਰ ਜਾਣਾ ਪਿਆ ਅਤੇ ਉੱਥੇ ਕੁਝ ਸਮਾਂ ਈਸ਼ਰ ਸਿੰਘ ਮਝੈਲ ਕੋਲ ਰਿਹਾ। ਠੀਕ ਹੋਣ ਪਿੱਛੋਂ ਜਦੋਂ ਉਹ ਵਾਪਸ ਪੰਜਾਬ ਮੁੜਿਆ ਤਾਂ ਬਾਬੇ ਬਕਾਲੇ ਵਿੱਚ ਉਹਦੀ ਮੁਲਾਕਾਤ ਬਾਬਾ ਜਵਾਲਾ ਸਿੰਘ ਠੱਠੀਆਂ ਨਾਲ ਹੋਈ। ਬਾਬਾ ਜੀ ਨੇ ਉਹਨੂੰ ਅੰਗਰੇਜ਼ ਸਾਮਰਾਜ ਦੇ ਟਾਊਟ ਅਤੇ ਗ਼ਦਾਰ ਬੇਲਾ ਸਿੰਘ ਵੱਲੋਂ ਗ਼ਦਰੀ ਯੋਧਿਆਂ ਦੀ ਮੁਖ਼ਬਰੀ ਕਰਨ ਅਤੇ ਦੇਸ਼-ਵਿਰੋਧੀ ਸਰਗਰਮੀਆਂ ਕਰਨ ਬਾਰੇ ਜਾਣਕਾਰੀ ਦਿੱਤੀ ਅਤੇ ਉਹਦੀ ਡਿਊਟੀ ਇਸ ਗ਼ਦਾਰ ਨੂੰ ਸੋਧਣ ਦੀ ਲਾਈ। ਦੇਸ਼-ਭਗਤ ਸੂਰਬੀਰ ਯੋਧੇ ਇੰਦਰ ਸਿੰਘ ਮੁਰਾਰੀ ਨੇ ਜਥੇਦਾਰ ਬਖ਼ਸ਼ੀਸ਼ ਸਿੰਘ ਚੱਬੇਵਾਲ, ਬਾਬਾ ਈਸ਼ਰ ਸਿੰਘ ਜੰਡੋਲੀ ਅਤੇ ਹਰੀ ਸਿੰਘ ਸੂੰਢ ਨਾਲ ਸਲਾਹ ਕਰਕੇ ਮੋਰਚਾ ਫ਼ਤਿਹ ਕਰਨ ਦੀ ਸਕੀਮ ਬਣਾਈ। ਬੇਲਾ ਸਿੰਘ ਦਾ ਪਿੰਡ ਜਿਆਣ ਚੱਬੇਵਾਲ ਦੇ ਨੇੜੇ ਹੀ ਸੀ ਪਰ ਉਹਨੂੰ ਅੰਗਰੇਜ਼ ਪੁਲਿਸ ਦੀ ਭਾਰੀ ਸੁਰੱਖਿਆ ਮਿਲੀ ਹੋਈ ਸੀ। ਪੁਲਿਸ ਦੀ ਚੌਕੀ ਤਾਂ ਉਹਦੇ ਘਰ ਮੂਹਰੇ ਹਰ ਸਮੇਂ ਹਾਜ਼ਰ ਰਹਿੰਦੀ ਸੀ। ਇਸ ਕਾਰਨ ਉਹ ਬੜੀ ਹੈਂਕੜ ਵਿੱਚ ਰਹਿੰਦਾ ਸੀ ਤੇ ਅਕਸਰ ਸ਼ਰਾਬ ਪੀ ਕੇ ਬੜ੍ਹਕਾਂ ਮਾਰਦਾ ਸੀ।ਗ਼ਦਾਰ ਹੋਣ ਦੇ

ਨਾਲ ਉਹ ਬਦਕਾਰ ਤੇ ਬਦ-ਚੱਲਣ ਵੀ ਸੀ ਅਤੇ ਏਨਾ ਗਿਰਿਆ ਹੋਇਆ ਸੀ ਕਿ ਆਪਣੇ ਰਿਸ਼ਤੇਦਾਰਾਂ ਦੀਆਂ ਸੁਹਣੀਆਂ-ਸੁਨੱਖੀਆਂ ਕੁੜੀਆਂ ਨੂੰ ਵੀ ਨਹੀਂ ਸੀ ਬਖ਼ਸ਼ਦਾ। ਗ਼ਦਰੀਆਂ ਨੂੰ ਫੜਾਉਣ ਕਰਕੇ ਉਹਨੂੰ ਪੰਜ ਮੁਰੱਬੇ ਜ਼ਮੀਨ ਲਾਇਲਪੁਰ ਬਾਰ ਵਿੱਚ ਵੀ ਅਲਾਟ ਹੋਈ ਸੀ।

ਇੱਕ ਦਿਨ ਹੁਸ਼ਿਆਰਪੁਰ ਥਾਣੇ ਤੋਂ ਵਾਪਸ ਆਉਂਦਿਆਂ ਉਹਨੂੰ ਹਨੇਰਾ ਹੋ ਗਿਆ। ਪਿੰਡ ਦੇ ਅੱਡੇ ਤੇ ਟਾਂਗੇ ਤੋਂ ਉੱਤਰ ਕੇ ਉਹਨੇ ਸ਼ਰਾਬ ਦਾ ਗਲਾਸ ਅੰਦਰ ਸੁੱਟਿਆ ਤੇ ਦਲੇਰੀ ਫੜਦਿਆਂ ਨਾਲ ਆਏ ਸਿਪਾਹੀ ਨੂੰ ਨਾਂਹ ਕਰਨਦੇ ਦੇ ਬਾਵਜੂਦ ਪਿੰਡ ਨੂੰ ਤੋਰ ਦਿੱਤਾ। ਜਥੇਦਾਰ ਬਖ਼ਸ਼ੀਸ਼ ਸਿੰਘ ਰਾਹੀਂ ਇੰਦਰ ਸਿੰਘ ਹੋਰਾਂ ਨੂੰ ਖ਼ਬਰ ਪਹਿਲਾਂ ਹੀ ਮਿਲ ਚੁੱਕੀ ਸੀ। ਇਸ ਕਾਰਨ ਉਹਨਾਂ ਨੇ ਵੇਲ਼ਾ ਸਾਂਭਿਆ ਅਤੇ ਜਿਉਂ ਹੀ ਬੇਲਾ ਸਿੰਘ ਲੜਖੜਾਂਦਾ ਹੋਇਆ ਪਿੰਡ ਵੱਲ ਨੂੰ ਤੁਰਿਆ, ਈਸ਼ਰ ਸਿੰਘ ਨੇ ਉਹਦੀ ਧੌਣ ਨੂੰ ਜੱਫਾ ਮਾਰ ਲਿਆ। ਅੱਖ ਝਪਕਦਿਆਂ ਹੀ ਇੰਦਰ ਸਿੰਘ ਨੇ ਤਿੱਖੀ ਕੀਤੀ ਕਿਰਚ ਉਹਦੇ ਢਿੱਡ ਵਿੱਚ ਖੋਭ ਦਿੱਤੀ। ਲਹੂ-ਲੁਹਾਨ ਬੇਲਾ ਸਿੰਘ ਸੜਕ ਤੇ ਡਿੱਗ ਪਿਆ। ਇੰਦਰ ਸਿੰਘ ਸੂਰਮੇ ਨੇ ਮੁੜ ਕਿਰਪਾਨ ਨਾਲ ਉਹਦਾ ਸਿਰ ਧੜ ਤੋਂ ਵੱਖ ਕਰ ਦਿੱਤਾ ਅਤੇ ਹੋਰ ਕਈ ਵਾਰ ਕਰਕੇ ਲਾਸ਼ ਟੋਟੇ ਟੋਟੇ ਕਰ ਦਿੱਤੀ। ਅੰਗਰੇਜ਼ ਸਰਕਾਰ ਦੇ ਸਭ ਤੋਂ ਵੱਡੇ ਵਫ਼ਾਦਾਰ ਦਾ ਕਤਲ ਹੋ ਜਾਣ ਕਾਰਨ ਆਲ਼ੇ-ਦੁਆਲ਼ੇ ਸਾਰੇ ਇਲਾਕੇ ਵਿੱਚ ਪੁਲਿਸ ਦੀ ਛਾਣਬੀਣ ਤੇਜ਼ ਹੋਣ ਤੋਂ ਪਹਿਲਾਂ ਹੀ ਤਿੰਨੇ ਸੂਰਮੇ ਪੈਦਲ ਤੁਰ ਕੇ ਫਗਵਾੜੇ ਤੋਂ ਗੱਡੀ ਫੜ ਕੇ ਨਿਕਲ ਗਏ।

ਕਤਲ ਤੋਂ ਅਗਲੇ ਦਿਨ ਇੰਦਰ ਸਿੰਘ ਅੰਮ੍ਰਿਤਸਰ ਤੋਂ ਗੁਰਦੁਆਰਾ ਸਿੰਘ ਬੇਲਾ ਚਲੇ ਗਏ ਜਿੱਥੇ ਬਾਬਾ ਜਵਾਲਾ ਸਿੰਘ ਨੇ ਉਹਨਾਂ ਨੂੰ ਸਾਬਾਸ਼ ਦਿੱਤੀ ਅਤੇ ਪੁਲਿਸ ਦੀਆਂ ਨਜ਼ਰਾਂ ਤੋਂ ਬਚਣ ਲਈ ਲੁਕ ਛਿਪ ਕੇ ਦੂਰ ਚਲੇ ਜਾਣ ਦੀ ਸਲਾਹ ਦਿੱਤੀ ਪਰ ਇੰਦਰ ਸਿੰਘ ਹੋਰੀਂ 'ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ' ਨੂੰ ਯਾਦ ਕਰਕੇ ਅਵੇਸਲੇ ਹੋ ਗਏ। ਥੋੜ੍ਹੇ ਦਿਨਾ ਬਾਅਦ ਹੀ ਗੁਰਦੁਆਰੇ ਪੁਲਿਸ ਆਣ ਧਮਕੀ ਤੇ ਬਾਬਾ ਈਸ਼ਰ ਸਿੰਘ ਕਾਬੂ ਆ ਗਿਆ। ਇੰਦਰ ਸਿੰਘ ਖਿਸਕ ਗਿਆ ਅਤੇ ਉਜਾਗਰ ਸਿੰਘ ਗੋਖੂਵਾਲ ਕੋਲ ਪਠਾਨਕੋਟ ਜਾ ਟਿਕਿਆ। ਇੱਥੇ ਉਹਦਾ ਸਬੰਧ ਕਾਮਰੇਡ ਵਿਸ਼ਨੂੰ ਦੱਤ ਰਾਹੀਂ ਕਮਿਊਨਿਸਟ ਪਾਰਟੀ ਨਾਲ ਜੁੜ ਗਿਆ। ਕਾਮਰੇਡ ਦਲੀਪ ਸਿੰਘ ਜੌਹਲ ਦੀ ਸਲਾਹ ਨਾਲ ਪਾਰਟੀ ਦੀ ਤਹਿਸੀਲ ਸ਼ਕਰਗੜ੍ਹ ਅਤੇ ਪਠਾਨਕੋਟ ਦੇ ਆਰਗੇਨਾਈਜ਼ਰ ਵਜੋਂ ਤਨਦੇਹੀ ਨਾਲ ਕੰਮ ਕੀਤਾ। ਜਦੋਂ ਪਠਾਨਕੋਟ ਵਾਲੇ ਅੱਡੇ ਦਾ ਭੇਦ ਪੁਲਿਸ ਕੋਲ ਪਹੁੰਚਿਆ ਤਾਂ ਇੰਦਰ ਸਿੰਘ ਇਹ ਟਿਕਾਣਾ ਛੱਡ ਕੇ ਕਾਮਰੇਡ ਸੋਹਨ ਸਿੰਘ ਭਕਨਾ ਦੇ ਪਿੰਡੋਂ ਬਾਹਰ ਵਾਲੇ ਡੇਰੇ ਤੇ ਜਾ ਪੁੱਜਾ। ਇਹ ਡੇਰਾ ਵੀ ਪੁਲਿਸ ਦੀਆਂ ਨਜ਼ਰਾਂ ਹੇਠ ਹੋਣ ਕਾਰਨ ਪੁਲਿਸ ਨੇ ਉਹਨੂੰ ਗ੍ਰਿਫ਼ਤਾਰ ਕਰਕੇ ਥਾਣਾ ਸਦਰ ਅੰਮ੍ਰਿਤਸਰ ਰਾਹੀਂ ਕਿਲ੍ਹਾ ਗੋਬਿੰਦਗੜ੍ਹ ਭੇਜ ਦਿੱਤਾ। ਇੱਥੇ ਪੁਲਿਸ ਦੀ ਕੈਦੀਆਂ ਤੇ ਬੜੀ ਸਖਤੀ ਸੀ ਪਰ ਇੰਦਰ ਸਿੰਘ ਪੁਲਿਸ ਦੀਆਂ ਨਜ਼ਰਾਂ ਤੋਂ ਬਚ ਕੇ ਰਾਤ ਦੇ ਹਨੇਰੇ ਵਿੱਚ ਗੰਦੇ ਪਾਣੀ ਵਾਲੀ ਨਾਲ਼ੀ ਰਾਹੀਂ ਕਿਲ੍ਹੇ ਦੀ ਕੰਧ ਟੱਪ ਕੇ ਫ਼ਰਾਰ ਹੋਣ ਵਿੱਚ ਸਫਲ ਹੋ ਗਿਆ। ਹੁਣ ਉਹ ਸਰਕਾਰੀ ਕਾਗਜ਼ਾਂ ਵਿੱਚ ਭਗੌੜਾ ਸੀ। ਰੂਪੋਸ਼ੀ ਦੀ ਹਾਲਤ ਵਿੱਚ ਉਹ ਥਾਂ ਥਾਂ ਘੁੰਮਦਾ ਹੋਇਆ ਬਾਬੇ ਬਕਾਲੇ ਦੇ ਕਾਮਰੇਡ ਕਰਤਾਰ ਸਿੰਘ ਦੇ ਡੀਪੂ ਤੇ ਬੈਠਾ ਫਿਰ ਪੁਲਿਸ ਦੇ ਕਾਬੂ ਆ ਗਿਆ। ਥਾਣਾ ਰਈਆ ਤੋਂ ਅੰਮ੍ਰਿਤਸਰ ਕੋਤਵਾਲੀ ਹੁੰਦਾ ਹੋਇਆ ਉਹ ਮੁੜ ਕਿਲ੍ਹਾ ਗੋਬਿੰਦਗੜ੍ਹ ਵਿੱਚ ਪਹੁੰਚ ਗਿਆ। ਉਧਰ ਮੁਕੱਦਮਾ ਭਾਵੇਂ ਚਲਦਾ ਸੀ ਪਰ ਗ਼ਦਰੀਆਂ ਤੋਂ ਡਰਦਾ ਕੋਈ ਗਵਾਹ ਨਹੀਂ ਸੀ ਬਣਦਾ। ਦੇਸ਼-ਭਗਤਾਂ ਪ੍ਰਤੀ ਨਰਮ ਰੁਖ ਰੱਖਣ ਵਾਲੇ ਇੱਕ ਜੱਜ ਦੀ ਕਿਰਪਾ ਨਾਲ ਬਾਬਾ ਈਸ਼ਰ ਸਿੰਘ ਵੀ ਬਰੀ ਹੋ ਗਿਆ ਸੀ। ਇਸ ਕਾਰਨ ਮੁਕਦਮਾ ਲੱਗਪੱਗ ਖ਼ਤਮ ਹੋਣ ਕਾਰਨ ਇੰਦਰ ਸਿੰਘ ਨੂੰ ਵੀ ਰਿਹਾਅ ਕਰ ਦਿੱਤਾ ਗਿਆ।

ਰਿਹਾਈ ਤੋਂ ਬਾਅਦ ਇੰਦਰ ਸਿੰਘ ਨੇ ਘਰ ਪਰਿਵਾਰ ਦਾ ਮੋਹ ਕਰਨ ਦੀ ਥਾਂ ਬਾਬਾ ਸੋਹਨ ਸਿੰਘ ਭਕਨਾ ਦਾ ਪੱਲਾ ਜਾ ਫੜਿਆ ਅਤੇ ਲਹੌਰ ਕਿਸਾਨ ਮੋਰਚੇ ਦੀ ਤਿਆਰੀ ਵਿੱਚ ਰੁੱਝ ਗਿਆ। ਲਹੌਰ ਬਰੈਡਲਾ ਹਾਲ ਤੋਂ ਕਿਸਾਨਾਂ ਦਾ ਜਥਾ ਲੈ ਕੇ ਕਚਹਿਰੀ ਵੱਲ ਜਾਣ ਸਮੇਂ ਪੁਲਿਸ ਨੇ ਉਹਨੂੰ ਗ੍ਰਿਫ਼ਤਾਰ ਕਰਕੇ 9 ਮਹੀਨੇ ਦੀ ਸਜ਼ਾ ਦੇ ਕੇ ਸ਼ਾਹਪੁਰ ਜੇਲ੍ਹ ਭੇਜ ਦਿੱਤਾ। ਜੇਲ੍ਹ ਤੋਂ ਰਿਹਾਅ ਹੋਣ ਪਿੱਛੋਂ ਉਹ ਕਮਿਊਨਿਸਟ ਪਾਰਟੀ ਦੀਆਂ ਸਰਗਰਮੀਆਂ ਵਿੱਚ ਭਾਗ ਲੈਂਦਾ ਰਿਹਾ। ਉਹ ਕਾਮਰੇਡ ਤੇਜਾ ਸਿੰਘ ਸੁਤੰਤਰ ਨੂੰ ਅਕਸਰ ਮਿਲਦਾ ਰਹਿੰਦਾ ਸੀ। ਦੇਸ਼ ਅਜ਼ਾਦ ਹੋਣ ਤੋਂ ਬਾਅਦ ਭੜਕੇ ਫ਼ਸਾਦਾਂ ਵਿੱਚ ਮੁਸਲਮਾਨਾਂ ਦੇ ਪਰਿਵਾਰਾਂ ਦੀ ਸੁਰੱਖਿਆ ਕਰਦੇ ਕਾਮਰੇਡ ਗਹਿਲ ਸਿੰਘ ਛੱਜਲਵੱਢੀ

ਸਮੇਤ ਕਾਮਰੇਡ ਮੇਘ ਸਿੰਘ ਅਤੇ ਕਾਮਰੇਡ ਸੂਬਾ ਸਿੰਘ ਕੋਟ ਧਰਮਚੰਦ ਵਰਗੇ ਕਈ ਕਾਮਰੇਡ ਸ਼ਹੀਦ ਹੋ ਗਏ। ਇੰਦਰ ਸਿੰਘ ਦੀ ਦਲੇਰੀ ਵੇਖ ਕੇ ਉਹਨੂੰ ਕਾਮਰੇਡ ਮੁਬਾਰਕ ਸਾਗਰ ਦੀ ਭਤੀਜੀ ਨੂੰ ਲਹੌਰ ਪਹੁੰਚਾਉਣ ਦੀ ਜਿੰਮੇਵਾਰੀ ਦਿੱਤੀ ਗਈ ਜੋ ਉਹਨੇ ਬੜੀ ਸਿਆਣਪ ਨਾਲ ਨਿਭਾਈ। ਠੰਢ-ਠੰਢੌਲਾ ਹੋਣ ਪਿੱਛੋਂ ਵੀ ਕਾਮਰੇਡ ਇੰਦਰ ਸਿੰਘ ਮੁਰਾਰੀ ਨੇ ਪਾਰਟੀ ਜਾਂ ਸਰਕਾਰ ਵਿੱਚ ਕਿਸੇ ਅਹੁਦੇ ਦੀ ਲਾਲਸਾ ਨਹੀਂ ਪਾਲ਼ੀ ਸਗੋਂ ਬਾਕੀ ਜ਼ਿੰਦਗੀ ਸਾਧੂ-ਸੰਤਾਂ ਵਾਂਗ ਬਿਤਾਈ। ਅੰਤਲੇ ਸਮੇਂ ਤੱਕ, ਲੱਗਪੱਗ 33 ਸਾਲ, ਉਹ ਗੁੰਮਨਾਮੀ ਦੀ ਹਾਲਤ ਵਿੱਚ, ਮੋਹ-ਮਾਇਆ ਤੋਂ ਨਿਰਲੇਪ ਹੋ ਕੇ, ਸਾਧੂ-ਮਹਾਤਮਾ ਦੇ ਭੇਸ ਵਿੱਚ, ਸਵਾਮੀ ਬਣ ਕੇ ਜਿਲ੍ਹਾ ਫ਼ਤਿਹਗੜ੍ਹ ਸਾਹਿਬ ਦੇ ਪਿੰਡ ਤਲਾਣ੍ਹੀਆਂ ਦੇ ਖੇਤਾਂ ਵਿੱਚ ਬਣੇ ਇੱਕ ਆਸ਼ਰਮ ਵਿੱਚ ਰਹਿੰਦਾ ਰਿਹਾ ਜਿੱਥੇ ਸ਼ਿਵ ਨਾਥ ਨੇ ਉਹਦੇ ਮੂੰਹੋਂ ਸਾਰੀ ਹੱਡ-ਬੀਤੀ ਸੁਣ ਕੇ 1979 ਵਿੱਚ ਉਕਤ ਪੁਸਤਕ ਛਪਵਾਈ।

ਇੱਥੇ ਇਸ ਗੱਲ ਦਾ ਜ਼ਿਕਰ ਕਰਨਾ ਨਿਹਾਇਤ ਜ਼ਰੂਰੀ ਹੈ ਕਿ ਕਿ 'ਬੱਬਰ ਅਕਾਲੀ ਲਹਿਰ ਦਾ ਇਤਿਹਾਸ' ਪੁਸਤਕ ਦੇ ਲੇਖਕ ਮਿਲਖਾ ਸਿੰਘ ਨਿੱਝਰ ਨੇ ਆਪਣੀ ਪੁਸਤਕ ਵਿੱਚ ਇੰਦਰ ਸਿੰਘ ਮੁਰਾਰੀ ਦਾ ਕੋਈ ਜ਼ਿਕਰ ਨਹੀਂ ਕੀਤਾ। ਹੋ ਸਕਦਾ ਹੈ ਕਿ ਵਡੇਰੀ ਉਮਰ ਵਿੱਚ ਪੁਸਤਕ ਰੂਪ ਦੇਂਦਿਆਂ ਕਿਤੇ ਚੇਤੇ ਚੋਂ ਖੁੰਝ ਗਿਆ ਹੋਵੇ ਜਾਂ ਕੋਈ ਹੋਰ ਕਾਰਨ ਹੋਵੇ। ਪਰ ਵਿਜੇ ਬੰਬੇਲੀ ਨੇ ਆਪਣੀ ਪੁਸਤਕ 'ਬੱਬਰ ਅਕਾਲੀ ਲਹਿਰ ਦੇ ਇਤਿਹਾਸ ਨੂੰ ਮੁੜ ਫਰੋਲਦਿਆਂ' ਵਿੱਚ ਕਈ ਥਾਈਂ ਇੰਦਰ ਸਿੰਘ ਮੁਰਾਰੀ ਦਾ ਵਰਨਣ ਕੀਤਾ ਹੈ ਅਤੇ ਮੁਰਾਰੀ ਨੂੰ ਗ਼ਦਾਰ ਬੇਲਾ ਸਿੰਘ ਦੇ ਕਾਤਲਾਂ ਵਿੱਚ ਗਿਣਿਆ ਹੈ। ਉਹ ਪੁਸਤਕ ਦੇ ਪੰਨਾ 99 ਤੇ ਸੋਹਨ ਸਿੰਘ ਪੂਨੀ ਦੀ ਪੁਸਤਕ 'ਕਨੇਡਾ ਦੇ ਗ਼ਦਰੀ ਯੋਧੇ' ਦਾ ਹਵਾਲਾ ਦੇਂਦਿਆਂ ਲਿਖਦੇ ਹਨ, "ਬੇਲਾ ਸਿੰਘ ਦਾ ਕਤਲ 9 ਦਸੰਬਰ 1933 ਨੂੰ ਡੂੰਘੀ ਸ਼ਾਮ ਨੂੰ ਹੋਇਆ ............ ਇਸ ਕਤਲ ਵਿੱਚ ਇੰਦਰ ਸਿੰਘ ਮੁਰਾਰੀ, ਹਰੀ ਸਿੰਘ ਸੂੰਢ, ਬਖ਼ਸ਼ੀਸ਼ ਸਿੰਘ ਚੱਬੇਵਾਲ਼, ਈਸ਼ਰ ਸਿੰਘ ਜੰਡੋਲੀ ਤੋਂ ਬਿਨਾਂ ਹਜ਼ਾਰਾ ਸਿੰਘ ਸਿੰਗਰ, ਸ਼ੇਰੋਂ (ਤਰਨਤਾਰਨ) ਵੀ ਸ਼ਾਮਲ ਸੀ।" ਅਮਰ ਸਿੰਘ ਤੇਗ ਨੇ ਆਪਣੀ ਪੁਸਤਕ 'ਫ਼ਰੰਗੀ ਦੀਆਂ ਜੇਲ੍ਹਾਂ ਵਿੱਚ ਦੇਸ਼ਭਗਤ' ਵਿੱਚ ਵੀ ਮੁਰਾਰੀ ਦਾ ਵਰਨਣ ਕੀਤਾ ਹੈ। ਬੀਬੀ ਸੁਰਿੰਦਰ ਕੌਰ ਪੁੱਤਰੀ ਪ੍ਰਿੰ. ਸੁਜਾਨ ਸਿੰਘ ਨਾਲ਼ ਸੰਪਰਕ ਕਰਨ ਤੇ ਉਹਨਾਂ ਨੈ ਦੱਸਿਆ ਕਿ ਮੁਰਾਰੀ ਜੀ ਸੰਤ-ਮਹਾਤਮਾ ਦੇ ਰੂਪ ਵਿੱਚ ਉਸ ਆਸ਼ਰਮ ਵਿੱਚ ਰਿਹਾ ਕਰਦੇ ਸਨ ਜੋ ਸੱਚਖੰਡ ਵਾਸੀ ਬੀਬੀ ਗੁਰਬਚਨ ਕੌਰ ਮਾਨ ਨੇ ਮਾਤਾ ਗੁਜਰੀ ਕਾਲਜ ਫ਼ਤਿਹਗੜ੍ਹ ਸਾਹਿਬ ਦੇ ਨਜ਼ਦੀਕ ਪਿੰਡ ਤਲਾਣ੍ਹੀਆਂ ਵਿੱਚ ਬਣਾਇਆ ਹੋਇਆ ਸੀ। ਇਹਨਾਂ ਤੱਥਾਂ ਦੀ ਰੋਸ਼ਨੀ ਵਿੱਚ ਕਿਹਾ ਜਾ ਸਕਦਾ ਹੈ ਕਿ ਇੰਦਰ ਸਿੰਘ ਮੁਰਾਰੀ ਹੁਣ ਤੱਕ ਇੱਕ ਅਣਗੌਲ਼ਿਆ ਦੇਸ਼ਭਗਤ ਹੀ ਰਿਹਾ ਹੈ। ਅਜਿਹੇ ਨਿਰ-ਸਵਾਰਥ ਦੇਸ਼-ਭਗਤਾਂ ਦੀਆਂ ਕਹਾਣੀਆਂ ਸੁਣ ਕੇ ਉਹਨਾਂ ਦੀ ਕਰਨੀ ਮੂਹਰੇ ਸਿਰ ਆਪਣੇ ਆਪ ਝੁਕ ਜਾਂਦਾ ਹੈ।

### 21.29 ਜਥੇਦਾਰ ਮੋਹਨ ਸਿੰਘ ਨਾਗੋ ਕੇ :-

ਅਕਾਲੀ ਲਹਿਰ ਦੇ ਪ੍ਰਮੁਖ ਨੇਤਾ ਜਥੇਦਾਰ ਮੋਹਨ ਸਿੰਘ ਨਾਗੋ ਕੇ ਦਾ ਜਨਮ 25 ਦਸੰਬਰ 1898 ਨੂੰ ਮਾਝੇ ਦੇ ਮਸ਼ਹੂਰ ਪਿੰਡ ਨਾਗੋ ਕੇ ਤਹਿਸੀਲ ਖਡੂਰ ਸਾਹਿਬ ਜ਼ਿਲ੍ਹਾ ਤਰਨਤਾਰਨ ਵਿਖੇ ਸ੍ਰ ਟਹਿਲ ਸਿੰਘ ਅਤੇ ਮਾਤਾ ਗੰਗਾ ਦੇਵੀ ਦੇ ਘਰ ਹੋਇਆ। ਮੱਧ-ਵਰਗੀ ਕਿਸਾਨ ਪਰਿਵਾਰ 'ਚ ਜਨਮੇ ਮੋਹਨ ਸਿੰਘ ਨੇ ਮੁਢਲੀ ਸਿੱਖਿਆ ਖਡੂਰ ਸਾਹਿਬ ਦੇ ਸਕੂਲ ਤੋਂ, ਅੱਠਵੀਂ ਬਾਬਾ ਬਕਾਲਾ ਤੋਂ ਅਤੇ ਦਸਵੀਂ 1918 ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਪਾਸ ਕੀਤੀ ਅਤੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੇ ਦਫ਼ਤਰ ਵਿਚ ਨੌਂਕਰੀ ਕਰ ਲਈ। ਉਹਨਾਂ ਨੇ ਜਥੇਦਾਰ ਊਧਮ ਸਿੰਘ ਨਾਗੋ ਕੇ ਤੋਂ ਅੰਮ੍ਰਿਤ ਦੀ ਪਹੁਲ ਲਈ ਅਤੇ ਅਕਾਲੀ ਬਣ ਗਏ। 1919 ਵਿਚ ਨੌਂਕਰੀ ਤੋਂ ਅਸਤੀਫ਼ਾ ਦੇ ਕੇ ਜੱਲ੍ਹਿਆਂ ਵਾਲ਼ਾ ਬਾਗ ਕਾਂਡ ਵਿਰੁਧ ਰੋਸ ਪ੍ਰਗਟ ਕੀਤਾ। 1920 ਵਿਚ ਉਹ ਅਕਾਲੀ ਲਹਿਰ ਵਿਚ ਸ਼ਾਮਲ ਹੋ ਗਏ। 1924 ਵਿਚ ਜੈਤੋ ਦੇ ਮੋਰਚੇ ਵਿਚ ਜਥੇ ਦੀ ਅਗਵਾਈ ਕੀਤੀ ਅਤੇ ਸਾਲ ਭਰ ਜੇਲ੍ਹ ਵਿਚ ਰਹੇ। 1926 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ਼ ਜੁੜ ਗਏ। ਪਹਿਲਾਂ ਕਮੇਟੀ ਵਿਚ ਕਲਰਕ ਦੀ ਅਤੇ ਬਾਅਦ ਵਿਚ ਸੁਪਰ'ਡੈਂਟ ਦੀ ਨੌਂਕਰੀ ਕੀਤੀ। 1930 ਵਿਚ ਨੌਂਕਰੀ ਛੱਡ ਕੇ ਮਹਾਤਮਾ ਗਾਂਧੀ ਦੀ ਸਿਵਲ ਨਾ-ਫ਼ੁਰਮਾਨੀ ਲਹਿਰ ਵਿਚ ਹਿੱਸਾ ਲਿਆ ਅਤੇ ਕੈਦ ਕੱਟੀ। 1931-35 ਤੱਕ ਸ੍ਰੀ ਅਕਾਲ ਤਖ਼ਤ ਦੇ ਸਹਾਇਕ ਜਥੇਦਾਰ ਦੀ ਪਦਵੀ ਤੇ ਰਹੇ।

ਇਸ ਦਰਮਿਆਨ 1944 ਤੋਂ 48 ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਪ੍ਰਧਾਨ ਦੇ ਅਹੁਦੇ ਤੇ ਵੀ ਕੰਮ ਕੀਤਾ ਅਤੇ ਸ੍ਰੀ ਦਰਬਾਰ ਸਾਹਿਬ ਦੇ ਆਲ਼ੇ-ਦੁਆਲ਼ੇ ਨੂੰ ਸੰਵਾਰਿਆ। ਅਜ਼ਾਦੀ ਤੋਂ ਬਾਅਦ ਉਹ ਕਾਂਗਰਸ ਨਾਲ਼ ਜੁੜ ਗਏ ਅਤੇ 1952 ਤੋਂ 57 ਤੱਕ ਤਰਨਤਾਰਨ ਹਲਕੇ ਤੋਂ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ। 1967 ਵਿਚ ਉਹ ਅਕਾਲੀ ਦਲ (ਸੰਤ) ਦੀ ਟਿਕਟ ਤੇ ਵਿਧਾਨ ਸਭਾ ਲਈ ਦੁਬਾਰਾ ਚੁਣੇ ਗਏ। ਉਹ 1958 ਤੋਂ 63 ਤੱਕ ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ ਦੇ ਮੈਂਬਰ ਵੀ ਰਹੇ। ਲੰਬੀ ਬਿਮਾਰੀ ਤੋਂ ਬਾਅਦ 2 ਮਾਰਚ 1969 ਨੂੰ ਉਹਨਾਂ ਦਾ ਦਿਹਾਂਤ ਹੋ ਗਿਆ।

### 21.30 ਗਿਆਨੀ ਸ਼ੰਕਰ ਸਿੰਘ

ਗਿਆਨੀ ਸ਼ੰਕਰ ਸਿੰਘ ਪਿੰਡ ਜੌਹਲ ਢਾਏ ਵਾਲ਼ਾ ਜਿਲ੍ਹਾ ਤਰਨਤਾਰਨ 1918 ਵਿਚ ਬ੍ਰਿਟਿਸ਼ ਭਾਰਤੀ ਫੌਜ ਵਿਚ ਨੌਂਕਰ ਸਨ। ਉਹਨਾਂ ਨੇ ਮਹਾਤਮਾ ਗਾਂਧੀ ਦੀ ਅਪੀਲ ਤੇ ਅਸਤੀਫ਼ਾ ਦੇ ਦਿੱਤਾ ਅਤੇ ਕੌਮੀ ਅਜ਼ਾਦੀ ਦੇ ਘੋਲ਼ ਵਿਚ ਸ਼ਾਮਲ ਹੋ

ਗਏ। ਕਾਂਗਰਸ ਦੇ ਨਾਲ ਉਹਨਾਂ ਨੇ ਅਕਾਲੀ ਲਹਿਰ ਵਿਚ ਵੀ ਹਿੱਸਾ ਲਿਆ ਅਤੇ ਕਈ ਵਾਰ ਜੇਲ੍ਹ ਗਏ। 1943 ਵਿਚ ਉਹਨਾਂ ਤੇ ਭਾਰਤ ਛੱਡੋ ਲਹਿਰ ਦੌਰਾਨ ਕੇਸ ਚਲਾਇਆ ਗਿਆ ਅਤੇ ਵੱਖ ਵੱਖ ਜੇਲ੍ਹਾਂ ਵਿਚ ਰੱਖਿਆ ਗਿਆ। ਆਪ ਨੇ 5 ਸਾਲ ਤੋਂ ਵੱਧ ਜੇਲ੍ਹ ਕੱਟੀ। ਅਜ਼ਾਦੀ ਤੋਂ ਬਾਅਦ ਉਹਨਾਂ ਨੇ ਐਸ ਜੀ ਪੀ ਸੀ ਵਿਚ ਮਹੱਤਵਪੂਰਨ ਕੰਮ ਕੀਤਾ ਅਤੇ ਪੰਜਾਬ ਸਰਕਾਰ ਦੇ ਕਈ ਪ੍ਰਬੰਧਕੀ ਅਹੁਦਿਆਂ ਤੇ ਵੀ ਕੰਮ ਕੀਤਾ।

### 21.31 ਸ੍ਰ ਈਸ਼ਰ ਸਿੰਘ ਮਝੈਲ

ਸ੍ਰ ਈਸ਼ਰ ਸਿੰਘ ਮਝੈਲ ਮਾਝੇ ਦਾ ਸਿਰਕੱਢ ਆਗੂ ਸੀ ਜਿਸ ਨੇ ਨਾ ਕੇਵਲ ਅਕਾਲੀ ਲਹਿਰ ਵਿਚ ਕੰਮ ਕੀਤਾ ਸਗੋਂ ਦੇਸ਼ ਦੀ ਅਜ਼ਾਦੀ ਲਈ ਕਾਂਗਰਸ ਦੁਆਰਾ ਭਾਰਤ ਛੱਡੋ ਅੰਦੋਲਨ ਵਿਚ ਵੀ ਭਾਗ ਲਿਆ। ਉਸ ਦਾ ਜਨਮ ਜਨਵਰੀ 1901 ਵਿਚ ਪਿਤਾ ਭਾਈ ਆਸਾ ਸਿੰਘ ਅਤੇ ਮਾਤਾ ਬਸੰਤ ਕੌਰ ਦੇ ਘਰ ਪਿੰਡ ਸ਼ਾਹਬਾਜ਼ ਪੁਰ, ਚੱਕ ਨੰਬਰ 60, ਜਿਲ੍ਹਾ ਲਾਇਲਪੁਰ ਵਿਖੇ ਹੋਇਆ। ਉਹਨਾਂ ਦੀ ਛੋਟੀ ਉਮਰ ਵਿਚ ਹੀ ਉਹਨਾਂ ਦਾ ਪਿਤਾ ਰੋਜ਼ੀ-ਰੋਟੀ ਦੇ ਚੰਗੇ ਵਸੀਲੇ ਹਾਸਲ ਕਰਨ ਲਈ ਇੰਡੋਨੇਸ਼ੀਆ ਚਲੇ ਗਿਆ ਅਤੇ ਬਦਕਿਸਮਤੀ ਨੂੰ ਉੱਥੇ ਉਹਦੀ ਮੌਤ ਹੋ ਗਈ। ਬਾਲਕ ਈਸ਼ਰ ਸਿੰਘ ਦੀ ਪਾਲਣਾ ਉਹਦੀ ਮਾਤਾ ਨੇ ਕੀਤੀ। ਉਹਨਾਂ ਨੇ ਮਾਲਵਾ ਖ਼ਾਲਸਾ ਹਾਈ ਸਕੂਲ ਲੁਧਿਆਣਾ ਤੋਂ ਦਸਵੀਂ ਪਾਸ ਕੀਤੀ ਅਤੇ ਆਪਣੇ ਨਾਂ ਨਾਲ ਮਝੈਲ ਸ਼ਬਦ ਜੋੜ ਲਿਆ। ਕੋਕਰੀ ਕਲਾਂ ਜ਼ਿਲ੍ਹਾ ਫ਼ਿਰੋਜ਼ਪੁਰ ਤੋਂ ਉਹਨਾਂ ਨੂੰ ਅਧਿਆਪਕ ਦੀ ਨੌਂਕਰੀ ਦਾ ਸੱਦਾ ਮਿਲਿਆ ਪਰ ਨੌਂਕਰੀ ਠੁਕਰਾ ਕੇ ਉਹ ਅਕਾਲੀ ਲਹਿਰ ਵਿਚ ਸ਼ਾਮਲ ਹੋ ਗਏ। ਉਹਨਾਂ ਨੇ ਗੁਰੂ ਕੇ ਬਾਗ ਦੇ ਮੋਰਚੇ ਵਿਚ ਸ਼ਾਮਲ ਹੋ ਕੇ 6 ਮਹੀਨੇ ਕੈਦ ਕੱਟੀ। 1923 ਵਿਚ ਜੈਤੋ ਦੇ ਮੋਰਚੇ ਵਿਚ ਜਥੇ ਨਾਲ਼ ਗਏ ਅਤੇ 2 ਸਾਲ ਜੇਲ੍ਹ ਕੱਟਣੀ ਪਈ। 1927 ਵਿਚ ਉਹ ਬਾਬਾ ਵਿਸਾਖਾ ਸਿੰਘ ਦਦੇਹਰ ਸਾਹਿਬ ਨਾਲ਼ ਦੇਸ਼ ਭਗਤ ਪਰਿਵਾਰਾਂ ਲਈ ਫੰਡ ਇਕੱਠਾ ਕਰਨ ਲਈ ਬਰ੍ਹਮਾ ਗਏ। ਉਹਨਾਂ ਨੇ ਸਿੱਖ ਮਿਸ਼ਨਰੀ ਕਾਲਜ ਤੋਂ 2 ਸਾਲ ਦਾ ਡਿਪਲੋਮਾ ਵੀ ਪਾਸ ਕੀਤਾ।

1930 ਵਿਚ ਉਹਨਾਂ ਨੇ ਕਿਸਾਨ ਅੰਦੋਲਨ ਵਿਚ ਭਾਗ ਲਿਆ, ਛੇ ਮਹੀਨੇ ਦੀ ਜੇਲ੍ਹ ਦੀ ਸਜ਼ਾ ਹੋਈ ਜੋ ਬਾਅਦ ਵਿਚ ਵਧਾ ਕੇ ਇਕ ਸਾਲ ਕਰ ਦਿੱਤੀ। 1936 ਵਿਚ ਗੁਰਦੁਆਰਾ ਸ਼ਹੀਦ ਗੰਜ ਮੋਰਚਾ ਲਾਹੌਰ ਵਿਚ ਸ਼ਾਮਲ ਹੋਏ। 1938 ਵਿਚ ਉਹਨਾਂ ਨੂੰ ਸਿੱਖ ਨੈਸ਼ਨਲ ਕਾਲਜ ਲਾਹੌਰ ਦੀ ਪ੍ਰਬੰਧਕੀ ਕਮੇਟੀ ਦਾ ਸੈਕਟਰੀ ਲਾਇਆ ਗਿਆ। ਜਦੋਂ ਕਾਂਗਰਸ ਨੇ 1942 ਵਿਚ 'ਭਾਰਤ ਛੱਡੋ' ਸੱਤਿਆਗ੍ਰਹਿ ਸ਼ੁਰੂ ਕੀਤਾ ਤਾਂ ਮਝੈਲ ਹੋਰਾਂ ਵਧ ਚੜ੍ਹ ਕੇ ਹਿੱਸਾ ਲਿਆ। ਸਿੱਟੇ ਵਜੋਂ ਉਹਨਾਂ ਨੂੰ ਡੀ. ਆਈ. ਆਰ. ਅਧੀਨ ਦੋ ਸਾਲ ਜੇਲ੍ਹ ਕੱਟਣੀ ਪਈ। 1946 ਵਿਚ ਉਹ ਪੰਜਾਬ ਅਸੈਂਬਲੀ ਦੇ ਮੈਂਬਰ ਚੁਣੇ ਗਏ ਅਤੇ ਗੋਪੀ ਚੰਦ ਭਾਰਗਵ ਦੀ ਸਰਕਾਰ ਵਿੱਚ ਮੰਤਰੀ ਰਹੇ। ਅਜ਼ਾਦੀ ਤੋਂ ਬਾਅਦ 1952 ਵਿਚ ਉਹ ਦੁਬਾਰਾ ਚੁਣੇ ਗਏ ਅਤੇ ਦੁਬਾਰਾ ਮੰਤਰੀ ਪਦ ਹਾਸਲ ਕੀਤਾ। 20 ਅਪ੍ਰੈਲ 1977 ਨੂੰ ਚੰਡੀਗੜ੍ਹ ਵਿਚ ਉਹਨਾਂ ਦੀ ਮੌਤ ਹੋ ਗਈ।

## 21.32 ਸ੍ਰ ਪ੍ਰਤਾਪ ਸਿੰਘ ਕੈਰੋਂ

ਅਜ਼ਾਦੀ ਤੋਂ ਬਾਅਦ ਸਭ ਤੋਂ ਵੱਧ ਚਰਚਾ ਵਿਚ ਰਹੇ ਸ੍ਰ ਪਰਤਾਪ ਸਿੰਘ ਕੈਰੋਂ ਦਾ ਜਨਮ ਢਿੱਲੋਂ ਜੱਟ ਪਰਿਵਾਰ ਦੇ ਸ੍ਰ ਨਿਹਾਲ ਸਿੰਘ ਦੇ ਘਰ ਮਾਝੇ ਦੇ ਮਸ਼ਹੂਰ ਪਿੰਡ ਕੈਰੋਂ ਵਿਚ 7 ਅਕਤੂਬਰ 1901 ਨੂੰ ਹੋਇਆ। ਉਹ ਰੱਜੇ ਪੁੱਜੇ ਪਰਿਵਾਰ ਦੇ ਸਨ ਜਿਸ ਦੀ ਇਸਤਰੀ-ਸਿੱਖਿਆ ਨੂੰ ਪ੍ਰਫੁਲਿਤ ਕਰਨ ਵਿਚ ਅਹਿਮ ਭੂਮਿਕਾ ਰਹੀ ਹੈ। ਇਸ ਕਾਰਨ ਪ੍ਰਤਾਪ ਸਿੰਘ ਨੂੰ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਮੁਢਲੀ ਵਿਦਿਆ ਤੋਂ ਬਾਅਦ ਉਚੇਰੀ ਪੜ੍ਹਾਈ ਲਈ ਅਮਰੀਕਾ ਭੇਜਿਆ ਗਿਆ। ਉੱਥੇ ਉਹਨਾਂ ਨੇ ਬਰਕਲੇ/ਮਿਸ਼ੀਗਨ ਯੂਨੀਵਰਸਿਟੀ ਤੋਂ ਐਮ ਏ ਇਕਨਾਮਿਕਸ ਦੀ ਡਿਗਰੀ ਲੈ ਕੇ ਕਈ ਫਾਰਮਾਂ ਤੇ ਫੈਕਟਰੀਆਂ ਵਿਚ ਕੰਮ ਕੀਤਾ। ਭਾਰਤ ਵਾਪਸ ਆਉਣ ਤੇ ਉਹ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋਏ। ਉਹ ਪ੍ਰਸਿੱਧ ਪੰਜਾਬੀ ਅਖ਼ਬਾਰ 'ਅਕਾਲੀ' ਦੇ ਸੰਪਾਦਕ ਵੀ ਰਹੇ। 1930 ਵਿਚ ਅਕਾਲੀ ਦਲ ਤੋਂ ਅਸਤੀਫ਼ਾ ਦੇ ਕੇ ਅਤੇ ਬਾਅਦ ਵਿਚ ਕਾਂਗਰਸ ਵਿਚ ਸ਼ਾਮਲ ਹੋ ਗਏ। ਸਿਵਲ ਨਾ-ਫ਼ੁਰਮਾਨੀ ਅੰਦੋਲਨ ਅਤੇ 'ਭਾਰਤ ਛੱਡੋ' ਲਹਿਰ ਵਿਚ ਉਹਨਾਂ ਨੂੰ ਦੋ ਵਾਰ ਜੇਲ੍ਹ ਜਾਣਾ ਪਿਆ। 1932 ਵਿਚ ਪੰਜਾਬ ਕਾਂਗਰਸ ਦੇ ਅੰਮ੍ਰਿਤਸਰ ਸੈਸ਼ਨ ਦੀ ਪ੍ਰਧਾਨਗੀ ਕਰਨ ਤੇ ਉਹਨਾਂ ਨੂੰ 5 ਸਾਲ ਕੈਦ ਹੋ ਗਈ। 1937 ਵਿਚ ਉਹ ਕਾਂਗਰਸ ਪਾਰਟੀ ਵੱਲੋਂ ਪੰਜਾਬ ਅਸੈਂਬਲੀ ਦੇ ਮੈਂਬਰ ਚੁਣੇ ਗਏ। 1938 ਵਿਚ ਆਬਿਆਨੇ ਵਿਚ ਵਾਧੇ ਖ਼ਿਲਾਫ਼ ਕਿਸਾਨ ਮੋਰਚੇ ਵਿਚ ਗ੍ਰਿਫ਼ਤਾਰੀ ਦਿੱਤੀ। ਉਹ ਪੰਜਾਬ ਪ੍ਰਦੇਸ਼ ਕਾਂਗਰਸ ਦੇ ਜਨਰਲ ਸਕੱਤਰ ਅਤੇ ਪ੍ਰਧਾਨ ਦੇ ਅਹੁਦੇ ਤੇ ਵੀ ਰਹੇ। ਉਹ ਅਜ਼ਾਦ ਭਾਰਤ ਦੀ ਪੰਜਾਬ ਸਰਕਾਰ ਵਿਚ 1947-49 ਤੱਕ ਗੋਪੀ ਚੰਦ ਭਾਰਗਵ ਅਤੇ 1952 ਤੋਂ 56 ਤੱਕ ਭੀਮ ਸੈਨ ਸੱਚਰ ਮੰਤਰੀ ਮੰਡਲ ਵਿਚ ਵਿਕਾਸ ਮੰਤਰੀ ਰਹੇ। 23 ਜਨਵਰੀ 1956 ਤੋਂ 21 ਜੂਨ 1964 ਤੱਕ ਪੰਜਾਬ ਦੇ ਮੁੱਖ ਮੰਤਰੀ ਵੀ ਰਹੇ। ਉਸ ਨੂੰ ਪੰਜਾਬ ਵਿਚ ਕਾਂਗਰਸ ਦਾ ਸਭ ਤੋਂ ਵੱਧ ਊਰਜਾਵਾਨ ਆਗੂ ਸਮਝਿਆ ਜਾਂਦਾ ਹੈ।

ਆਪਣੇ ਮੁੱਖ ਮੰਤਰੀ ਕਾਲ ਵਿਚ ਉਹਨਾਂ ਨੇ ਸੂਬੇ ਦੀ ਤਰੱਕੀ ਲਈ ਢੇਰ ਸਾਰਾ ਕੰਮ ਕੀਤਾ। ਉਜਾੜੇ ਦੇ ਸ਼ਿਕਾਰ ਲੋਕਾਂ ਦੇ ਮੁੜ-ਵਸੇਬੇ ਲਈ ਮੁੜ-ਵਸੇਬਾ ਵਿਭਾਗ ਅਤੇ ਸਿੰਚਾਈ ਤੇ ਊਰਜਾ ਵਿਭਾਗ ਸਥਾਪਤ ਕੀਤੇ। ਸਿੱਖਿਆ ਖੇਤਰ ਵਿਚ ਸੁਧਾਰ, ਕਿਸਾਨਾਂ ਅਤੇ ਖੇਤੀਬਾੜੀ ਦੀ ਉਨਤੀ ਲਈ ਹਰਾ ਇਨਕਲਾਬ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਸਥਾਪਤੀ, ਭੂਮੀ-ਬੰਦੋਬਸਤ (ਚੱਕਬੰਦੀ/ਮੁਰੱਬੇਬੰਦੀ), ਪੰਜਾਬ ਯੂਨੀਵਰਸਿਟੀ ਪਟਿਆਲ਼ਾ (1962), ਭਾਖੜਾ ਡੈਮ, ਕੁਰੂਕਸ਼ੇਤਰਾ ਯੂਨੀਵਰਸਿਟੀ, ਪੀ.ਜੀ.ਆਈ. ਚੰਡੀਗੜ੍ਹ, ਪੌਲੀਟੈਕਨਿਕ ਕਾਲਜ, ਵਪਾਰਕ ਉਨਤੀ ਲਈ ਸੜਕੀ ਢਾਂਚਾ, ਡੇਅਰੀ ਫ਼ਾਰਮਿੰਗ ਤੇ ਪੋਲਟਰੀ ਫ਼ਾਰਮਾਂ ਨੂੰ ਉਤਸ਼ਾਹਤ ਕਰਨ ਵਰਗੇ ਅਨੇਕਾਂ ਪ੍ਰੋਜੈਕਟ ਉਹਨਾਂ ਦੇ ਸਮੇਂ ਪੂਰੇ ਹੋਏ। ਉਹਨਾਂ ਨੇ ਪੰਚਾਇਤੀ ਰਾਜ ਨੂੰ ਮਜ਼ਬੂਤ ਕੀਤਾ, ਬਿਜਲੀਕਰਨ, ਨਹਿਰੀ ਸਿੰਚਾਈ ਅਤੇ ਸਿਹਤ ਪ੍ਰਬੰਧਾਂ ਵਿਚ ਸੁਧਾਰ ਕੀਤਾ।

ਜਦੋਂ ਭਾਖੜਾ ਡੈਮ ਬਣਨ ਨਾਲ਼ ਨਹਿਰੀ ਪਾਣੀ ਨਾਲ਼ ਖੇਤੀ ਹੋਣ ਕਾਰਨ ਕਿਸਾਨਾਂ ਦੀ ਕੁਝ ਹਾਲਤ ਸੁਧਰੀ ਤਾਂ ਉਹਨੇ ਕਿਸਾਨਾਂ ਤੇ ਖ਼ੁਸ਼-ਹੈਸੀਅਤ ਟੈਕਸ ਲਾ ਦਿੱਤਾ ਜਿਸ ਦੀ ਸਾਰੇ ਪੰਜਾਬ ਵਿਚ ਬੜੀ ਵਿਰੋਧਤਾ ਹੋਈ। ਕਿਸਾਨ ਸਭਾ ਨੇ ਇਸ ਦੇ ਵਿਰੁੱਧ ਮੋਰਚਾ ਲਾਇਆ। ਹਜ਼ਾਰਾਂ ਦੀ ਤਦਾਦ ਵਿਚ ਕਿਸਾਨ ਇਸ ਮੋਰਚੇ ਵਿਚ ਸ਼ਾਮਲ ਹੋਏ। ਗ੍ਰਿਫ਼ਤਾਰੀਆਂ ਹੋਈਆਂ, ਗੋਲ਼ੀਆਂ ਚੱਲੀਆਂ ਤੇ ਕੁਝ ਕਿਸਾਨ ਸ਼ਹੀਦ ਹੋਏ। ਆਖ਼ਰ ਮੁੱਖ ਮੰਤਰੀ ਨੂੰ ਇਹ ਟੈਕਸ ਵਾਪਸ ਲੈਣਾ ਪਿਆ। ਕੁਝ ਰਾਜਨੀਤਿਕ

ਕਾਰਨਾਂ ਕਰਕੇ ਉਹਨਾਂ ਵਿਰੁੱਧ ਜਾਂਚ ਕਰਦੇ ਦਾਸ ਕਮਿਸ਼ਨ ਦੀ ਰਿਪੋਰਟ ਆਪਣੇ ਵਿਰੁੱਧ ਆਉਣ ਪਿੱਛੋਂ 21 ਜੂਨ 1964 ਨੂੰ ਉਹਨਾਂ ਨੇ ਅਸਤੀਫ਼ਾ ਦੇ ਦਿੱਤਾ। 6 ਫ਼ਰਵਰੀ 1965 ਨੂੰ ਦਿੱਲੀ ਤੋਂ ਚੰਡੀਗੜ੍ਹ ਆਉਂਦਿਆਂ ਸੋਨੀਪਤ ਦੇ ਨੇੜੇ ਸੁੱਚਾ ਸਿੰਘ ਤੇ ਹੋਰਾਂ ਨੇ ਉਹਨਾਂ ਦਾ ਕਤਲ ਕਰ ਦਿੱਤਾ। ਮਗਰੋਂ 4 ਦੋਸ਼ੀਆਂ ਚੋਂ ਤਿੰਨਾਂ ਨੂੰ ਮੌਤ ਦੀ ਸਜ਼ਾ ਭੁਗਤਣੀ ਪਈ। ਪੰਜਾਬ ਨੂੰ ਪੈਰਾਂ ਸਿਰ ਕਰਨ ਵਾਲ਼ੀ ਇਕ ਸ਼ਖ਼ਸੀਅਤ ਦੇ ਚਲੇ ਜਾਣ ਨਾਲ ਪੰਜਾਬ ਇਕ ਧਾਕੜ ਰਾਜਸੀ ਲੀਡਰ ਤੋਂ ਵਾਂਝਾ ਹੋ ਗਿਆ। ਉਹਨਾਂ ਤੋਂ ਬਾਅਦ ਉਹਨਾਂ ਦੇ ਬੇਟੇ ਗੁਰਿੰਦਰ ਸਿੰਘ ਅਤੇ ਸੁਰਿੰਦਰ ਸਿੰਘ ਕੈਰੋਂ, ਰਾਜਨੀਤੀ ਵਿਚ ਹਿੱਸਾ ਲੈਂਦੇ ਹੋਏ ਇਸ ਫ਼ਾਨੀ ਸੰਸਾਰ ਤੋਂ ਕੂਚ ਕਰ ਗਏ ਹਨ। ਉਹਨਾਂ ਦਾ ਪੋਤਰਾ ਸ੍ਰ ਆਦੇਸ਼ ਪ੍ਰਤਾਪ ਸਿੰਘ ਕੈਰੋਂ ਵੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵਿਚ ਸਿਵਲ ਸਪਲਾਈ ਤੇ ਖ਼ਰਾਕ ਮੰਤਰੀ ਰਿਹਾ ਹੈ।

**21.33 ਸ੍ਰ ਕਰਨੈਲ ਸਿੰਘ ਪੁੱਤਰ ਸ੍ਰ ਸੌਦਾਗਰ ਸਿੰਘ** ਵਾਸੀ ਜੌਹਲ ਰਾਜੂ ਸਿੰਘ ਤਹਿਸੀਲ ਤਰਨਤਾਰਨ ਦਾ ਜਨਮ 1901 ਵਿਚ ਹੋਇਆ। ਅਜ਼ਾਦੀ ਦੀ ਲਹਿਰ ਵਿਚ ਸਰਗਰਮ ਭਾਈਵਾਲ਼ ਹੋਣ ਕਾਰਨ ਇਹਨਾਂ ਨੂੰ 15 ਸਾਲ ਸਖ਼ਤ ਕੈਦ ਦੀ ਸਜ਼ਾ ਭੁਗਤਣੀ ਪਈ।ਜੇਲ੍ਹ ਵਿਚ ਉਹਨਾਂ ਨੇ 60 ਦਿਨ ਦੀ ਭੁੱਖ ਹੜਤਾਲ ਵੀ ਕੀਤੀ। ਇਹ ਸਜ਼ਾ ਕਲਕੱਤਾ, ਬੰਬਈ, ਮਦਰਾਸ, ਜੱਬਲਪੁਰ ਅਤੇ ਇੰਦੌਰ ਦੀਆਂ ਜੇਲ੍ਹਾਂ ਵਿਚ ਪੂਰੀ ਕੀਤੀ।

**21.34 ਬਾਬਾ ਅਰਜਨ ਸਿੰਘ ਗੜਗੱਜ**

ਅਜ਼ਾਦੀ ਲਹਿਰ ਅਤੇ ਕਮਿਊਨਿਸਟ ਲਹਿਰ ਦੇ ਉੱਘੇ ਹਸਤਾਖ਼ਰ, ਮਹਾਨ ਇਨਕਲਾਬੀ ਸੰਗਰਾਮੀਏ, ਨਿਡਰ ਪੱਤਰਕਾਰ ਅਤੇ ਪ੍ਰਤੀਬੱਧ ਸਾਹਿਤਕਾਰ ਕਾਮਰੇਡ ਅਰਜਨ ਸਿੰਘ ਗੜਗੱਜ ਦਾ ਜਨਮ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਵਸਾਈ ਪਾਵਨ ਨਗਰੀ ਸ੍ਰੀ ਤਰਨਤਾਰਨ ਸਾਹਿਬ ਵਿਚ ਸ੍ਰ ਸੁੰਦਰ ਸਿੰਘ ਰਾਮਗੜ੍ਹੀਆ ਦੇ ਘਰ 1905 ਵਿਚ ਹੋਇਆ। ਜਮਾਂਦਰੂ ਹੀ ਬਾਗੀ ਰੁਚੀਆਂ ਦਾ ਹੋਣ ਕਾਰਨ 1919 ਵਿਚ ਜਦੋਂ ਉਹ ਸਕੂਲ ਵਿਚ ਚੌਥੀ ਜਮਾਤ ਦਾ ਵਿਦਿਆਰਥੀ ਸੀ ਤਾਂ ਅਧਿਕਾਰੀਆਂ ਦੇ ਕਹਿਣ ਤੇ ਉਹਨੇ ਬ੍ਰਿਟਿਸ਼ ਸਰਕਾਰ ਦੇ ਝੰਡੇ ਯੂਨੀਅਨ ਜੈਕ ਨੂੰ ਸਲੂਟ ਕਰਨ ਤੋਂ ਇਨਕਾਰ ਕਰ ਦਿੱਤਾ। ਸਿੱਟੇ ਵਜੋਂ ਉਹਨੂੰ ਕੁੱਟ ਮਾਰ ਕਰਕੇ ਸਕੂਲ ਚੋਂ ਕੱਢ ਦਿੱਤਾ ਗਿਆ। ਬਾਅਦ ਵਿਚ ਉਹ 1920 ਵਿਚ ਸ਼ੁਰੂ ਹੋਈ ਅਕਾਲੀ ਲਹਿਰ ਵਿਚ ਸ਼ਾਮਲ ਹੋ ਗਿਆ।

1922 ਵਿਚ ਉਹਨੂੰ ਸਰਕਾਰ ਵਿਰੋਧੀ ਕਵਿਤਾ ਬੋਲਦਿਆਂ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਸਮੇਂ ਉਹ ਸਭ ਤੋਂ ਛੋਟੀ ਉਮਰ ਦਾ ਅਕਾਲੀ ਵਰਕਰ ਸੀ ਜਿਸ ਨੂੰ 6 ਮਹੀਨੇ ਜੇਲ੍ਹ ਕੱਟਣੀ ਪਈ। 1923 ਤੋਂ 26 ਤੱਕ ਉਹਨੂੰ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਹਿਦਾਇਤਾਂ ਮੁਤਾਬਕ ਜੈਤੋ ਦੇ ਮੋਰਚੇ ਵਿਚ ਭਾਗ ਲੈਣ ਕਾਰਨ 1 ਸਾਲ ਤੋਂ ਵੱਧ ਜੇਲ੍ਹ ਕੱਟਣੀ ਪਈ। ਜੇਲ੍ਹ ਵਿਚ ਉਹਨਾਂ ਦਾ ਸੰਪਰਕ ਜਸਵੰਤ ਸਿੰਘ ਝਬਾਲ ਅਤੇ ਅਮਰ ਸਿੰਘ ਝਬਾਲ ਨਾਲ਼ ਹੋਇਆ। ਉਹਨਾਂ ਨੇ ਉਮਰ ਦਾ ਬਹੁਤਾ ਹਿੱਸਾ ਰਾਵਲਪਿੰਡੀ, ਮਿੰਟਗੁਮਰੀ, ਕੈਂਬਲਪੁਰ, ਲਾਹੌਰ ਅਤੇ ਮੀਆਂਵਾਲ਼ੀ ਆਦਿ ਜੇਲ੍ਹਾਂ ਵਿਚ ਹੀ ਬਿਤਾਇਆ। ਫ਼ਰੰਗੀ ਰਾਜ ਦੀਆਂ ਬਦਨਾਮ ਜੇਲ੍ਹਾਂ ਚੋਂ ਇਕ ਵੀ ਐਸੀ ਜੇਲ੍ਹ ਨਹੀਂ ਜਿੱਥੇ ਗੜਗੱਜ ਹੋਰਾਂ ਅਕਾਲੀ ਲਹਿਰ ਤੋਂ ਲੈ ਕੇ ਕਮਿਊਨਿਸਟ ਲਹਿਰ ਤੱਕ ਕੈਦ ਰਹਿ ਕੇ ਤਸੀਹੇ ਨਾ ਝੱਲੇ ਹੋਣ। ਖੜੀ ਚੱਕੀ, ਡੰਡਾ ਬੇੜੀ, ਦਾਲ਼ ਵਿਚ ਟਿੱਡੀਆਂ ਤੇ ਕੰਕਰ, ਕੀੜਿਆਂ ਹੱਥੋਂ ਚੂੰਡੇ ਜਾਣਾ, ਮਾਰ-ਕੁਟਾਈ, ਭੁੱਖ ਹੜਤਾਲਾਂ ਅਤੇ ਕੇਸਾਂ ਨੂੰ ਉੱਪਰ ਬੰਨ੍ਹ ਕੇ ਲਟਕਾ ਦੇਣ ਵਰਗੀਆਂ ਸਖ਼ਤੀਆਂ ਸਾਹਵੇਂ ਉਹਨੇ ਸੀਅ ਤੱਕ ਨਹੀਂ ਕੀਤੀ।

ਰਿਹਾ ਹੋਣ ਤੋਂ ਬਾਅਦ ਉਹ ਸ਼ਹੀਦ ਭਗਤ ਸਿੰਘ ਹੋਰਾਂ ਵੱਲੋਂ ਸਮਾਜਵਾਦੀ ਇਨਕਲਾਬ ਦਾ ਟੀਚਾ ਪੂਰਾ ਕਰਨ ਹਿਤ ਸਥਾਪਤ ਕੀਤੀ ਨੌਜਵਾਨ ਭਾਰਤ ਸਭਾ ਵਿਚ ਸ਼ਾਮਲ ਹੋ ਗਿਆ। ਸਾਹਿਤਕ ਰੁਚੀਆਂ ਦਾ ਹੋਣ ਕਾਰਨ ਜਲਦੀ ਹੀ ਉਹ ਭਾਈ ਸੰਤੋਖ ਸਿੰਘ ਧਰਦੇਓ ਵੱਲੋਂ ਸ਼ੁਰੂ ਕੀਤੀ ਗਈ ਖੱਬੇ-ਪੱਖੀ ਵਿਚਾਰਧਾਰਾ ਨਾਲ਼ ਜੁੜੀ ਅਖ਼ਬਾਰ 'ਕਿਰਤੀ' ਦੇ ਸੰਪਾਦਕੀ ਮੰਡਲ ਵਿਚ ਸ਼ਾਮਲ ਹੋ ਗਿਆ ਅਤੇ 1929 ਤੋਂ 30 ਤੱਕ ਦਮਨਕਾਰੀ ਸਰਕਾਰੀ ਨੀਤੀਆਂ ਵਿਰੁੱਧ ਪ੍ਰਚਾਰ ਜਾਰੀ ਰੱਖਿਆ। 1931 ਵਿਚ ਸਰਕਾਰ ਨੇ ਉਹਦੇ ਤੇ ਜਨਤਕ ਤੌਰ ਤੇ ਭਾਸ਼ਣ ਕਰਨ ਜਾਂ ਬੋਲਣ ਤੇ ਪਾਬੰਦੀ ਲਾ ਦਿੱਤੀ। 1932 ਵਿਚ ਉਹ ਤਰਨਤਾਰਨ ਵਾਪਸ

ਪਰਤ ਆਇਆ। ਇਸ ਤੋਂ ਇਲਾਵਾ ਉਹਨੇ 'ਬੱਬਰ ਸ਼ੇਰ' ਦੇ ਉੱਪ ਸੰਪਾਦਕ ਅਤੇ 'ਕਾਰਟੂਨ' ਦੇ ਮੁੱਖ ਸੰਪਾਦਕ ਵਜੋਂ ਵੀ ਕੰਮ ਕੀਤਾ। 1935 ਵਿਚ ਅਰਜਨ ਸਿੰਘ ਨੇ "ਅਕਾਲੀ" ਅਖ਼ਬਾਰ ਦੇ ਉੱਪ ਸੰਪਾਦਕ ਦੀ ਜ਼ਿੰਮੇਵਾਰੀ ਸੰਭਾਲ਼ੀ।

ਅਜ਼ਾਦੀ ਤੋਂ ਬਾਅਦ ਉਹਨਾਂ ਨੇ ਆਪਣਾ ਜਰਨਲਿਜ਼ਮ ਅਤੇ ਅਖ਼ਬਾਰ-ਨਵੀਸੀ ਦਾ ਕੰਮ ਜਾਰੀ ਰੱਖਿਆ। ਉਹਨਾਂ ਨੇ 'ਬੱਬਰ ਸ਼ੇਰ' , 'ਕਿਰਤੀ' , 'ਮਜ਼ਦੂਰ ਕਿਸਾਨ', 'ਅਕਾਲੀ ਪੱਤਰਕਾ' , 'ਲਾਲ ਢੰਡੋਰਾ' , 'ਜੰਗ-ਏ-ਅਜ਼ਾਦੀ' , 'ਪਰਵਾਨਾ' , 'ਲੋਕ ਯੁੱਗ' ਅਤੇ 'ਨਵਾਂ ਜ਼ਮਾਨਾ' ਆਦਿ ਇਨਕਲਾਬੀ ਅਖ਼ਬਾਰਾਂ ਦੇ ਸੰਪਾਦਕ ਵਜੋਂ ਕੰਮ ਕੀਤਾ ਅਤੇ ਤਿੰਨ ਪੁਸਤਕਾਂ ਦੀ ਰਚਨਾ ਕੀਤੀ :-

1. ਦੋ ਪੈਰ ਘੱਟ ਤੁਰਨਾ
2. ਸ਼ਹੀਦ ਦੇ ਬੋਲ
3. ਮੇਰਾ ਆਪਣਾ ਆਪ

10 ਮਾਰਚ 1963 ਨੂੰ ਉਹਨਾਂ ਦੀ ਮੌਤ ਹੋ ਗਈ। ਉਹਨਾਂ ਦੀ ਯਾਦ ਵਿਚ ਜਲੰਧਰ ਤੋਂ ਛਪਦੀ ਰੋਜ਼ਾਨਾ ਨਵਾਂ ਜ਼ਮਾਨਾ ਅਖ਼ਬਾਰ ਦੀ ਪ੍ਰਬੰਧਕੀ ਟੀਮ ਵੱਲੋਂ 'ਕਾਮਰੇਡ ਅਰਜਨ ਸਿੰਘ ਗੜਗੱਜ ਫ਼ਾਊਂਡੇਸ਼ਨ' ਬਣਾ ਕੇ ਅਖ਼ਬਾਰ ਇਸ ਦੇ ਹਵਾਲੇ ਕੀਤੀ ਗਈ ਹੈ। ਕਮਿਊਨਿਸਟ ਪਾਰਟੀ ਆਫ ਇੰਡੀਆ ਦੇ ਜਿਲ੍ਹਾ ਯੂਨਿਟ ਤਰਨਤਾਰਨ ਵੱਲੋਂ ਆਪਣੇ ਦਫ਼ਤਰ ਦਾ ਨਾਂ "ਕਾਮਰੇਡ ਅਰਜਨ ਸਿੰਘ ਗੜਗੱਜ ਭਵਨ" ਰੱਖਿਆ ਗਿਆ ਹੈ ਜੋ ਕਿ ਜਿਲ੍ਹੇ ਦੇ ਮਿਹਨਤਕਸ਼ ਅਤੇ ਕਿਰਤੀ ਲੋਕਾਂ ਨੂੰ ਇੱਕਜੁੱਟ ਕਰਨ ਵਿਚ ਅਹਿਮ ਭੂਮਿਕਾ ਨਿਭਾ ਰਿਹਾ ਹੈ।

### 21.35 ਸ੍ਰ ਜਸਵੰਤ ਸਿੰਘ ਕੈਰੋਂ

ਪੰਜਾਬ ਦੇ ਪ੍ਰਸਿੱਧ ਦੇਸ਼-ਭਗਤ, ਸ੍ਰ ਪ੍ਰਤਾਪ ਸਿੰਘ ਕੈਰੋਂ ਦੇ ਸਕੇ ਭਰਾ ਸ੍ਰ ਜਸਵੰਤ ਸਿੰਘ ਦਾ ਜਨਮ ਪਿਤਾ ਸ੍ਰ ਨਿਹਾਲ ਸਿੰਘ ਦੇ ਘਰ 1906 ਵਿਚ ਹੋਇਆ ਸੀ। ਮੁਢਲੀ ਸਿੱਖਿਆ ਪਿੰਡ ਤੋਂ ਪ੍ਰਾਪਤ ਕਰਕੇ ਉਚੇਰੀ ਪੜ੍ਹਾਈ ਵੱਡੇ ਭਰਾ ਨਾਲ਼ ਅੰਮ੍ਰਿਤਸਰ ਹਾਸਲ ਕੀਤੀ ਅਤੇ ਭਰਾ ਦੇ ਨਾਲ਼ ਹੀ ਉਹ ਅਮਰੀਕਾ ਚਲੇ ਗਏ। ਉਹਨਾਂ ਨੇ ਅਮਰੀਕਾ ਵਿਚ ਡੈਟਰਾਈਟ ਵਿਚ ਸਥਿਤ ਫ਼ੋਰਡ ਸੰਗਠਨ ਵਿਚ ਨੌਕਰੀ ਕੀਤੀ। ਉੱਥੇ ਰਹਿੰਦਿਆਂ ਉਹ ਖੱਬੇ-ਪੱਖੀ ਰਾਜਨੀਤੀ ਨਾਲ਼ ਜੁੜ ਗਏ ਅਤੇ 6 ਸਾਲ ਬਾਅਦ ਸੋਵੀਅਤ ਰੂਸ ਪਹੁੰਚ ਗਏ। ਉਹਨਾਂ ਨੇ ਗ਼ਦਰ ਲਹਿਰ ਵਿਚ ਸਰਗਰਮੀ ਨਾਲ਼ ਭਾਗ ਲਿਆ ਜਿਸ ਕਾਰਨ ਅੰਗਰੇਜ਼ਾਂ ਦੇ ਜਸੂਸ ਉਹਨਾਂ ਦੇ ਪਿੱਛੇ ਲੱਗ ਗਏ। ਭਾਰਤ ਵਾਪਸ ਆਉਂਦਿਆਂ ਹੀ ਉਹਨਾਂ ਨੂੰ ਗ੍ਰਿਫ਼ਤਾਰ ਕਰਕੇ ਬੰਬਈ ਜੇਲ੍ਹ ਵਿਚ ਕੈਦ ਕਰ ਦਿੱਤਾ ਗਿਆ। ਇਸ ਜੇਲ੍ਹ ਤੋਂ ਉਹਨਾਂ ਦੇ ਭਰਾ ਪ੍ਰਤਾਪ ਸਿੰਘ ਕੈਰੋਂ ਨੇ ਰਿਹਾਅ ਕਰਵਾਇਆ।

ਪਿੰਡ ਆਉਣ ਤੇ ਵੀ ਉਹ ਗ਼ਦਰ ਲਹਿਰ ਨਾਲ਼ ਜੁੜੇ ਰਹੇ ਅਤੇ 4 ਵਾਰ ਜੇਲ੍ਹ ਯਾਤਰਾ ਕੀਤੀ। ਪੁਲਿਸ ਨੇ ਜੇਲ੍ਹ ਵਿਚ ਬੇ-ਤਿਹਾਸ਼ਾ ਤਸ਼ੱਦਦ ਕੀਤਾ ਪਰ ਉਹਨਾਂ ਪੁਲਿਸ ਨੂੰ ਗ਼ਦਰੀਆਂ ਬਾਰੇ ਕੋਈ ਸੁਰਾਗ ਨਾ ਦਿੱਤਾ। ਉਹ ਸਾਰੀ ਉਮਰ ਕਿਰਤੀਆਂ ਤੇ ਕਿਸਾਨਾਂ ਦੇ ਹਮਦਰਦ ਰਹੇ। 1997 ਵਿਚ ਉਹਨਾਂ ਦਾ ਦੇਹਾਂਤ ਹੋ ਗਿਆ।

### 21.36 ਸ੍ਰ ਸੋਹਨ ਸਿੰਘ ਨੌਰੰਗਾਬਾਦ

ਅਜ਼ਾਦੀ ਘੁਲਾਟੀਏ ਸ੍ਰ ਸੋਹਨ ਸਿੰਘ ਨੌਰੰਗਾਬਾਦ ਦਾ ਜਨਮ ਜੁਲਾਈ 1908 ਵਿਚ ਸ੍ਰ ਕਿਸ਼ਨ ਸਿੰਘ ਦੇ ਘਰ ਪਿੰਡ ਨੌਰੰਗਾਬਾਦ ਵਿਖੇ ਹੋਇਆ। ਮੈਟਰਿਕ ਪਾਸ ਕਰਕੇ ਉਹ ਅਜ਼ਾਦੀ ਲਹਿਰ ਵਿਚ ਸਰਗਰਮ ਹੋ ਗਏ ਅਤੇ 1938 ਵਿਚ ਕਿਸਾਨ ਮੋਰਚੇ ਵਿਚ ਭਾਗ ਲੈਣ ਕਾਰਨ 6 ਮਹੀਨੇ ਦੀ ਸਖ਼ਤ ਕੈਦ ਦੀ ਸਜ਼ਾ ਭੁਗਤੀ। ਅਗਲੇ ਸਾਲ ਲਾਹੌਰ ਕਿਸਾਨ ਮੋਰਚੇ ਵਿਚ ਵੀ ਜੇਲ੍ਹ ਯਾਤਰਾ ਕੀਤੀ। 1941 ਵਿਚ ਅੰਗਰੇਜ਼ ਸਰਕਾਰ ਦਾ ਵਿਰੋਧ ਕਰਨ ਕਰਕੇ ਢਾਈ ਸਾਲ ਕੈਦ ਹੋਈ ਅਤੇ 1946 ਵਿਚ

ਮੋਘਾ ਮੋਰਚਾ ਛੀਨਾ ਵਿਚ ਹਿੱਸਾ ਲੈਣ ਕਾਰਨ 6 ਮਹੀਨੇ ਦੀ ਕੈਦ ਦੀ ਸਜ਼ਾ ਹੋਈ। ਅਜ਼ਾਦੀ ਤੋਂ ਬਾਅਦ ਆਪ ਫ਼ਰੀਡਮ ਫ਼ਾਈਟਰਜ਼ ਜਥੇਬੰਦੀ ਦੇ ਜਿਲ੍ਹਾ ਅੰਮ੍ਰਿਤਸਰ ਦੇ ਮੀਤ ਪ੍ਰਧਾਨ ਰਹੇ। ਉਹਨਾਂ ਦੇ ਫ਼ੌਤ ਹੋਣ ਬਾਰੇ ਜਾਣਕਾਰੀ ਨਹੀਂ ਮਿਲ਼ੀ।

### 21.37 ਸ੍ਰ ਹਰਨਾਮ ਸਿੰਘ ਕਾਹਨਾ

ਸ੍ਰ ਹਰਨਾਮ ਸਿੰਘ ਕਾਹਨਾ ਦਾ ਜਨਮ ਸ੍ਰ ਕੇਹਰ ਸਿੰਘ ਦੇ ਘਰ ਸਰਹੱਦੀ ਪਿੰਡ ਡਿੱਬੀ ਪੁਰ ਵਿਖੇ ਸਤੰਬਰ 1908 ਵਿਚ ਹੋਇਆ। ਉਹਨਾਂ ਨੇ ਕਾਂਗਰਸ ਵੱਲੋਂ 1940-41 ਵਿਚ ਸ਼ੁਰੂ ਕੀਤੇ ਇਨਫ਼ਰਾਦੀ ਸਤਿਆਗ੍ਰਹਿ ਵਿਚ ਭਾਗ ਲਿਆ ਅਤੇ 1 ਸਾਲ 3 ਮਹੀਨੇ ਦੀ ਜੇਲ੍ਹ ਕੱਟੀ। ਅਗਲੇ ਸਾਲ 1942 ਵਿਚ 'ਭਾਰਤ ਛੱਡੋ' ਲਹਿਰ ਵਿਚ ਗ੍ਰਿਫ਼ਤਾਰ ਹੋਏ, 11 ਮਹੀਨੇ ਸੈਂਟਰਲ ਜੇਲ੍ਹ ਵਿਚ ਅਤੇ 2 ਸਾਲ 3 ਮਹੀਨੇ ਬੋਰਸਟਲ ਜਲ੍ਹ ਵਿਚ ਕੈਦ ਕੱਟੀ। ਅੰਤ ਤੱਕ ਦੇਸ਼ ਦੀ ਅਜ਼ਾਦੀ ਦਾ ਸੁਪਨਾ ਦਿਲ ਵਿਚ ਲੈ ਕੇ ਫਿਰਦੇ ਰਹੇ।

### 21.38 ਗਿਆਨੀ ਪ੍ਰੀਤਮ ਸਿੰਘ ਸਰਲੀ

ਸ੍ਰ ਚਰਨ ਸਿੰਘ ਭੋਰਛੀ ਆਪਣੀ ਪੁਸਤਕ 'ਅਜ਼ਾਦੀ ਦਾ ਘੋਲ਼ ਸਿੱਖਾਂ ਦਾ ਰੋਲ਼' ਵਿਚ ਗਿਆਨੀ ਪ੍ਰੀਤਮ ਸਿੰਘ ਸਰਲੀ ਬਾਰੇ ਲਿਖਦੇ ਹਨ ਕਿ ਗਿਆਨੀ ਜੀ ਬਰਾਦਰੀ ਚੋਂ ਉਹਨਾਂ ਦਾ ਚਾਚਾ ਲਗਦਾ ਸੀ ਅਤੇ ਉਹਨੇ ਸਿੱਖ ਮਿਸ਼ਨਰੀ ਦਾ ਕੋਰਸ ਪਾਸ ਕੀਤਾ ਹੋਇਆ ਸੀ। ਉਹ ਸਿੱਖ ਧਰਮ ਦੇ ਪ੍ਰਚਾਰਕ ਬਣ ਕੇ 1933 ਵਿਚ ਸਿੰਘ ਸਭਾ ਬੈਂਕਾਕ ਦੇ ਗੁਰਦੁਆਰੇ ਪਹੁੰਚੇ ਸਨ। ਉਹ ਲਿਖਦੇ ਹਨ ਕਿ ਇਸ ਤੋਂ ਪਹਿਲਾਂ 1930 ਵਿਚ, ਜਦੋਂ ਉਹਨਾਂ ਦੀ ਉਮਰ 20 ਸਾਲ ਦੀ ਸੀ, ਤਾਂ ਉਹ ਸਰਕਾਰ ਦੀਆਂ ਸਖ਼ਤੀਆਂ ਵਿਰੁੱਧ 300 ਅਕਾਲੀਆਂ ਦੇ ਜਥੇ ਨਾਲ਼ ਪਿਸ਼ਾਵਰ ਜਾਂਦਿਆਂ ਰਾਹ ਵਿਚ ਗੁਜਰਾਤ ਤੋਂ ਗ੍ਰਿਫ਼ਤਾਰ ਕਰ ਲਏ ਗਏ ਸਨ। ਉਹ ਡੇਢ ਸਾਲ ਜੇਲ੍ਹ ਵਿਚ ਰਹੇ ਅਤੇ ਜੇਲ੍ਹ ਵਿਚ ਨਜ਼ਰਬੰਦ ਆਗੂਆਂ ਦੀਆਂ ਗੱਲਾਂ ਸੁਣ ਕੇ ਪੱਕਾ ਦੇਸ਼ ਭਗਤ ਬਣ ਗਿਆ। ਇਸ ਹਿਸਾਬ ਨਾਲ਼ ਗਿਆਨੀ ਜੀ ਦਾ ਜਨਮ 1910 ਦੇ ਨੇੜੇ ਤੇੜੇ ਬਣਦਾ ਹੈ। ਉਹਨਾਂ ਦੇ ਮਾਪਿਆਂ ਅਤੇ ਮੁਢਲੇ ਜੀਵਨ ਬਾਰੇ ਹੋਰ ਕੁਝ ਲਿਖਿਆ ਨਹੀਂ ਮਿਲ਼ਿਆ।

ਜਦੋਂ 1939 ਵਿਚ ਦੂਸਰੀ ਸੰਸਾਰ ਜੰਗ ਸ਼ੁਰੂ ਹੋਈ ਤਾਂ ਬਰ੍ਹਮਾ, ਮਲਾਇਆ, ਸਿੰਘਾਪੁਰ ਤੇ ਸਿਆਮ ਆਦਿ ਟਾਪੂਆਂ ਵਿਚ 60,000 ਦੇ ਕਰੀਬ ਬ੍ਰਿਟਿਸ਼ ਭਾਰਤੀ ਸੈਨਕਾਂ ਵਿਚ ਅੰਗਰੇਜ਼ ਵਿਰੋਧੀ ਤੇ ਭਾਰਤੀ ਕੌਮ ਦੀ ਅਜ਼ਾਦੀ ਲਈ ਪ੍ਰਚਾਰ ਜ਼ੋਰ ਫੜ੍ਹ ਗਿਆ। ਗਿਆਨੀ ਪ੍ਰੀਤਮ ਸਿੰਘ ਨੇ ਇਸ ਪ੍ਰਚਾਰ ਵਿਚ ਵਧ ਚੜ੍ਹ ਕੇ ਭਾਗ ਲਿਆ। ਉਹਨਾਂ ਨੇ ਵੱਖ ਵੱਖ ਟਾਪੂਆਂ ਤੇ ਤਾਇਨਾਤ ਭਾਰਤੀ ਸਿਪਾਹੀਆਂ ਨੂੰ ਬੜੇ ਜਜ਼ਬਾਤੀ ਭਾਵ ਦੇ ਪੱਤਰ ਲਿਖੇ। ਉਹਨੇ ਕੈਪਟਨ ਮੋਹਨ ਸਿੰਘ ਨੂੰ ਅਜ਼ਾਦੀ ਹਾਸਲ ਕਰਨ ਲਈ ਅਜ਼ਾਦ ਹਿੰਦ ਫੌਜ ਕਾਇਮ ਕਰਨ ਲਈ ਜ਼ੋਰ ਪਾਇਆ। 15 ਫ਼ਰਵਰੀ 1942 ਨੂੰ ਸਿੰਘਾਪੁਰ ਵਿਚ ਅੰਗਰੇਜ਼ ਸੈਨਕਾਂ ਵੱਲੋਂ ਹਥਿਆਰ ਸੁੱਟ ਦੇਣ ਪਿੱਛੋਂ ਗਿਆਨੀ ਪ੍ਰੀਤਮ ਸਿੰਘ ਸਰਲੀ, ਕੈਪਟਨ ਮੋਹਨ ਸਿੰਘ, ਕਰਨਲ ਨਿਰੰਜਨ ਸਿੰਘ ਗਿੱਲ, ਕਰਨਲ ਗੁਰਬਖ਼ਸ਼ ਸਿੰਘ ਢਿੱਲੋਂ ਅਤੇ ਕਰਨਲ ਸ਼ਾਹ ਨਿਵਾਜ਼ ਦੇ ਜਤਨਾਂ ਨਾਲ਼ 16000 ਭਾਰਤੀ ਜੰਗੀ ਕੈਦੀ ਅਜ਼ਾਦ ਹਿੰਦ ਫ਼ੌਜ ਵਿਚ ਸ਼ਾਮਲ ਹੋ ਗਏ। 11 ਮਾਰਚ 1942 ਦੀ ਸਵੇਰ ਨੂੰ ਗਿਆਨੀ ਪ੍ਰੀਤਮ ਸਿੰਘ ਸਰਲੀ ਕੈਪਟਨ ਮੁਹੰਮਦ ਅਕਰਮ ਖਾਂ, ਸਤਿਆਨੰਦ ਪੁਰੀ ਅਤੇ ਨੀਲਕੰਠ ਆਇਰ, ਮਿਸਟਰ ਓਟਾ ਸਮੇਤ ਛੇ ਜਪਾਨੀ ਸੈਨਕਾਂ ਦੇ ਅਜ਼ਾਦ ਹਿੰਦ ਫੌਜ ਬਾਰੇ ਜ਼ਰੂਰੀ ਵਿਚਾਰਾਂ ਕਰਨ ਲਈ ਟੋਕੀਓ ਵਿਚ ਹੋਣ ਵਾਲ਼ੀ ਕਾਨਫਰੰਸ ਵਿਚ ਭਾਗ ਲੈਣ ਲਈ ਹਵਾਈ ਜਹਾਜ਼ ਤੇ ਸਵਾਰ ਹੋਏ ਪਰ ਜਹਾਜ਼ ਦੇ ਪਹਾੜਾਂ ਨਾਲ਼ ਟਕਰਾ ਜਾਣ ਕਾਰਨ ਸਾਰੇ ਮੁਸਾਫ਼ਰ ਸ਼ਹੀਦ ਹੋ ਗਏ।

**21.39 ਜੋਗਿੰਦਰ ਸਿੰਘ ਪੁੱਤਰ ਸ੍ਰ ਤੇਜਾ ਸਿੰਘ** ਦਾ ਜਨਮ 1910 ਵਿਚ ਤਰਨਤਾਰਨ ਵਿਚ ਹੋਇਆ। ਉਹਨਾਂ ਨੇ 1927 ਵਿਚ ਅਜ਼ਾਦੀ ਲਹਿਰ ਵਿਚ ਭਾਗ ਲੈਣਾ ਸ਼ੁਰੂ ਕੀਤਾ। ਕਿਸਾਨ ਮੋਰਚਾ 1938 ਵਿਚ ਉਹਨਾਂ ਨੂੰ 1 ਸਾਲ ਦੀ ਸਖ਼ਤ ਕੈਦ ਦੀ ਸਜ਼ਾ ਹੋਈ। ਭਾਰਤ ਛੱਡੋ ਲਹਿਰ 1942 ਵਿਚ 2 ਸਾਲ ਦੀ ਕੈਦ ਅਤੇ 100 ਰੁਪਏ ਜੁਰਮਾਨੇ ਦੀ ਸਜ਼ਾ ਭੁਗਤੀ ਅਤੇ ਸਿਆਲਕੋਟ, ਮੀਆਂਵਾਲ਼ੀ, ਮੁਲਤਾਨ ਤੇ ਲਾਹੌਰ ਜੇਲ੍ਹ ਵਿਚ ਕੱਟੀ।

**21.40 ਗਿਆਨੀ ਕਰਤਾਰ ਸਿੰਘ ਟੱਲੀ ਵਾਲ਼ਾ** ਤਰਨ ਤਾਰਨ ਸ਼ਹਿਰ ਦਾ ਨਿਵਾਸੀ ਸੀ। ਉਸ ਨੇ ਕਾਂਗਰਸ ਲਹਿਰ ਵਿਚ ਭਾਗ ਲੈਂਦਿਆਂ 1932 ਵਿਚ ਲੂਣ ਸੱਤਿਆਗ੍ਰਹਿ ਦੌਰਾਨ 3 ਸਾਲ ਦੀ ਕੈਦ ਕੱਟੀ। ਗੋਇੰਦਵਾਲ਼ ਵਿਚ ਇਕ ਜਲਸੇ ਦੀ ਤਿਆਰੀ ਕਰਦਿਆਂ ਪੁਲਿਸ ਨੇ ਉਹਨੂੰ ਫੜ੍ਹ ਕੇ ਘੋਰ ਤਸ਼ੱਦਦ ਕੀਤਾ ਅਤੇ ਕੁੱਟ ਕੁੱਟ ਕੇ ਬਾਂਹਵਾਂ ਤੋੜ ਦਿੱਤੀਆਂ। 1940 ਵਿਚ ਉਹਨੂੰ ਦੂਜੀ ਵਾਰ ਗ੍ਰਿਫ਼ਤਾਰ ਕਰਕੇ 2 ਸਾਲ ਲਈ ਜੇਲ੍ਹ ਵਿਚ ਬੰਦ ਕੀਤਾ ਗਿਆ। 1942 ਦੇ ਭਾਰਤ ਛੱਡੋ ਅੰਦੋਲਨ ਵਿਚ ਫਿਰ ਦੋ ਸਾਲ ਲਾਹੌਰ, ਮੁਲਤਾਨ ਅਤੇ ਸ਼ਾਹਪੁਰ ਦੀਆਂ ਜੇਲ੍ਹਾਂ ਵਿਚ ਰਹੇ।

**21.41 ਸ੍ਰ ਜੋਗਿੰਦਰ ਸਿੰਘ ਸ਼ਾਂਤ** :-

ਕਾਂਗਰਸ ਦੇ ਉੱਘੇ ਆਗੂ ਅਤੇ ਅਜ਼ਾਦੀ ਘੁਲਾਟੀਏ ਸ੍ਰ ਜੋਗਿੰਦਰ ਸਿੰਘ ਸ਼ਾਂਤ ਦਾ ਜਨਮ ਤਰਨਤਾਰਨ ਤੋਂ 3 ਕਿ. ਮੀ. ਦੀ ਵਿੱਥ ਤੇ ਵੱਸਦੇ ਪਿੰਡ ਪਿੱਦੀ ਵਿਚ ਸ੍ਰ ਤੇਜਾ ਸਿੰਘ ਦੇ ਘਰ ਹੋਇਆ। ਪੜ੍ਹਾਈ ਦੇ ਦੌਰਾਨ ਹੀ ਜੈਤੋ ਦੇ ਮੋਰਚੇ ਵਿਚ ਸ਼ਾਮਲ ਸਿੰਘਾਂ ਦੀ ਰਿਹਾਈ ਪਿੱਛੋਂ ਤਰਨਤਾਰਨ ਵਿਖੇ ਉਹਨਾਂ ਦੀ ਸਾਂਭ ਸੰਭਾਲ ਦੀ ਡਿਊਟੀ ਨਿਭਾਈ। 1929 ਵਿਚ ਲਾਹੌਰ ਕਾਂਗਰਸ ਸੈਸ਼ਨ ਸਮੇਂ ਕਾਂਗਰਸ ਲਹਿਰ ਵਿਚ ਸ਼ਾਮਲ ਹੋਏ। ਇਸ ਤੋਂ ਬਾਅਦ ਅਜ਼ਾਦੀ ਦੀ ਲਹਿਰ ਵਿਚ ਹਿੱਸਾ ਲੈਣ ਕਾਰਨ ਉਹਨਾਂ ਨੇ ਪੜ੍ਹਾਈ ਵਿਚਾਲ਼ੇ ਛੱਡ ਦਿੱਤੀ ਅਤੇ ਬੰਦੋਬਸਤ ਮੋਰਚੇ ਸਮੇਂ ਦਫ਼ਾ 144 ਤੋੜਨ ਲਈ ਕਿਸਾਨ ਮੁਜ਼ਾਹਰੇ ਕੀਤੇ। ਉਹਨਾਂ ਨੂੰ ਬੰਦੋਬਸਤ ਦੀ ਜਿਲ੍ਹਾ ਕਮੇਟੀ ਦਾ ਸਕੱਤਰ ਬਣਾਇਆ ਗਿਆ। ਜੁਲਾਈ 1938 ਵਿਚ ਗ੍ਰਿਫ਼ਤਾਰੀ ਉਪ੍ਰੰਤ 1 ਸਾਲ ਦੀ ਕੈਦ ਸ਼ਾਹਪੁਰ ਜੇਲ੍ਹ ਵਿਚ ਕੱਟੀ।

1940 ਵਿਚ ਉਹਨਾਂ ਨੂੰ ਜਿਲ੍ਹਾ ਕਾਂਗਰਸ ਦਾ ਮੀਤ ਪ੍ਰਧਾਨ ਬਣਾਇਆ ਗਿਆ ਤਾਂ ਇਨਫ਼ਰਾਦੀ ਸੱਤਿਆਗ੍ਰਹਿ ਵਿਚ ਸ਼ਾਮਲ ਹੋਏ। 1942 ਵਿਚ ਭਾਰਤ ਛੱਡੋ ਅੰਦੋਲਨ ਵਿਚ ਭਾਗ ਲੈਣ ਤੇ ਬਾਬਾ ਬਕਾਲ਼ਾ ਤੋਂ ਗ੍ਰਿਫ਼ਤਾਰ ਕੀਤਾ ਗਿਆ ਅਤੇ 2 ਸਾਲ ਕੈਦ ਦੀ ਸਜ਼ਾ ਨਾਲ 100 ਰੁਪਏ ਜੁਰਮਾਨਾ ਕੀਤਾ ਗਿਆ। ਇਹ ਕੈਦ ਮੀਆਂ ਵਾਲ਼ੀ ਜੇਲ੍ਹ ਸਿਆਲਕੋਟ ਅਤੇ ਮੁਲਤਾਨ ਜੇਲ੍ਹ ਵਿਚ ਕੱਟੀ। ਲਾਹੌਰ ਕਿਲ੍ਹੇ ਵਿਚ ਲਿਆ ਕੇ ਆਪ ਤੋਂ ਪੁੱਛ ਪੜਤਾਲ ਵੀ ਕੀਤੀ ਗਈ। ਅਜ਼ਾਦੀ ਤੋਂ ਬਾਅਦ ਆਪ ਕਾਂਗਰਸ ਦੇ 'ਡੀਵੋਟਿਡ' ਮੈਂਬਰ ਰਹੇ। ਉਹਨਾਂ ਦੇ ਦਿਹਾਂਤ ਬਾਰੇ ਕੋਈ ਜਾਣਕਾਰੀ ਨਹੀਂ ਮਿਲ਼ੀ।

**21.42 ਸ੍ਰੀ ਰਾਮ ਨਾਥ ਪੁੱਤਰ ਸ੍ਰੀ ਸੋਹਨ ਲਾਲ** ਵਾਸੀ ਤਰਨਤਾਰਨ ਸ਼ਹਿਰ ਦਾ ਜਨਮ 1912 ਵਿਚ ਹੋਇਆ ਸੀ। 1933 ਵਿਚ ਉਹ ਕਾਂਗਰਸ ਲਹਿਰ ਵਿਚ ਸ਼ਾਮਲ ਹੋ ਗਏ। ਅਖ਼ਬਾਰ ਦੇ ਸੰਪਾਦਕ ਹੁੰਦਿਆਂ ਅੰਗਰੇਜ਼ ਸਰਕਾਰ ਵਿਰੁੱਧ ਪ੍ਰਚਾਰ ਕਰਨ ਕਰਕੇ 1942 ਵਿਚ ਉਹਨਾਂ ਨੂੰ ਗ੍ਰਿਫ਼ਤਾਰ ਕਰਕੇ ਕਿਲ੍ਹਾ ਗੋਬਿੰਦਗੜ੍ਹ ਵਿਚ ਮਾਰ-ਕੁੱਟ ਕੀਤੀ ਗਈ ਅਤੇ ਬਿਜਲੀ ਦੇ ਸ਼ਾਟ ਲਾ ਕੇ ਤਸੀਹੇ ਦਿੱਤੇ ਗਏ। 1 ਸਾਲ 3 ਮਹੀਨੇ ਦੀ ਕੈਦ ਹੋਈ ਜੋ ਮੁਲਤਾਨ ਸੈਂਟਰਲ ਜੇਲ੍ਹ ਅਤੇ ਲਾਹੌਰ ਜੇਲ੍ਹ ਵਿਚ ਕੱਟੀ। ਡਾ. ਐਚ. ਐਸ. ਚੋਪੜਾ ਨੇ ਆਪਣੀ ਪੁਸਤਕ 'ਤਰਨ ਤਾਰਨ ਬਹੁ-ਪੱਖੀ ਸਰਵੇਖਣ' ਵਿਚ ਇਹ ਸਜ਼ਾ 3 ਸਾਲ 3 ਮਹੀਨੇ ਲਿਖੀ ਹੈ।

### 21.43 ਡਾ ਗੁਰਦਿਆਲ ਸਿੰਘ ਢਿੱਲੋਂ

ਭਾਰਤ ਦੀ ਲੋਕ ਸਭਾ ਦੇ ਸਾਬਕਾ ਸਪੀਕਰ ਡਾ ਗੁਰਦਿਆਲ ਸਿੰਘ ਢਿੱਲੋ ਉੱਘੇ ਅਜ਼ਾਦੀ ਘੁਲਾਟੀਏ ਸਨ। ਉਹਨਾਂ ਦਾ ਜਨਮ 6 ਅਗਸਤ 1915 ਨੂੰ ਪਿੰਡ ਪੰਜਵੜ ਵਿਚ ਢਿੱਲੋਂ ਜੱਟ ਪਰਿਵਾਰ ਵਿਚ ਹੋਇਆ। ਉਹਨਾਂ ਦੇ ਵਡੇਰੇ ਭੰਗੀ ਮਿਸਲ ਨਾਲ਼ ਸਬੰਧਤ ਸਨ। ਉਹਨਾਂ ਨੇ ਖਾਲਸਾ ਕਾਲਜ ਅੰਮ੍ਰਿਤਸਰ, ਗੌਰਮਿੰਟ ਕਾਲਜ ਲਾਹੌਰ ਤੋਂ ਸਿੱਖਿਆ ਹਾਸਲ ਕੀਤੀ ਅਤੇ ਪੰਜਾਬ ਯੂਨੀਵਰਸਿਟੀ ਲਾਅ ਕਾਲਜ ਲਾਹੌਰ ਤੋਂ ਵਕਾਲਤ ਪਾਸ ਕੀਤੀ। ਪੜ੍ਹਾਈ ਵੇਲ਼ੇ ਹੀ ਉਹ ਸਟੂਡੈਂਟ ਯੂਨੀਅਨ ਵਿਚ ਸਰਗਰਮ ਹੋ ਗਏ ਸਨ। ਲਾਲਾ ਲਾਜਪਤ ਰਾਏ ਦੀ ਬਰਸੀ ਸਮਾਗਮ ਨੂੰ ਸੰਬੋਧਨ ਕਰਦਿਆਂ ਉਹਨਾਂ ਦੀ ਪਹਿਲੀ ਗ੍ਰਿਫ਼ਤਾਰੀ ਹੋਈ। ਪੜ੍ਹਾਈ ਉਪ੍ਰੰਤ ਉਹਨਾਂ ਨੇ ਕੁਝ ਸਮਾਂ ਵਕਾਲਤ ਕੀਤੀ ਅਤੇ ਪੰਜਾਬੀ ਤੇ ਉਰਦੂ ਵਿਚ 'ਵਰਤਮਾਨ' ਅਤੇ 'ਸ਼ੇਰ-ਏ-ਭਾਰਤ' ਨਾਂ ਦੇ ਪਰਚੇ ਕੱਢ ਕੇ ਜਰਨਲਿਜ਼ਮ ਦਾ ਸ਼ੌਂਕ ਪੂਰਾ ਵੀ ਕੀਤਾ।

ਇਸ ਪਿਛੋਕੜ ਕਾਰਨ ਉਹਨਾਂ ਦੀ ਫੌਜ ਦੀ ਨੌਂਕਰੀ ਜਾਂਦੀ ਰਹੀ ਅਤੇ ਉਹ ਪੱਕੇ ਤੌਰ ਤੇ ਕਾਂਗਰਸ ਵਿਚ ਸਰਗਰਮ ਹੋ ਗਏ। ਪਹਿਲਾਂ ਉਹਨਾਂ ਨੇ ਰੂਪੋਸ਼ ਹੋ ਕੇ ਕੰਮ ਕੀਤਾ ਅਤੇ ਫਿਰ ਹਰਸ਼ਾ ਛੀਨਾ ਦੇ ਮੋਘਾ ਮੋਰਚਾ ਵਿਚ ਗ੍ਰਿਫ਼ਤਾਰੀ ਦਿੱਤੀ ਅਤੇ ਇਕ ਸਾਲ ਤੋਂ ਵੱਧ ਸਮਾਂ ਅੰਮ੍ਰਿਤਸਰ ਜੇਲ੍ਹ ਵਿਚ ਰਹੇ। ਰਿਹਾ ਹੋਣ ਦੋਬਾਰਾ ਵਰੰਟ ਗ੍ਰਿਫ਼ਤਾਰੀ ਜਾਰੀ ਹੋਏ ਜੋ 15 ਅਗਸਤ 1947 ਨੂੰ ਹੀ ਦਾਖ਼ਲ ਦਫ਼ਤਰ ਕੀਤੇ ਗਏ। ਅਜ਼ਾਦੀ ਤੋਂ ਬਾਅਦ ਉਹ ਦੋ ਵਾਰ 1952 ਅਤੇ 1957 ਵਿਚ ਪੰਜਾਬ ਵਿਧਾਨ ਸਭਾ ਲਈ ਚੁਣੇ ਗਏ ਅਤੇ ਡਿਪਟੀ ਸਪੀਕਰ ਤੇ ਸਪੀਕਰ ਦੇ ਅਹੁਦੇ ਤੇ ਵੀ ਰਹੇ। 1964-67 ਤੱਕ ਪੰਜਾਬ ਸਰਕਾਰ ਵਿਚ ਟਰਾਂਸਪੋਰਟ, ਪੇਂਡੂ ਬਿਜਲੀਕਰਣ ਮੰਤਰੀ ਰਹੇ, 1967 ਵਿਚ ਲੋਕ ਸਭਾ ਮੈਂਬਰ ਚੁਣੇ ਗਏ ਅਤੇ 1969 ਵਿਚ ਸਰਬ ਸੰਮਤੀ ਨਾਲ ਲੋਕ ਸਭਾ ਦੇ ਸਪੀਕਰ ਚੁਣੇ ਗਏ। ਉਹ ਕੇਂਦਰੀ ਖੇਤੀ ਮੰਤਰੀ, ਜਹਾਜ਼ਰਾਨੀ ਤੇ ਟਰਾਂਸਪੋਰਟ ਮੰਤਰੀ, ਹਾਈ ਕਮਿਸ਼ਨਰ ਕੈਨੇਡਾ ਦੇ ਅਹੁਦਿਆਂ ਤੇ ਵੀ ਰਹੇ। 1980-82 ਤੱਕ ਉਹ ਕੈਨੇਡਾ ਵਿਚ ਭਾਰਤ ਦੇ ਸਫ਼ੀਰ ਰਹੇ ਅਤੇ 1986-88 ਤੱਕ ਰਾਜੀਵ ਗਾਂਧੀ ਦੀ ਸਰਕਾਰ ਵੇਲ਼ੇ ਉਹਨਾਂ ਨੂੰ ਕੇਂਦਰੀ ਖੇਤੀ ਮੰਤਰੀ ਬਣਾਇਆ ਗਿਆ। ਉਹਨਾਂ ਨੇ ਫਿਰਕੂ ਸਦਭਾਵਨਾ ਲਈ ਕਾਫੀ ਕੰਮ ਕੀਤਾ। ਉਹਨਾਂ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲ਼ਾ ਨੇ ਡੀ. ਲਿਟ., ਜਰਮਨ ਯੂਨੀਵਰਸਿਟੀ ਹੰਬੋਰਟ ਨੇ ਡਾਕਟਰੇਟ ਅਤੇ ਕੋਰੀਆ ਦੀ ਸੰਗਕਿਉਂਕਵਾਨ ਯੂਨੀਵਰਸਿਟੀ ਨੇ ਪੀ. ਐਚ. ਡੀ. ਦੀ ਆਨਰੇਰੀ ਡਿਗਰੀ ਪ੍ਰਦਾਨ ਕੀਤੀ। 23 ਮਾਰਚ 1992 ਨੂੰ ਦਿਲ ਦਾ ਦੌਰਾ ਪੈਣ ਕਾਰਨ ਉਹਨਾਂ ਦੀ ਮੌਤ ਹੋ ਗਈ।

## 21.44 ਜਥੇਦਾਰ ਮੋਹਨ ਸਿੰਘ ਤੁੜ

ਜਥੇਦਾਰ ਮੋਹਨ ਸਿੰਘ ਤੁੜ ਸਿੱਖ ਭਾਈਚਾਰੇ ਦੀ ਪ੍ਰਮੁਖ ਹਰਮਨ ਪਿਆਰੀ ਰਾਜਸੀ ਤੇ ਧਾਰਮਿਕ ਸ਼ਖ਼ਸੀਅਤ ਸਨ। ਉਹਨਾਂ ਨੂੰ ਮਾਝੇ ਦਾ ਜਰਨੈਲ ਵੀ ਕਿਹਾ ਜਾਂਦਾ ਹੈ। ਉਹਨਾਂ ਦਾ ਜਨਮ ਸ੍ਰ ਜਗਤ ਸਿੰਘ ਦੇ ਘਰ ਪਿੰਡ ਤੁੜ ਵਿਖੇ 1915 (ਕੁਝ ਸ੍ਰੋਤਾਂ ਮੁਤਾਬਕ 1916) ਵਿਚ ਹੋਇਆ। ਉਹਨਾਂ ਦਾ ਪਰਿਵਾਰ ਸਿੱਖ ਲਹਿਰ ਨਾਲ਼ ਡੂੰਘਾ ਜੁੜਿਆ ਹੋਇਆ ਸੀ। ਅਕਾਲੀ ਲਹਿਰ ਜਾਂ ਗੁਰਦੁਆਰਾ ਸੁਧਾਰ ਲਹਿਰ ਨਾਲ ਨੇੜਤਾ ਤੇ ਸਾਂਝ ਉਹਨਾਂ ਨੇ ਆਪਣੇ ਪਿਤਾ ਜੀ ਤੋਂ ਪ੍ਰਾਪਤ ਕੀਤੀ। ਆਪ ਦੇ ਪਿਤਾ ਜੀ ਜੈਤੋ ਦੇ ਮੋਰਚੇ ਵਿਚ ਸਭ ਤੋਂ ਪਹਿਲਾਂ 500 ਸਿੰਘਾਂ ਦਾ ਜਥਾ ਲੈ ਕੇ ਗਏ ਸਨ। ਪੁਲਿਸ ਦੇ ਗੋਲ਼ੀ ਚਲਾਉਣ ਤੇ ਉਹਨਾਂ ਦੇ ਪੱਟ ਵਿਚ ਗੋਲ਼ੀ ਲੱਗੀ ਸੀ ਅਤੇ ਉਹਨਾਂ ਨਾਲ਼ ਗਏ ਪਿੰਡ ਤੁੜ ਦੇ ਸ੍ਰ ਮਾਨ ਸਿੰਘ ਸ਼ਹੀਦ ਹੋ ਗਏ। ਜਥੇਦਾਰ ਮੋਹਨ ਸਿੰਘ ਨੇ ਵੀ ਅੰਗਰੇਜ਼ਾਂ ਦੁਆਰਾ ਗੁਰਦੁਆਰਾ ਪ੍ਰਬੰਧ ਵਿਚ ਅਣ-ਲੋੜੀਂਦੀ ਦਖ਼ਲ-ਅੰਦਾਜ਼ੀ ਵਿਰੁੱਧ ਸ਼ਾਂਤ ਮਈ ਢੰਗ ਨਾਲ਼ ਚੱਲਦੀ ਸੁਧਾਰ ਲਹਿਰ ਵਿਚ ਹਿੱਸਾ ਲਿਆ। ਉਹ 21 ਸਾਲ ਦੀ ਉਮਰ ਵਿਚ ਅਕਾਲੀ ਦਲ ਦੇ ਸਰਕਲ ਸਰਹਾਲ਼ੀ ਦੇ ਜਥੇਦਾਰ ਬਣ ਗਏ ਸਨ। ਪਰ ਇਸ ਸਬੰਧ ਵਿਚ ਉਹਨਾਂ ਦੇ ਜੇਲ੍ਹ ਜਾਣ ਬਾਰੇ ਕੋਈ ਜਾਣਕਾਰੀ ਨਹੀ ਮਿਲੀ। ਆਪਣੇ ਯੋਗਦਾਨ ਕਾਰਨ ਉਹਨਾਂ ਨੂੰ ਸੂਬੇ ਦੀ ਵੱਡੀ ਰਾਜਨੀਤਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਬਣਨ ਦਾ ਮਾਣ ਹਾਸਲ ਹੋਇਆ। ਉਹਨਾਂ ਨੇ 1955 ਵਿਚ ਪੰਜਾਬੀ ਸੂਬਾ ਲਹਿਰ ਵਿਚ ਹਿੱਸਾ ਲਿਆ ਅਤੇ ਜੇਲ੍ਹ ਯਾਤਰਾ ਕੀਤੀ। ਕਰਨਾਲ ਦੀ ਸ਼ਹਿਰੀ ਅਜ਼ਾਦੀ ਲਈ ਬੰਸੀ ਲਾਲ ਦੀ ਸਰਕਾਰ ਵੇਲ਼ੇ ਭਾਸ਼ਣ ਕੀਤਾ ਅਤੇ ਗ੍ਰਿਫ਼ਤਾਰੀ ਦਿੱਤੀ। ਸ਼੍ਰੋਮਣੀ ਅਕਾਲੀ ਦਲ ਵੱਲੋਂ ਐਮਰਜੈਂਸੀ ਵਿਰੁੱਧ ਲਾਏ ਮੋਰਚੇ ਵਿਚ ਵਧ ਚੜ੍ਹ ਕੇ ਹਿੱਸਾ ਲਿਆ।

1962 ਵਿਚ ਉਹਨਾਂ ਨੇ ਤਰਨਤਾਰਨ ਹਲਕੇ ਤੋਂ ਪੰਜਾਬ ਵਿਧਾਨ ਸਭਾ ਦੀ ਚੋਣ ਲੜੀ ਅਤੇ ਸਖ਼ਤ ਮੁਕਾਬਲੇ ਵਿਚ ਸ੍ਰ ਪ੍ਰਤਾਪ ਸਿੰਘ ਕੈਰੋਂ ਤੋਂ 34 ਵੋਟਾਂ ਦੇ ਫ਼ਰਕ ਨਾਲ਼ ਹਾਰ ਗਏ। ਇਸ ਸਬੰਧ ਵਿਚ ਸਰਕਾਰ ਦੁਆਰਾ ਉਹਨਾਂ ਨੂੰ ਜੇਲ੍ਹ ਵੀ ਭੇਜਿਆ ਗਿਆ। ਕੁਝ ਲੋਕਾਂ ਦਾ ਵਿਚਾਰ ਹੈ ਕਿ ਚੋਣ ਵਿਚ ਹੇਰਾਫੇਰੀ ਹੋਣ ਕਾਰਨ ਹਾਰੇ ਸਨ। 1967 ਦੀ ਚੋਣ ਵਿਚ ਅਤੇ ਮੱਧਕਾਲੀ ਚੋਣ 1969 ਵਿਚ ਜਿੱਤ ਹਾਸਲ ਕੀਤੀ। 1972 ਵਿਚ ਸੰਤ ਫ਼ਤਹਿ ਸਿੰਘ ਦੀ ਮੌਤ ਤੋਂ ਬਾਅਦ ਉਹਨਾਂ ਨੂੰ ਐਸ. ਏ. ਡੀ. ਦਾ ਪ੍ਰਧਾਨ ਚੁਣਿਆ ਗਿਆ ਅਤੇ ਉਹਨਾਂ ਨੇ ਅਕਾਲੀ ਦਲ ਨੂੰ ਮਜ਼ਬੂਤ ਕੀਤਾ। 1977 ਦੀਆਂ ਲੋਕ ਸਭਾ ਚੋਣਾਂ ਵਿਚ ਉਹਨਾਂ ਨੇ ਹਲਕਾ ਤਰਨਤਾਰਨ ਤੋਂ ਕਾਂਗਰਸ ਦੇ ਉਮੀਦਵਾਰ ਗੁਰਦਿਆਲ ਸਿੰਘ ਢਿੱਲੋਂ ਨੂੰ ਹਰਾ ਕੇ ਇਤਿਹਾਸ ਸਿਰਜਿਆ। 30 ਜੁਲਾਈ 1979 ਵਿਚ ਹੋਈ ਉਹਨਾਂ ਦੀ ਮੌਤ ਤੋਂ ਬਾਅਦ ਉਹਨਾਂ ਦੀ ਰਾਜਸੀ ਵਿਰਾਸਤ ਨੂੰ ਜਾਰੀ ਰੱਖਦਿਆਂ ਉਹਨਾਂ ਦੇ ਸਪੁੱਤਰ ਸ੍ਰ ਲਹਿਣਾ ਸਿੰਘ ਤੁੜ ਨੇ 1980 ਵਿਚ ਅਤੇ ਮਗਰੋਂ ਦੂਸਰੇ ਸਪੁੱਤਰ ਸ੍ਰ ਤਰਲੋਚਨ ਸਿੰਘ ਤੁੜ ਨੇ 1985, 1998 ਅਤੇ 1999 ਵਿਚ ਹਲਕਾ ਤਰਨਤਾਰਨ ਦੀ ਪ੍ਰਤੀਨਿੱਧਤਾ ਕੀਤੀ।

**21.45 ਸ੍ਰੀ ਹਰਭਜਨ ਦਾਸ ਪੁੱਤਰ ਸ੍ਰੀ ਦੇਵੀ ਦਾਸ** ਪਿੰਡ ਸੋਹਲ ਵਿਚ 1916 ਵਿਚ ਜਨਮੇ। 1930 ਵਿਚ ਸਿਵਲ ਨਾ-ਫ਼ੁਰਮਾਨੀ ਲਹਿਰ ਦੌਰਾਨ ਬਿਦੇਸ਼ੀ ਮਾਲ ਦੀ ਹੋਲੀ ਸਾੜੀ, ਮੋਰਚਿਆਂ ਵਿਚ ਪੁਲਿਸ ਦੀਆਂ ਲਾਠੀਆਂ ਖਾਧੀਆਂ ਅਤੇ ਕਰਮੋ ਡਿਓਢੀ ਕੱਪੜਾ ਮਾਰਕੀਟ ਵਿਚ ਪਿਕਟਿੰਗ ਕਰਦਿਆਂ ਪੁਲਿਸ ਦੀਆਂ ਡਾਂਗਾਂ ਨਾਲ਼ ਛਾਤੀ ਦੀਆਂ ਹੱਡੀਆਂ ਤੁੜਵਾਈਆਂ। ਤਿਰੰਗਾ ਹੱਥ ਵਿਚ ਫੜ੍ਹ ਕੇ ਬਰਤਾਨੀਆ ਸਰਕਾਰ ਵਿਰੁੱਧ ਅਵਾਜ਼ ਉਠਾਈ। ਉਹ ਸੱਤ ਭਰਾ ਸਨ ਅਤੇ ਸੱਤੇ ਭਰਾ ਹੀ ਅੰਗਰੇਜ਼ਾਂ ਵਿਰੁੱਧ ਲੜਦੇ ਰਹੇ। ਦੋ ਭਰਾਵਾਂ ਦੀ ਤਾਂ ਜੇਲ੍ਹ ਵਿਚ ਹੀ ਮੌਤ ਹੋ ਗਈ ਸੀ ਪਰ ਉਹਨਾਂ ਸੂਰਮਿਆਂ ਨੇ ਸੀਅ ਤੱਕ ਨਾ ਕੀਤੀ। ਇਹਨਾਂ ਨੇ ਇਕ ਸਾਲ ਤੋਂ ਵੱਧ ਕੈਦ ਕੱਟੀ।

**21.46 ਲਛਮਣ ਸਿੰਘ ਪੁੱਤਰ ਸ੍ਰ ਹਜ਼ਾਰਾ ਸਿੰਘ** ਪਿੰਡ ਨੰਦ ਪੁਰ ਨਜ਼ਦੀਕ ਕੈਰੋਂ ਦਾ ਜਨਮ 1917 ਵਿਚ ਹੋਇਆ ਸੀ। ਬ੍ਰਿਟਿਸ਼ ਭਾਰਤੀ ਫੌਜ ਦੇ ਰਸਾਲਾ ਨੰ 21 ਵਿਚ ਅੰਗਰੇਜ਼ ਸਰਕਾਰ ਦੀ ਹੁਕਮ ਅਦੂਲੀ ਕਰਨ ਕਰਕੇ ਕੋਰਟ ਮਾਰਸ਼ਲ ਰਾਹੀਂ 6 ਸਾਲ ਦੀ ਸਖ਼ਤ ਕੈਦ ਦੀ ਸਜ਼ਾ ਸਕੰਦਰਾਬਾਦ, ਅੰਡੇਮਾਨ, ਕਲਕੱਤਾ, ਅੰਮ੍ਰਿਤਸਰ ਅਤੇ ਇੰਦੌਰ ਦੀਆਂ ਜੇਲ੍ਹਾਂ ਵਿਚ ਕੱਟੀ।

**21.47 ਬਚਿੱਤਰ ਸਿੰਘ ਪੁੱਤਰ ਸ੍ਰ ਅਰਜਨ ਸਿੰਘ** ਪਿੰਡ ਮਾੜੀ ਕੰਬੋ ਕੇ ਦਾ ਜਨਮ 25 ਮਈ 1919 ਨੂੰ ਹੋਇਆ। ਇਹਨਾਂ ਨੇ ਵੀ ਅਜ਼ਾਦੀ ਲਹਿਰ ਵਿਚ ਪੂਰਾ ਯੋਗਦਾਨ ਪਾਇਆ ਅਤੇ 7 ਅਗਸਤ 1942 ਨੂੰ ਭਾਰਤ ਛੱਡੋ ਲਹਿਰ ਅਧੀਨ ਗ੍ਰਿਫ਼ਤਾਰ ਹੋ ਕੇ 1 ਸਾਲ 10 ਮਹੀਨੇ ਜੇਲ੍ਹ ਅਤੇ ਜੁਰਮਾਨਾ ਵੀ ਭੁਗਤਿਆ। ਜੇਲ੍ਹ ਵਿਚ ਭਾਰੀ ਤਸ਼ੱਦਦ ਸਹਿਣ ਕੀਤਾ ਪਰ ਹੌਂਸਲਾ ਨਾ ਹਾਰਿਆ।

**21.48 ਸ੍ਰ ਸੁਰਿੰਦਰ ਸਿੰਘ ਕੰਵਲ**

ਕਾਂਗਰਸ ਦੇ ਉੱਘੇ ਆਗੂ ਤੇ ਦੇਸ਼ ਭਗਤ ਸ੍ਰ ਸੁਰਿੰਦਰ ਸਿੰਘ ਕੰਵਲ ਦਾ ਜਨਮ ਗੁਰੂ ਨਗਰੀ ਤਰਨਤਾਰਨ ਵਿਚ 15 ਸਤੰਬਰ 1920 ਨੂੰ ਹੋਇਆ। ਮੁਢਲੀ ਵਿਦਿਆ ਪ੍ਰਾਪਤ ਕਰਨ ਪਿੱਛੋਂ ਉਹਨਾਂ ਨੇ ਆਪਣਾ ਰਾਜਸੀ ਜੀਵਨ 1937 ਵਿਚ ਮੈਟਰਿਕ ਕਰਨ ਤੋਂ ਬਾਅਦ ਸ਼ੁਰੂ ਕੀਤਾ। ਉਹਨਾਂ ਨੇ ਕਿਸਾਨ ਮੋਰਚੇ ਅਤੇ ਕਾਂਗਰਸ ਪਾਰਟੀ ਦੀ ਅਗਵਾਈ ਹੇਠ 1940 ਵਿਚ ਇਨਫ਼ਰਾਦੀ ਸੱਤਿਆਗ੍ਰਹਿ ਵਿਚ ਭਾਗ ਲਿਆ। 16 ਅਗਸਤ 1944 ਨੂੰ ਭਾਰਤ ਛੱਡੋ ਲਹਿਰ ਦੌਰਾਨ ਤਰਨਤਾਰਨ ਦੇ ਇਕ ਜਲਸੇ ਨੂੰ ਸੰਬੋਧਨ ਕਰਦਿਆਂ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਕਾਫ਼ੀ ਸਮਾਂ ਨਜ਼ਰਬੰਦ ਰੱਖ ਕੇ 2 ਸਾਲ ਕੈਦ ਦੀ ਸਜ਼ਾ ਦਿੱਤੀ ਗਈ ਜੋ ਸੈਂਟਰਲ ਜੇਲ੍ਹ ਮੁਲਤਾਨ, ਬੋਰਸਟਲ ਜੇਲ੍ਹ ਲਾਹੌਰ, ਸ਼ਾਹਪੁਰ ਕੈਂਪ ਜੇਲ੍ਹ ਅਤੇ ਮੀਆਂਵਾਲ਼ੀ ਜੇਲ੍ਹ ਵਿਚ ਪੂਰੀ ਕੀਤੀ। ਅਜ਼ਾਦੀ ਤੋਂ ਬਾਅਦ ਉਹ ਸਿਟੀ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ, ਨਗਰ ਕੌਂਸਲ ਦੇ ਐਮ. ਸੀ. ਅਤੇ ਇਕ ਵਾਰ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਵੀ ਰਹੇ। ਉਹ ਤਰਨਤਾਰਨ ਸ਼ਹਿਰ ਦੇ ਕਈ ਸਕੂਲਾਂ ਦੀਆਂ ਕਮੇਟੀਆਂ ਦੇ ਪ੍ਰਧਾਨ ਜਾਂ ਮੈਨੇਜਰ ਵੀ ਰਹੇ। ਉਹਨਾਂ ਨੂੰ ਅਜ਼ਾਦੀ ਸੰਗਰਾਮ ਵਿਚ ਪਾਏ ਯੋਗਦਾਨ ਕਰਕੇ ਭਾਰਤ ਦੇ ਰਾਸ਼ਟਰਪਤੀ ਵੱਲੋਂ ਸਨਮਾਨਿਤ ਵੀ ਕੀਤਾ ਗਿਆ। ਕੁਝ ਸਾਲ ਪਹਿਲਾਂ ਉਹ ਇਸ ਫ਼ਾਨੀ ਸੰਸਾਰ ਤੋਂ ਰੁਖ਼ਸਤ ਹੋ ਗਏ ਸਨ।

**21.49 ਸਵਾਮੀ ਦਰਸ਼ਨ ਦਾਸ ਜੀ** :-

ਤਰਨਤਾਰਨ ਸ਼ਹਿਰ ਦੇ ਵਾਸੀ ਸਵਾਮੀ ਦਰਸ਼ਨ ਦਾਸ ਨੇ ਕਾਂਗਰਸ ਲਹਿਰ ਵਿਚ ਭਾਗ ਲੈਂਦਿਆਂ 1940 ਦੇ ਸੱਤਿਆਗ੍ਰਹਿ ਵਿਚ 2 ਸਾਲ ਦੀ ਜੇਲ੍ਹ ਅੰਮ੍ਰਿਤਸਰ, ਸ਼ਾਹਪੁਰ ਕੈਂਪ ਜੇਲ੍ਹ ਵਿਚ ਕੱਟੀ। ਸੱਤਿਆਗ੍ਰਹਿ ਵਾਪਸ ਹੋਣ ਤੇ ਰਿਹਾ ਹੋਏ ਅਤੇ 1942 ਦੇ ਭਾਰਤ ਛੱਡੋ ਅੰਦੋਲਨ ਵਿਚ ਮੁੜ 2 ਸਾਲ ਦੀ ਕੈਦ ਦੀ ਸਜ਼ਾ ਹੋਈ। ਇਸ ਸਜ਼ਾ ਚੋਂ 1 ਸਾਲ ਸੈਂਟਰਲ ਜੇਲ੍ਹ ਮੁਲਤਾਨ ਵਿਚ ਰਹੇ ਅਤੇ ਫ਼ੈਸਲੇ ਦੀ ਰਿਵੀਜ਼ਨ ਹੋਣ ਤੇ ਰਿਹਾ ਹੋ ਗਏ। 1953 ਤੋਂ 1957 ਤਕ ਨਗਰ ਕੌਂਸਲ ਤਰਨਤਾਰਨ ਦੇ ਪ੍ਰਧਾਨ ਰਹੇ। ਉਹ ਸ਼ਹਿਰ ਵਿਚ ਹਕੀਮੀ ਕਰਦੇ ਸਨ ਅਤੇ ਸਾਹਿਤਕ ਰੁਚੀਆਂ ਹੋਣ ਕਾਰਨ ਇਕ ਪਰਚਾ 'ਸੁਖ ਸੰਦੇਸ਼' ਵੀ ਕੱਢਦੇ ਰਹੇ ਹਨ। ਅਤਿਵਾਦ ਦੇ ਵੇਲ਼ੇ ਉਹਨਾਂ ਦਾ ਕਿਸੇ ਜਾਇਦਾਦ ਦੇ ਝਗੜੇ ਦੇ ਸਬੰਧ ਵਿਚ ਕੁਝ ਅਣਪਛਾਤੇ ਨਿਹੰਗ ਸਿੰਘਾਂ ਨੇ ਕਤਲ ਕਰ ਦਿੱਤਾ।

**21.50 ਕਾਮਰੇਡ ਜਗਜੀਤ ਸਿੰਘ ਆਨੰਦ**

ਉੱਘੇ ਜਰਨਲਿਸਟ, ਲੇਖਕ, ਪੱਤਰਕਾਰ, ਸੰਪਾਦਕ, ਅਨੁਵਾਦਕ, ਰਾਜਸੀ ਕਾਰਕੁੰਨ ਅਤੇ ਮਾਰਕਸਵਾਦੀ ਵਿਚਾਰਾਂ ਦੇ ਪ੍ਰਚਾਰਕ ਕਾਮਰੇਡ ਜਗਜੀਤ ਸਿੰਘ ਅਨੰਦ ਦਾ ਜਨਮ ਗੁਰੂ ਨਗਰੀ ਸ੍ਰੀ ਤਰਨਤਾਰਨ ਵਿਖੇ ਹੈਡ ਮਾਸਟਰ ਸ੍ਰ ਮਹਿਤਾਬ ਸਿੰਘ ਅਤੇ ਤੇਜਵੰਤ ਕੌਰ ਦੇ ਘਰ 28 ਦਸੰਬਰ 1921 ਨੂੰ ਹੋਇਆ। ਇਹ ਇਕ ਅਜਿਹਾ ਪਰਿਵਾਰ ਸੀ ਜੋ ਸਾਹਿਤ ਅਤੇ ਸਿਆਸਤ ਵਿਚ ਇੱਕੋ ਜਿਹੀ ਦਿਲਚਸਪੀ ਰੱਖਦਾ ਸੀ। ਉਸ ਦੇ ਪਿਤਾ ਜੀ ਉੱਘੇ ਅਕਾਲੀ ਆਗੂ ਸਨ। ਪ੍ਰਸਿੱਧ ਪੰਜਾਬੀ ਕਵੀ ਅਤੇ ਜਸਟਿਸ ਪ੍ਰੀਤਮ ਸਿੰਘ ਸਫ਼ੀਰ ਉਹਨਾਂ ਦੇ ਵੱਡੇ ਭਰਾਤਾ ਸਨ। ਉਹਨਾਂ ਨੇ ਮੁਢਲੀ ਵਿਦਿਆ ਸ੍ਰੀ ਗੁਰੂ ਅਰਜਨ ਦੇਵ ਖ਼ਾਲਸਾ ਹਾਈ ਸਕੂਲ ਤਰਨਤਾਰਨ ਤੋਂ ਪ੍ਰਾਪਤ ਕੀਤੀ ਅਤੇ ਉਚੇਰੀ ਸਿੱਖਿਆ 1938 ਤੋਂ 41 ਤੱਕ ਫ਼ੋਰਮਨ ਕਰਿਸਚੀਅਨ ਕਾਲਜ ਲਾਹੌਰ ਤੋਂ ਹਾਸਲ ਕੀਤੀ। ਇਸ ਸਮੇਂ ਉਹ ਸਟੂਡੈਂਟਸ ਯੂਨੀਅਨ ਦੇ ਜਨਰਲ ਸਕੱਤਰ ਦੇ ਅਹੁਦੇ ਤੇ ਸਰਗਰਮ ਰਹੇ। ਦੂਸਰੀ ਸੰਸਾਰ ਜੰਗ ਸ਼ੁਰੂ ਹੋਣ ਵੇਲ਼ੇ ਜਦੋਂ ਕਮਿਊਨਿਸਟ ਪਾਰਟੀ ਸਾਮਰਾਜੀ ਜੰਗ ਵਿਰੁੱਧ ਮੈਦਾਨ ਵਿਚ ਸੀ ਤਾਂ ਬਹੁਤ ਸਾਰੇ ਆਗੂਆਂ ਦੀ ਗ੍ਰਿਫ਼ਤਾਰੀ ਹੋ ਗਈ। ਉਸ ਵੇਲ਼ੇ ਕਾਮਰੇਡ ਆਨੰਦ ਜੀ ਪੜ੍ਹਾਈ ਛੱਡ ਕੇ ਅੰਡਰ-ਗਰਾਊਂਡ ਹੋ ਗਏ ਅਤੇ ਹਾਲਾਤ ਸੁਧਰਨ ਤੱਕ ਰੂ-ਪੋਸ਼ ਹੀ ਰਹੇ। ਇਸ ਸਮੇਂ ਤਕ ਉਹ ਰਾਜਨੀਤਕ ਤੌਰ ਤੇ ਸੀ. ਪੀ. ਆਈ. ਨਾਲ਼ ਜੁੜ ਗਏ ਸਨ। ਬਾਅਦ ਵਿਚ ਉਹ ਨਵਾਂ ਜ਼ਮਾਨਾ ਅਖ਼ਬਾਰ ਦੇ ਸੰਪਾਦਕ ਬਣ ਗਏ। ਵਿਦਿਆਰਥੀ ਕਾਲ ਵਿਚ ਉਹਨਾਂ ਨੂੰ ਸਰਕਾਰ ਨੇ ਦੋ ਸਾਲ ਜੇਲ੍ਹ ਵਿਚ ਰੱਖਿਆ।

ਉਹਨਾਂ ਦੀ ਰਾਜਸੀ ਚੇਤਨਤਾ ਦਾ ਸਫ਼ਰ ਵੀ ਬਚਪਨ ਤੋਂ ਹੀ ਸ਼ੁਰੂ ਹੋ ਗਿਆ ਸੀ। ਕਾਮਰੇਡ ਅਰਜਨ ਸਿੰਘ ਗੜਗੱਜ ਉਹਨਾਂ ਦੇ ਜਨਮ ਤੋਂ ਪਹਿਲਾਂ ਹੀ ਉਹਨਾਂ ਦੇ ਘਰ ਆਉਂਦੇ ਜਾਂਦੇ ਸਨ। ਘਰ ਵਿਚ ਬਾਬਾ ਵਿਸਾਖਾ ਸਿੰਘ ਦਦੇਹਰ ਸਾਹਿਬ, ਬਾਬਾ ਸ਼ੇਰ ਸਿੰਘ ਵੇਈਂ ਪੂਈਂ, ਬਾਬਾ ਜਵਾਲਾ ਸਿੰਘ ਠੱਠੀਆਂ, ਬਾਬਾ ਈਸ਼ਰ ਸਿੰਘ ਮਰ੍ਹਾਣਾ ਅਤੇ ਬਾਬਾ ਕੇਸਰ ਸਿੰਘ ਠੱਠ ਗੜ੍ਹ ਦੀ ਸੰਗਤ ਨਾਲ਼ ਸਮਾਜਵਾਦੀ ਤੇ ਸਾਂਝੀਵਾਲ਼ਤਾ ਦੀ ਸੂਝ ਪਰਪੱਕ ਹੋਈ। ਉਹ ਆਪਣੀ ਪੁਸਤਕ 'ਸੂਝ ਦਾ ਸਫ਼ਰ' ਵਿਚ ਇਕ ਥਾਂ ਲਿਖਦੇ ਹਨ, "ਸਿਵਲ ਨਾ-ਫ਼ੁਰਮਾਨੀ ਦੇ ਦਿਨ ਸਨ। ਅਗਰੇਜ਼ ਵਿਰੋਧੀ ਜਜ਼ਬਾ ਜ਼ੋਰਾਂ ਤੇ ਸੀ। ਤਰਨਤਾਰਨ ਦੇ ਪੜਾਅ ਵਿਚ ਇਕ ਦਿਨ ਵੱਡਾ ਜਲਸਾ ਕਰਕੇ ਲੂਣ ਬਣਾਇਆ ਗਿਆ। ਫਿਰ ਇਕ ਦਿਨ ਚੌਂਕ ਦਰਬਾਰ ਸਾਹਿਬ ਵਿਚ ਵਲੈਤੀ ਕੱਪੜਾ ਇਕੱਠਾ ਕਰਕੇ ਹੋਲੀ ਜਲਾਈ ਗਈ। ਨੂਰਦੀ ਵਾਲ਼ੀ ਸੜਕ ਤੇ ਠਰੂ ਪਿੰਡ ਵਿਚ ਕਾਂਗਰਸ ਦਾ ਮੋਰਚਾ ਲੱਗਾ। ਬਖ਼ਸ਼ੀ ਵਾਲ਼ੇ ਬਾਗ ਵਿਚ ਵੀ ਜਲਸਾ ਹੋਇਆ।............ਮਹਾਸ਼ਾ ਗੋਬਿੰਦ ਰਾਮ ਨੇ ਐਲਾਨ ਕੀਤਾ ਕਿ ਅਰਜਨ ਸਿੰਘ ਗੜਗੱਜ ਨੌਜਵਾਨਾਂ ਦਾ ਜਥਾ ਲੈ ਕੇ ਠਰੂ ਜਾਵੇਗਾ। ਸਾਰਾ ਕੁਝ ਤਾਂ ਸਾਡੇ ਪੱਲੇ ਨਹੀਂ ਸੀ ਪੈਂਦਾ ਪਰ ਅਸੀਂ ਬੱਚੇ ਟੋਲੀਆਂ ਬਣਾ ਕੇ ਬਜ਼ਾਰਾਂ ਵਿਚ "ਟੋਡੀ ਬੱਚਾ, ਹਾਏ!ਹਾਏ!" ਕਰਦੇ ਫਿਰਦੇ।" ਇਕ ਥਾਂ ਹੋਰ ਲਿਖਦੇ ਹਨ, "ਜਦੋਂ ਮੈਂ ਨੌਵੀਂ ਜਮਾਤ ਵਿਚ ਪੜ੍ਹਦਾ ਸਾਂ, ਕਿਰਤੀ ਗਰੁੱਪ ਨੇ ਤਰਨਤਾਰਨ ਲਾਗੇ ਪਿੰਡ ਸੰਘਿਆਂ ਵਿਚ 'ਐਂਟੀ-ਫ਼ਾਸ਼ਿਸਟ' ਕਾਨਫਰੰਸ ਕੀਤੀ। ਇਸ ਕਾਨਫਰੰਸ ਵਿਚ ਮੈਂ ਪਹਿਲੀ ਵਾਰ ਸਿਆਸੀ ਸਟੇਜ ਤੇ ਬੋਲਿਆ।"

ਸਾਹਿਤਕ ਸੋਝੀ ਉਹਨਾਂ ਨੂੰ ਵਿਰਸੇ ਵਿਚ ਹੀ ਮਿਲ਼ੀ ਸੀ। ਗਿਆਰਾਂ ਸਾਲ ਦੀ ਉਮਰ ਵਿਚ ਹੀ ਉਹਨਾਂ ਨੇ ਬਾਲ ਰਸਾਲੇ 'ਬਾਲਕ' ਲਈ ਲਿਖਣਾ ਸ਼ੁਰੂ ਕੀਤਾ ਅਤੇ ਜਵਾਨੀ ਵਿਚ ਪੈਰ ਧਰਦਿਆਂ ਹੀ 'ਅਕਾਲੀ ਪੱਤਰਕਾ' ਵਿਚ ਛਪਣ ਨਾਲ਼ ਉਹਨਾਂ ਦਾ ਪੱਤਰਕਾਰੀ ਦਾ ਕੰਮ ਆਰੰਭ ਹੋ ਗਿਆ। ਉਹਨਾਂ ਨੇ ਪੰਜਾਬੀ ਭਾਸ਼ਾ ਵਿਚ ਲਗ ਭਗ 30 ਕਿਤਾਬਾਂ ਲਿਖੀਆਂ ਅਤੇ ਅਨੁਵਾਦ ਕੀਤੀਆਂ। ਉਹਨਾਂ ਨੇ ਨਵਤੇਜ ਸਿੰਘ ਨਾਲ਼ ਮਿਲ਼ ਕੇ ਰੂਸੀ ਨਾਵਲਕਾਰ ਵੈਸਿਲੀਉਸਕਾ ਦੇ ਨਾਵਲ 'ਰੇਨਬੋਅ' ਦਾ ਪੰਜਾਬੀ ਅਨੁਵਾਦ 'ਸਤਰੰਗੀ ਪੀਂਘ' ਦੇ ਨਾਂ ਹੇਠ ਕੀਤਾ। ਚੇਤੇ ਦੀ ਚੰਗੇਰ, ਕਮਿਊਨਿਸਟ ਲਹਿਰ ਦੇ ਅੰਗ ਸੰਗ, ਚੇਤਾ ਚੋਗ ਚੁਗੇ, ਸਤਰੰਗੀ ਪੀਂਘ, ਪੰਜਾਬੀ ਸਾਹਿਤ ਵਿਚ ਮੀਲ ਪੱਥਰ ਆਦਿ ਪ੍ਰਮੁਖ ਰਚਨਾਵਾਂ ਹਨ। ਉਹਨਾਂ ਨੂੰ ਬਹੁਤ ਸਾਰੇ ਸਾਹਿਤਕ ਸਨਮਾਨ ਮਿਲ਼ੇ। ਪੰਜਾਬੀ ਸਾਹਿਤ ਦੀ ਭਰਪੂਰ ਸੇਵਾ ਕਰਨ ਦੇ ਨਾਲ਼ ਉਹਨਾਂ ਨੇ ਆਪਣੀ ਜ਼ਿੰਦਗੀ ਦਾ ਬਿਹਤਰੀਨ ਹਿੱਸਾ ਸਿਆਸਤ ਨੂੰ ਵੀ ਅਰਪਨ ਕੀਤਾ। 1951 ਵਿਚ ਉਹਨਾਂ ਦਾ ਵਿਆਹ ਪ੍ਰਸਿੱਧ ਪੰਜਾਬੀ ਲੇਖਕ ਗੁਰਬਖ਼ਸ਼ ਸਿੰਘ 'ਪ੍ਰੀਤਲੜੀ' ਦੀ ਲੜਕੀ ਉਰਮਿਲਾ ਨਾਲ਼ ਹੋਇਆ। ਅਤਿਵਾਦ ਵੇਲ਼ੇ ਕਈ ਵਾਰ ਮਿਲ਼ੀਆਂ ਧਮਕੀਆਂ ਦੇ ਬਾਵਜੂਦ ਉਹ ਪ੍ਰੈੱਸ ਦੀ ਅਜ਼ਾਦੀ ਦੇ ਸਟੈਂਡ ਤੇ ਕਾਇਮ ਰਹੇ। 1974 ਵਿਚ ਉਹ ਰਾਜ ਸਭਾ ਦੇ ਮੈਂਬਰ ਚੁਣੇ ਗਏ ਅਤੇ ਸੰਸਦ ਵਿਚ ਪੰਜਾਬ ਦੇ ਮਸਲਿਆਂ ਤੇ ਨਿਡਰਤਾ ਨਾਲ਼ ਬੋਲਦੇ ਰਹੇ। ਪੰਜਾਬ ਵਿਚ ਝੁੱਲੀ ਅਤਿਵਾਦ ਦੀ ਹਨੇਰੀ ਕਾਰਨ ਆਏ ਬੁਰੇ ਦਿਨਾਂ ਵਿਚ ਵੀ ਉਹਨਾਂ ਨੇ ਬੜੀ ਦਲੇਰੀ ਨਾਲ਼ ਬੇ-ਖ਼ੌਫ਼ ਹੋਕੇ ਆਪਣੀ ਕਲਮ ਦਾ ਇਸਤੇਮਾਲ ਕੀਤਾ। 19 ਜੂਨ 2015 ਨੂੰ ਉਹ ਇਸ ਸੰਸਾਰ ਤੋਂ ਕੂਚ ਕਰ ਗਏ।

## 21.51 ਕਾਮਰੇਡ ਦਰਸ਼ਨ ਸਿੰਘ ਝਬਾਲ

ਦਰਵੇਸ਼ ਸਿਆਸਤਦਾਨ ਅਤੇ ਕਿਰਤੀ ਲੋਕਾਂ ਦੇ ਮਸੀਹੇ ਕਾ. ਦਰਸ਼ਨ ਸਿੰਘ ਝਬਾਲ ਪੰਜਾਬ ਦੀ ਰਾਜਨੀਤੀ ਵਿਚ ਇਕ ਨਿਵੇਕਲਾ ਹਸਤਾਖ਼ਰ ਹਨ ਕਿਉਂਕਿ ਉਹ ਅਸਲੋਂ ਹੀ ਸਾਧਨ-ਹੀਣ ਪ੍ਰੋਲੇਤਾਰੀ ਪਰਿਵਾਰ ਵਿੱਚ ਪੈਦਾ ਹੋਏ ਸਨ। ਉਹਨਾਂ ਨੇ ਉਮਰ ਭਰ ਸਾਧਨਹੀਣ ਅਤੇ ਪਛੜੇ ਹੋਏ ਲੋਕਾਂ ਦੇ ਹੱਕਾਂ ਲਈ ਸੰਘਰਸ਼ ਕੀਤਾ। ਉਹਨਾਂ ਬਾਰੇ ਇਸ ਪੁਸਤਕ ਵਿਚ ਜ਼ਿਕਰ ਕਰਨਾ ਇਸ ਕਰਕੇ ਜ਼ਰੂਰੀ ਹੈ ਕਿਉਂਕਿ ਉਹਨਾਂ ਨੇ ਅੰਗਰੇਜ਼ ਸਾਮਰਾਜੀਆਂ ਅਤੇ ਭਾਰਤੀ ਪੂੰਜੀਪਤੀਆਂ ਦੀ ਸਰਕਾਰ ਵਿਰੁੱਧ ਕਮਿਊਨਿਸਟ ਪਾਰਟੀ ਦੀ ਅਗਵਾਈ ਹੇਠ ਆਪਣੇ ਪਰਿਵਾਰ ਨੂੰ ਗ਼ੁਰਬਤ ਦੀ ਹਾਲ਼ਤ ਵਿਚ ਛੱਡ ਕੇ ਦੇਸ਼ ਦੇ ਗਰੀਬ ਮਜ਼ਦੂਰਾਂ-ਕਿਸਾਨਾਂ ਦੇ ਹਿੱਤਾਂ ਲਈ ਤਾਅ-ਉਮਰ ਸੰਘਰਸ਼ ਕੀਤਾ। ਉਹਨਾਂ ਦਾ ਜਨਮ ਇਤਿਹਾਸਕ ਨਗਰ ਝਬਾਲ ਵਿਖੇ 2 ਅਪ੍ਰੈਲ 1923 ਨੂੰ ਪਿਤਾ ਸ੍ਰ ਬਾਵਾ ਸਿੰਘ ਅਤੇ ਮਾਤਾ ਹਰਨਾਮ ਕੌਰ ਦੀ ਕੁਖੋਂ ਮਜ਼ਬੀ ਸਿੱਖ ਪਰਿਵਾਰ ਵਿਚ ਹੋਇਆ। ਉਹਨਾਂ ਦਾ ਬਾਪ ਖੇਤ ਮਜ਼ਦੂਰ ਸੀ ਤੇ ਮਾਂ ਘਰੇਲੂ ਕੰਮ ਕਰਨ ਵਾਲੀ ਔਰਤ ਸੀ। ਘਰ ਵਿਚ ਗਰੀਬੀ ਹੋਣ ਕਾਰਨ ਉਹ ਬਹੁਤੀ ਪੜ੍ਹਾਈ ਨਾ ਕਰ ਸਕੇ ਅਤੇ ਅਠਵੀਂ ਜਮਾਤ ਵਿਚ ਹੀ ਸਕੂਲ ਛੱਡ ਕੇ ਕਮਿਊਨਿਸਟ ਲਹਿਰ ਨਾਲ਼ ਜੁੜ ਗਏ। ਕਾਮਰੇਡ ਮੋਤਾ ਸਿੰਘ ਝਬਾਲ ਅਤੇ ਪਿਆਰਾ ਸਿੰਘ ਝਬਾਲ ਉਹਨਾਂ ਦੇ ਬਚਪਨ ਦੇ ਦੋਸਤ ਸਨ। ਜਬਰ ਵਿਰੁੱਧ ਲੜਾਈ ਦਾ ਸ੍ਰੀ ਗਣੇਸ਼ ਉਹਨਾਂ ਨੇ ਆਪਣੇ ਇਲਾਕੇ ਦੇ ਆਰਥਿਕ ਪੱਖੋਂ ਕਮਜ਼ੋਰ ਲੋਕਾਂ ਨੂੰ ਜਥੇਬੰਦ ਕਰਨ ਤੋਂ ਹੀ ਕੀਤਾ। ਉਹਨਾਂ ਨੇ ਊਚ-ਨੀਚ ਦੇ ਵਿਤਕਰੇ ਵਿਰੁੱਧ ਪਹਿਲੀ ਜੇਤੂ ਲੜਾਈ ਮਜ਼ਬੀ ਸਿੱਖਾਂ ਨੂੰ ਜਥੇਬੰਦ ਕਰਕੇ ਗੁਰਦੁਆਰਾ ਬਾਬਾ ਬੁੱਢਾ ਜੀ ਦੇ ਲੰਗਰ ਦੀ ਸੇਵਾ ਸੰਭਾਲਣ ਤੋਂ ਕੀਤੀ। ਉਹਨਾਂ ਦੇ ਵਿਚਾਰਾਂ ਵਿੱਚ ਪ੍ਰਪੱਕਤਾ ਬਾਬਾ ਸੋਹਨ ਸਿੰਘ ਭਕਨਾ, ਬਾਬਾ ਕੇਸਰ ਸਿੰਘ ਠੱਠਗੜ੍ਹ, ਕਾ. ਦਲੀਪ ਸਿੰਘ ਟਪਿਆਲਾ ਅਤੇ ਕਾ. ਫੌਜਾ ਸਿੰਘ ਭੁੱਲਰ ਵਰਗੇ ਗੁੜ੍ਹੇ ਹੋਏ ਕਮਿਊਨਿਸਟਾਂ ਦੀ ਸੰਗਤ ਨਾਲ ਆਈ। ਉਹਨਾਂ ਨੇ ਪੀ. ਡਬਲਿਊ. ਡੀ. ਵਿਭਾਗ ਦੀ ਨੌਂਕਰੀ ਛੱਡ ਕੇ ਅੰਗਰੇਜ਼ ਸਰਕਾਰ ਵਿਰੁੱਧ ਕਮਿਊਨਿਸਟ ਪਾਰਟੀ ਦੇ ਨਿਰਦੇਸ਼ਾਂ ਮੁਤਾਬਕ ਡਟਵਾਂ ਸੰਘਰਸ਼ ਕੀਤਾ ਅਤੇ ਵੱਖ ਵੱਖ ਲਹਿਰਾਂ ਦੌਰਾਨ ਕਈ ਵਾਰ ਜੇਲ੍ਹ ਯਾਤਰਾ ਕੀਤੀ। ਕੁੱਲ ਮਿਲਾ ਕੇ ਉਹਨੇ ਨੇ 8 ਸਾਲ ਭਾਰਤੀ ਜੇਲ੍ਹਾਂ ਵਿਚ ਗੁਜ਼ਾਰੇ। ਪਿੱਛੋਂ ਉਹਨਾਂ ਦੀ ਪਤਨੀ ਬੀਬੀ ਸੁਰਜੀਤ ਕੌਰ ਨੇ ਬੜੀ ਮਿਹਨਤ ਮੁਸ਼ੱਕਤ ਕਰਕੇ ਬੱਚਿਆਂ ਨੂੰ ਪਾਲ਼ਿਆ।

1947 ਦੀ ਵੰਡ ਸਮੇਂ ਡਾ ਇੰਦਰ ਦੇਵ ਤੇ ਹੋਰ ਕਾਮਰੇਡਾਂ ਨਾਲ਼ ਮਿਲ਼ ਕੇ ਮੁਸਲਮਾਨਾਂ ਨੂੰ ਬਚਾਉਂਦੇ ਰਹੇ। 1947 ਤੋਂ ਬਾਅਦ ਆਜ਼ਾਦ ਭਾਰਤ ਵਿਚ ਬਣੀ ਕਾਂਗਰਸ ਸਰਕਾਰ ਨੇ ਗਰੀਬ ਕਿਰਤੀ ਲੋਕਾਂ ਤੇ ਟੈਕਸ ਲਾ ਦਿੱਤਾ ਜਿਸ ਦਾ ਕਮਿਊਨਿਸਟਾਂ ਨੇ ਸਖ਼ਤ ਵਿਰੋਧ ਕੀਤਾ ਅਤੇ ਸਰਕਾਰ ਵਿਰੁੱਧ ਜ਼ੋਰਦਾਰ ਮੁਹਿੰਮ ਚਲਾਈ। ਕਾਂਗਰਸ ਵੱਲੋਂ ਗਰੀਬਾਂ ਤੇ ਲਾਏ ਟੈਕਸਾਂ ਵਿਰੁੱਧ ਲੜਨ ਲਈ ਉਹਨਾਂ ਨੇ ਕਮਿਊਨਿਸਟ ਪਾਰਟੀ ਅਧੀਨ ਖੇਤ ਮਜ਼ਦੂਰਾਂ ਨੂੰ ਜਥੇਬੰਦ ਕਰਨ ਦਾ ਫ਼ੈਸਲਾ ਕੀਤਾ। ਜੇਲ੍ਹਾਂ ਵਿੱਚ ਬੰਦ ਕਮਿਊਨਿਸਟ ਲੀਡਰਾਂ ਨਾਲ ਕੀਤੇ ਜਾਂਦੇ ਦੁਰ-ਵਿਹਾਰ ਤੇ ਮਾੜੀ ਖ਼ੁਰਾਕ ਦੇ ਵਿਰੁੱਧ ਜਲਸਾ ਕਰਨ ਕਰਕੇ 1948 ਵਿੱਚ ਉਹਨਾਂ ਸਮੇਤ ਕਾ. ਪਿਆਰਾ ਸਿੰਘ, ਕਾ. ਮੋਤਾ ਸਿੰਘ, ਰਾਮ ਸਿੰਘ (ਤਿੰਨੇ ਝਬਾਲ), ਸੁਰੈਣ ਦਾਸ ਤੇ ਅਮਰ ਸਿੰਘ (ਦੋਵੇਂ ਮਾਣੋ ਚਾਹਲ) ਅਤੇ ਪਾਲ ਸਿੰਘ ਮਿਆਣੀ ਖ਼ਿਲਾਫ਼ ਦੇਸ਼-ਧ੍ਰੋਹ ਦਾ ਮੁਕਦਮਾ ਦਰਜ ਹੋ ਗਿਆ। ਉਹਨਾਂ ਨੇ ਅੰਡਰ-ਗਰਾਊਂਡ (ਰੂਪੋਸ਼) ਰਹਿ ਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਰੂਪੋਸ਼ੀ ਦੌਰਾਨ ਹੀ ਪਾਰਟੀ ਜ਼ਿਲ੍ਹਾ ਕਾਂਗਰਸ ਵਿੱਚ ਭਾਗ ਲੈਣ ਜਾਂਦਿਆਂ ਰਾਤ ਦੇ ਹਨੇਰੇ ਵਿੱਚ ਸਾਈਕਲ ਪੈਂਚਰ ਹੋਣ ਤੇ ਦੋ ਮੀਲ ਸਾਈਕਲ ਰੇਹੜ ਕੇ ਪੈਦਲ ਤੁਰਨਾ, ਥੱਕ ਜਾਣ ਪਿੱਛੋਂ ਖ਼ਾਲ ਵਿੱਚ ਸੁੱਤੇ ਰਹਿਣਾ ਤੇ ਦਿਨ ਚੜ੍ਹੇ ਅਜਲਾਸ ਵਿੱਚ ਸ਼ਾਮਲ ਹੋਣਾ, ਉਹਨਾਂ ਦੀ ਕਮਿਊਨਿਸਟ ਵਿਚਾਰਧਾਰਾ ਵਿੱਚ ਪ੍ਰਪੱਕਤਾ ਤੇ ਦ੍ਰਿੜ੍ਹਤਾ ਦੀ ਮਿਸਾਲ ਹੈ। ਇਸ ਤੋਂ ਬਾਅਦ ਉਹਨਾਂ ਨੇ ਖੇਤ ਮਜ਼ਦੂਰਾਂ ਤੇ ਪਾਰਟੀ ਲਈ ਕੁਲਵਕਤੀ ਦੇ ਤੌਰ ਕੰਮ ਕਰਨਾ ਸ਼ੁਰੂ ਕਰ ਦਿੱਤਾ।

1949 ਵਿੱਚ ਪਾਰਟੀ ਦੀ ਕੁੱਲ ਹਿੰਦ ਅਮਨ ਕਾਨਫ੍ਰੰਸ ਕਲਕੱਤਾ ਵਿੱਚ ਭਾਗ ਲੈਣ ਜਾਂਦਿਆਂ ਉਹਨਾਂ ਨੂੰ ਹਾਵੜਾ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਵੇਲੇ ਪਾਰਟੀ ਬਾਹਰ ਲੋਕ-ਘੋਲਾਂ ਵਿੱਚ ਰੁੱਝੀ ਹੋਈ ਸੀ ਤੇ ਜੇਲ੍ਹ ਵਿਚਲੇ ਕਾਮਰੇਡ ਅੰਦਰ ਭੁੱਖ ਹੜਤਾਲ ਕਰਕੇ ਬਾਹਰਲੇ ਘੋਲ਼ ਨਾਲ਼ ਇਕਸੁਰਤਾ ਪ੍ਰਗਟ ਕਰਦੇ ਸਨ। ਇਸ ਭੁੱਖ ਹੜਤਾਲ ਵਿੱਚ ਕਾ. ਦਰਸ਼ਨ ਸਿੰਘ ਝਬਾਲ ਵੀ ਜਿੱਤ ਤੱਕ ਸ਼ਾਮਲ ਰਹੇ। ਇਸ ਸਮੇਂ ਉਹਨਾਂ ਦੇ ਘਰ ਦੀ ਹਾਲਾਤ ਬਹੁਤ ਖ਼ਰਾਬ ਸੀ। ਛੇ ਮਹੀਨਿਆਂ ਬਾਅਦ ਉਹਨਾਂ ਨੂੰ ਬੰਗਾਲ ਤੋਂ ਅੰਮ੍ਰਿਤਸਰ ਜੇਲ੍ਹ ਭੇਜ ਕੇ ਚੱਕੀ-ਬੰਦ ਕਰ ਦਿੱਤਾ ਗਿਆ। ਇਸ ਕੇਸ ਵਿੱਚ ਹੋਈ ਇਕ ਸਾਲ ਦੀ ਸਜ਼ਾ ਹਿਮਾਚਲ ਦੀ ਯੋਲ ਕੈਂਲ ਜੇਲ੍ਹ ਵਿਚ ਕੱਟ ਕੇ ਜਦੋਂ ਅੰਮ੍ਰਿਤਸਰ ਪਹੁੰਚੇ ਤਾਂ ਉਹਨਾਂ ਦੇ ਗਲ਼ ਗਰਮੀਆਂ ਵਾਲੇ ਕੱਪੜੇ ਸਨ ਪਰ ਬਾਹਰ ਠੰਢ ਦਾ ਮੌਸਮ ਹੋਣ ਕਰਕੇ ਸਰੀਰ ਕੰਬ ਰਿਹਾ ਸੀ। ਹਾਲਤ ਇਹ ਸੀ ਕਿ ਉਸ ਸਮੇਂ ਇਸ ਦਰਵੇਸ਼ ਕੋਲ ਠੰਢ ਤੋਂ ਬਚਣ ਲਈ ਚਾਹ ਪੀਣ ਜੋਗੇ ਪੈਸੇ ਵੀ ਨਹੀਂ ਸਨ। ਘਰ ਪਹੁੰਚੇ ਤਾਂ ਬਿਨਾਂ ਪਰਿਵਾਰ ਖ਼ਾਲੀ ਘਰ

ਭਾਂ ਭਾਂ ਕਰ ਰਿਹਾ ਸੀ। ਉਹਨਾਂ ਦੀ ਗੈਰ ਹਾਜ਼ਰੀ ਵਿਚ ਉਹਨਾਂ ਦੇ ਇੱਕ ਪੁੱਤਰ ਦੀ ਬੀਮਾਰ ਹੋ ਜਾਣ ਅਤੇ ਸਹੀ ਇਲਾਜ ਨਾ ਹੋਣ ਕਾਰਨ ਮੌਤ ਹੋ ਗਈ।

1950 ਵਿੱਚ ਪਾਰਟੀ ਵੱਲੋਂ ਝਬਾਲ ਵਿੱਚ ਹੋਣ ਵਾਲੀ ਸੂਬਾਈ ਕਾਨਫ੍ਰੰਸ ਦੀ ਤਿਆਰੀ ਲਈ ਉਹਨਾਂ ਨੇ ਰਾਤ ਦਿਨ ਇੱਕ ਕਰ ਦਿੱਤਾ। ਸਰਕਾਰੀ ਪਾਬੰਦੀਆਂ ਦੇ ਬਾਵਜੂਦ ਇਹ ਕਾਨਫ੍ਰੰਸ ਇਤਿਹਾਸਿਕ ਹੋ ਨਿੱਬੜੀ। ਖੇਤ ਮਜ਼ਦੂਰਾਂ ਨੂੰ ਜਥੇਬੰਦ ਕਰਦਿਆਂ ਕਾਮਰੇਡ ਹੋਰਾਂ ਦੀ ਅਗਵਾਈ ਵਿੱਚ ਕਈ ਘੋਲ਼ ਲੜੇ ਤੇ ਜਿੱਤੇ ਗਏ। 1952 ਦੀਆਂ ਪਹਿਲੀਆਂ ਆਮ ਚੋਣਾਂ ਵਿੱਚ ਪਾਰਟੀ ਵੱਲੋਂ ਕਾ. ਦਰਸ਼ਨ ਸਿੰਘ ਝਬਾਲ ਹੋਰਾਂ ਨੇ ਪਹਿਲੀ ਵਾਰ ਹਲਕਾ ਤਰਨਤਾਰਨ ਰਿਜ਼ਰਵ ਤੋਂ ਜਿੱਤ ਪ੍ਰਾਪਤ ਕੀਤੀ। ਅਸੈਂਬਲੀ ਦੇ ਚੰਡੀਗੜ੍ਹ ਸੈਸ਼ਨ ਵਿੱਚ ਸਭ ਤੋਂ ਪਹਿਲਾ ਪ੍ਰਸ਼ਨ ਪੁੱਛਣ ਵਾਲ਼ਾ ਕਾਮਰੇਡ ਝਬਾਲ ਸੀ। ਕਾਂਗਰਸ ਦੇ ਵਿਰੋਧ ਵਿੱਚ ਅਕਾਲੀ ਪਾਰਟੀ ਤੇ ਕਮਿਊਨਿਸਟ ਇਕੱਠੇ ਸਨ ਪਰ ਕਿਸਾਨਾਂ, ਮਜ਼ਦੂਰਾਂ ਤੇ ਮੁਲਾਜ਼ਮਾਂ ਦੇ ਮਸਲੇ ਕੇਵਲ ਕਾਮਰੇਡ ਹੀ ਉਠਾਉਂਦੇ ਸਨ। ਕਮਿਊਨਿਸਟਾਂ ਨੇ ਫ਼ਾਲਤੂ ਸਰਕਾਰੀ ਜ਼ਮੀਨ ਅਨੁਸੂਚਿਤ ਜਾਤੀਆਂ ਵਿੱਚ ਵੰਡਣ ਦਾ ਮਤਾ ਪੇਸ਼ ਕੀਤਾ। ਕਾਮਰੇਡ ਝਬਾਲ ਨੇ ਪਾਰਟੀ ਵੱਲੋਂ ਮੁਜ਼ਾਰ੍ਹਿਆਂ ਦੇ ਹੱਕਾਂ ਲਈ ਅਤੇ ਖੇਤ ਮਜ਼ਦੂਰਾਂ ਨੂੰ ਘਰਾਂ ਤੇ ਰੂੜੀਆਂ ਲਈ ਮੁਫ਼ਤ ਜ਼ਮੀਨ ਦੇਣ ਲਈ ਅਵਾਜ਼ ਉਠਾਈ। ਵਿਧਾਇਕ ਹੋਣ ਨਾਤੇ ਸਰਕਾਰ ਵੱਲੋਂ ਜੋ ਪੈਸਾ ਉਹਨਾਂ ਨੂੰ ਮਿਲਦਾ ਸੀ ਉਹ ਪਾਰਟੀ ਨੂੰ ਜਮ੍ਹਾਂ ਕਰਵਾ ਦੇਂਦੇ ਸਨ ਤੇ ਪਾਰਟੀ ਉਹਨਾਂ ਨੂੰ ਖ਼ਰਚੇ ਲਈ 100 ਰੁਪਏ ਮਹੀਨਾ ਦੇਂਦੀ ਸੀ। ਭਾਵੇਂ ਉਹ ਸਸਤੇ ਜ਼ਮਾਨੇ ਸਨ ਪਰ ਇਕ ਐਮ ਐਲ ਏ ਲਈ ਸੌ ਰੁਪਏ ਵਿੱਚ ਘਰ ਚਲਾਉਣਾ ਬੜਾ ਔਖਾ ਸੀ।

ਕਾਮਰੇਡ ਝਬਾਲ ਆਪਣੀ ਪੂਰੀ ਤਾਕਤ ਨਾਲ ਖੇਤ ਮਜ਼ਦੂਰਾਂ ਨੂੰ ਜਥੇਬੰਦ ਕਰਦੇ ਰਹੇ। ਜਥੇਬੰਦੀ ਦੇ 1954 ਵਿੱਚ ਹੋਏ ਪਹਿਲੇ ਸੂਬਾਈ ਅਜਲਾਸ ਵਿੱਚ ਉਹਨਾਂ ਨੂੰ ਪਹਿਲਾ ਪ੍ਰਧਾਨ ਬਣਨ ਦਾ ਮਾਣ ਪ੍ਰਾਪਤ ਹੋਇਆ। ਉਹਨਾਂ ਨੇ ਦਿਹਾਤੀ ਮਜ਼ਦੂਰਾਂ ਦੀਆਂ ਮੰਗਾਂ ਲਈ ਸੰਘਰਸ਼ ਤੇਜ਼ ਕੀਤਾ। ਵਾਧੂ ਜ਼ਮੀਨ ਬੇ-ਜ਼ਮੀਨੇ ਖੇਤ ਮਜ਼ਦੂਰਾਂ ਵਿੱਚ ਵੰਡਣ ਲਈ ਅਵਾਜ਼ ਉਠਾਈ। ਲੋਕਾਂ ਦਾ ਏਕਾ ਉਸਾਰ ਕੇ ਉਹਨਾਂ ਨੇ ਆਪਣੇ ਪਿੰਡ ਵਿੱਚ ਮਜ਼ਦੂਰਾਂ ਨੂੰ ਰੂੜੀਆਂ ਵਾਸਤੇ ਥਾਂ ਦਿਵਾਇਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ 1954 ਦੀਆਂ ਚੋਣਾਂ ਵਿੱਚ ਵੀ ਕਮਿਊਨਿਸਟਾਂ ਵੱਲੋਂ ਉਹਨਾਂ ਨੇ ਜਿੱਤ ਪ੍ਰਾਪਤ ਕੀਤੀ। ਉਹਨਾਂ ਨੇ ਆਪਣੇ ਜਤਨਾਂ ਨਾਲ ਪਿੰਡ ਦੇ ਸਕੂਲ ਨੂੰ ਅੱਪਗ੍ਰੇਡ ਕਰਵਾਇਆ ਅਤੇ 1955 ਵਿੱਚ ਹੜ੍ਹ ਮਾਰੇ ਲੋਕਾਂ ਨੂੰ ਸਰਕਾਰੀ ਰਾਹਤ ਦਿਵਾਉਣ ਅਤੇ ਡਰੇਨਾਂ ਦੀ ਖਲਾਈ ਲਈ ਵਿਧਾਨ ਸਭਾ ਵਿੱਚ ਮਸਲਾ ਉਠਾਇਆ। ਉਹਨਾਂ ਨੇ ਕੈਰੋਂ ਸਰਕਾਰ ਵਿਰੁੱਧ ਪੰਜਾਬ ਕਿਸਾਨ ਸਭਾ ਵੱਲੋਂ ਖ਼ੁਸ਼-ਹੈਸੀਅਤੀ-ਟੈਕਸ ਵਿਰੁੱਧ ਲਾਏ ਮੋਰਚੇ ਦੀ ਜਿੱਤ ਤੱਕ ਹਿਮਾਇਤ ਕੀਤੀ। ਉਹ ਪਾਰਟੀ ਦੇ ਕੰਮਾਂ ਜਾਂ ਲੋਕਾਂ ਨੂੰ ਮਿਲਣ ਦੂਰ ਦੁਰਾਡੇ ਆਮ ਤੌਰ ਤੇ ਬੱਸ ਰਾਹੀਂ ਹੀ ਜਾਂਦੇ ਰਹੇ ਹਨ।

1962 ਵਿੱਚ ਉੱਠੇ ਸਰਹੱਦੀ ਝਗੜੇ ਵੇਲੇ ਉਹ ਘਰ ਦੇ ਬੀਮਾਰ ਪਏ ਜੀਆਂ ਦੀ ਦਵਾਈ ਲੈ ਕੇ ਘਰ ਵਾਪਸ ਆਏ ਹੀ ਸਨ ਕਿ ਉਹਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਰਿਹਾਈ ਹੋਣ ਤੱਕ ਉਹ ਰੋਹਤਕ ਜੇਲ੍ਹ ਵਿੱਚ ਰਹੇ। 1964 ਵਿੱਚ ਜਦੋਂ ਸੀ. ਪੀ. ਆਈ. (ਐਮ) ਹੋਂਦ ਵਿੱਚ ਆਈ ਤਾਂ ਚੀਨ ਦੇ ਏਜੰਟ ਹੋਣ ਦਾ ਦੋਸ਼ ਲਾ ਕੇ ਉਹਨਾਂ ਨੂੰ ਮੁੜ ਗ੍ਰਿਫ਼ਤਾਰ ਕਰਕੇ ਉਸੇ ਜੇਲ੍ਹ ਵਿੱਚ ਭੇਜ ਦਿੱਤਾ ਗਿਆ। 1968 ਵਿੱਚ ਲਛਮਣ ਸਿੰਘ ਗਿੱਲ ਦੀ ਸਰਕਾਰ ਡਿੱਗਣ ਤੋਂ ਬਾਅਦ 1969 ਵਿੱਚ ਚੋਣਾਂ ਹੋਈਆਂ ਤਾਂ ਪਾਰਟੀ ਨੇ ਦੋ ਸੀਟਾਂ ਜਿੱਤੀਆਂ। ਸ੍ਰ. ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਕਾਮਰੇਡ ਦਰਸ਼ਨ ਸਿੰਘ ਝਬਾਲ ਤੇ ਕਾਮਰੇਡ ਹਰਦਿੱਤ ਸਿੰਘ ਭੱਠਲ ਦੀਆਂ ਦੋ ਵੋਟਾਂ ਦੇ ਆਸਰੇ ਚੱਲਦੀ ਰਹੀ ਪਰ ਇਸ ਹਿਮਾਇਤ ਬਦਲੇ ਉਹਨਾਂ ਸਰਕਾਰ ਤੋਂ ਕੋਈ ਰਿਆਇਤ ਹਾਸਲ ਨਾ ਕੀਤੀ। ਪਾਰਟੀ ਦੇ ਫ਼ੈਸਲੇ ਮੁਤਾਬਕ ਉਹ ਅਸੈਂਬਲੀ ਵਿੱਚ ਸਰਕਾਰ ਦੀ ਨੁਕਤਾਚੀਨੀ ਵੀ ਕਰਦੇ ਰਹੇ ਅਤੇ ਮਜ਼ਦੂਰਾਂ, ਕਿਸਾਨਾਂ ਤੇ ਮੁਲਾਜ਼ਮਾਂ ਦੇ ਮਸਲੇ ਵੀ ਉਠਾਉਂਦੇ ਰਹੇ। ਇਸੇ ਸਮੇਂ ਉਹਨਾਂ ਨੇ ਬਾਰਡਰ ਏਰੀਏ ਵਿੱਚ ਕੰਮ ਕਰਦੇ ਮੁਲਾਜ਼ਮਾਂ ਨੂੰ ਬਾਰਡਰ ਏਰੀਆ ਭੱਤਾ ਦੇਣ ਦਾ ਮਤਾ ਪਾਸ ਕਰਵਾਇਆ। 1972 ਦੀਆਂ ਚੋਣਾਂ ਕਾਂਗਰਸ ਜਿੱਤ ਗਈ ਪਰ ਕਾਮਰੇਡ ਝਬਾਲ ਕਾਂਗਰਸ ਦੀਆਂ ਲੋਕ-ਵਿਰੋਧੀ ਨੀਤੀਆਂ ਖ਼ਿਲਾਫ਼ ਕਿਸਾਨਾਂ, ਮਜ਼ਦੂਰਾਂ ਤੇ ਮੁਲਾਜ਼ਮਾਂ ਨੂੰ ਜਥੇਬੰਦ ਕਰਨ ਦੇ ਪਾਰਟੀ-ਕਾਰਜ ਨਾਲ ਜੁੜੇ ਰਹੇ।

ਐਮਰਜੈਂਸੀ ਚੁੱਕੇ ਜਾਣ ਪਿੱਛੋਂ 1977 ਦੀਆਂ ਚੋਣਾਂ ਵਿੱਚ ਸਾਂਝੇ ਫਰੰਟ ਵੱਲੋਂ ਮਾਰਕਸੀ ਪਾਰਟੀ ਦੇ ਕਾਮਰੇਡ ਝਬਾਲ ਸਮੇਤ ਅੱਠ ਵਿਧਾਇਕ ਚੁਣੇ ਗਏ। ਸ੍ਰ. ਪ੍ਰਕਾਸ਼ ਸਿੰਘ ਬਾਦਲ ਮੁਖ ਮੰਤਰੀ ਬਣੇ। ਪਾਰਟੀ ਵੱਲੋਂ ਸਰਕਾਰ ਨੂੰ ਸ਼ਰਤੀਆ ਹਿਮਾਇਤ ਦਿੱਤੀ ਗਈ। ਅਸੈਂਬਲੀ ਵਿੱਚ ਕਾਮਰੇਡ ਹੋਰੀਂ ਮਜ਼ਦੂਰਾਂ, ਕਿਸਾਨਾਂ ਤੇ ਮੁਲਾਜ਼ਮਾਂ ਦੇ ਮਸਲੇ ਪੂਰੀ ਤਨਦੇਹੀ ਨਾਲ ਉਠਾਉਂਦੇ ਰਹੇ। ਅਸੈਂਬਲੀ ਦੇ ਅੰਦਰ ਤੇ ਬਾਹਰ ਸੰਘਰਸ਼ ਕਰਕੇ ਬੇਟ ਏਰੀਏ ਵਿੱਚ ਅਬਾਦਕਾਰਾਂ ਨੂੰ ਨਿਕਾਸੀ ਜ਼ਮੀਨਾਂ ਦੇ ਮਾਲਕੀ ਹੱਕ ਦਿਵਾਉਣ, ਚੌਂਕੀਦਾਰਾ ਟੈਕਸ ਖ਼ਤਮ ਕਰਵਾ ਕੇ ਚੌਂਕੀਦਾਰਾਂ ਨੂੰ ਸਰਕਾਰੀ ਖ਼ਜ਼ਾਨੇ ਤੋਂ ਤਨਖ਼ਾਹ ਦਿਵਾਉਣ, ਮੀਂਹ-ਗੜਿਆਂ ਨਾਲ ਖ਼ਰਾਬ ਹੋਈ ਫ਼ਸਲ ਦਾ ਮੁਆਵਜ਼ਾ ਏਕੜ

ਦੇ ਹਿਸਾਬ ਨਾਲ ਦਿਵਾਉਣ, ਨਹਿਰੀ ਪਾਣੀ 'ਚ ਸੁਧਾਰ, ਡਰੇਨਾਂ ਦੀ ਖਲਾਈ ਤੇ ਇਲਾਕੇ ਵਿੱਚ ਸਕੂਲਾਂ ਨੂੰ ਅੱਪਗ੍ਰੇਡ ਕਰਾਉਣ ਦੇ ਕੰਮ ਕਾਮਰੇਡ ਝਬਾਲ ਤੇ ਪਾਰਟੀ ਨੇ ਸਰਕਾਰ ਤੇ ਪੂਰਾ ਦਬਾਅ ਬਣਾ ਕੇ ਕਰਾਏ। ਬਦਕਿਸਮਤੀ ਨਾਲ ਕਾਮਰੇਡਾਂ ਦੀ ਹਿਮਾਇਤ ਨਾਲ ਚੱਲਣ ਵਾਲੀ ਇਹ ਗੈਰ-ਕਾਂਗਰਸੀ ਸਰਕਾਰ ਅਕਾਲੀਆਂ ਦੀ ਆਪਣੀ ਹੀ ਫੁੱਟ ਕਾਰਨ ਅੱਧ-ਵਿਚਕਾਰ ਹੀ ਦਮ ਤੋੜ ਗਈ।

1980 ਦੀਆਂ ਚੋਣਾਂ ਵਿੱਚ ਪਾਰਟੀ ਨੂੰ ਕਾਮਰੇਡ ਝਬਾਲ ਸਮੇਤ ਪੰਜ ਸੀਟਾਂ ਮਿਲੀਆਂ ਪਰ ਸਰਕਾਰ ਕਾਂਗਰਸ ਦੀ ਬਣੀ। ਇਸ ਸਰਕਾਰ ਵੱਲੋਂ ਵਧਾਏ ਗਏ ਬੱਸ ਕਿਰਾਏ ਖ਼ਿਲਾਫ਼ ਕਮਿਊਨਿਸਟਾਂ ਵੱਲੋਂ ਸੂਬਾ-ਪੱਧਰੀ ਸੰਘਰਸ਼ ਕੀਤਾ ਗਿਆ। ਕੇਂਦਰ ਦੀ ਕਾਂਗਰਸੀ ਸਰਕਾਰ ਵਿਰੁੱਧ ਪੰਜਾਬ-ਮਸਲੇ ਦੇ ਹੱਲ ਲਈ ਪਾਰਟੀ ਵੱਲੋਂ ਚੰਡੀਗੜ੍ਹ ਅਸੈਂਬਲੀ ਵੱਲ ਮਾਰਚ ਕਰਕੇ ਦਫ਼ਾ 144 ਤੋੜੀ ਗਈ ਤਾਂ ਪੁਲਿਸ ਦੀਆਂ ਡਾਂਗਾਂ ਖਾਣ ਵਾਲਿਆਂ ਵਿੱਚ ਕਾਮਰੇਡ ਝਬਾਲ ਵੀ ਸ਼ਾਮਲ ਸਨ। 1988 ਵਿੱਚ ਹੋਏ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਸਮਾਗਮ ਵਿੱਚ ਉਹਨਾਂ ਦੀ ਸਿਹਤ ਨੂੰ ਮੁੱਖ ਰੱਖ ਕੇ ਕਾਮਰੇਡ ਧਨਪਤ ਰਾਏ ਨਾਹਰ ਨੂੰ ਪ੍ਰਧਾਨ ਤੇ ਉਹਨਾਂ ਨੂੰ ਮੀਤ ਪ੍ਰਧਾਨ ਦੀ ਜ਼ਿੰਮੇਵਾਰੀ ਦਿੱਤੀ ਗਈ। ਮਾੜੀਆਂ ਘਰੇਲੂ ਹਾਲਤਾਂ ਤੇ ਤੰਗੀਆਂ-ਤੁਰਸ਼ੀਆਂ ਦੀ ਚਿੰਤਾ ਤੇ ਜੇਲ੍ਹਾਂ ਵਿੱਚ ਮਿਲੀ ਮਾੜੀ ਖ਼ੁਰਾਕ ਕਾਰਨ ਉਹਨਾਂ ਨੂੰ ਸ਼ੂਗਰ ਹੋ ਗਈ ਪਰ ਉਹ ਪਾਰਟੀ ਤੇ ਜਥੇਬੰਦਕ ਸਰਗਰਮੀਆਂ ਵਿੱਚ ਰੁੱਝੇ ਰਹੇ। ਜਦੋਂ ਉਹਨਾਂ ਦੀ ਕੈਂਸਰ ਦਾ ਪੀ. ਜੀ. ਆਈ. ਦੇ ਡਾਕਟਰਾਂ ਨੂੰ ਪਤਾ ਲੱਗਾ ਤਾਂ ਸਰਜਰੀ ਕਰਨ ਦੀ ਥਾਂ ਡਾਕਟਰਾਂ ਨੇ ਪਰਿਵਾਰ ਨੂੰ ਉਹਨਾਂ ਦੀ ਘਰ ਲਿਜਾ ਕੇ ਸੇਵਾ ਕਰਨ ਦੀ ਸਲਾਹ ਦਿੱਤੀ। ਆਖ਼ਰ 19 ਜੁਲਾਈ 2000 ਨੂੰ ਉਹ ਪਰਿਵਾਰ ਤੇ ਪਾਰਟੀ ਨੂੰ ਸਦੀਵੀ ਵਿਛੋੜਾ ਦੇ ਗਏ। ਉਹਨਾਂ ਨੇ ਤਿੰਨ ਵਾਰ ਵਿਧਾਇਕ ਰਹਿਣ ਦੇ ਬਾਵਜੂਦ ਆਪਣੀ ਕੋਈ ਚੱਲ ਜਾਂ ਅਚੱਲ ਜਾਇਦਾਦ ਨਹੀਂ ਬਣਾਈ। ਰਹਿਣ ਲਈ ਜੋ ਘਰ ਸੀ, ਉਹ ਵੀ ਉਹਨਾਂ ਦੇ ਬੇਟਿਆਂ ਨੇ ਸਰਕਾਰੀ ਨੌਂਕਰੀ ਹਾਸਲ ਕਰਨ ਤੋਂ ਬਾਅਦ ਹੀ ਬਣਾਇਆ। ਦੁਨੀਆਂ ਤੋਂ ਚਲੇ ਜਾਣ ਪਿੱਛੋਂ ਉਹਨਾਂ ਦੇ ਬੈਂਕ ਖ਼ਾਤੇ ਵਿਚ ਕੇਵਲ 806 ਰੁਪਏ ਬਕਾਇਆ ਸਨ। ਉਹਨਾਂ ਦੇ ਦੋ ਬੇਟੇ ਸੁਰਿੰਦਰ ਸਿੰਘ ਅਤੇ ਬਲਵਿੰਦਰ ਸਿੰਘ ਅਧਿਆਪਕ ਵਜੋਂ ਰਿਟਾਇਰ ਹੋਏ ਹਨ ਅਤੇ ਦੋ ਧੀਆਂ ਪੜ੍ਹੀਆਂ ਲਿਖੀਆਂ ਆਪੋ ਆਪਣੇ ਪਰਿਵਾਰ ਵਿਚ ਖ਼ੁਸ਼ਹਾਲ ਜੀਵਨ ਬਸਰ ਕਰ ਰਹੀਆਂ ਹਨ। ਪਿਛਲੇ ਸਾਲ ਉਹਨਾਂ ਦਾ ਬੇਟਾ ਸੁਰਿੰਦਰ ਸਿੰਘ ਵੀ ਚਲਾਣਾ ਕਰ ਗਿਆ ਹੈ। ਖੱਬੇ-ਪੱਖੀ ਵਿਚਾਰਾਂ ਦੇ ਧਾਰਨੀ ਸਾਥੀਆਂ ਅਤੇ ਪਰਿਵਾਰ ਵੱਲੋਂ ਮਿਲ ਕੇ ਹਰ ਸਾਲ ਉਹਨਾਂ ਦੀ ਯਾਦ ਨੂੰ ਤਾਜ਼ਾ ਕੀਤਾ ਜਾਂਦਾ ਹੈ।

**21.52 ਸ੍ਰ ਮੱਸਾ ਸਿੰਘ ਨੰਦ ਪੁਰ** :-

ਆਪਣੇ ਦੇਸ਼ ਅਤੇ ਲੋਕਾਂ ਨੂੰ ਪਿਆਰ ਕਰਨ ਵਾਲ਼ੇ ਅਜ਼ਾਦੀ ਘੁਲਾਟੀਏ ਸ੍ਰ ਮੱਸਾ ਸਿੰਘ ਪੁੱਤਰ ਸ੍ਰ ਇੰਦਰ ਸਿੰਘ ਵਾਸੀ ਪਿੰਡ ਨੰਦ ਪੁਰ ਨਜ਼ਦੀਕ ਕੈਰੋਂ ਦਾ ਜਨਮ 1923 ਵਿਚ ਹੋਇਆ ਸੀ। ਉਹਨੇ ਬ੍ਰਿਟਿਸ਼ ਭਾਰਤੀ ਫੌਜ ਦੇ 21 ਵੇਂ ਰਸਾਲੇ ਵਿਚ ਨੌਂਕਰੀ ਕਰਦਿਆ ਅੰਗਰੇਜ਼ ਸਰਕਾਰ ਦਾ ਹੁਕਮ ਮੰਨਣ ਤੋਂ ਇਨਕਾਰ ਕਰਕੇ ਫੌਜੀ ਅਦਾਲਤ ਵਿਚ 10 ਸਾਲ ਦੀ ਸਜ਼ਾ ਪ੍ਰਾਪਤ ਕੀਤੀ ਜੋ ਉਹਨੇ ਬੰਬਈ, ਪੂਨਾ, ਅੰਡੇਮਾਨ ਅਤੇ ਕਲਕੱਤਾ ਦੀਆਂ ਜੇਲ੍ਹਾਂ ਵਿਚ ਪੂਰੀ ਕੀਤੀ।

**53.** **ਉਜਾਗਰ ਸਿੰਘ ਪੁੱਤਰ ਸ੍ਰ ਵਧਾਵਾ ਸਿੰਘ** ਪਿੰਡ ਢੰਡ ਕਸੇਲ ਅਕਾਲੀ ਲਹਿਰ ਵਿਚ ਸਰਗਰਮ ਸੀ। ਜਦੋਂ 1922 ਵਿਚ ਗੁਰੂ ਕੇ ਬਾਗ ਦਾ ਮੋਰਚਾ ਲੱਗਾ ਤਾਂ ਉਹ ਜਥੇ ਦੇ ਨਾਲ ਗਿਆ। ਪੁਲਿਸ ਨੇ ਜਥੇ ਨੂੰ ਰੋਕ ਕੇ ਲਾਠੀਚਾਰਜ ਕੀਤਾ। ਉਸ ਨੂੰ ਗਹਿਰੀ ਸੱਟ ਲੱਗੀ ਤੇ ਜ਼ਖ਼ਮੀ ਹੋਣ ਉਪ੍ਰੰਤ ਦਮ ਤੋੜ ਗਿਆ।

**54.** ਅਜਾਇਬ ਸਿੰਘ ਪੁੱਤਰ ਸ੍ਰ ਗੁਰਦਿੱਤ ਸਿੰਘ ਪਿੰਡ ਜਾਮਾ ਰਾਏ ਅਕਾਲੀ ਲਹਿਰ ਵਿਚ ਭਾਗ ਲੈਂਦਿਆਂ ਫ਼ਰਵਰੀ 1924 ਵਿਚ ਜੈਤੋ ਦੇ ਮੋਰਚੇ ਵਿਚ ਜਥਾ ਲੈ ਕੇ ਸ਼ਾਮਲ ਹੋਇਆ। ਜਥਾ ਅਜੇ ਡੇਢ ਸੌ ਗਜ਼ ਦੂਰ ਸੀ ਕਿ ਪੁਲਿਸ ਨੇ ਰੋਕ ਲਿਆ। ਨਾਭਾ ਦੇ ਪ੍ਰਬੰਧਕ ਵਿਲਸਨ ਜੌਹਨਸਨ ਦੇ ਹੁਕਮਾਂ ਤੇ ਗ੍ਰਿਫ਼ਤਾਰ ਕਰਕੇ ਜਥੇ ਵਿਚ ਸ਼ਾਮਲ ਸਿੰਘਾਂ ਤੇ ਘੋਰ ਤਸ਼ੱਦਦ ਕੀਤਾ ਗਿਆ ਅਤੇ ਉਹਨੂੰ ਮੌਤ ਹੋ ਜਾਣ ਤੱਕ ਕੁੱਟਦੇ ਰਹੇ।

55. ਅਜਾਇਬ ਸਿੰਘ ਪੁੱਤਰ ਸ੍ਰ ਸੁੰਦਰ ਸਿੰਘ ਪਿੰਡ ਕੱਲ੍ਹਾ ਅੰਗਰੇਜ਼ ਸਰਕਾਰ ਵਿਰੁੱਧ ਕੌਮੀ ਘੋਲ਼ ਵਿਚ ਸ਼ਾਮਲ ਸੀ। ਉਹ ਆਈ ਐਨ ਏ ਦੀ ਇੰਟੈਲੀਜੰਸੀ ਵਿੰਗ ਵਿਚ ਤਾਇਨਾਤ ਸੀ। ਅੰਗਰੇਜ਼ ਫੌਜ ਨੇ ਉਹਨੂੰ ਗ੍ਰਿਫ਼ਤਾਰ ਕਰਕੇ ਮੌਤ ਦੀ ਸਜ਼ਾ ਦਿੱਤੀ ਅਤੇ ਦਿੱਲੀ ਸੈਂਟਰਲ ਜੇਲ੍ਹ ਵਿਚ 24 ਅਗਸਤ 1944 ਨੂੰ ਫਾਂਸੀ ਦੇ ਦਿੱਤੀ।

56. ਅਜਾਇਬ ਸਿੰਘ ਪਿੰਡ ਨੰਦਪੁਰ ਬ੍ਰਿਟਿਸ਼ ਭਾਰਤੀ ਫੌਜ ਵਿਚ ਲਾਂਸ ਨਾਇਕ ਸੀ। ਉਸ ਨੂੰ ਕੁੱਲੀ ਪਾਰਟੀ ਵਜੋਂ ਬਰੂਨੀ ਭੇਜਿਆ ਗਿਆ। ਉੱਥੇ ਫੌਜ ਅਧੀਨ ਕੰਮ ਕਰਨ ਤੋਂ ਇਨਕਾਰ ਕਰਨ ਤੇ ਗੋਲ਼ੀ ਮਾਰ ਕੇ ਮਾਰ ਦਿੱਤਾ।

57. ਅਮਰ ਸਿੰਘ ਪੁੱਤਰ ਸ੍ਰ ਜਵੰਧ ਸਿੰਘ ਅਤੇ ਬਸੰਤ ਕੌਰ ਦਾ ਜਨਮ ਪਿੰਡ ਸੂਰ ਵਿੰਡ ਵਿਖੇ 1920 ਵਿਚ ਹੋਇਆ। ਉਹ ਪਹਿਲਾਂ ਕਿਸਾਨੀ ਧੰਦਾ ਕਰਦਾ ਸੀ ਪਰ 1939 ਵਿਚ ਕੰਮ ਦੀ ਭਾਲ਼ ਵਿਚ ਬਰ੍ਹਮਾ ਚਲਾ ਗਿਆ। ਆਈ. ਐਨ. ਏ. ਦੀ ਸਰਗਰਮੀ ਵੇਖ ਕੇ 1944 ਵਿਚ ਸੈਕੰਡ ਗੁਰੀਲਾ ਰੈਜਮੈਂਟ ਵਿਚ ਤਾਇਨਾਤ ਹੋ ਕੇ ਬਰ੍ਹਮਾ ਫਰੰਟ ਤੇ ਅੰਗਰੇਜ਼ ਸੈਨਾ ਵਿਰੁੱਧ ਲੜਦਾ ਸ਼ਹੀਦ ਹੋ ਗਿਆ।

58. ਬਚਨ ਸਿੰਘ ਪਿੰਡ ਨਾਰਲੀ ਆਈ. ਐਨ. ਏ. ਦੀ ਫ਼ਸਟ ਇਨਫੈਂਟਰੀ ਬਟਾਲੀਅਨ ਵਿਚ ਲਾਂਸ ਨਾਇਕ ਸੀ। 1944 ਵਿਚ ਬਰ੍ਹਮਾ ਫ਼ਰੰਟ ਤੇ ਬ੍ਰਿਟਿਸ਼ ਫੌਜ ਨਾਲ ਲੜਦਾ ਸ਼ਹੀਦ ਹੋਇਆ।

59. ਬਚਨ ਸਿੰਘ ਪੁੱਤਰ ਸ੍ਰ ਸੁਦਾਗਰ ਸਿੰਘ ਪਿੰਡ ਨਾ-ਮਾਲੂਮ ਅਕਾਲੀ ਲਹਿਰ ਵਿਚ ਸਰਗਰਮ ਸੀ। 1922 ਵਿਚ ਸ਼ੁਰੂ ਹੋਏ ਗੁਰੂ ਕੇ ਬਾਗ ਦੇ ਮੋਰਚੇ ਸਮੇਂ ਗ੍ਰਿਫ਼ਤਾਰ ਹੋਇਆ ਤੇ 1 ਮਹੀਨਾ ਕੈਦ ਕੱਟੀ। ਜੈਤੋ ਦੇ ਮੋਰਚੇ ਵਿਚ ਸ਼ਾਮਲ ਹੋਇਆ ਤਾਂ ਗ੍ਰਿਫ਼ਤਾਰੀ ਉਪ੍ਰੰਤ ਨਾਭਾ ਜੇਲ੍ਹ ਵਿਚ ਪੁਲਿਸ ਦੀ ਮਾਰ ਕੁੱਟ ਕਾਰਨ ਮੌਤ ਹੋ ਗਈ।

60. ਬਸੰਤ ਸਿੰਘ ਪੁੱਤਰ ਬਾਜ਼ ਸਿੰਘ ਪਿੰਡ ਠੱਕਰ ਪੁਰਾ ਤਹਿਸੀਲ ਪੱਟੀ ਨੇ 1942 ਵਿਚ ਆਈ ਐਨ ਏ ਵਿਚ ਲੈਫਟੀਨੈਂਟ ਵਜੋਂ ਡਿਊਟੀ ਦਿੱਤੀ ਅਤੇ 1943 ਵਿਚ ਸਿੰਘਾ ਪੁਰ ਫ਼ਰੰਟ ਤੇ ਇਕ ਹਮਲੇ ਵਿਚ ਸ਼ਹੀਦ ਹੋ ਗਿਆ।

61. ਭਗਤ ਸਿੰਘ ਪੁੱਤਰ ਸ੍ਰ ਅਮਰ ਸਿੰਘ ਪਿੰਡ ਤੇ ਡਾ. ਖਾ. ਸ਼ਾਹਬਾਜ਼ ਪੁਰ ਅਕਾਲੀ ਲਹਿਰ ਵਿਚ ਸ਼ਾਮਲ ਸੀ। ਮਹੰਤਾਂ ਦੇ ਕਬਜ਼ੇ ਤੋਂ ਗੁਰਦੁਆਰਾ ਨਨਕਾਣਾ ਸਾਹਿਬ ਨੂੰ ਅਜ਼ਾਦ ਕਰਾਉਣ ਲਈ ਫਰਵਰੀ 1921 ਵਿਚ ਜਥੇ ਨਾਲ਼ ਗਿਆ। ਅੱਗੋਂ ਮਹੰਤਾਂ ਦੇ ਗੁੰਡਿਆਂ ਨੇ ਗੋਲ਼ੀ ਚਲਾਈ ਤਾਂ ਜਾਨ ਬਚਾਉਣ ਲਈ ਚੌਖੰਡੀ ਵਿਚ ਛੁਪ ਗਿਆ ਪਰ ਮਹੰਤਾਂ ਦੀ ਫੌਜ ਨੇ ਦਰਵਾਜ਼ਾ ਤੋੜ ਕੇ ਗੋਲ਼ੀਆਂ ਮਾਰ ਕੇ ਢੇਰੀ ਕਰ ਦਿੱਤਾ।

62. ਭਗਤ ਸਿੰਘ ਪੁੱਤਰ ਸ੍ਰ ਬੂੜ ਸਿੰਘ ਪਿੰਡ ਤੇ ਡਾ. ਖਾ. ਸ਼ਾਹਬਾਜ਼ ਪੁਰ ਵੀ ਅਕਾਲੀ ਲਹਿਰ ਦਾ ਹਿੱਸਾ ਸੀ। 1921 ਵਿਚ ਮਹੰਤਾਂ ਵਿਰੁੱਧ ਜਥੇ ਨਾਲ਼ ਗਿਆ। ਮਹੰਤਾਂ ਦੇ ਗੁੰਡਿਆਂ ਦੀ ਗੋਲ਼ੀ ਦਾ ਸ਼ਿਕਾਰ ਹੋ ਗਿਆ।

63. ਭਾਨ ਸਿੰਘ ਪੁੱਤਰ ਸ੍ਰ ਘਸੀਟਾ ਸਿੰਘ ਪਿੰਡ ਚੋਹਲਾ ਸਾਹਿਬ 1924 ਵਿਚ ਸ਼ਹੀਦੀ ਜਥਾ ਲੈ ਕੇ ਜੈਤੋ ਦੇ ਮੋਰਚੇ ਵਿਚ ਸ਼ਾਮਲ ਹੋਇਆ। ਗ੍ਰਿਫ਼ਤਾਰੀ ਉਪ੍ਰੰਤ ਡੇਢ ਸਾਲ ਦੀ ਕੈਦ ਦੀ ਸਜ਼ਾ ਹੋਈ। ਜੇਲ੍ਹ ਵਿਚ ਪੁਲਿਸ ਦੁਆਰਾ ਹੋਈ ਬੇਤਿਹਾਸ਼ਾ ਕੁੱਟ-ਮਾਰ ਕਾਰਨ ਉਸ ਦੀ ਮੌਤ ਹੋ ਗਈ।

64. ਬੁੱਢਾ ਸਿੰਘ ਪੁੱਤਰ ਸ੍ਰ ਆਲਾ ਸਿੰਘ ਪਿੰਡ ਮੱਖੀ ਖ਼ੁਰਦ ਤਹਿਸੀਲ ਪੱਟੀ ਨੇ ਵੀ 1924 ਵਿਚ ਜੈਤੋ ਦੇ ਮੋਰਚੇ ਵਿਚ ਗ੍ਰਿਫ਼ਤਾਰੀ ਦਿੱਤੀ। ਇਕ ਸਾਲ ਦੀ ਕੈਦ ਹੋਈ ਪਰ ਸਜ਼ਾ ਪੂਰੀ ਹੋਣ ਤੋਂ ਪਹਿਲਾਂ ਹੀ ਪੁਲਿਸ ਦੀ ਮਾਰ-ਕੁੱਟ ਨਾਲ਼ ਮੌਤ ਹੋ ਗਈ।

65. ਦਰਸ਼ਨ ਸਿੰਘ ਪਿੰਡ ਪੰਡੋਰੀ ਗੋਲਾ ਆਈ. ਐਨ. ਏ. ਦੀ ਸੈਕੰਡ ਗੁਰੀਲਾ ਰੈਜਮੈਂਟ ਵਿਚ ਸੇਵਾ ਕਰਦਿਆਂ ਬਰ੍ਹਮਾ ਫਰੰਟ ਤੇ ਲੜਦਾ ਸ਼ਹੀਦ ਹੋਇਆ।

66. ਦਿਆਲ ਸਿੰਘ ਪੁੱਤਰ ਦੀਵਾਨ ਸਿੰਘ ਪਿੰਡ ਘਸੀਟ ਪੁਰ ਅਕਾਲੀ ਲਹਿਰ ਦੌਰਾਨ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਨੂੰ ਮਹੰਤਾਂ ਤੋਂ ਛਡਾਉਣ ਲਈ 1921 ਵਿਚ ਜਥਾ ਲੈ ਕੇ ਗਿਆ। ਗੋਲ਼ੀ ਚੱਲਣ ਤੇ ਬਚਾਅ ਲਈ ਦੌੜਿਆ ਪਰ ਗੁੰਡਿਆਂ ਨੇ ਘੇਰ ਕੇ ਮਾਰ ਦਿੱਤਾ।

67. ਦੀਵਾਨ ਸਿੰਘ ਪੁੱਤਰ ਸ੍ਰ ਹਰੀ ਸਿੰਘ ਪਿੰਡ ਘਸੀਟ ਪੁਰ ਵੀ ਗੁਰਦੁਆਰਾ ਨਨਕਾਣਾ ਸਹਿਬ ਵਿਖੇ ਗੁੰਡਿਆਂ ਦੁਆਰਾ ਚਲਾਈ ਗੋਲ਼ੀ ਦਾ ਸ਼ਿਕਾਰ ਹੋਇਆ।

**68.** ਫੌਜਾ ਸਿੰਘ ਪੁੱਤਰ ਸ੍ਰ ਬੇਅੰਤ ਸਿੰਘ ਪਿੰਡ ਤੇ ਡਾ. ਖਾ. ਮਰਹਾਣਾ 1920 ਵਿਚ ਪੈਦਾ ਹੋਇਆ। 1944 ਵਿਚ ਆਈ ਐਨ ਏ ਦਾ ਵਲੰਟੀਅਰ ਬਣ ਕੇ ਬ੍ਰਿਟਿਸ਼ ਫੌਜ ਨਾਲ਼ ਲੜਨ ਲਈ ਬਾਰਡਰ ਤੇ ਗਿਆ। ਬ੍ਰਿਟਿਸ਼ ਫੌਜ ਨੇ ਗ੍ਰਿਫ਼ਤਾਰ ਕਰਕੇ ਦਿੱਲੀ ਭੇਜਿਆ। 1945 ਵਿਚ ਉਹਨੂੰ ਲਾਲ ਕਿਲ੍ਹੇ ਵਿਚ ਗੋਲ਼ੀ ਮਾਰ ਕੇ ਸ਼ਹੀਦ ਕਰ ਦਿੱਤਾ।

**69.** ਫੌਜਾ ਸਿੰਘ ਪਿੰਡ ਗੱਗੋ ਬੂਆ 1924 ਵਿਚ ਗੰਗਸਰ ਜੈਤੋ ਨੂੰ ਜਾ ਰਹੇ ਪੰਜਵੇਂ ਅਕਾਲੀ ਜਥੇ ਵਿਚ ਸ਼ਾਮਲ ਹੋਇਆ। ਜਥੇ ਨਾਲ ਪੁਲਿਸ ਨੇ ਗ੍ਰਫ਼ਤਾਰ ਕਰਕੇ ਨਾਭਾ ਜੇਲ੍ਹ ਵਿਚ ਕੈਦ ਕੀਤਾ। ਮਾਰਚ 1925 ਵਿਚ ਜੇਲ੍ਹ ਵਿਚ ਹੀ ਪੁਲਿਸ ਤਸ਼ੱਦਦ ਨਾਲ ਉਹਦੀ ਮੌਤ ਹੋ ਗਈ।

**70.** ਘੁੱਲਾ ਸਿੰਘ ਪੁੱਤਰ ਸ੍ਰ ਕਰਮ ਸਿੰਘ ਪਿੰਡ ਮਾੜੀ ਕੰਬੋ ਕੇ ਨੇ ਗੁਰੂ ਕੇ ਬਾਗ ਦੇ ਮੋਰਚੇ ਵਿਚ ਜਥੇ ਨਾਲ਼ ਗ੍ਰਿਫ਼ਤਾਰੀ ਦਿੱਤੀ। ਲਾਹੌਰ ਜੇਲ੍ਹ ਵਿਚ ਪੁਲਿਸ ਦੇ ਤਸੀਹੇ ਸਹਿੰਦਿਆਂ 1924 ਵਿਚ ਉਹ ਸ਼ਹੀਦ ਹੋ ਗਿਆ।

**71.** ਗੁਰਦਿਆਲ ਸਿੰਘ ਪਿੰਡ ਸਰਹਾਲ਼ੀ ਆਈ. ਐਨ. ਏ. ਵਿਚ ਬਤੌਰ ਹਵਾਲਦਾਰ ਸੈਕੰਡ ਗੁਰੀਲਾ ਰੈਜਮੈਂਟ 1942 ਵਿਚ ਬਰ੍ਹਮਾ ਫਰੰਟ ਤੇ ਬ੍ਰਿਟਿਸ਼ ਫੌਜ ਨਾਲ ਲੜਿਆ। ਗੋਲ਼ੀ ਵੱਜ ਜਾਣ ਕਾਰਨ 1944 ਵਿਚ ਸ਼ਹੀਦ ਹੋ ਗਿਆ।

**72.** ਗੁਰਦਿੱਤ ਸਿੰਘ ਸਰਹਾਲ਼ੀ ਵੀ ਆਈ. ਐਨ. ਏ. ਵਿਚ ਹਵਾਲਦਾਰ ਹੁੰਦਿਆਂ ਬਰ੍ਹਮਾ ਫਰੰਟ ਤੇ ਲੜਦਾ 1944 ਵਿਚ ਸ਼ਹੀਦ ਹੋਇਆ।

**73.** ਹੰਸ ਰਾਜ ਪੁੱਤਰ ਸ੍ਰੀ ਮੁਣਸ਼ੀ ਰਾਮ ਪਿੰਡ ਵਲਟੋਹਾ ਤਹਿਸੀਲ ਪੱਟੀ ਕਿਸਾਨ ਸਤਿਆਗ੍ਰਹਿ ਵਿਚ ਸ਼ਾਮਲ ਹੋਇਆ। 1941 ਵਿਚ ਡੀ ਆਈ ਆਰ ਅਧੀਨ ਉਹਨੂੰ 6 ਮਹੀਨੇ ਦੀ ਕੈਦ ਹੋਈ। ਮੁਲਤਾਨ ਜੇਲ੍ਹ ਵਿਚ ਹੀ 1941 ਵਿਚ ਉਹਦੀ ਮੌਤ ਹੋ ਗਈ।

**74.** ਹਰੀ ਸਿੰਘ ਪੁੱਤਰ ਸ੍ਰ ਮੀਹਾਂ ਸਿੰਘ, ਪਿੰਡ ਰਾਜੋ ਕੇ, 1922 ਵਿਚ ਗੁਰੂ ਕੇ ਬਾਗ ਦੇ ਮੋਰਚੇ ਵਿਚ ਸ਼ਾਮਲ ਹੋਇਆ ਤੇ ਸਖ਼ਤ ਜ਼ਖ਼ਮੀ ਹੋ ਜਾਣ ਕਾਰਨ ਅਕਤੂਬਰ 1922 ਵਿਚ ਮੌਤ ਹੋ ਗਈ।

**75.** ਹਜ਼ਾਰਾ ਸਿੰਘ ਅਲਾਦੀਨ ਪੁਰ ਅਕਾਲੀ ਲਹਿਰ ਵਿਚ ਸਰਗਰਮ ਹੋ ਕੇ ਸ਼ਾਂਤ ਮਈ ਜਥਾ ਲੈ ਕੇ ਗੁਰਦੁਆਰਾ ਸ੍ਰੀ ਤਰਨ ਤਾਰਨ ਸਾਹਿਬ ਨੂੰ ਮਹੰਤਾਂ ਦੇ ਕਬਜ਼ੇ ਚੋਂ ਮੁਕਤ ਕਰਾਉਣ ਲਈ ਗਏ। ਮਿਸਟਰ ਕਿੰਗ ਦੀ ਸ਼ਹਿ ਤੇ ਮਹੰਤਾਂ ਦੇ ਗੁੰਡਿਆਂ ਨੇ 25 ਜਨਵਰੀ 1921 ਨੂੰ ਰਾਤ ਦੇ 9 ਵਜੇ ਡਾਂਗਾਂ ਅਤੇ ਕਿਰਪਾਨਾਂ ਨਾਲ ਹਮਲਾ ਕਰਕੇ ਸੈਂਕੜੇ ਸਿੱਖਾਂ ਨੂੰ ਜ਼ਖ਼ਮੀ ਕਰ ਦਿੱਤਾ। ਜ਼ਖ਼ਮਾਂ ਦੀ ਤਾਬ ਨਾ ਝੱਲਦਿਆਂ ਅਗਲੇ ਦਿਨ ਹਜ਼ਾਰਾ ਸਿੰਘ ਜੀ ਗੁਰ ਪੁਰੀ ਸੁਧਾਰ ਗਏ।

**76.** ਜਗੀਰ ਸਿੰਘ ਪੁੱਤਰ ਸ੍ਰ ਕੇਸਰ ਸਿੰਘ ਪਿੰਡ ਲਹੁਕਾ ਨੇ ਬ੍ਰਿਟਿਸ਼ ਫੌਜ ਦੀ ਨੌਂਕਰੀ ਛੱਡ ਕੇ 1942 ਵਿਚ ਰੰਗੂਨ ਵਿਖੇ ਆਈ. ਐਨ. ਏ. ਜਾਇਨ ਕਰ ਲਈ। ਬਰ੍ਹਮਾ ਫਰੰਟ ਤੇ ਲੜਦਿਆਂ 1943 ਵਿਚ ਸ਼ਹੀਦ ਹੋ ਗਿਆ।

**77.** ਜਗੀਰ ਸਿੰਘ ਪਿੰਡ ਝਬਾਲ ਵੀ ਬ੍ਰਿਟਿਸ਼ ਫੌਜ ਦੀ ਸਿੱਖ ਰੈਜਮੈਂਟ ਦਾ ਸਿਪਾਹੀ ਸੀ। ਉਹ 1942 ਵਿਚ ਬ੍ਰਿਟਿਸ਼ ਫੌਜ ਛੱਡ ਕੇ ਆਈ. ਐਨ. ਏ. ਵਿਚ ਚਲਾ ਗਿਆ ਅਤੇ 1944 ਵਿਚ ਬਰ੍ਹਮਾ ਫਰੰਟ ਤੇ ਲੜਦਿਆਂ ਸ਼ਹੀਦ ਹੋਇਆ।

**78.** ਜਰਨੈਲ ਸਿੰਘ ਉਰਫ਼ ਜ਼ੈਲ ਸਿੰਘ ਪੁੱਤਰ ਸ੍ਰ ਚੰਨਣ ਸਿੰਘ ਪਿੰਡ ਬੁਰਜ ਰਾਏ ਕੇ 1921 ਵਿਚ ਬ੍ਰਿਟਿਸ਼ ਫੌਜ ਦੀ 3/8 ਪੰਜਾਬ ਰੈਜਮੈਂਟ ਵਿਚ ਸਿਪਾਹੀ ਭਰਤੀ ਹੋਇਆ ਸੀ ਪਰ ਛੱਡ ਕੇ 1942 ਵਿਚ ਆਈ. ਐਨ. ਏ. ਵਿਚ ਸ਼ਾਮਲ ਹੋਇਆ ਅਤੇ 1944 ਵਿਚ ਲੜਦਾ ਸ਼ਹੀਦ ਹੋਇਆ।

**79.** ਕਰਤਾਰ ਸਿੰਘ ਪਿੰਡ ਨੁਸ਼ਹਿਰਾ ਢਾਲਾ 1943 ਵਿਚ ਆਈ. ਐਨ. ਏ. ਦਾ ਵਲੰਟੀਅਰ ਬਣਿਆ ਸਿਪਾਹੀ ਵਜੋਂ ਰੰਗੂਨ ਵਿਚ 1945 ਵਿਚ ਲੜਦਾ ਸ਼ਹੀਦ ਹੋਇਆ।

**80.** ਲਛਮਣ ਸਿੰਘ ਪੁੱਤਰ ਸ੍ਰੀ ਹਰ ਦਿੱਤਾ ਪਿੰਡ ਵਲਟੋਹਾ ਦਾ ਜਨਮ 1880 ਵਿਚ ਹੋਇਆ ਸੀ। ਉਹ ਅਕਾਲੀ ਲਹਿਰ ਤੋਂ ਪ੍ਰਭਾਵਤ ਹੋ ਕੇ ਜੈਤੋ ਦੇ ਮੋਰਚੇ ਵਿਚ ਗ੍ਰਿਫ਼ਤਾਰ ਹੋਇਆ ਅਤੇ ਨਾਭਾ ਜੇਲ੍ਹ ਵਿਚ ਦਿੱਤੇ ਸਖ਼ਤ ਤਸੀਹੇ ਬਰਦਾਸ਼ਤ ਨਾ ਕਰਦੇ ਹੋਏ ਮੌਤ ਹੋ ਗਈ।

**81.** ਲਛਮਣ ਸਿੰਘ ਪੁੱਤਰ ਸ੍ਰ ਹਾਕਮ ਸਿੰਘ ਪਿੰਡ ਬੋਦੇਵਾਲ਼, ਅਕਾਲੀ ਲਹਿਰ ਵਿਚ ਸ਼ਾਮਲ ਹੋ ਕੇ 1922 ਵਿਚ ਗੁਰੂ ਕੇ ਬਾਗ ਮੋਰਚੇ ਵਿਚ ਜਥੇ ਨਾਲ਼ ਗਿਆ ਅਤੇ ਜੈਤੋ ਦੇ ਮੋਰਚੇ ਵਿਚ 1924 ਵਿਚ ਗ੍ਰਿਫ਼ਤਾਰ ਹੋਇਆ। ਇਕ ਸਾਲ ਕੈਦ ਦੀ ਸਜ਼ਾ ਹੋਈ ਅਤੇ ਜੇਲ੍ਹ ਵਿਚ ਅਧਿਕਾਰੀਆਂ ਨੇ ਬੇਅੰਤ ਤਸੀਹੇ ਦਿੱਤੇ। ਪੁਲਿਸ ਦੀ ਮਾਰਕੁੱਟ ਕਾਰਨ 1926 ਵਿਚ ਮੌਤ ਹੋ ਗਈ।

**82.** ਲਾਲ ਸਿੰਘ ਪਿੰਡ ਸੁਰ ਸਿੰਘ ਕਿਸਾਨ ਮੋਰਚਾ 1939 ਵਿਚ ਗ੍ਰਿਫ਼ਤਾਰ ਹੋਇਆ ਅਤੇ ਦਫ਼ਾ 144 ਤੋੜਨ ਹੇਠ 9 ਮਹੀਨੇ ਦੀ ਕੈਦ ਹੋਈ। ਲਾਹੌਰ ਤੇ ਸ਼ਾਹਪੁਰ ਜੇਲ੍ਹ ਵਿਚ 1939 ਵਿਚ ਹੀ ਮੌਤ ਹੋ ਗਈ।

**83.** ਮਹੈਣ ਸਿੰਘ ਉਰਫ਼ ਸੁਰਮੁਖ ਸਿੰਘ ਪੁੱਤਰ ਸ੍ਰ ਆਲਾ ਸਿੰਘ ਦਾ ਜਨਮ 1875 ਵਿਚ ਪਿੰਡ ਰੱਤੋ ਕੇ ਵਿਚ ਹੋਇਆ। ਉਹ ਜੈਤੋ ਦੇ ਮੋਰਚੇ ਸਮੇਂ 1924 ਵਿਚ ਜਥੇ ਨਾਲ਼ ਗਿਆ, ਗ੍ਰਿਫ਼ਤਾਰੀ ਉਪ੍ਰੰਤ 10 ਮਹੀਨੇ ਕੈਦ ਹੋਈ। ਜੇਲ੍ਹ ਦੇ ਤਸੀਹੇ ਨਾ ਝੱਲਦਿਆਂ ਨਾਭਾ ਬੀੜ ਜੇਲ੍ਹ ਵਿਚ ਮੌਤ ਹੋ ਗਈ।

**84.** ਮਾਹਨ ਸਿੰਘ ਪਿੰਡ ਤੁੜ ਜੈਤੋ ਦੇ ਮੋਰਚੇ ਵੇਲ਼ੇ 9 ਵੇਂ ਜਥੇ ਨਾਲ਼ ਗਏ। ਇਹਨਾਂ ਨੂੰ ਗ੍ਰਿਫ਼ਤਾਰ ਕਰਕੇ ਨਾਭਾ ਬੀੜ ਜੇਲ੍ਹ ਵਿਚ ਤਸੀਹੇ ਦੇ ਕੇ ਮਾਰਿਆ।

**85.** ਮੂਲਾ ਸਿੰਘ ਪੁੱਤਰ ਸ੍ਰ ਨੱਥਾ ਸਿੰਘ ਤੇ ਮਾਤਾ ਗੁਜਰੀ, ਪਿੰਡ ਕੰਗ ਘਸੀਟ ਪੁਰ ਮਗਰੋਂ ਵਾਸੀ ਚੱਕ ਨੰ 69, ਤਹਿਸੀਲ ਜੜ੍ਹਾਂਵਾਲ਼ਾ ਜਿਲ੍ਹਾ ਲਾਇਲਪੁਰ ਬ੍ਰਿਟਿਸ਼ ਇੰਡੀਅਨ ਆਰਮੀ ਦੇ 25 ਵੇਂ ਰਸਾਲੇ ਵਿਚ ਨੌਂਕਰੀ ਕਰਦਾ ਸੀ। ਗੁਰੂ ਕੇ ਬਾਗ ਮੋਰਚੇ ਸਮੇਂ ਅਕਾਲੀ ਜਥਿਆਂ ਤੇ ਹੋਏ ਤਸ਼ੱਦਦ ਬਾਰੇ ਸੁਣ ਕੇ 1922 ਵਿਚ ਨੌਂਕਰੀ ਤੋਂ ਅਸਤੀਫ਼ਾ ਦੇ ਦਿੱਤਾ। ਗੁਰਦੁਆਰਾ ਸੰਗਤ ਸਾਹਿਬ ਭਾਈ ਫੇਰੂ ਲਾਹੌਰ ਦੇ ਮੋਰਚੇ ਵਿਚ ਜਥਾ ਲੈ ਕੇ ਗਿਆ। ਅੰਗਰੇਜ਼ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਥਾਂ ਨਨਕਾਣਾ ਸਾਹਿਬ ਦੀ ਜ਼ਮੀਨ ਤੇ ਮਹੰਤ ਨਰੈਣ ਦਾਸ ਦੇ ਭਰਾ ਦਾ ਕਬਜ਼ਾ ਬਣਾਈ ਰੱਖਣਾ ਚਾਹੁੰਦੇ ਸਨ। ਇਸ ਦੇ ਵਿਰੁੱਧ ਸ਼ਾਂਤ ਮਈ ਜਥੇ ਵਿਚ ਭਾਈ ਸਾਹਿਬ ਨੂੰ ਗ੍ਰਿਫ਼ਤਾਰ ਕਰਕੇ 2 ਸਾਲ ਦੀ ਕਠੋਰ ਕੈਦ ਦੀ ਸਜ਼ਾ ਦਿੱਤੀ। 27 ਜੂਨ 1925 ਨੂੰ ਜੇਲ੍ਹ ਵਿਚ ਹੀ ਉਸ ਦੀ ਮੌਤ ਹੋ ਗਈ।

**86.** ਮੂਲਾ ਸਿੰਘ ਉਰਫ਼ ਸੰਤੋਖ ਸਿੰਘ ਪੁੱਤਰ ਸ੍ਰ ਸ਼ੇਰ ਸਿੰਘ ਪਿੰਡ ਨਾਗੋ ਕੇ ਨੂੰ 1924 ਵਿਚ ਜੈਤੋ ਦੇ ਮੋਰਚੇ ਵਿਚ ਗ੍ਰਿਫ਼ਤਾਰੀ ਉਪ੍ਰੰਤ ਡੇਢ ਸਾਲ ਦੀ ਕੈਦ ਹੋਈ। ਨਾਭਾ ਬੀੜ ਜੇਲ੍ਹ ਵਿਚ ਪੁਲਿਸ ਦੀ ਕੁੱਟ ਨਾ ਸਹਾਰਦਾ ਹੋਇਆ ਮੌਤ ਦਾ ਸ਼ਿਕਾਰ ਹੋਇਆ।

**87.** ਨਰੰਜਣ ਸਿੰਘ ਪਿੰਡ ਸ਼ਾਹਬਾਜ਼ ਪੁਰ ਨੂੰ ਜੈਤੋ ਦੇ ਮੋਰਚੇ ਵੇਲ਼ੇ 1924 ਵਿਚ ਪੁਲਿਸ ਨੇ ਫੜ ਕੇ ਨਾਭਾ ਬੀੜ ਜੇਲ੍ਹ ਵਿਚ ਕੁੱਟ ਕੁੱਟ ਕੇ ਮਾਰ ਦਿੱਤਾ।

**88.** ਨੌਨਿਹਾਲ ਸਿੰਘ ਪੁੱਤਰ ਸ੍ਰ ਖ਼ੁਸ਼ਹਾਲ ਸਿੰਘ ਅਤੇ ਮਾਤਾ ਜੀਊਣੀ, ਪਿੰਡ ਕੋਹਾੜਕਾ ਨੇ 1922 ਵਿਚ ਗੁਰੂ ਕੇ ਬਾਗ ਮੋਰਚੇ ਅਤੇ 1924 ਵਿਚ ਜੈਤੋ ਦੇ ਮੋਰਚੇ ਵਿਚ ਭਾਗ ਲਿਆ। ਉਸ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰਕੇ ਨਾਭਾ ਬੀੜ ਜੇਲ੍ਹ ਵਿਚ ਤਸੀਹੇ ਦੇ ਕੇ ਮਾਰਿਆ।

**89.** ਨਰਾਇਣ ਸਿੰਘ ਪਿੰਡ ਨਵੇਂ ਵੜ੍ਹਿਆਂ ਸੰਧੂ ਗੋਤ ਦੇ ਪੂਰਨ ਗੁਰਸਿੱਖ ਸਨ। ਉਹਨਾਂ ਨੇ ਮੁਢਲੀ ਸਿੱਖਿਆ ਪਿੰਡ ਦੇ ਗੁਰਦੁਆਰੇ ਤੋਂ ਅਤੇ ਉਰਦੂ ਦੀਆਂ ਤਿੰਨ ਜਮਾਤਾਂ ਸਰਹਾਲ਼ੀ ਸਕੂਲ ਤੋਂ ਪਾਸ ਕੀਤੀਆਂ। ਘਰ ਵਿਚ ਗੁਰਦੁਆਰਾ ਬਣਾਇਆ ਹੋਇਆ ਸੀ। ਗੁਰੂ ਘਰ ਦੇ ਨੇਮੀ-ਪ੍ਰੇਮੀ ਸਨ ਅਤੇ ਅਕਾਲ ਤਖ਼ਤ ਤੋਂ ਅੰਮ੍ਰਿਤ ਪਾਨ ਕੀਤਾ ਸੀ। ਜਾਤ-ਪਾਤ ਦੇ ਵਿਰੋਧੀ ਹੋਣ ਕਾਰਨ ਜਾਤ ਤੋਂ ਬਾਹਰ ਬੀਬੀ ਖੇਮ ਕੌਰ ਨਾਲ਼ ਸ਼ਾਦੀ ਕੀਤੀ। ਆਪਣੇ ਖ਼ਰਚੇ ਤੇ ਲੋਕਾਂ ਲਈ 40 ਮੰਜਿਆਂ ਦੀ ਬੈਠਕ ਬਣਵਾਈ ਸੀ। ਹਰ ਸਾਲ ਕਤਕ ਦੇ ਮਹੀਨੇ ਦਸਵੰਧ ਕੱਢਦੇ ਸਨ। ਅਕਾਲੀ ਲਹਿਰ ਦੌਰਾਨ ਜਥਾ ਲੈ ਕੇ ਧਾਰੋਵਾਲ਼ੀ ਨਾਲ਼ ਨਨਕਾਣਾ ਸਾਹਿਬ ਪਹੁੰਚ ਕੇ ਸ਼ਹੀਦੀ ਪ੍ਰਾਪਤ ਕੀਤੀ।

**90.** ਪਾਲਾ ਸਿੰਘ ਪੁੱਤਰ ਸ੍ਰ ਕੇਸਰ ਸਿੰਘ ਅਤੇ ਮਾਤਾ ਰਾਜੋ, ਪਿੰਡ ਵਲਟੋਹਾ ਨੂੰ ਗੁਰੂ ਕੇ ਬਾਗ ਮੋਰਚੇ ਵਿਚ ਭਾਗ ਲੈਣ ਕਰਕੇ 6 ਮਹੀਨੇ ਦੀ ਕੈਦ ਹੋਈ। ਰਿਹਾਈ ਤੋਂ ਬਾਅਦ ਉਹ ਭਾਈ ਫੇਰੂ ਦੇ ਮੋਰਚੇ ਵਿਚ ਜਥੇ ਵਿਚ ਸ਼ਾਮਲ ਹੋਇਆ, 1924 ਵਿਚ ਗ੍ਰਿਫ਼ਤਾਰੀ ਉਪ੍ਰੰਤ ਢਾਈ ਸਾਲ ਦੀ ਜੇਲ੍ਹ ਦੀ ਸਜ਼ਾ ਦੌਰਾਨ ਉਹਨੂੰ 1925 ਵਿਚ ਤਸੀਹੇ ਦੇ ਕੇ ਮਾਰ ਦਿੱਤਾ।

**91.** ਪ੍ਰਿਥੀਪਾਲ ਸਿੰਘ ਪੁੱਤਰ ਸ੍ਰ ਨਿਹਾਲ ਸਿੰਘ ਪਿੰਡ ਨੁਸ਼ਹਿਰਾ ਪੰਨੂਆਂ 1922 ਵਿਚ ਗੁਰੂ ਕੇ ਬਾਗ ਮੋਰਚੇ ਵਿਚ ਪੁਲਿਸ ਦੇ ਲਾਠੀ ਚਾਰਜ ਦੌਰਾਨ ਸਖ਼ਤ ਜ਼ਖ਼ਮੀ ਹੋਇਆ ਤੇ ਕੁਝ ਦਿਨ ਬਾਅਦ ਉਸ ਦੀ ਮੌਤ ਹੋ ਗਈ।

**92.** ਰਾਮ ਸਿੰਘ ਪੁੱਤਰ ਸ੍ਰ ਨਿਹਾਲ ਸਿੰਘ, ਮਾਤਾ ਮਾਲਾਂ, ਪਿੰਡ ਗੰਡੀਵਿੰਡ ਧੱਤਲ ਜੈਤੋ ਦੇ ਮੋਰਚੇ ਵਿਚ ਸ਼ਹੀਦੀ ਜਥਾ ਲੈ ਕੇ ਗਿਆ, ਗ੍ਰਿਫ਼ਤਾਰ ਹੋਇਆ , 2 ਸਾਲ ਦੀ ਸਖ਼ਤ ਕੈਦ ਦੀ ਸਜ਼ਾ ਦਿੱਤੀ ਗਈ ਅਤੇ ਪੁਲਿਸ ਨੇ ਨਾਭਾ ਬੀੜ ਜੇਲ੍ਹ ਵਿਚ ਤਸੀਹੇ ਦੇ ਕੇ ਮਾਰਿਆ।

**93.** ਸਾਧੂ ਸਿੰਘ ਪੁੱਤਰ ਸ੍ਰ ਜੀਤ ਸਿੰਘ ਪਿੰਡ ਸੰਘਰ 1924 ਵਿਚ ਜੈਤੋ ਦੇ ਮੋਰਚੇ ਵਿਚ ਗ੍ਰਿਫ਼ਤਾਰ ਹੋਣ ਤੇ 8 ਮਹੀਨੇ ਦੀ ਕੈਦ ਉਪ੍ਰੰਤ 2 ਜੁਲਾਈ 1924 ਨੂੰ ਨਾਭਾ ਬੀੜ ਜੇਲ੍ਹ ਵਿਚ ਮੌਤ ਹੋ ਗਈ।

**94.** ਸੱਜਣ ਸਿੰਘ ਪੁੱਤਰ ਸ੍ਰ ਮੋਤਾ ਸਿੰਘ ਅਤੇ ਮਾਤਾ ਗੁਜਰੀ ਦੇਵੀ, ਪਿੰਡ ਵਲਟੋਹਾ ਨੇ 1930 ਵਿਚ ਸਿਵਲ ਨਾ-ਫ਼ੁਰਮਾਨੀ ਲਹਿਰ ਦੌਰਾਨ ਅੰਮ੍ਰਿਤਸਰ ਗ੍ਰਿਫ਼ਤਾਰੀ ਦਿੱਤੀ। ਉਪ੍ਰੰਤ 6 ਮਹੀਨੇ ਦੀ ਕੈਦ ਹੋਈ। ਇਕ ਅੰਗਰੇਜ਼ ਨੂੰ ਮਾਰਨ ਕਰਕੇ 1931 ਵਿਚ ਕੇਸ ਦਾਇਰ ਹੋਇਆ ਅਤੇ ਅਪ੍ਰੈਲ 1932 ਵਿਚ ਫਾਂਸੀ ਦਿੱਤੀ ਗਈ।

**95.** ਸੁਰੈਣ ਸਿੰਘ ਪੁੱਤਰ ਸ੍ਰ ਨੱਥਾ ਸਿੰਘ ਜੱਟ ਵਾਸੀ ਸ਼ਾਹਬਾਜ਼ ਪੁਰ ਬ੍ਰਿਟਿਸ਼ ਫੌਜ ਦੀ ਨੌਂਕਰੀ ਕਰਦਾ ਸੀ ਪਰ ਬਾਅਦ ਵਿਚ ਛੱਡ ਦਿੱਤੀ। ਸਰਕਾਰ ਵਿਰੋਧੀ ਗਤੀਵਿਧੀਆਂ ਵਿਚ ਸ਼ਾਮਲ ਹੋਣ ਕਾਰਨ ਗ੍ਰਿਫ਼ਤਾਰ ਹੋਇਆ ਅਤੇ ਲੰਮੀ ਕੈਦ ਦੀ ਸਜ਼ਾ ਦੇ ਕੇ ਅੰਡੇਮਾਨ ਜੇਲ੍ਹ ਭੇਜ ਦਿੱਤਾ ਗਿਆ ਜਿੱਥੇ ਉਹਦੀ ਮੌਤ ਹੋ ਗਈ।

**96.** ਤਾਰਾ ਸਿੰਘ ਪੁੱਤਰ ਸ੍ਰ ਹਰਦਿੱਤ ਸਿੰਘ ਵਾਸੀ ਢੰਡ ਕਸੇਲ 1922 ਵਿਚ ਜੈਤੋ ਦੇ ਮੋਰਚੇ ਵਿਚ ਸ਼ਾਮਲ ਹੋਇਆ ਤਾਂ ਪੁਲਿਸ ਲਾਠੀ ਚਾਰਜ ਦੌਰਾਨ ਗੰਭੀਰ ਸੱਟਾਂ ਲੱਗ ਜਾਣ ਕਾਰਨ ਥੋੜ੍ਹੇ ਦਿਨ ਬਾਅਦ ਮੌਤ ਹੋ ਗਈ।

**97.** ਤਾਰਾ ਸਿੰਘ ਪੁੱਤਰ ਸ੍ਰ ਲਾਲ ਸਿੰਘ ਦਾ ਜਨਮ 1880 ਵਿਚ ਪਿੰਡ ਕੰਗ ਘਸੀਟ ਪੁਰ (ਲਾਇਲਪੁਰ ਬਾਰ) ਹੋਇਆ। ਉਹਨੇ ਗੁਰੂ ਕੇ ਬਾਗ, ਭਾਈ ਫੇਰੂ ਦੇ ਮੋਰਚੇ ਅਤੇ ਜੈਤੋ ਦੇ ਮੋਰਚੇ ਵਿਚ ਭਾਗ ਲਿਆ। ਗ੍ਰਿਫ਼ਤਾਰੀ ਉਪ੍ਰੰਤ ਉਹਨੂੰ ਨਾਭਾ ਬੀੜ ਜੇਲ੍ਹ ਵਿਚ ਤਸੀਹੇ ਦੇ ਕੇ ਜੇਲ੍ਹ ਅੀਧਕਾਰੀਆਂ ਨੇ 26 ਮਈ 1925 ਨੂੰ ਮਾਰ ਦਿੱਤਾ।

**98.** ਠਾਕਰ ਸਿੰਘ ਵਾਸੀ ਗੰਡੀਵਿੰਡ ਪਹਿਲਾਂ ਬ੍ਰਿਟਿਸ਼ ਫੌਜ ਵਿਚ ਨੌਂਕਰੀ ਕਰਦਾ ਸੀ ਪਰ ਬਾਅਦ ਵਿਚ ਵਫ਼ਾਦਾਰੀ ਬਦਲ ਕੇ 1942 ਵਿਚ ਉਹ ਆਈ. ਐਨ. ਏ. ਦੀ ਕਮਾਨ ਹੇਠ ਚਲਾ ਗਿਆ। 1944 ਵਿਚ ਸੰਸਾਰ ਜੰਗੀ ਤਾਕਤਾਂ ਵਿਰੁੱਧ ਲੜਦਾ ਆਹਮੋ ਸਾਹਮਣੇ ਦੀ ਲੜਾਈ ਵਿਚ ਮਾਰਿਆ ਗਿਆ।

**99.** ਵਧਾਵਾ ਸਿੰਘ ਵਾਸੀ ਪਿੰਡ ਖਾਰਾ, ਜੈਤੋ ਦੇ ਮੋਰਚੇ ਵਿਚ ਸ਼ਹੀਦੀ ਜਥੇ ਨਾਲ ਸ਼ਾਮਲ ਹੋਇਆ ਅਤੇ ਗ੍ਰਿਫ਼ਤਾਰੀ ਉਪ੍ਰੰਤ ਉਹਨੂੰ ਜੇਲ੍ਹ ਵਿਚ ਪੁਲਿਸ ਨੇ ਕੁੱਟ ਕੁੱਟ ਕੇ ਮਾਰ ਦਿੱਤਾ।

**100.** ਰਾਮਾਨੰਦ ਪੁੱਤਰ ਸ੍ਰੀ ਕ੍ਰਿਸ਼ਨ ਭਨੋਟ ਪਿੰਡ ਕੋਟ ਬੁੱਢਾ ਇਕ ਪ੍ਰਤੀਬੱਧ ਅਜ਼ਾਦੀ ਘੁਲਾਟੀਆ ਸੀ। ਉਸ ਨੇ ਅੰਗਰੇਜ਼ਾਂ ਵੱਲੋਂ ਦਿੱਤੀ ਨੰਬਰਦਾਰੀ ਛੱਡ ਕੇ ਸਿਵਲ ਨਾ-ਫ਼ੁਰਮਾਨੀ ਲਹਿਰ ਵਿਚ ਹਿੱਸਾ ਲਿਆ।ਆਪਣੇ ਘਰ ਦੀ ਛੱਤ ਤੇ ਤਿਰੰਗਾ ਲਹਿਰਾਉਣ ਕਾਰਨ ਪੁਲਿਸ ਨੇ ਉਹਨਾਂ ਨੂੰ ਗ੍ਰਿਫ਼ਤਾਰ ਕਰ ਲਿਆ। ਮਗਰੋਂ ਉਹਨਾਂ ਦੀ ਧਰਮ ਪਤਨੀ ਨੇ ਪਤੀ ਦੀ ਰਿਹਾਈ ਲਈ ਦੁਬਾਰਾ ਤਿਰੰਗਾ ਝੁਲਾ ਕੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਜਿਸ ਕਾਰਨ ਉਹ ਸ਼ਹੀਦੀ ਜਾਮ ਪੀ ਗਈ। ਉਹਨਾਂ ਨੂੰ ਪੂਰਾ ਇਕ ਸਾਲ ਜੇਲ੍ਹ ਵਿਚ ਰਹਿਣਾ ਪਿਆ।

(ਸਰੋਤ : ਡਿਕਸ਼ਨਰੀ ਆਫ ਮਾਰਟਾਇਰਸ ਇੰਡੀਅਨ ਫਰੀਡਮ ਸਟਰਗਲ 1857-1947, ਜਿਲਦ ਪਹਿਲੀ ਭਾਗ 1,2, ਇੰਡੀਅਨ ਕੌਂਸਲ ਆਫ ਹਿਸਟੌਰੀਕਲ ਰਿਸਰਚ, ਮਾਨਕ ਪਬਲੀਕੇਸ਼ਨਜ਼, 2010)

- **ਪਿੰਡ ਚੋਹਲਾ ਸਾਹਿਬ** ਦੇ ਹੋਰ ਦੇਸ਼ ਭਗਤਾਂ ਦਾ ਵੇਰਵਾ ਜਿਹਨਾਂ ਨੇ ਦੇਸ਼ ਦੀ ਆਜ਼ਾਦੀ ਲਈ ਯੋਗਦਾਨ ਪਾਇਆ :-

**101.** ਬਾਬਾ ਹਰਦਿੱਤ ਸਿੰਘ ਪੁੱਤਰ ਸ੍ਰ ਸੁਹੇਲ ਸਿੰਘ ਜਿਹਨਾਂ ਦਾ ਜਨਮ 1878 ਵਿਚ ਚੋਹਲਾ ਸਾਹਿਬ ਵਿਖੇ ਹੋਇਆ, ਨੇ ਸਿੰਘਾ ਪੁਰ ਵਿਚ ਖੱਡੀ ਦਾ ਕੰਮ ਕਰਕੇ ਖੂਬ ਕਮਾਈ ਕੀਤੀ ਅਤੇ ਗ਼ਦਰ ਪਾਰਟੀ ਨੂੰ ਆਰਥਿਕ ਸਹਿਯੋਗ ਦੇਂਦੇ ਰਹੇ। 3 ਫ਼ਰਵਰੀ 1948 ਨੂੰ ਦਿਲ ਦਾ ਦੌਰਾ ਪੈਣ ਕਾਰਨ ਉਹਨਾਂ ਦੀ ਮੌਤ ਹੋ ਗਈ।

**102.** ਬਾਬਾ ਸੁੰਦਰ ਸਿੰਘ ਪੁੱਤਰ ਸ੍ਰ ਸੁਰੈਣ ਸਿੰਘ ਅਤੇ ਉਹਨਾਂ ਦੇ ਚਚੇਰੇ ਭਾਈ ਹਰਨਾਮ ਸਿੰਘ ਪੁੱਤਰ ਸ੍ਰ ਸੰਤਾ ਸਿੰਘ ਰੋਜ਼ਗਾਰ ਦੀ ਤਲਾਸ਼ ਵਿਚ ਕੈਨੇਡਾ ਦੇ ਸ਼ਹਿਰ ਵੈਨਕੂਵਰ ਗਏ ਸਨ। ਜਦੋਂ ਬਾਬਾ ਗੁਰਦਿੱਤ ਸਿੰਘ ਸਰਹਾਲ਼ੀ 376 ਮੁਸਾਫ਼ਰਾਂ ਨਾਲ਼ ਕਾਮਾਗਾਟਾ ਮਾਰੂ ਜਹਾਜ਼ ਲੈ ਕੇ ਵੈਨਕੂਵਰ ਦੀ ਬੰਦਰਗਾਹ ਨੇੜੇ ਪਹੁੰਚੇ ਤਾਂ ਕੈਨੇਡਾ ਸਰਕਾਰ ਨੇ ਦੋ ਮਹੀਨੇ

ਉਹਨਾਂ ਨੂੰ ਸਮੁੰਦਰ ਵਿਚ ਰੋਕੀ ਰੱਖਿਆ। ਉਸ ਸਮੇਂ ਸੁੰਦਰ ਸਿੰਘ ਤੇ ਹਰਨਾਮ ਸਿੰਘ ਨੇ ਹੋਰ ਦੇਸ਼ ਭਗਤਾਂ ਨਾਲ਼ ਆਪਣੀ ਕਮਾਈ ਚੋਂ ਮੁਸਾਫ਼ਰਾਂ ਲਈ ਰਾਸ਼ਣ ਪਾਣੀ ਦਾ ਪ੍ਰਬੰਧ ਕੀਤਾ। ਉਹ ਗ਼ਦਰ ਪਾਰਟੀ ਦੇ ਹਮਦਰਦ ਬਣ ਗਏ ਸਨ। ਅਜ਼ਾਦੀ ਤੋਂ ਬਾਅਦ ਉਹਨਾਂ ਨੇ ਦੇਸ਼ ਵਾਪਸੀ ਤੇ ਕਿਰਤੀ ਕਿਸਾਨ ਪਾਰਟੀ ਦੀ ਮਾਲੀ ਮਦਦ ਵੀ ਕੀਤੀ।

**103.** ਸ੍ਰ ਵਰਿਆਮ ਸਿੰਘ, ਇੰਦਰ ਸਿੰਘ, ਪਿਆਰਾ ਸਿੰਘ ਪੁੱਤਰ ਸ੍ਰ ਨੱਥਾ ਸਿੰਘ, ਸੋਹਨ ਸਿੰਘ ਤੇ ਕਾਲੂ ਟਾਂਗੇ ਵਾਲ਼ਾ ਗ਼ਦਰ ਪਾਰਟੀ ਸਹਾਇਕ ਸਨ। ਕਾਲ਼ੂ ਟਾਂਗੇ ਵਾਲ਼ਾ ਬਾਅਦ ਵਿਚ ਪੁਲਿਸ ਤਸ਼ੱਦਦ ਨਾ ਸਹਾਰਦਿਆਂ ਵਾਅਦਾ-ਮੁਆਫ਼ ਗਵਾਹ ਬਣ ਗਿਆ ਸੀ।

**104.** ਭਾਈ ਭਾਨ ਸਿੰਘ ਪੁੱਤਰ ਸ੍ਰ ਘਸੀਟਾ ਸਿੰਘ ਜੈਤੋ ਦੇ ਮੋਰਚੇ ਵਿਚ 9 ਵੇਂ ਜਥੇ ਵਿਚ ਸ਼ਾਮਲ ਸਨ।ਇਹਨਾਂ ਨੇ ਨਾਭਾ ਜੇਲ੍ਹ ਵਿਚ ਡੇਢ ਸਾਲ ਕੈਦ ਕੱਟੀ ਅਤੇ ਜੇਲ੍ਹ ਵਿਚ ਹੀ ਇੰਤਕਾਲ ਹੋ ਗਿਆ।

**105.** ਭਾਈ ਮੋਹਨ ਸਿੰਘ ਪੁੱਤਰ ਸ੍ਰ ਭਾਗ ਸਿੰਘ ਨੇ ਜੈਤੋ ਦੇ ਮੋਰਚੇ ਵਿਚ 9 ਮਹੀਨੇ ਅਤੇ ਨਾ-ਮਿਲਵਰਤਨ ਲਹਿਰ ਵਿਚ 6 ਮਹੀਨੇ ਜੇਲ੍ਹ ਕੱਟੀ।

**106.** ਸ੍ਰ ਚੰਦਾ ਸਿੰਘ ਪੁੱਤਰ ਸ੍ਰ ਫ਼ਤੇਹ ਸਿੰਘ ਨੇ ਵੀ ਜੈਤੋ ਦੇ ਮੋਰਚੇ ਵਿਚ 6 ਮਹੀਨੇ ਨਾਭਾ ਦੀ ਜੇਲ੍ਹ ਵਿਚ ਕੈਦ ਕੱਟੀ।

**107.** ਸ੍ਰ ਬਹਾਦਰ ਸਿੰਘ ਨੇ ਵੀ ਜੈਤੋ ਦੇ ਮੋਰਚੇ ਵਿਚ ਭਾਗ ਲਿਆ।

**108.** ਸ੍ਰ ਚੰਨਣ ਸਿੰਘ ਪੁੱਤਰ ਸ੍ਰ ਕਿਸ਼ਨ ਸਿੰਘ 1942 ਵਿਚ ਆਈ. ਐਨ. ਏ. ਦੇ ਝੰਡੇ ਹੇਠ ਮਲਾਇਆ ਵਿਚ ਅੰਗਰੇਜ਼ਾਂ ਵਿਰੁੱਧ ਲੜਿਆ।ਫ਼ਰੰਟ ਤੇ ਗ੍ਰਿਫ਼ਤਾਰੀ ਉਪ੍ਰੰਤ 1946 ਤੱਕ ਜੇਲ੍ਹ ਵਿਚ ਰਿਹਾ।

**109.** ਸ੍ਰ ਮੱਘਰ ਸਿੰਘ ਪੁੱਤਰ ਸ੍ਰ ਸਰੂਪ ਸਿੰਘ ਨੇ ਗੁਰੂ ਕੇ ਬਾਗ ਮੋਰਚੇ ਵਿਚ 9 ਮਹੀਨੇ ਅਤੇ ਨਮਕ ਅੰਦੋਲਨ ਵਿਚ 15 ਦਿਨਾਂ ਦੀ ਸਜ਼ਾ ਭੁਗਤੀ।

**110.** ਸ੍ਰ ਸੁੰਦਰ ਸਿੰਘ ਪੁੱਤਰ ਸ੍ਰ ਸੰਤਾ ਸਿੰਘ ਨੇ ਗੁਰੂ ਕੇ ਬਾਗ ਮੋਰਚੇ ਅਤੇ ਭਾਈ ਫੇਰੂ ਦੇ ਮੋਰਚੇ ਵਿਚ ਹਿੱਸਾ ਲਿਆ।

**111.** ਸ੍ਰ ਚੰਨਣ ਸਿੰਘ ਪੁੱਤਰ ਸ੍ਰ ਨਰੈਣ ਸਿੰਘ ਨੇ ਅਕਾਲੀ ਲਹਿਰ ਦੌਰਾਨ 9 ਮਹੀਨੇ ਡੇਰਾ ਗ਼ਾਜ਼ੀ ਖਾਂ ਜਿਲ੍ਹਾ ਲਾਇਲਪੁਰ ਵਿਚ ਕੈਦ ਕੱਟੀ। ਭਾਈ ਫੇਰੂ ਦੇ ਮੋਰਚੇ ਦੌਰਾਨ 10 ਮਹੀਨੇ ਕੈਦ ਅਤੇ 100 ਰੁਪਏ ਜੁਰਮਾਨੇ ਦੀ ਸਜ਼ਾ ਭੁਗਤੀ।

**112.** ਸ੍ਰ ਨਰੈਣ ਸਿੰਘ ਪੁੱਤਰ ਸ੍ਰ ਪਾਲ ਸਿੰਘ ਨੇ ਅਕਾਲੀ ਲਹਿਰ ਵਿਚ 6 ਮਹੀਨੇ ਕੈਦ ਕੱਟੀ।

**113.** ਸ੍ਰ ਲੱਖਾ ਸਿੰਘ ਪੁੱਤਰ ਸ੍ਰ ਪਰੇਮ ਸਿੰਘ ਨੇ ਭਾਈ ਫੇਰੂ ਦੇ ਮੋਰਚੇ ਵਿਚ 2 ਸਾਲ ਕੈਦ ਅਤੇ 500 ਰੁਪਏ ਜੁਰਮਾਨੇ ਦੀ ਸਜ਼ਾ ਭੁਗਤੀ।

**114.** ਭਾਈ ਠਾਕਰ ਸਿੰਘ ਪੁੱਤਰ ਸ੍ਰੀ ਫੱਗੂ ਨੂੰ ਭਾਈ ਫੇਰੂ ਦੇ ਮੋਰਚੇ ਵਿਚ 3 ਮਹੀਨੇ ਕੈਦ ਹੋਈ।

**115.** ਸ੍ਰ ਦਸੌਂਧਾ ਸਿੰਘ ਪੁੱਤਰ ਸ੍ਰ ਬੁੱਧ ਸਿੰਘ ਨੇ ਸਿਵਲ ਨਾ-ਫ਼ੁਰਮਾਨੀ ਲਹਿਰ ਵਿਚ 2 ਸਾਲ ਮੁਲਤਾਨ ਜੇਲ੍ਹ ਵਿਚ ਸਜ਼ਾ ਕੱਟੀ ਅਤੇ ਕਾਂਗਰਸ ਲਹਿਰ ਵਿਚ ਸਰਗਰਮ ਰਿਹਾ।

**116.** ਸ੍ਰ ਸੋਹਨ ਸਿੰਘ ਪੁੱਤਰ ਸ੍ਰ ਵਰਿਆਮ ਸਿੰਘ ਨੇ ਕਿਸਾਨ ਮੋਰਚੇ ਦੌਰਾਨ ਲਾਹੌਰ ਜੇਲ੍ਹ ਵਿਚ 9 ਮਹੀਨੇ ਕੈਦ ਕੱਟੀ।

**117.** ਸ੍ਰ ਬਚਿੱਤਰ ਸਿੰਘ ਪੁੱਤਰ ਸ੍ਰ ਮੂਲਾ ਸਿੰਘ ਨੇ ਬ੍ਰਿਟਿਸ਼ ਭਾਰਤੀ ਫੌਜ ਵਿਚ ਟੋਪ ਪਾਉਣ ਤੋਂ ਨਾਂਹ ਕਰਕੇ 3 ਮਹੀਨੇ ਕੈਦ ਅਤੇ ਨੌਂਕਰੀ ਤੋਂ ਮੁਅੱਤਲੀ ਦੀ ਸਜ਼ਾ ਭੁਗਤੀ।

**118.** ਸ੍ਰ ਬੁੱਧ ਸਿੰਘ ਪੁੱਤਰ ਸ੍ਰ ਝੰਡਾ ਸਿੰਘ ਦੀ ਹਾਂਗਕਾਂਗ ਵਿਚ ਚੌਂਕੀਦਾਰ ਹੁੰਦਿਆਂ ਅੰਗਰੇਜ਼ ਵਿਰੋਧੀ ਗਤੀਵਿਧੀਆਂ ਵਿਚ ਭਾਗ ਲੈਂਦਿਆਂ ਗ੍ਰਿਫ਼ਤਾਰੀ ਹੋਈ, 1946 ਵਿਚ ਰਿਹਾਈ ਹੋਈ।

**119.** ਦੀਦਾਰ ਸਿੰਘ ਪੁੱਤਰ ਬਚਨ ਸਿੰਘ ਸਿੰਘਾ ਪੁਰ ਵਿਚ ਪੋਪ ਪਹਾੜੀ ਤੇ ਜ਼ਖ਼ਮੀ ਹੋਇਆ।

**120.** ਦਰਬਾਰਾ ਸਿੰਘ ਪੁੱਤਰ ਕਾਲ਼ਾ ਸਿੰਘ ਗੁਰੀਲਾ ਰੈਜਮੈਂਟ ਵਿਚ ਭਰਤੀ ਹੋਇਆ ਅਤੇ 1200 ਡਾਲਰ ਫੰਡ ਦਿੱਤਾ।

**121.** ਹਰੀ ਸਿੰਘ ਪੁੱਤਰ ਮੇਹਰ ਸਿੰਘ, ਕੰਧਾਰਾ ਸਿੰਘ ਪੁੱਤਰ ਕਿਸ਼ਨ ਸਿੰਘ ਤੇ ਹਜ਼ਾਰਾ ਸਿੰਘ ਪੁੱਤਰ ਕਰਨ ਸਿੰਘ ਹਾਂਗਕਾਂਗ ਵਿਚ ਭਰਤੀ ਸਨ ਤੇ ਸਜ਼ਾ ਕੱਟੀ।

**122.** ਕਰਨੈਲ ਸਿੰਘ ਪੁੱਤਰ ਸਾਵਨ ਸਿੰਘ ਬਰ੍ਹਮਾ ਫਰੰਟ ਤੇ ਗ੍ਰਿਫ਼ਤਾਰ ਹੋਇਆ।

**123.** ਰੰਗਾ ਸਿੰਘ ਪੁੱਤਰ ਦਸੌਂਧਾ ਸਿੰਘ ਨੇ ਅਜ਼ਾਦ ਹਿੰਦ ਫੌਜ ਵਿਚ ਸੇਵਾ ਨਿਭਾਈ।

**124.** ਸੋਹਨ ਸਿੰਘ ਪੁੱਤਰ ਵੀਰ ਸਿੰਘ ਆਈ ਐਨ ਏ ਦਾ ਸਿਪਾਹੀ ਹੋਣ ਕਰਕੇ ਹਾਂਗਕਾਂਗ ਦੀ ਲੜਾਈ ਵਿਚ ਫੱਟੜ ਹੋਇਆ।

**125.** ਉਜਾਗਰ ਸਿੰਘ ਪੁੱਤਰ ਭਾਗ ਸਿੰਘ ਬਰ੍ਹਮਾ ਫਰੰਟ ਤੇ ਲੜਾਈ ਦੌਰਾਨ ਗ੍ਰਿਫ਼ਤਾਰ ਤੇ ਕੈਦ।

**126.** ਬਹਾਦਰ ਸਿੰਘ ਪੁੱਤਰ ਸੰਤਾ ਸਿੰਘ ਸਿੰਘਾਪੁਰ ਵਿਚ ਅਜ਼ਾਦ ਬ੍ਰਿਗੇਡ ਵਿਚ ਸ਼ਾਮਲ ਸੀ, ਉਸ ਨੂੰ ਨੌਂਕਰੀ ਤੋਂ ਮੁਅੱਤਲ ਕੀਤਾ ਗਿਆ।

**127.** ਮਿਲਖਾ ਸਿੰਘ ਪੁੱਤਰ ਨਰੈਣ ਸਿੰਘ ਨੇ ਅਜ਼ਾਦ ਹਿੰਦ ਫੌਜ ਨੂੰ 1000 ਪੌਂਡ ਫੰਡ ਦਿੱਤਾ।

**128.** ਫੌਜਾ ਸਿੰਘ ਪੁੱਤਰ ਝੰਡਾ ਸਿੰਘ, ਪਿਆਰਾ ਸਿੰਘ ਅਤੇ ਤੇਜਾ ਸਿੰਘ ਪੁੱਤਰ ਸੁੰਦਰ ਸਿੰਘ ਅਜ਼ਾਦ ਹਿੰਦ ਫੌਜ ਵਿਚ ਰਹੇ।

**129.** ਡਾ ਗੁੱਜਰ ਸਿੰਘ ਪੁੱਤਰ ਸ੍ਰ ਲੱਖਾ ਸਿੰਘ ਜੋ ਆਰਮੀ ਸਕੂਲ ਆਫ ਮੈਡੀਸਨ ਆਗਰਾ ਵਿਚ ਡਾਕਟਰੀ ਦੀ ਪੜ੍ਹਾਈ ਕਰਦੇ ਸਨ, ਨੂੰ ਅੰਗਰੇਜ਼ ਸਰਕਾਰ ਵਿਰੁੱਧ ਸਰਗਰਮੀਆਂ ਵਿਚ ਭਾਗ ਲੈਣ ਕਾਰਨ ਸਕੂਲ ਚੋਂ ਬਰਖਾਸਤ ਕਰ ਦਿੱਤਾ ਗਿਆ। ਬਾਅਦ ਵਿਚ ਅਗਲੀ ਪੜ੍ਹਾਈ ਉਹਨਾਂ ਨੇ ਅਮਰੀਕਾ ਜਾ ਕੇ ਪੂਰੀ ਕੀਤੀ ਤੇ ਸਾਰੀ ਉਮਰ ਸਮਾਜ ਸੇਵਾ ਕਰਦੇ ਰਹੇ।

**130.** ਜਥੇਦਾਰ ਈਸ਼ਰ ਸਿੰਘ ਪੁੱਤਰ ਸ੍ਰ ਅੱਛਰ ਸਿੰਘ ਪਿੰਡ ਚੋਹਲਾ ਸਾਹਿਬ ਦਾ ਜਨਮ 1891 ਵਿਚ ਹੋਇਆ। ਉਹ ਜਥੇਦਾਰ ਊਧਮ ਸਿੰਘ ਨਾਗੋ ਕੇ ਦੀ ਅਗਵਾਈ ਹੇਠ ਦੇਸ਼ ਦੀ ਅਜ਼ਾਦੀ ਲਈ ਜਾਰੀ ਸਰਗਰਮੀਆਂ ਵਿਚ ਵਧ ਚੜ੍ਹ ਕੇ ਭਾਗ ਲੈਂਦੇ ਰਹੇ। ਉਹ ਚੋਹਲਾ ਸਾਹਿਬ ਦੇ ਇਤਿਹਾਸਕ ਗੁਰਦੁਆਰੇ ਦੀ ਪ੍ਰਬੰਧਕੀ ਕਮੇਟੀ ਦੇ ਕਈ ਸਾਲ ਪ੍ਰਧਾਨ ਰਹੇ। ਸਮਾਜ ਸੇਵਾ ਦੇ ਖੇਤਰ ਵਿਚ ਉੱਘਾ ਯੋਗਦਾਨ ਪਾਉਣ ਵਾਲ਼ੇ ਇਹ ਸੱਜਣ 1987 ਵਿਚ ਅਕਾਲ ਚਲਾਣਾ ਕਰ ਗਏ।

**131.** ਸ੍ਰ ਹਰਨਾਮ ਸਿੰਘ ਬਰਾੜ ਪੁੱਤਰ ਸ੍ਰ ਸੰਤਾ ਸਿੰਘ ਪਿੰਡ ਲਾਲ ਪੁਰ ਜੋ ਬਾਬਾ ਸੁੱਚਾ ਸਿੰਘ ਦੇ ਜਵਾਈ ਸਨ, ਦਸਵੀਂ ਪਾਸ ਕਰਕੇ ਇੰਡੀਅਨ ਆਰਮੀ ਵਿਚ ਭਰਤੀ ਹੋਏ ਸਨ ਪਰ ਸਿੰਘਾ ਪੁਰ ਜਾ ਕੇ ਸੁਭਾਸ਼ ਚੰਦਰ ਬੋਸ ਦੀ ਕਮਾਨ ਹੇਠ ਅਜ਼ਾਦ ਹਿੰਦ ਫੌਜ ਦੀ ਪਹਿਲੀ ਬਟਾਲੀਅਨ ਵਿਚ ਸੈਕੰਡ ਲੈਫਟੀਨੈਂਟ ਬਣ ਗਏ। ਉਹਨਾਂ ਨੇ 1942-44 ਤਕ ਅੰਗਰੇਜ਼ੀ ਫੌਜਾਂ ਵਿਰੁੱਧ ਸਿੰਘਾ ਪੁਰ, ਮਲਾਇਆ, ਥਾਈਲੈਂਡ, ਬਰ੍ਹਮਾ, ਚਿੱਟਾਗਾਂਗ, ਕੋਹੀਮਾ ਅਤੇ ਮਨੀਪੁਰ ਫਰੰਟਾਂ ਤੇ ਘਮਸਾਨ ਦੀਆਂ ਲੜਾਈਆਂ ਲੜੀਆਂ। ਹਾਰ ਜਾਣ ਤੋਂ ਬਾਅਦ ਉਹਨਾਂ ਨੂੰ ਗ੍ਰਿਫ਼ਤਾਰ ਕਰਕੇ ਜੰਗੀ ਕੈਦੀ ਵਜੋਂ ਜਿਗਰ ਕੱਚਾ ਕੈਂਪ ਵਿਚ ਕੈਦ ਕੀਤਾ ਗਿਆ। 15 ਅਗਸਤ 1945 (ਸਾਲ ਸ਼ਾਇਦ 1947 ਹੋਵੇ) ਨੂੰ ਰਿਹਾਅ ਹੋਣ ਉਪ੍ਰੰਤ ਪੰਜਾਬ ਵਾਪਸ ਆ ਕੇ ਆਖ਼ਰ ਤਕ ਚੋਹਲਾ ਸਾਹਿਬ ਰਹੇ। ਬਾਬਾ ਸੁੱਚਾ ਸਿੰਘ ਜੀ ਦਾ ਅੰਤਮ ਸਸਕਾਰ ਉਹਨਾਂ ਨੇ ਆਪਣੇ ਹੱਥੀਂ ਕੀਤਾ। ਉਹਨਾਂ ਦੇ ਚਾਰ ਪੁੱਤਰ ਅਤੇ ਇਕ ਲੜਕੀ ਹੈ ਜਿਹਨਾਂ ਚੋਂ ਚਰਨਜੀਤ ਸਿੰਘ ਬਰਾੜ ਸੀ ਆਰ ਪੀ ਚੋਂ ਬਤੌਰ ਡੀ ਆਈ ਜੀ ਰਿਟਾਇਰ ਹੋ ਕੇ ਮੁਹਾਲੀ ਰਹਿੰਦੇ ਹਨ ਅਤੇ ਗ਼ਦਰੀ ਬਾਬਾ ਸੁੱਚਾ ਸਿੰਘ ਯਾਦਗਾਰੀ ਸੁਸਾਇਟੀ ਚੋਹਲਾ ਸਾਹਿਬ ਦੇ ਪ੍ਰਧਾਨ ਹਨ।

**132.** ਸਵਰਗੀ ਕਾਮਰੇਡ ਕਿਰਪਾ ਸਿੰਘ ਪੁੱਤਰ ਸ੍ਰ ਪਾਲ ਸਿੰਘ ਨੇ 1938-39 ਵਿਚ ਲਾਹੌਰ ਕਿਸਾਨ ਮੋਰਚੇ ਵਿਚ ਅਤੇ 1941-42 ਵਿਚ ਭਾਰਤ ਛੱਡੋ ਲਹਿਰ ਵਿਚ ਸਰਗਰਮੀ ਨਾਲ਼ ਭਾਗ ਲਿਆ। ਸਿਆਸੀ ਵਰਕਰ ਹੋਣ ਕਾਰਨ ਉਹਨਾਂ ਵਿਰੁੱਧ ਸਖ਼ਤ ਧਾਰਾਵਾਂ ਹੇਠ ਮੁਕੱਦਮਾ ਦਰਜ ਹੋਇਆ।

133. ਮੋਹਨ ਸਿੰਘ ਥਾਣੇਦਾਰ ਮਲਾਇਆ ਵਿਚ ਆਪਣਾ ਕਾਰੋਬਾਰ ਕਰਦੇ ਸਨ। 1942 ਵਿਚ ਅਜ਼ਾਦ ਹਿੰਦ ਫੌਜ ਵਿਚ ਸ਼ਾਮਲ ਹੋਏ ਅਤੇ ਦੇਸ਼ ਦੀ ਅਜ਼ਾਦੀ ਲਈ ਲੜਦੇ ਰਹੇ। ਅਜ਼ਾਦੀ ਤੋਂ ਬਾਅਦ ਉਹ ਪੰਜਾਬ ਪੁਲਿਸ ਵਿਚ ਭਰਤੀ ਹੋ ਗਏ ਅਤੇ ਰਿਟਾਇਰ ਹੋਣ ਤੋਂ ਬਾਅਦ ਪਿੰਡ ਵਿਚ ਸਮਾਜ ਸੇਵਾ ਦੇ ਕੰਮ ਵਿਚ ਰੁੱਝ ਗਏ। ਇਸ ਸਮੇਂ ਉਹ ਇੰਗਲੈਂਡ ਰਹਿੰਦੇ ਹਨ। ਉਹਨਾਂ ਨੇ ਦੇਸ਼ ਭਗਤ ਬਾਬਾ ਸੁੱਚਾ ਸਿੰਘ ਦੀ ਯਾਦਗਾਰ ਬਣਾਉਣ ਲਈ 5 ਲੱਖ ਰੁਪਏ ਦੀ ਸਹਾਇਤਾ ਦੇ ਕੇ ਯੋਗਦਾਨ ਪਾਇਆ।

**ਹੇਠ ਲਿਖੇ ਬਹੁਤ ਸਾਰੇ ਦੇਸ਼ ਭਗਤਾਂ ਨੇ ਅਜ਼ਾਦੀ ਦੀ ਲਹਿਰ ਅਤੇ ਗੁਰਦੁਆਰਾ ਸੁਧਾਰ ਲਹਿਰ ਵਿਚ ਭਾਗ ਲੈਂਦਿਆਂ ਭਾਰੀ ਕਸ਼ਟ ਸਹਾਰੇ ਅਤੇ ਜੇਲ੍ਹਾਂ ਕੱਟੀਆਂ** :-

ਲੜੀ ਨੰ ਦੇਸ਼ ਭਗਤ ਦਾ ਨਾਂ ਤੇ ਪਤਾ ਜਿਸ ਲਹਿਰ ਵਿੱਚ ਭਾਗ ਲਿਆ ਸਜਾ ਜੋ ਮਿਲੀ

134. ਉਤਮ ਸਿੰਘ ਪੁੱਤਰ ਸ੍ਰ ਰੱਲਾ ਸਿੰਘ, ਪਿੰਡ ਗੋਹਲਵੜ, ਤਹਿਸੀਲ ਤਰਨਤਾਰਨ, ਜੈਤੋ ਦਾ ਮੋਰਚਾ 1923, 6 ਮਹੀਨੇ ਕੈਦ

135. ਉਤਮ ਸਿੰਘ ਪੁੱਤਰ ਸ੍ਰ ਕੇਹਰ ਸਿੰਘ, ਪਿੰਡ ਨਬੀ ਪੁਰ, ਅਕਾਲੀ ਲਹਿਰ, 6 ਮਹੀਨੇ ਕੈਦ ਕੱਟੀ

136. ਊਧਮ ਸਿੰਘ ਪੁੱਤਰ ਸ੍ਰ ਰੰਗਾ ਸਿੰਘ, ਪਿੰਡ ਜੀਓਬਾਲ਼ਾ, ਤਹਿ. ਤਰਨਤਾਰਨ, ਗੁਰੂ ਕੇ ਬਾਗ ਦਾ ਮੋਰਚਾ, 8 ਮਹੀਨੇ ਕੈਦ

137. ਊਧਮ ਸਿੰਘ ਪੁੱਤਰ ਸ੍ਰ ਭਾਗ ਸਿੰਘ, ਪਿੰਡ ਭੈਲ਼ ਢਾਏ ਵਾਲਾ, ਅਕਾਲੀ ਲਹਿਰ, 1 ਸਾਲ 1 ਮਹੀਨਾ ਕੈਦ

138. ਉਜਾਗਰ ਸਿੰਘ ਪੁੱਤਰ ਸ੍ਰ ਰਾਮ ਸਿੰਘ, ਪਿੰਡ ਵੜਿੰਗ, ,, ,, 1 ਸਾਲ 1 ਮਹੀਨਾ ਕੈਦ

139. ਉਜਾਗਰ ਸਿੰਘ ਪੁੱਤਰ ਸ੍ਰ ਹਰੀ ਸਿੰਘ, ਪਿੰਡ ਖਡੂਰ ਸਾਹਿਬ, ਮੋਰਚਾ ਗੁਰੂ ਕੇ ਬਾਗ, 9 ਮਹੀਨੇ

140. ਉਜਾਗਰ ਸਿੰਘ ਪੁੱਤਰ ਸ੍ਰ ਸੰਤਾ ਸਿੰਘ, ਪਿੰਡ ਨਬੀ ਪੁਰ (ਪੱਟੀ), ਗੁਰੂ ਕੇ ਬਾਗ ਦਾ ਮੋਰਚਾ, 6 ਮਹੀਨੇ ਕੈਦ

141. ਉਜਾਗਰ ਸਿੰਘ ਪੁੱਤਰ ਸ੍ਰ ਊਧਮ ਸਿੰਘ, ਪਿੰਡ ਕੱਚਾ ਪੱਕਾ, ਗੁਰੂ ਕੇ ਬਾਗ, ,, ,, 8 ਮਹੀਨੇ ਕੈਦ

142. ਉੱਤਮ ਸਿੰਘ ,, ,, ਦੂਲਾ ਸਿੰਘ, ,, ਗੋਹਲਵੜ, ਜੈਤੋ ਦਾ ਮੋਰਚਾ, 1 ਸਾਲ 5 ਮਹੀਨੇ ਕੈਦ

143. ਊਧਮ ਸਿੰਘ ਪੁੱਤਰ ਸ੍ਰ ਮੋਤਾ ਸਿੰਘ, ਪਿੰਡ ਨੁਸ਼ਹਿਰਾ ਢਾਲਾ, ਅਕਾਲੀ ਲਹਿਰ, 11 ਮਹੀਨੇ

144. ਊਧਮ ਸਿੰਘ ,, ,, ਸੂਬਾ ਸਿੰਘ ,, ਕਿਰਤੋਵਾਲ਼, ਕਿਸਾਨ ਮੋਰਚਾ ਲਾਹੌਰ 1939, 3 ਮਹੀਨੇ ਕੈਦ

145. ਉਜਾਗਰ ਸਿੰਘ ਪੁੱਤਰ ਸ੍ਰ ਭਾਗ ਸਿੰਘ, ਪਿੰਡ ਝਬਾਲ ਖ਼ੁਰਦ, ਕਾਂਗਰਸ ਲਹਿਰ, 10 ਮਹੀਨੇ

146. ਉਜਾਗਰ ਸਿੰਘ ਪੁੱਤਰ ਸ੍ਰ ਦਿਆਲ ਸਿੰਘ, ਪਿੰਡ ਰਾਹਲ ਚਾਹਲ, ਕਿਸਾਨ ਮੋਰਚਾ, 1 ਸਾਲ 6 ਮਹੀਨੇ ਕੈਦ

147. ਊਧਮ ਸਿੰਘ ਪੁੱਤਰ ਸ੍ਰ ਨੱਥਾ ਸਿੰਘ, ਪਿੰਡ ਮਾਲੂ ਵਾਲ਼ ਖ਼ੁਰਦ, ਅਕਾਲੀ ਲਹਿਰ, 8 ਮਹੀਨੇ ਕੈਦ

148. ਉਜਾਗਰ ਸਿੰਘ ਪੁੱਤਰ ਸ੍ਰ ਖੇਮ ਸਿੰਘ, ਪਿੰਡ ਘਰਿਆਲ਼ਾ, ਕਾਂਗਰਸ ਲਹਿਰ, 6 ਮਹੀਨੇ ਕੈਦ

149. ਊਧਮ ਸਿੰਘ ਪੁੱਤਰ ਸ੍ਰ ਹਾਕਮ ਸਿੰਘ, ਪਿੰਡ ਬੁਰਜ ਰਾਏ ਕਾ, ਅਕਾਲੀ ਲਹਿਰ, 1 ਸਾਲ ਕੈਦ

150. ਊਧਮ ਸਿੰਘ ਪੁੱਤਰ ਸ੍ਰ ਤਾਰਾ ਸਿੰਘ, ਪਿੰਡ ਡਲੀਰੀ ਤਹਿ. ਪੱਟੀ, ਅਕਾਲੀ ਲਹਿਰ, 10 ਮਹੀਨੇ ਕੈਦ

151. ਉਜਾਗਰ ਸਿੰਘ ਪਿੰਡ ਤੇ ਡਾ. ਖਾ. ਵੀਰਮ, ਕਾਂਗਰਸ ਲਹਿਰ, 2 ਸਾਲ ਕੈਦ

152. ਆਲਾ ਸਿੰਘ ਪੁੱਤਰ ਸ੍ਰ ਨੱਥਾ ਸਿੰਘ, ਪਿੰਡ ਚੁਤਾਲ਼ਾ, ਕਿਸਾਨ ਮੋਰਚਾ, 7 ਮਹੀਨੇ ਕੈਦ

153. ਅਰਜਨ ਸਿੰਘ ਪੁੱਤਰ ਸ੍ਰ ਸੰਤਾ ਸਿੰਘ, ਪਿੰਡ ਭੁੱਲਰ, ਕਿਸਾਨ ਮੋਰਚਾ, 10 ਮਹੀਨੇ ਕੈਦ

154. ਅੱਛਰ ਸਿੰਘ ਪੁੱਤਰ ਸ੍ਰ ਸੁੰਦਰ ਸਿੰਘ, ਖਡੂਰ ਸਾਹਿਬ, ਜੈਤੋ ਦਾ ਮੋਰਚਾ, 1 ਸਾਲ 6 ਮਹੀਨੇ

155. ਅਮਰ ਸਿੰਘ ਪੁੱਤਰ ਸ੍ਰ ਬੂਟਾ ਸਿੰਘ, ਪਿੰਡ ਤੇ ਡਾ ਖਾ ਨਾਗੋ ਕੇ, ਜੈਤੋ ਦਾ ਮੋਰਚਾ, 9 ਮਹੀਨੇ

156. ਅਜਾਇਬ ਸਿੰਘ ,, ,, ਜਵਾਲਾ ਸਿੰਘ, ,, ਵਲਟੋਹਾ, ਇਨਫਰਾਦੀ ਸਤਿਆਗ੍ਰਹਿ, 7.5 ਮਹੀਨੇ

157. ਅਮਰ ਸਿੰਘ ਪੁੱਤਰ ਸ੍ਰ ਫੌਜਾ ਸਿੰਘ, ਪਿੰਡ ਕਸੇਲ, ਗੁਰੂ ਕੇ ਬਾਗ ਦਾ ਮੋਰਚਾ, 6 ਮਹੀਨੇ
158. ਅਜਾਇਬ ਸਿੰਘ ਪੁੱਤਰ ਸ੍ਰ ਬਿਸ਼ਨ ਸਿੰਘ, ਪਿੰਡ ਕਸੇਲ, ਜੈਤੋ ਦਾ ਮੋਰਚਾ, 8 ਮਹੀਨ ਕੈਦ
159. ਅਰਜਨ ਸਿੰਘ ਪੁੱਤਰ ਸ੍ਰ ਸੁਚੇਤ ਸਿੰਘ, ਪਿੰਡ ਚੋਹਲਾ ਸਾਹਿਬ ਖ਼ੁਰਦ, ਆਈ ਐਨ ਏ ---
160. ਅਰਜਨ ਸਿੰਘ ਪੁੱਤਰ ਸ੍ਰ ਬਿਸ਼ਨ ਸਿੰਘ, ਪਿੰਡ ਚੂਸਲੇਵੜ, ਗੁਰੂ ਕੇ ਬਾਗ ਦਾ ਮੋਰਚਾ, 7 ਮਹੀਨੇ
161. ਆਤਮਾ ਸਿੰਘ ਪੁੱਤਰ ਸ੍ਰ ਨਿਹਾਲ ਸਿੰਘ, ਪਿੰਡ ਜੌੜਾ, ਜੈਤੋ ਦਾ ਮੋਰਚਾ, 1 ਸਾਲ 6 ਮਹੀਨੇ
162. ਆਤਮਾ ਸਿੰਘ ,, ,, ਜੋਧ ਸਿੰਘ, ,, ਨਾਗੋ ਕੇ, ਅਕਾਲੀ ਲਹਿਰ, 6 ਮਹੀਨੇ ਕੈਦ +200 ਰੁ ਜੁਰਮਾਨਾ
163. ਅੱਛਰ ਸਿੰਘ ਪੁੱਤਰ ਸ੍ਰ ਸੁਰੈਣ ਸਿੰਘ, ਪਿੰਡ ਖਾਰਾ (ਸਰਹਾਲ਼ੀ), ਮੋਰਚਾ ਗੁਰੂ ਕੇ ਬਾਗ, 6 ਮਹੀਨੇ
164. ਅਮਰ ਸਿੰਘ ਪੁੱਤਰ ਸ੍ਰ ਪਾਲਾ ਸਿੰਘ, ਪਿੰਡ ਭੱਗੂ ਪੁਰਾ, ਜੈਤੋ ਦਾ ਮੋਰਚਾ, 1 ਸਾਲ ਕੈਦ
165. ਅਰਜਨ ਸਿੰਘ ਪੁੱਤਰ ਸ੍ਰ ਬਿਸ਼ਨ ਸਿੰਘ, ਪਿੰਡ ਚੂਸਲੇਵੜ, ਗੁਰੂ ਕੇ ਬਾਗ ਦਾ ਮੋਰਚਾ, 7 ਮਹੀਨੇ
166. ਆਸਾ ਸਿੰਘ ਪੁੱਤਰ ਸ੍ਰ ਗੰਡਾ ਸਿੰਘ, ਪਿੰਡ ਘਰਿਆਲ਼ਾ, ਕਿਸਾਨ ਮੋਰਚਾ, 10 ਮਹੀਨੇ ਕੈਦ
167. ਆਸਾ ਸਿੰਘ ,, ,, ਪਰਧਾਨ ਸਿੰਘ, ,, ਭੱਠਲ ਭਾਈ ਕੇ,ਅਕਾਲੀ ਲਹਿਰ 1920, 2 ਸਾਲ 8 ਮਹੀਨੇ ਕੈਦ
168. ਅੱਛਰ ਸਿੰਘ ,, ,, ਤੇਜਾ ਸਿੰਘ, ,, ਰਸੂਲ ਪੁਰ, ਅਜ਼ਾਦੀ ਲਹਿਰ, 9 ਮਹੀਨੇ 5 ਦਿਨ ਕੈਦ
169. ਅਮਰ ਸਿੰਘ ਉਰਫ਼ ਪ੍ਰੇਮ ਸਿੰਘ ਪੁੱਤਰ ਸ੍ਰ ਜਗਤ ਸਿੰਘ, ਪਿੰਡ (ਪੱਟੀ), ਅਜ਼ਾਦੀ ਲਹਿਰ, 6 ਮਹੀਨੇ ਕੈਦ
170. ਅਮਰ ਸਿੰਘ ,, ,, ਭਗਤ ਸਿੰਘ, ,, ਨਾਰਲੀ, ਗੁਰੂ ਕਾ ਬਾਗ ਮੋਰਚਾ, 11 ਮਹੀਨੇ ਕੈਦ
171. ਅਮਰ ਸਿੰਘ ਪੁੱਤਰ ਸ੍ਰ ਅਪਾਰ ਸਿੰਘ, ਪਿਡ ਸੁਰ ਸਿੰਘ, ਕਿਸਾਨ ਮੋਰਚਾ ਲਹੌਰ, 6 ਮਹੀਨੇ ਕੈਦ
172. ਅਰਜਨ ਸਿੰਘ ,, ,, ਸੁਰੈਣ ਸਿੰਘ, ,, ਘੜਕਾ, ਆਈ ਐਨ ਏ ਵਿਚ ਕੰਮ, 1 ਸਾਲ ਰੂਪੋਸ਼
173. ਅਰਜਨ ਸਿੰਘ ,, ,, ਉਜਾਗਰ ਸਿੰਘ, ,, ਮਰਗਿੰਦ ਪੁਰਾ, ਕਾਂਗਰਸ ਲਹਿਰ, 6 ਮਹੀਨੇ ਕੈਦ
174. ਆਤਮਾ ਸਿੰਘ ਪੁੱਤਰ ਸ੍ਰ ਸ਼ੇਰ ਸਿੰਘ, ਪਿੰਡ ਨਾਰਲੀ, ਅਕਾਲੀ ਮੋਰਚਾ, 6 ਮਹੀਨੇ ਕੈਦ
175. ਅਜੀਤ ਸਿੰਘ ਪੁੱਤਰ ਸ੍ਰ ਜਵੰਧ ਸਿੰਘ, ਪਿੰਡ ਸੁਰਸਿੰਘ, ਕਾਂਗਰਸ ਲਹਿਰ, 6 ਮਹੀਨੇ ਕੈਦ
176. ਅਨੋਖ ਸਿੰਘ ਪੁੱਤਰ ਸ੍ਰ ਮੀਆਂ ਸਿੰਘ, ਪਿੰਡ ਮਾੜੀ ਕੰਬੋ ਕੇ, ਕਿਸਾਨ ਮੋਰਚਾ, 8 ਮਹੀਨੇ ਕੈਦ
177. ਅੱਛਰ ਸਿੰਘ ਪਿੰਡ ਤੇ ਡਾ, ਖਾ. ਨਾਰਲੀ, ਕਿਸਾਨ ਮੋਰਚਾ, 2 ਸਾਲ ਕੈਦ
178. ਅਰੂੜ ਸਿੰਘ ਵਲਦ ਰੂਪਾ ਸਿੰਘ, ਪਿੰਡ ਨਬੀ ਪੁਰ, ਕਿਸਾਨ ਮੋਰਚਾ, 6 ਮਹੀਨੇ ਕੈਦ
179. ਅਤਰ ਸਿੰਘ ਪੁੱਤਰ ਸ੍ਰ ਮੰਗਲ ਸਿੰਘ, ਪਿੰਡ ਵਰਨਾਲ਼ਾ, ਕਿਸਾਨ ਮੋਰਚਾ, 9 ਮਹੀਨੇ ਕੈਦ
180. ਇੰਦਰ ਸਿੰਘ ਪੁੱਤਰ ਸ੍ਰ ਕੇਹਰ ਸਿੰਘ, ਪਿੰਡ ਚੁਤਾਲ਼ਾ, ਜੈਤੋ ਦਾ ਮੋਰਚਾ, 1 ਸਾਲ ਕੈਦ
181. ਇੰਦਰ ਸਿੰਘ ਉਰਫ਼ ਮੇਹਰ ਸਿੰਘ ਪੁੱਤਰ ਸ੍ਰ ਗੰਗਾ ਸਿੰਘ, ਪਿੰਡ ਝਬਾਲ਼, ਭਾਈ ਫੇਰੂ ਦਾ ਮੋਰਚਾ, 1 ਸਾਲ ਕੈਦ
182. ਇੰਦਰ ਸਿੰਘ ਉਰਫ਼ ਸਰਮੁਖ ਸਿੰਘ ਪੁੱਤਰ ਸ੍ਰ ਨਰੈਣ ਸਿੰਘ, ਅੰਮ੍ਰਿਤਸਰ ਰੋਡ, ਤਰਨਤਾਰਨ, ਕਾਂਗਰਸ ਲਹਿਰ,- 6 ਮਹੀਨੇ
183. ਇੰਦਰ ਸਿੰਘ ਪੁੱਤਰ ਸ੍ਰ ਸ਼ੇਰ ਸਿੰਘ, ਪਿੰਡ ਮੁੰਡਾ ਪਿੰਡ, ਜੈਤੋ ਦਾ ਮੋਰਚਾ, 9 ਮਹੀਨੇ ਕੈਦ
184. ਈਸ਼ਰ ਸਿੰਘ ਪੁੱਤਰ ਸ੍ਰ ਜਵਾਲਾ ਸਿੰਘ, ਪਿੰਡ ਛਿਛਰੇਵਾਲ਼, ਜੈਤੋ ਦਾ ਮੋਰਚਾ, 6 ਮਹੀਨੇ
185. ਇੰਦਰ ਸਿੰਘ ਪੁੱਤਰ ਸ੍ਰ ਪ੍ਰੇਮ ਸਿੰਘ ਪਿੰਡ ਖਾਰਾ ਡਾ. ਖਾ. ਸਰਹਾਲ਼ੀ, ਕਿਸਾਨ ਮੋਰਚਾ, 9 ਮਹੀਨੇ
186. ਈਸ਼ਰ ਸਿੰਘ ਪੁੱਤਰ ਸ੍ਰ ਜਵਾਲਾ ਸਿੰਘ, ਪਿੰਡ ਮਰਾਹਣਾ, ਕਿਸਾਨ ਮੋਰਚਾ, 1 ਸਾਲ 2 ਮਹੀਨੇ
187. ਇੰਦਰ ਸਿੰਘ ਪੁੱਤਰ ਸ੍ਰ ਦੇਵਾ ਸਿੰਘ, ਪਿੰਡ ਘਰਿਆਲ਼ਾ, ਕਾਂਗਰਸ ਲਹਿਰ, 1 ਸਾਲ ਕੈਦ
188. ਈਸ਼ਰ ਸਿੰਘ ਉਰਫ਼ ਅਤਰ ਸਿੰਘ ਪੁੱਤਰ ਸ੍ਰ ਝੰਡਾ ਸਿੰਘ, ਪੱਟੀ, ਅਕਾਲੀ ਲਹਿਰ, 7.5 ਮਹੀਨੇ
189. ਇੰਦਰ ਸਿੰਘ ਪੁੱਤਰ ਸ੍ਰ ਸੁਦਾਗਰ ਸਿੰਘ, ਪਿੰਡ ਮਨ੍ਹਿਆਲ਼ਾ ਜੈ ਸਿੰਘ, ਅਕਾਲੀ ਲਹਿਰ, 8 ਮਹੀਨੇ ਕੈਦ
190. ਇੰਦਰ ਸਿੰਘ ਪੁੱਤਰ ਸ੍ਰ ਗੋਪਾਲ ਸਿੰਘ, ਪਿੰਡ ਨਾਰਲੀ, ਅਕਾਲੀ ਲਹਿਰ, 6 ਮਹੀਨੇ ਕੈਦ
191. ਇੰਦਰ ਸਿੰਘ ,, ,, ਨੰਦ ਸਿੰਘ, ,, ਸ਼ਹੀਦ (ਪੱਟੀ) , ਆਈ ਐਨ ਏ, ਕਿਸਾਨ ਮੋਰਚਾ, 6 ਮਹੀਨੇ
192. ਸੰਤ ਰਾਮ ਪੁੱਤਰ ਸ੍ਰੀ ਮੁਕੰਦ ਲਾਲ, ਪਿੰਡ ਫਤਿਆਬਾਦ, ਕਾਂਗਰਸ ਲਹਿਰ, 11 ਮਹੀਨੇ

193. ਸਾਧੂ ਸਿੰਘ ,, ,, ਨੱਥਾ ਸਿੰਘ, ਪਿੰਡ ਭੱਠਲ ਭਾਈ ਕੇ, ਅਜ਼ਾਦੀ ਲਹਿਰ 1919, 2 ਸਾਲ 6 ਮਹੀਨੇ
194. ਸਾਧੂ ਸਿੰਘ ਪੁੱਤਰ ਸ੍ਰ ਨੱਥਾ ਸਿੰਘ, ਪਿੰਡ ਕੱਲ੍ਹਾ, ਅਕਾਲੀ ਲਹਿਰ, 1 ਸਾਲ ਕੈਦ
195. ਸੁਜਾਨ ਸਿੰਘ ਪੁੱਤਰ ਸ੍ਰ ਬੇਲਾ ਸਿੰਘ, ਪਿੰਡ ਮਾਣੋ ਚਾਹਲ ਕਲਾਂ, ਆਈ ਐਨ ਏ, 1 ਸਾਲ 6 ਮਹੀਨੇ ਕੈਦ
196. ਸੁਲੱਖਣ ਸਿੰਘ ,, ,, ਬਹਾਦਰ ਸਿੰਘ, ,, ਢੋਟੀਆਂ, ਕਾਂਗਰਸ ਲਹਿਰ, 3 ਸਾਲ ਕੈਦ, 3 ਸਾਲ ਜੂਹ ਬੰਦ
197. ਸਾਧੂ ਸਿੰਘ ,, ,, ਪੂਰਨ ਸਿੰਘ, ,, ਸਰਹਾਲ਼ੀ ਕਲਾਂ, ਆਈ ਐਨ ਏ, 1 ਸਾਲ ਕੈਦ
198. ਸੋਹਨ ਸਿੰਘ ਪੁੱਤਰ ਸ੍ਰ ਪਾਲ ਸਿੰਘ ਪਿੰਡ ਤੇ ਡਾ ਖਾ ਕਸੇਲ, ਜੈਤੋ ਦਾ ਮੋਰਚਾ, 6 ਮਹੀਨੇ ਕ
199. ਸੋਹਣ ਸਿੰਘ ਪੁੱਤਰ ਸ੍ਰ ਜੀਵਨ ਸਿੰਘ ਰਾਮਗੜ੍ਹੀਆ, ਪਿੰਡ ਕਸੇਲ, ਜੈਤੋ ਦਾ ਮੋਰਚਾ, 6 ਮਹੀਨੇ
200. ਸਾਧੂ ਸਿੰਘ ਪੁੱਤਰ ਸ੍ਰ ਜੀਵਨ ਸਿੰਘ, ਪਿੰਡ ਸੰਘਰ ਕੋਟ, ਕਾਂਗਰਸ ਲਹਿਰ, 4 ਸਾਲ 5 ਮਹੀਨੇ
201. ਸੰਤਾ ਸਿੰਘ ਪੁੱਤਰ ਸ੍ਰ ਨਿਹਾਲ ਸਿੰਘ, ਪਿੰਡ ਮਰਹਾਣਾ, ਅਕਾਲੀ ਲਹਿਰ, 1 ਸਾਲ ਕੈਦ
202. ਸੁੰਦਰ ਸਿੰਘ ,, ,, ਲਾਲ ਸਿੰਘ, ,, ਭੂਰਾਕੋਨਾ, ,, ,, 7 ਮਹੀਨੇ ਕੇਦ + 250 ਰੁ
203. ਸੰਤਾ ਸਿੰਘ ਪੁੱਤਰ ਸ੍ਰ ਪਿਸ਼ੌਰਾ ਸਿੰਘ ਪਿੰਡ ਬਾਹਮਣੀ ਵਾਲ਼ਾ, ਜੈਤੋ ਦਾ ਮੋਰਚਾ, 1 ਸਾਲ ਕੈਦ
204. ਸਾਧੂ ਸਿੰਘ ,, ,, ਵੀਰ ਸਿੰਘ, ,, ਖਡੂਰ ਸਾਹਿਬ, ਜੈਤੋ ਦਾ ਮੋਰਚਾ, 1 ਸਾਲ ਨਜ਼ਰਬੰਦ
205. ਸੁਰਜਨ ਸਿੰਘ ,, ,, ਕਾਲ਼ਾ ਸਿੰਘ, ਪਿੰਡ ਸਭਰਾ, ਆਈ ਐਨ ਏ, ਚਿੱਟਾਗਾਂਗ ਜੇਲ੍ਹ ਵਿਚ, 7 ਮਹੀਨੇ
206. ਸੋਹਨ ਸਿੰਘ ,, ,, ਸ਼ੇਰ ਸਿੰਘ, ,, ਜਲਾਲਾਬਾਦ, ਸਿਵਲ ਨਾ-ਫ਼ੁਰਮਾਨੀ, 6 ਸਾਲ 6 ਮਹੀਨੇ
207. ਸ਼ੰਗਾਰਾ ਸਿੰਘ ਪੁੱਤਰ ਸ੍ਰ ਦੀਵਾਨ ਸਿੰਘ, ਪਿੰਡ ਸ਼ੇਰੋਂ, ਆਈ ਐਨ ਏ, 1 ਸਾਲ 6 ਮਹੀਨੇ
208. ਸ਼ੰਗਾਰਾ ਸਿੰਘ ਪੁੱਤਰ ਸ੍ਰ ਦੇਵਾ ਸਿੰਘ, ਪਿੰਡ ਸ਼ੇਰੋਂ, ਆਜ਼ਾਦੀ ਲਹਿਰ, 2 ਸਾਲ ਕੈਦ
209. ਸੋਹਨ ਸਿੰਘ ,, ,, ਮੰਗਲ ਸਿੰਘ, ,, ਖਡੂਰ ਸਾਹਿਬ, ,, ,, 9 ਮਹੀਨੇ ਕੈਦ + 150 ਰੁਪਏ ਜੁਰਮਾਨਾ
210. ਸ਼ੰਗਾਰਾ ਸਿੰਘ ਪੁੱਤਰ ਸ੍ਰ ਭਗਤ ਸਿੰਘ, ਪਿੰਡ ਲਹੁਕੇ, ਆਜ਼ਾਦੀ ਲਹਿਰ, 1 ਸਾਲ ਕੈਦ
211. ਸਰਦੂਲ ਸਿੰਘ ,, ,, ਬਹਾਦਰ ਸਿੰਘ, ,, ਢੰਡ, ਅਕਾਲੀ ਲਹਿਰ, ਸਿੰਘਾ ਪੁਰ ਜੇਲ੍ਹ, 10 ਮਹੀਨੇ
212. ਸੋਹਨ ਸਿੰਘ ਪੁੱਤਰ ਸ੍ਰ ਪਾਲ ਸਿੰਘ, ਪਿੰਡ ਨੁਸ਼ਹਿਰਾ ਪੰਨੂਆ, ਗੁਰੂ ਕੇ ਬਾਗ ਦਾ ਮੋਰਚਾ, 7 ਮਹੀਨੇ ਕੈਦ
213. ਸੋਹਨ ਸਿੰਘ ,, ,, ਮੰਗਲ ਸਿੰਘ, ,, ਭਾਈ ਲੱਧੂ (ਭਿੱਖੀਵਿੰਡ), ਕਿਸਾਨ ਮੋਰਚਾ 1920, 9 ਮਹੀਨੇ ਕੈਦ
214. ਸੁਚੇਤ ਸਿੰਘ ਪੁੱਤਰ ਸ੍ਰ ਜਗਤ ਸਿੰਘ, ਪਿੰਡ ਜੰਡੋ ਕੇ, ਅਕਾਲੀ ਲਹਿਰ, 8 ਮਹੀਨੇ ਕੈਦ
215. ਸੁਰੈਣ ਸਿੰਘ ਪੁੱਤਰ ਸ੍ਰ ਰੂੜ ਸਿੰਘ, ਪਿੰਡ ਮੋਹਨ ਪੁਰਾ, ਗ਼ਦਰ ਲਹਿਰ ਦੌਰਾਨ, ਜੂਹ-ਬੰਦ ਕੀਤਾ
216. ਸਰਦੂਲ ਸਿੰਘ ਪੁੱਤਰ ਸ੍ਰ ਪਰੇਮ ਸਿੰਘ, ਪਿੰਡ ਮੂਸੇ, ਅਕਾਲੀ ਲਹਿਰ, 1 ਸਾਲ ਕੈਦ
217. ਸੰਤੋਖ ਸਿੰਘ ਪੁੱਤਰ ਸ੍ਰ ਪਿਸ਼ੌਰਾ ਸਿੰਘ, ਪਿੰਡ ਬਾਹਮਣੀ ਵਾਲ਼ਾ, ਅਕਾਲੀ ਲਹਿਰ, 1 ਸਾਲ 8 ਮਹੀਨੇ
218. ਸ਼ੰਗਾਰਾ ਸਿੰਘ ਪੁੱਤਰ ਸ੍ਰ ਹੀਰਾ ਸਿੰਘ, ਪਿੰਡ ਘਰਿਆਲ਼ਾ, ਕਾਂਗਰਸ ਲਹਿਰ, 1 ਸਾਲ 6 ਮਹੀਨੇ
219. ਸੰਤਾ ਸਿੰਘ ਪੁੱਤਰ ਸ੍ਰ ਕੇਸਰ ਸਿੰਘ, ਪਿੰਡ ਮਾਣਕ ਪੁਰਾ, ਕਾਂਗਰਸ ਲਹਿਰ, 1 ਸਾਲ 9 ਮਹੀਨੇ ਕੈਦ
220. ਸੁਖਦੇਵ ਪੁੱਤਰ ਸ੍ਰੀ ਕਾਕਾ ਰਾਮ ਰਿਟਾਇਰਡ ਟੀਚਰ, ਪੱਟੀ, ਕਾਂਗਰਸ ਲਹਿਰ, 1 ਸਾਲ ਕੈਦ
221. ਸੁਰੈਣ ਸਿੰਘ ਪੁੱਤਰ ਸ੍ਰ ਕਾਲ਼ਾ ਸਿੰਘ, ਪਿੰਡ ਸਰਹਾਲ਼ੀ, ਗ਼ਦਰ ਲਹਿਰ ਦੌਰਾਨ ਜੂਹ-ਬੰਦ ਕੀਤਾ
222. ਸੁਰੈਣ ਸਿੰਘ ਪੁੱਤਰ ਸ੍ਰ ਝੰਡਾ ਸਿੰਘ, ਪਿੰਡ ਸਭਰਾ, ਕਾਂਗਰਸ ਲਹਿਰ, 1 ਸਾਲ ਕੈਦ
223. ਸਾਧੂ ਸਿੰਘ ਪੁੱਤਰ ਸ੍ਰ ਭਗਤ ਸਿੰਘ, ,, ਮਰਗਿੰਦਪੁਰਾ, ਕਾਂਗਰਸ ਲਹਿਰ, 6 ਮਹੀਨੇ ਕੈਦ
224. ਸ਼ੰਗਾਰਾ ਸਿੰਘ ਪੁੱਤਰ ਸ੍ਰ ਸੋਹਨ ਸਿੰਘ, ,, ਕੱਚਾ ਪੱਕਾ, ਕਾਂਗਰਸ ਲਹਿਰ, 7 ਮਹੀਨੇ ਕੈਦ
225. ਸੁਦਾਗਰ ਸਿੰਘ ਉਰਫ਼ ਜਗਤ ਸਿੰਘ ਪੁੱਤਰ ਸ੍ਰ ਅਮਰ ਸਿੰਘ, ਪਿੰਡ ਘਰਿਆਲ਼ਾ, ਅਕਾਲੀ ਲਹਿਰ, 1 ਸਾਲ ਕੈਦ
226. ਸੂਬਾ ਸਿੰਘ ਪੁੱਤਰ ਸ੍ਰ ਲਾਭ ਸਿੰਘ, ਪਿੰਡ ਸਭਰਾ, ਆਈ ਐਨ ਏ ----
227. ਸੂਬਾ ਸਿੰਘ ,, ,, ਕਪੂਰ ਸਿੰਘ, ,, ਮਰਹਾਣਾ, ਕਿਸਾਨ ਮੋਰਚਾ, ਅਜ਼ਾਦੀ ਲਹਿਰ, 1 ਸਾਲ 6 ਮਹੀਨੇ
228. ਸੂਬਾ ਸਿੰਘ ,, ,, ਦਿਆਲ ਸਿੰਘ, ,, ਭਲਾਈਪੁਰ ਡੋਗਰਾਂ, ਅਕਾਲੀ ਲਹਿਰ, 6 ਮਹੀਨੇ

229. ਸੁਰੈਣ ਸਿੰਘ ਪੁੱਤਰ ਸ੍ਰ ਉੱਤਮ ਸਿੰਘ, ਪਿੰਡ ਨੱਥੂ ਪੁਰ, ਅਕਾਲੀ ਲਹਿਰ, 6 ਮਹੀਨੇ ਕੈਦ
230. ਸ਼ੰਗਾਰਾ ਸਿੰਘ ਪੁੱਤਰ ਸ੍ਰ ਹੀਰਾ ਸਿੰਘ, ਪਿੰਡ ਘਰਿਆਲ਼ਾ, ਕਾਂਗਰਸ ਲਹਿਰ, 1 ਸਾਲ 6 ਮਹੀਨੇ
231. ਸੁਰੈਣ ਸਿੰਘ ਪੁੱਤਰ ਸ੍ਰ ਵਰਿਆਮ ਸਿੰਘ, ਵਾਰਡ ਨੰ 3, ਪੱਟੀ,ਅਕਾਲੀ ਲਹਿਰ, 2 ਸਾਲ ਕੈਦ
232. ਸ਼ੰਗਾਰਾ ਸਿੰਘ ਪੁੱਤਰ ਸ੍ਰ ਟਹਿਲ ਸਿੰਘ, ਪਿੰਡ ਅਲਗੋਂ, ,, ,, 8 ਮਹੀਨੇ ਕੈਦ
233. ਸੰਪੂਰਨ ਸਿੰਘ ਪੁੱਤਰ ਸ੍ਰ ਜੀਵਨ ਸਿੰਘ, ਪਿੰਡ ਭੂਰਾ ਕੋਨਾ, ਡੀ ਆਈ ਆਰ, 9 ਮਹੀਨੇ ਕੈਦ
234. ਸੁੰਦਰ ਸਿੰਘ ਪੁੱਤਰ ਸ੍ਰ ਨਰੈਣ ਸਿੰਘ, ਪਿੰਡ ਲਾਖਣਾ ਵਾਇਆ ਖੇਮਕਰਨ, ਡੀ ਆਈ ਆਰ, 1 ਸਾਲ ਕੈਦ
235. ਸੂਰਜ ਪਾਲ ਪੁੱਤਰ ਸ੍ਰ ਰੱਖਾ ਸਿੰਘ, ਸਿਵਲ ਨਾ ਫ਼ੁਰਮਾਨੀ ਲਹਿਰ, 1 ਸਾਲ 8 ਮਹੀਨੇ ਕੈਦ
236. ਸ਼ੰਗਾਰਾ ਸਿੰਘ ਪੁੱਤਰ ਸ੍ਰ ਭਗਤ ਸਿੰਘ, ਪਿੰਡ ਲਾਖਣਾ (ਰਾਜੋ ਕੇ), ਡੀ ਆਈ ਆਰ, 11 ਮਹੀਨੇ
237. ਸੁਰਜਨ ਸਿੰਘ ਪੁੱਤਰ ਸ੍ਰ ਲਛਮਣ ਸਿੰਘ, ਪਿੰਡ ਬੱਲਿਆਂਵਾਲ਼ਾ, ਆਈ ਐਨ ਏ, ------
238. ਸੁਰਜਨ ਸਿੰਘ ਉਰਫ਼ ਸੁਜਾਨ ਸਿੰਘ ਪੁੱਤਰ ਸ੍ਰ ਬੇਲਾ ਸਿੰਘ, ਆਈ ਐਨ ਏ, 1 ਸਾਲ 6 ਮਹੀਨੇ
239. ਸ਼ਾਮ ਸਿੰਘ ,, ,, ਬਸੰਤ ਸਿੰਘ, ,, ਭੱਠਲ ਭਾਈ ਕੇ, ਅਜ਼ਾਦੀ ਲਹਿਰ, ਕਿਸਾਨ ਮੋਰਚਾ, 9 ਮਹੀਨੇ ਕੈਦ
240. ਸੂਰਤਾ ਸਿੰਘ ਪੁੱਤਰ ਸ੍ਰ ਕੇਸਰ ਸਿੰਘ, ਪਿੰਡ ਤੇ ਡਾ. ਖਾ. ਸੰਗਵਾਂ, ਅਕਾਲੀ ਲਹਿਰ, 1 ਸਾਲ 3 ਮਹੀਨੇ ਕੈਦ
241. ਸੂਰਤ ਸਿੰਘ ਪੁੱਤਰ ਸ੍ਰ ਕੇਸਰ ਸਿੰਘ, ਪਿੰਡ ਕੰਬੋਅ ਢਾਏ ਵਾਲ਼ਾ, ਆਈ ਐਨ ਏ, 4 ਸਾਲ ਜੇਲ੍ਹ
242. ਸੂਰਤ ਸਿੰਘ ਪੁੱਤਰ ਸ੍ਰ ਨੰਦ ਸਿੰਘ, ਪਿੰਡ ਬਚੜੇ, ਆਈ ਐਨ ਏ, 1 ਸਾਲ 6 ਮਹੀਨੇ ਕੈਦ
243. ਸੂਬਾ ਸਿੰਘ ,, ,, ਵੀਰ ਸਿੰਘ, ,, ਠੱਠੀਆਂ ਮਹੰਤਾਂ, ਅਜ਼ਾਦੀ ਲਹਿਰ, 7 ਮਹੀਨੇ ਕੈਦ
244. ਸੁਰੈਣ ਸਿੰਘ ਪੁੱਤਰ ਸ੍ਰ ਰਾਜਾ ਸਿੰਘ, ਪਿੰਡ ਮਾੜੀ ਗੌੜ ਸਿੰਘ, ਅਕਾਲੀ ਲਹਿਰ, 2 ਸਾਲ 2 ਮਹੀਨੇ
245. ਸੋਹਨ ਸਿੰਘ ਪੁੱਤਰ ਸ੍ਰ ਨਰੈਣ ਸਿੰਘ, ਪਿੰਡ ਸਿੰਘ ਪੁਰਾ, ਅਕਾਲੀ ਲਹਿਰ, 6 ਮਹੀਨੇ ਕੈਦ
246. ਸਾਧੂ ਸਿੰਘ ਪੁੱਤਰ ਸ੍ਰ ਚੇਤ ਸਿੰਘ, ਪਿੰਡ ਸੁਰਸਿੰਘ, ਅਕਾਲੀ ਲਹਿਰ, 6 ਮਹੀਨੇ ਕੈਦ
247. ਸੋਹਨ ਸਿੰਘ ਪੁੱਤਰ ਸ੍ਰ ਮੰਗਲ ਸਿੰਘ, ਪਿੰਡ ਭਾਈ ਲੱਧੂ (ਕਲਸੀਆਂ), ਕਾਂਗਰਸ ਲਹਿਰ, 9 ਮਹੀਨੇ
248. ਸੋਹਨ ਸਿੰਘ ,, ,, ਹਰਨਾਮ ਸਿੰਘ, ,, ਭੱਠਲ ਭਾਈ ਕੇ, ਆਈ ਐਨ ਏ, 1 ਸਾਲ 6 ਮਹੀਨੇ
249. ਸੋਹਨ ਲਾਲ ,, ,, ਬੇਲੀ ਰਾਮ, ,, ਨੁਸ਼ਹਿਰਾ ਪੰਨੂਆਂ, ਅਜ਼ਾਦੀ ਲਹਿਰ, ਬੋਰਸਟਲ ਜੇਲ੍ਹ, 1 ਸਾਲ 6 ਮਹੀਨੇ
250. ਸਾਧੂ ਸਿੰਘ ਪੁੱਤਰ ਸ੍ਰ ਸੁਰਿੰਦਰ ਸਿੰਘ, ਪਿੰਡ ਤੇ ਡਾ. ਖਾ. ਸੁਰਸਿੰਘ, ਅਕਾਲੀ ਲਹਿਰ, 7 ਮਹੀਨੇ
251. ਸੁਲੱਖਣ ਸਿੰਘ ਪੁੱਤਰ ਸ੍ਰ ਬੀਰ ਸਿੰਘ, ਪਿੰਡ ਤੇ ਡਾ ਖਾ ਖਾਲੜਾ, ਆਈ ਐਨ ਏ, ---
252. ਸਰੂਪ ਸਿੰਘ ,, ,, ਲਾਭ ਸਿੰਘ, ,, ਨੁਸ਼ਹਿਰਾ ਪੰਨੂਆਂ, ਅਜ਼ਾਦੀ ਲਹਿਰ, 3 ਸਾਲ 6 ਮਹੀਨੇ ਕੈਦ
253. ਸੰਤਾ ਸਿੰਘ ਪੁੱਤਰ ਸ੍ਰ ਨਿਹਾਲ ਸਿੰਘ, ਪਿੰਡ ਸੁਰਸਿੰਘ, ਕਾਂਗਰਸ ਲਹਿਰ, 6 ਮਹੀਨੇ ਕੈਦ
254. ਸੰਤਾ ਸਿੰਘ ਪੁੱਤਰ ਸ੍ਰ ਪਿਸ਼ੌਰਾ ਸਿੰਘ, ਪਿੰਡ ਬਾਹਮਣੀਵਾਲ਼ਾ, ਜੈਤੋ ਦੇ ਮੋਰਚੇ ਵਿਚ, 2 ਸਾਲ 9 ਮਹੀਨੇ ਕੈਦ
255. ਸ਼ਾਮ ਸਿੰਘ ,, ,, ਸੁੰਦਰ ਸਿੰਘ, ,, ਗੋਹਲਵੜ, ਗੁਰੂ ਕੇ ਬਾਗ ਦਾ ਮੋਰਚਾ, 2 ਸਾਲ 6 ਮਹੀਨ
256. ਸੁਹੇਲ ਸਿੰਘ ,, ,, ਬਿਸ਼ਨ ਸਿੰਘ, ,, ਭੈਣੀ ਗੁਰਮੁਖ ਸਿੰਘ, ਗੁਰੂ ਕੇ ਬਾਗ, ਜੈਤੋ ਦਾ ਮੋਰਚਾ, 1 ਸਾਲ 3 ਮਹੀਨੇ
257. ਸੰਤੂ ਪੁੱਤਰ ਸ੍ਰ ਮੀਹਾਂ ਸਿੰਘ, ਪਿੰਡ ਵੇਈਂ ਪੂਈਂ, ਗ਼ਦਰ ਲਹਿਰ ਦੌਰਾਨ ਜੂਹ-ਬੰਦ ਕੀਤਾ ਗਿਆ
258. ਸੁੰਦਰ ਸਿੰਘ ਪੁੱਤਰ ਸ੍ਰ ਜਵਾਲਾ ਸਿੰਘ, ਪਿੰਡ ਦਿਲਾਵਲ ਪੁਰ, ਗ਼ਦਰ ਲਹਿਰ ਦੌਰਾਨ ਜੂਹ-ਬੰਦ ਕੀਤਾ ਗਿਆ
259. ਸੂਬਾ ਸਿੰਘ ਪਿੰਡ ਚੋਹਲਾ ਸਾਹਿਬ, ਗ਼ਦਰ ਲਹਿਰ, ਉਮਰ ਕੈਦ, ਹਜ਼ਾਰੀ ਬਾਗ ਜੇਲ੍ਹ
260. ਸੁਰੈਣ ਸਿੰਘ ਪਿੰਡ ਕਸੇਲ, ਗ਼ਦਰ ਲਹਿਰ ਦੌਰਾਨ ਉਮਰ ਕੈਦ ਕਾਲ਼ੇ ਪਾਣੀ
261. ਸ਼ਾਦੀ ਜੀ ਪੁੱਤਰ ਚਤਰਾ ਜੀ, ਪਿੰਡ ਦਿਆਲਪੁਰ (ਤਰਨਤਾਰਨ) ਨੂੰ ਗ਼ਦਰ ਲਹਿਰ ਦੌਰਾਨ ਜੂਹ-ਬੰਦ ਕੀਤਾ ਗਿਆ
262. ਹਰਬੰਸ ਸਿੰਘ ਉਰਫ਼ ਬੂਟਾ ਸਿੰਘ ਗ੍ਰੰਥੀ, ਪਿੰਡ ਤੇ ਡਾ. ਖਾ. ਪੱਖੋ ਕੇ, ਜੈਤੋ ਦਾ ਮੋਰਚਾ, 1 ਸਾਲ 2 ਮਹੀਨੇ
263. ਹਰਨਾਮ ਸਿੰਘ ਪੁੱਤਰ ਸ੍ਰ ਨਿਹਾਲ ਸਿੰਘ, ਪਿੰਡ ਗੋਹਲਵੜ, ਗੁਰੂ ਕੇ ਬਾਗ, ਜੈਤੋ ਦਾ ਮੋਰਚਾ, 2 ਸਾਲ ਕੈਦ

**264.** ਹਾਕਮ ਸਿੰਘ ਪੁੱਤਰ ਸ੍ਰ ਖੁਸ਼ਹਾਲ ਸਿੰਘ, ਪਿੰਡ ਕੈਰੋਂਵਾਲ਼, ਜੈਤੋ ਦਾ ਮੋਰਚਾ, 9 ਮਹੀਨੇ ਕੈਦ

**265.** ਹਾਕਮ ਸਿੰਘ ਪੁੱਤਰ ਸ੍ਰ ਆਸਾ ਸਿੰਘ, ਪਿੰਡ ਜੌਹਲ਼ ਰਾਜੂ ਸਿੰਘ, ਗੁਰੂ ਕੇ ਬਾਗ, ਜੈਤੋ ਦਾ ਮੋਰਚਾ, ਪਹਿਲੀ ਵਾਰ ਡੇਢ ਮਹੀਨਾ, ਦੂਸਰੀ ਵਾਰ 11 ਮਹੀਨੇ ਕੈਦ

**266.** ਹਰਨਾਮ ਸਿੰਘ ,, ,, ਧੰਨਾ ਸਿੰਘ, ,, ਜਾਮਾ ਰਾਏ, ਆਈ ਐਨ ਏ, ਮੁਹਾਜ਼ ਤੇ ਗ੍ਰਿਫ਼ਤਾਰੀ ਉਪ੍ਰੰਤ ਕੋਰਟ ਮਾਰਸ਼ਲ, 4 ਸਾਲ 2 ਮਹੀਨੇ ਮੁਲਤਾਨ ਜੇਲ੍ਹ

**267.** ਹਰਨਾਮ ਸਿੰਘ ਪੁੱਤਰ ਸ੍ਰ ਗੰਗਾ ਸਿੰਘ, ਪਿੰਡ ਪੰਡੋਰੀ ਰਣ ਸਿੰਘ, ਭਾਈ ਫੇਰੂ ਦਾ ਮੋਰਚਾ, 1 ਸਾਲ

**268.** ਹਰਦੀਪ ਸਿੰਘ ਉਰਫ਼ ਤਾਰਾ ਸਿੰਘ ਪੁੱਤਰ ਸ੍ਰ ਨੱਥਾ ਸਿੰਘ, ਗ਼ਲੀ ਜੈਮਲ ਸਿੰਘ ਵਾਲ਼ੀ, ਤਰਨਤਾਰਨ, ਜੈਤੋ ਦਾ ਮੋਰਚਾ, 7.5 ਮਹੀਨੇ ਕੈਦ

**269.** ਹੀਰਾ ਸਿੰਘ ,, ,, ਭਾਗ ਸਿੰਘ, ,, ਸੁਰ ਸਿੰਘ, ਕਿਸਾਨ ਮੋਰਚਾ 1939, 6 ਮਹੀਨੇ ਕੈਦ

**270.** ਹਰੀ ਸਿੰਘ ਪੁੱਤਰ ਸ੍ਰ ਲਹਿਣਾ ਸਿੰਘ, ਮੁਹੱਲਾ ਨਾਨਕਸਰ, ਤਰਨਤਾਰਨ, ,, ,, 10 ਮਹੀਨੇ ਕੈਦ

**271.** ਹਾਕਮ ਸਿੰਘ ਪੁੱਤਰ ਸ੍ਰ ਮਾਨ ਸਿੰਘ, ਪਿੰਡ ਕੱਲ੍ਹਾ, ਗੁਰੂ ਕੇ ਬਾਗ ਦਾ ਮੋਰਚਾ, 6 ਮਹੀਨੇ ਕੈਦ

**272.** ਹਾਕਮ ਸਿੰਘ ,, ,, ਮੀਹਾਂ ਸਿੰਘ, ,, ਕੱਲ੍ਹਾ, ਭਾਈ ਫੇਰੂ ਦਾ ਮੋਰਚਾ, 6 ਮਹੀਨੇ ਕੈਦ

**273.** ਹਰਨਾਮ ਸਿੰਘ ਪੁੱਤਰ ਸ੍ਰ ਬੂੜ ਸਿੰਘ, ਪਿੰਡ ਚੱਕ ਮਹਿਰ (ਜਾਮਾ ਰਾਏ), ਭਾਈ ਫੇਰੂ ਦਾ ਮੋਰਚਾ, 1 ਸਾਲ

**274.** ਹੇਮ ਰਾਜ ਪੁੱਤਰ ਸ੍ਰ ਰਾਮ ਸਿੰਘ, ਪਿੰਡ ਦਿਲਾਵਲ ਪੁਰ, ਡਾ ਖਾ ਫੇਲੋਕੇ, ਭਾਈ ਫੇਰੂ ਦਾ ਮੋਰਚਾ, 1 ਸਾਲ 2 ਮਹੀਨੇ

**275.** ਹਰੀ ਸਿੰਘ ਪੁੱਤਰ ਸ੍ਰ ਦੇਵਾ ਸਿੰਘ, ਪਿੰਡ ਮਰਾਹਣਾ, ਗੁਰੂ ਕੇ ਬਾਗ ਦਾ ਮੋਰਚਾ, 8 ਮਹੀਨੇ

**276.** ਹਰਨਾਮ ਸਿੰਘ ਪੁੱਤਰ ਸ੍ਰ ਮਾਘ ਸਿੰਘ, ਪਿੰਡ ਪੱਖੋ ਪੁਰਾ, ਭਾਈ ਫੇਰੂ ਦਾ ਮੋਰਚਾ, 1 ਸਾਲ ਕੈਦ

**277.** ਹਰਨਾਮ ਸਿੰਘ ਪੁੱਤਰ ਸ੍ਰ ਅਰੂੜ ਸਿੰਘ, ਪਿੰਡ ਪੱਖੋ ਪੁਰਾ, ਗੁਰੂ ਕੇ ਬਾਗ ਦਾ ਮੋਰਚਾ, 7 ਮਹੀਨੇ

**278.** ਹਰਬੰਸ ਸਿੰਘ ਪੁੱਤਰ ਸ੍ਰ ਇੰਦਰ ਸਿੰਘ, ਪਿੰਡ ਜਾਮਾਰਾਏ, ਜੈਤੋ ਦਾ ਮੋਰਚਾ, 9 ਮਹੀਨੇ ਕੈਦ

**279.** ਹਰਬੰਸ ਸਿੰਘ ,, ,, ਰਾਮ ਸਿੰਘ, ,, ਸੱਕਿਆਂਵਾਲ਼ੀ, ਜੈਤੋ ਦਾ ਮੋਰਚਾ, 1 ਸਾਲ ਕੈਦ

**280.** ਹਰਨਾਮ ਸਿੰਘ ਪੁੱਤਰ ਸ੍ਰ ਜੱਸਾ ਸਿੰਘ, ਪਿੰਡ ਕਲੇਰ, ਭਾਈ ਫੇਰੂ ਦਾ ਮੋਰਚਾ, 1 ਸਾਲ 6 ਮਹੀਨੇ

**281.** ਹਜ਼ਾਰਾ ਸਿੰਘ ਪੁੱਤਰ ਸ੍ਰ ਜਵੰਧ ਸਿੰਘ, ਪਿੰਡ ਚੌਧਰੀਵਾਲ਼ਾ, ਗੁਰੂ ਕੇ ਬਾਗ ਦਾ ਮੋਰਚਾ, 6 ਮਹੀਨੇ ਕੈਦ

**282.** ਹਰਦੀਪ ਸਿੰਘ ਪੁੱਤਰ ਸ੍ਰ ਪਾਲ ਸਿੰਘ, ਪਿੰਡ ਭੂਰੇ ਸ਼ੇਖ, ਗੁਰੂ ਕੇ ਬਾਗ ਦਾ ਮੋਰਚਾ, 6 ਮਹੀਨੇ

**283.** ਹਜ਼ਾਰਾ ਸਿੰਘ ,, ,, ਹਰਨਾਮ ਸਿੰਘ, ਮੁਹੱਲਾ ਰੋਡੂ ਪੁਰਾ, ਤਰਨਤਾਰਨ, ਅਜ਼ਾਦੀ ਲਹਿਰ, 9 ਮਹੀਨੇ ਕੈਦ

**284.** ਹੀਰਾ ਸਿੰਘ ਪੁੱਤਰ ਸ੍ਰ ਨੰਦ ਸਿੰਘ, ਪਿੰਡ ਕੋਟ ਧਰਮਚੰਦ ਕਲਾਂ, ਗੁਰੂ ਕੇ ਬਾਗ ਦਾ ਮੋਰਚਾ, 6 ਮਹੀਨੇ ਕੈਦ

**285.** ਹਜ਼ਾਰਾ ਸਿੰਘ ਪੁੱਤਰ ਸ੍ਰ ਸ਼ੇਰ ਸਿੰਘ, ਪਿੰਡ ਮਨਿਹਾਲ਼ਾ, ਕਾਂਗਰਸ ਲਹਿਰ, 2 ਸਾਲ 11 ਮਹੀਨੇ

**286.** ਹਜ਼ਾਰਾ ਸਿੰਘ ਪੁੱਤਰ ਸ੍ਰ ਦੇਵਾ ਸਿੰਘ, ਪਿੰਡ ਮਨਿਹਾਲ਼ਾ ਜੈ ਸਿੰਘ, ਕਾਂਗਰਸ ਲਹਿਰ, 1 ਸਾਲ 5 ਮਹੀਨੇ ਕੈਦ

**287.** ਹੁਕਮ ਸਿੰਘ ਪੁੱਤਰ ਸ੍ਰ ਬੂਟਾ ਸਿੰਘ, ਪਿੰਡ ਮਨਿਹਾਲ਼ਾ ਜੈ ਸਿੰਘ, ਕਾਂਗਰਸ ਲਹਿਰ, 5 ਸਾਲ 4 ਮਹੀਨੇ ਕੈਦ

**288.** ਬੀਬੀ ਹੁਕਮ ਕੌਰ ਵਿਧਵਾ ਬਹਾਦਰ ਸਿੰਘ, ਪਿੰਡ ਨਬੀ ਪੁਰ (ਪੱਟੀ), ਆਈ ਐਨ ਏ, ---

**289.** ਹੇਮ ਸਿੰਘ ,, ,, ਭੂਪ ਸਿੰਘ, ,, ਲਾਲਪੁਰਾ, ਅਜ਼ਾਦੀ ਲਹਿਰ, ਗੁਰੂ ਕੇ ਬਾਗ ਦਾ ਮੋਰਚਾ, 2 ਸਾਲ 6 ਮਹੀਨੇ, ਦੂਸਰੀ ਵਾਰ 1 ਸਾਲ 6 ਮਹੀਨੇ ਕੈਦ

**290.** ਹਰਦਿੱਤ ਸਿੰਘ ,, ,, ਆਤਮਾ ਸਿੰਘ, ,, ਨਾਰਲੀ, ਗੁਰੂ ਕੇ ਬਾਗ ਦਾ ਮੋਰਚਾ, 2 ਸਾਲ ਕੈਦ

**291.** ਹਰਨਾਮ ਸਿੰਘ ਪੁੱਤਰ ਸ੍ਰ ਕਿਸ਼ਨ ਸਿੰਘ, ਪਿੰਡ ਸਭਰਾ, ਅਕਾਲੀ ਲਹਿਰ, 1 ਸਾਲ ਕੈਦ

**292.** ਹਰਨਾਮ ਸਿੰਘ ਉਰਫ਼ ਜੁਆਲਾ ਸਿੰਘ, ਪਿੰਡ ਡੱਲ, ਕਾਂਗਰਸ ਲਹਿਰ, 1 ਸਾਲ 3 ਮਹੀਨੇ ਕੈਦ

**293.** ਹਜ਼ਾਰਾ ਸਿੰਘ ਪੁੱਤਰ ਸ੍ਰ ਨਰਾਇਣ ਸਿੰਘ, ਪਿੰਡ ਕਾਲ਼ੇ (ਭਿੱਖੀਵਿੰਡ), ਕਾਂਗਰਸ ਲਹਿਰ, 2 ਸਾਲ 10 ਮਹੀਨੇ ਕੈਦ

**294.** ਹਰਨਾਮ ਸਿੰਘ ਪੁੱਤਰ ਸ੍ਰ ਜਵਾਲਾ ਸਿੰਘ, ਪਿੰਡ ਨਾਰਲੀ, ਅਕਾਲੀ ਲਹਿਰ, 11 ਮਹੀਨੇ ਕੈਦ

**295.** ਹਰਨਾਮ ਸਿੰਘ ,, ,, ਦਸੌਂਧਾ ਸਿੰਘ, ,, ਮਨ੍ਹਿਆਲਾ ਜੈ ਸਿੰਘ, ਕਿਸਾਨ ਮੋਰਚਾ 1939, ਭਾਈ ਫੇਰੂ ਦਾ ਮੋਰਚਾ, ਗੁਰੂ ਕੇ ਬਾਗ ਦਾ ਮੋਰਚਾ, 9 ਮਹੀਨੇ ਕੈਦ + 100 ਰੁਪਏ ਜੁਰਮਾਨਾ

**296.** ਹਰਦਿੱਤ ਸਿੰਘ ਪੁੱਤਰ ਸ੍ਰ ਹਾਕਮ ਸਿੰਘ, ਪਿੰਡ ਨਾਰਲੀ, ,, ,, 9 ਮਹੀਨੇ ਕੈਦ

**297.** ਹਜ਼ਾਰਾ ਸਿੰਘ ਪੁੱਤਰ ਸ੍ਰ ਗੰਡਾ ਸਿੰਘ, ਪਿੰਡ ਸਿਧਵਾਂ, ਕਿਸਾਨ ਮੋਰਚਾ, 6 ਮਹੀਨੇ ਕੈਦ

**298.** ਹਰਨਾਮ ਸਿੰਘ ਪੁੱਤਰ ਸ੍ਰ ਬੁੱਢਾ ਸਿੰਘ, ਪਿੰਡ ਘੁਰਕਵਿੰਡ, ਆਈ ਐਨ ਏ, ---

**299.** ਹਜ਼ਾਰਾ ਸਿੰਘ ,, ,, ਈਸ਼ਰ ਸਿੰਘ, ਪਿੰਡ ਰਾਣੀਵਲਾਹ, ਅੰਗਰੇਜ਼-ਵਿਰੋਧੀ ਹੋਣ ਕਾਰਨ ਨੌਂਕਰੀ ਤੋਂ ਬਰਖ਼ਾਸਤ ਕੀਤਾ ਗਿਆ

**300.** ਹਰਨਾਮ ਸਿੰਘ ਪੁੱਤਰ ਸ੍ਰੀ ਰੁਲਦੂ ਰਾਮ, ਪਿੰਡ ਦਿਆਲਪੁਰ (ਤਰਨਤਾਰਨ) ਨੂੰ ਜੂਹ-ਬੰਦ ਕੀਤਾ ਗਿਆ

**301.** ਕਿਸ਼ਨ ਸਿੰਘ ਪੁੱਤਰ ਸ੍ਰ ਬੂਟਾ ਸਿੰਘ, ਪਿਡ ਪਿੱਦੀ , ਜੈਤੋ ਦਾ ਮੋਰਚਾ, 1 ਸਾਲ 3 ਮਹੀਨੇ

**302.** ਕਾਲ਼ਾ ਸਿੰਘ ਪੁੱਤਰ ਸ੍ਰ ਗੰਗਾ ਸਿੰਘ, ਪਿੰਡ ਪੰਡੋਰੀ ਰਣ ਸਿੰਘ, ਭਾਈ ਫੇਰੂ ਦਾ ਮੋਰਚਾ, 1 ਸਾਲ

**303.** ਕਸ਼ਮੀਰ ਸਿੰਘ ਪੁੱਤਰ ਸ੍ਰ ਸਾਧੂ ਸਿੰਘ, ਪਿੰਡ ਸੁਰ ਸਿੰਘ, ਕਿਸਾਨ ਮੋਰਚਾ ਲਾਹੌਰ 1939, 6 ਮਹੀਨੇ ਕੈਦ

**304.** ਕਰਮ ਸਿੰਘ ਪੁੱਤਰ ਸ੍ਰ ਨਿਧਾਨ ਸਿੰਘ, ਪਿੰਡ ਝਬਾਲ, ਕਾਂਗਰਸ ਲਹਿਰ, 6 ਮਹੀਨੇ ਕੈਦ + 100 ਰੁ ਜੁਰਮਾਨਾ

**305.** ਕਰਮ ਸਿੰਘ ,, ,, ਚੰਦਾ ਸਿੰਘ, ,,ਦਦੇਹਰ ਸਾਹਿਬ, ਅਜ਼ਾਦੀ ਲਹਿਰ, ਨਜ਼ਰਬੰਦੀ 2 ਸਾਲ, ਜਾਇਦਾਦ ਜਬਤ

**306.** ਕਿਸ਼ਨ ਸਿੰਘ ਪੁੱਤਰ ਸ੍ਰ ਦਿਆਲ ਸਿੰਘ, ਪਿੰਡ ਪੰਡੋਰੀ ਗੋਲਾ, ਗੁਰੂ ਕੇ ਬਾਗ ਦਾ ਮੋਰਚਾ 6 ਮਹੀਨੇ

**307.** ਕਿਸ਼ਨ ਸਿੰਘ ਪੁੱਤਰ ਸ੍ਰ ਚੇਤ ਸਿੰਘ, ਪਿੰਡ ਜੌਹਲ ਰਾਜੂ ਸਿੰਘ, ਗੁਰੂ ਕੇ ਬਾਗ ਦਾ ਮੋਰਚਾ, 2 ਸਾਲ

**308.** ਕਿਸ਼ਨ ਸਿੰਘ ਪੁੱਤਰ ਸ੍ਰ ਦੀਦਾਰ ਸਿੰਘ, ਪਿੰਡ ਜਰਮਸਤ ਪੁਰ, ਜੈਤੋ ਦਾ ਮੋਰਚਾ, 6 ਮਹੀਨੇ ਕੈਦ

**309.** ਕਿਸ਼ਨ ਸਿੰਘ ,, ,, ਚੇਤੂ ਸਿੰਘ, ਮਾਰਫ਼ਤ ਕਰਮ ਸਿੰਘ ਨਾਰਲਾ, ਅਕਾਲੀ ਲਹਿਰ, 11 ਮਹੀਨੇ ਕੈ

**310.** ਕਰਤਾਰ ਸਿੰਘ ਪੁੱਤਰ ਸ੍ਰ ਹਰਨਾਮ ਸਿੰਘ, ਚੌਂਕ ਭਾਨ ਸਿੰਘ, ਤਰਨਤਾਰਨ, ਭਾਰਤ ਛੱਡੋ ਲਹਿਰ, 3 ਸਾਲ ਕੈਦ

**311.** ਕੇਹਰ ਸਿੰਘ ਪੁੱਤਰ ਸ੍ਰ ਵਧਾਵਾ ਸਿੰਘ, ਪਿੰਡ ਕੋਟਲੀ ਸਰੂ ਖਾਂ, ਭਾਈ ਫੇਰੂ ਦਾ ਮੋਰਚਾ, 10 ਮਹੀਨੇ ਕੈਦ

**312.** ਕਰਨੈਲ ਸਿੰਘ ਪੁੱਤਰ ਸ੍ਰ ਈਸ਼ਰ ਸਿੰਘ, ਪਿੰਡ ਤੇ ਡਾ ਖਾ ਚੋਹਲਾ ਸਾਹਿਬ, ਆਈ ਐਨ ਏ ---

**313.** ਕੁੰਦਨ ਸਿੰਘ ਪੁੱਤਰ ਸ੍ਰ ਸੁਦਾਗਰ ਸਿੰਘ, ਪਿੰਡ ਪੱਖੋ ਪੁਰਾ, ਡੀ ਆਈ ਆਰ 1941, 9 ਮਹੀਨੇ ਕੈਦ

**314.** ਕਰਨੈਲ ਸਿੰਘ ਪੁੱਤਰ ਸ੍ਰ ਕੇਸਰ ਸਿੰਘ, ਪਿੰਡ ਸਭਰਾ, ਆਈ ਐਨ ਏ, ਮੁਹਾਜ਼ ਤੇ ਫੜਿਆ ਗਿਆ, ਕੋਰਟ ਮਾਰਸ਼ਲ ਉਪ੍ਰੰਤ 1 ਸਾਲ ਕੈਦ

**315.** ਕੰਧਾਰਾ ਸਿੰਘ ਪੁੱਤਰ ਸ੍ਰ ਕਿਸ਼ਨ ਸਿੰਘ, ਪਿੰਡ ਚੋਹਲਾ ਸਾਹਿਬ, ਆਈ ਐਨ ਏ, 1 ਸਾਲ 6 ਮਹੀਨੇ

**316.** ਕੇਹਰ ਸਿੰਘ ਪੁੱਤਰ ਸ੍ਰ ਗੁੱਜਰ ਸਿੰਘ, ਪਿੰਡ ਠੱਠੀਆਂ ਮਹੰਤਾਂ, ਅਕਾਲੀ ਲਹਿਰ, 1 ਸਾਲ

**317.** ਕੁੰਦਨ ਸਿੰਘ ਪੁੱਤਰ ਸ੍ਰ ਭਾਨ ਸਿੰਘ, ਪਿੰਡ ਦਦੇਹਰ ਸਾਹਿਬ, ਕਿਸਾਨ ਮੋਰਚਾ, 1 ਸਾਲ 3 ਮਹੀਨੇ

**318.** ਕਰਤਾਰ ਸਿੰਘ ਪਿੰਡ, ਸਰਲੀ ਖੁਰਦ, ਕਾਂਗਰਸ ਲਹਿਰ+ਕਿਸਾਨ ਮੋਰਚਾ, 3 ਸਾਲ 6 ਮਹੀਨੇ ਕੈਦ

**319.** ਕਰਤਾਰ ਸਿੰਘ ,, ,, ਮਹਿਤਾਬ ਸਿੰਘ, ,, ਪੱਟੀ, ਸਿਵਲ ਨਾ-ਫ਼ੁਰਮਾਨੀ ਲਹਿਰ, 2 ਸਾਲ

**320.** ਕਰਤਾਰ ਸਿੰਘ ,, ,, ਹਜ਼ਾਰਾ ਸਿੰਘ, ,, ਚੋਹਲਾ ਸਾਹਿਬ, ਆਈ ਐਨ ਏ, 1 ਸਾਲ 6 ਮਹੀਨੇ

**321.** ਕਰਨੈਲ ਸਿੰਘ ਪੁੱਤਰ ਸ੍ਰ ਮੱਸਾ ਸਿੰਘ, ਪਿੰਡ ਦਦੇਹਰ ਸਾਹਿਬ, ਆਈ ਐਨ ਏ, ---

**322.** ਕਰਤਾਰ ਸਿੰਘ ,, ,, ਜਵਾਲਾ ਸਿੰਘ, ,, ਕੋਹਾੜਕਾ, ,, ,, ,, 2 ਸਾਲ

**323.** ਕਰਨੈਲ ਸਿੰਘ ,, ,, ਸੰਤ ਸਿੰਘ, ,, ਵਰਨਾਲ਼ਾ, ,, ,, ,, ਸਿੱਖ ਰੈਜਮੈਂਟ ਛੱਡੀ,ਬਰ੍ਹਮਾ ਫਰੰਟ ਤੇ ਗ੍ਰਿਫ਼ਤਾਰ, 9 ਮਹੀਨੇ ਜੇਲ੍ਹ ਰੰਗੂਨ ਵਿਚ ਕੈਦ ਕੱਟੀ

**324.** ਕਰਮ ਸਿੰਘ ਪੁੱਤਰ ਸ੍ਰ ਨਿਹਾਲ ਸਿੰਘ, ਪਿੰਡ ਨੁਸ਼ਹਿਰਾ ਪੰਨੂਆਂ, ,, ,, ,, 1 ਸਾਲ 6 ਮਹੀਨੇ ਕੈਦ

**325.** ਕਰਮ ਸਿੰਘ ,, ,, ਨਿਧਾਨ ਸਿੰਘ, ,, ਝਬਾਲ ਕਲਾਂ, ਅਜ਼ਾਦੀ ਲਹਿਰ, 6 ਮਹੀਨੇ ਕੈਦ + 100 ਰੁ ਜੁਰਮਾਨਾ

326. ਕਰਤਾਰ ਸਿੰਘ ਪੁੱਤਰ ਸ੍ਰ ਭਗਤ ਸਿੰਘ, ਪਿੰਡ ਪੱਧਰੀ ਖ਼ੁਰਦ, ਭਾਈ ਫੇਰੂ ਮੋਰਚਾ, ਕਿਸਾਨ ਮੋਰਚਾ, 2 ਸਾਲ ਕੈਦ

327. ਕਰਤਾਰ ਸਿੰਘ ਪੁੱਤਰ ਸ੍ਰ ਭਗਤ ਸਿੰਘ, ਵਾਸੀ ਤਰਨਤਾਰਨ, ਅਜ਼ਾਦੀ ਲਹਿਰ, 1 ਸਾਲ 2 ਮਹੀਨੇ ਕੈਦ

328. ਕਪੂਰ ਸਿੰਘ ਪੁੱਤਰ ਸ੍ਰ ਚੇਤ ਸਿੰਘ, ਪਿੰਡ ਤੇ ਡਾ. ਖਾ. ਬਾਹਮਣੀ ਵਾਲ਼ਾ, ਅਕਾਲੀ ਲਹਿਰ, 1 ਸਾਲ ਕੈਦ

329. ਕਿਸ਼ਨ ਸਿੰਘ ਪੁੱਤਰ ਸ੍ਰ ਬਾਬੂ ਸਿੰਘ, ਪਿੰਡ ਨਾਰਲੀ, ਕਾਂਗਰਸ ਲਹਿਰ, 1 ਸਾਲ 9 ਮਹੀਨੇ ਕੇਦ

330. ਕਰਨੈਲ ਸਿੰਘ ਪੁੱਤਰ ਸ੍ਰ ਦਲੀਪ ਸਿੰਘ, ਪਿੰਡ ਲਾਖਣਾ, ਆਈ ਐਨ ਏ, 11 ਮਹੀਨੇ ਕੈਦ

331. ਕਰਨੈਲ ਸਿੰਘ ਪੁੱਤਰ ਸ੍ਰ ਦਲੀਪ ਸਿੰਘ, ਪਿੰਡ ਲਹੁਕੇ, ਅਜ਼ਾਦੀ ਲਹਿਰ, 8 ਮਹੀਨੇ ਕੈਦ

332. ਕਰਮ ਸਿੰਘ ,, ,, ਸੰਤਾ ਸਿੰਘ ,, ਬੁਰਜ ਦੇਵਾ ਸਿੰਘ, ਸਰਕਾਰ ਵਿਰੁੱਧ ਹੋਣ ਕਾਰਨ ਫੌਜ ਚੋਂ ਬਰਖ਼ਾਸਤ ਕੀਤਾ

333. ਕੁੰਦਨ ਸਿੰਘ ,, ,, ਈਸ਼ਰ ਸਿੰਘ, ,, ਕੋਟ ਸਿਵਿਆਂ, ਆਈ ਐਨ ਏ, 8 ਮਹੀਨੇ ਕੈਦ

334. ਕੁੰਦਨ ਸਿੰਘ ,, ,, ਈਸ਼ਰ ਸਿੰਘ, ,, ਜੀਓ ਬਾਲ਼ਾ, ,, ,, ,, 6 ਮਹੀਨੇ ਕੈਦ

335. ਕਰਨੈਲ ਸਿੰਘ ,, ,, ਜਵਾਹਰ ਸਿੰਘ, ,, ,, ,, ,, ,, ,, ਹਾਂਗਕਾਂਗ ਵਿਚ, 2 ਸਾਲ

336. ਕਰਮ ਸਿੰਘ ,, ,, ਲੱਖਾ ਸਿੰਘ, ਮਾਣੋ ਚਾਹਲ ਕਲਾਂ ,, ,, ,, 1 ਸਾਲ 6 ਮਹੀਨੇ

337. ਕਰਨੈਲ ਸਿੰਘ ,, ,, ਆਸਾ ਸਿੰਘ, ,, ਵਰਨਾਲ਼ਾ, ਕਿਸਾਨ ਮੋਰਚਾ, 9 ਮਹੀਨੇ ਕੈਦ

338. ਕਰਨੈਲ ਸਿੰਘ ,, ,, ਸੁਦਾਗਰ ਸਿੰਘ, ,, ਕੋਟ ਧਰਮ ਚੰਦ ਕਲਾਂ, ਅਜ਼ਾਦੀ ਲਹਿਰ ਦੌਰਾਨ ਗ੍ਰਿਫ਼ਤਾਰੀ

339. ਕਪੂਰ ਸਿੰਘ ,, ,, ਨੱਥਾ ਸਿੰਘ, ,, ਮਰਹਾਣਾ, ਜੈਤੋ ਦਾ ਮੋਰਚਾ, ਪਹਿਲੀ ਵਾਰ 2 ਸਾਲ ਕੈਦ, ਦੁਬਾਰਾ ਕਿਸਾਨ ਮੋਰਚਾ, ਹਰਸ਼ਾ ਛੀਨਾ ਵਿਚ 9 ਮਹੀਨੇ ਕੈਦ

340. ਕਿਰਪਾਲ ਸਿੰਘ ਪੁੱਤਰ ਸ੍ਰ ਖੇਮ ਸਿੰਘ, ਪਿੰਡ ਭੂਰਾਕੋਨਾ, ਅਕਾਲੀ ਲਹਿਰ, 2 ਸਾਲ ਕੈਦ

341. ਕਾਕਾ ਸਿੰਘ ਪੁੱਤਰ ਸ੍ਰ ਕਿਸ਼ਨ ਸਿੰਘ, ਪਿੰਡ ਅਹਿਮਦਪੁਰਾ, ਸੱਤਿਆਗ੍ਰਹਿ, 1 ਸਾਲ

342. ਕਿਸ਼ਨ ਸਿੰਘ ਪੁੱਤਰ ਸ੍ਰ ਗੰਗਾ ਸਿੰਘ, ਪਿੰਡ ਦਾਸੂਵਾਲ਼, ਕਿਸਾਨ ਮੋਰਚਾ, 6 ਮਹੀਨੇ ਕੈਦ

343. ਕਰਨੈਲ ਸਿੰਘ ,, ,, ਅਨੂਪ ਸਿੰਘ, ਪਿੰਡ ਖੇੜਾ, ਕਿਸਾਨ ਮੋਰਚਾ, 6 ਮਹੀਨੇ ਕੈਦ

344. ਖਜ਼ਾਨ ਸਿੰਘ ਉਰਫ਼ ਮੰਗਲ ਸਿੰਘ ,, ,, ਹਾਕਮ ਸਿੰਘ, ,, ਦਬੁਰਜੀ, ਅਜ਼ਾਦੀ ਲਹਿਰ, 2 ਸਾਲ 4 ਮਹੀਨੇ ਕੈਦ ਮੁਲਤਾਨ, ਅੰਮ੍ਰਿਤਸਰ ਤੇ ਗੁੱਜਰਾਂਵਾਲ਼ਾ ਜੇਲ੍ਹ ਵਿਚ ਕੱਟੀ

345. ਖਜ਼ਾਨ ਸਿੰਘ ਪੁੱਤਰ ਸ੍ਰ ਗੋਪਾਲ ਸਿੰਘ, ਪਿੰਡ ਘਸੀਟ ਪੁਰ, ਜੈਤੋ ਦਾ ਮੋਰਚਾ, 1 ਸਾਲ 1 ਮਹੀਨਾ ਕੈਦ

346. ਖੇਮ ਸਿੰਘ ਪੁੱਤਰ ਸ੍ਰ ਤੇਜਾ ਸਿੰਘ, ਪਿੰਡ ਨਾਰਲਾ, ਭਾਰਤ ਛੱਡੋ ਲਹਿਰ, 1 ਸਾਲ

347. ਖੇਮ ਸਿੰਘ ਹੀਰੋ ………, ਪਿੰਡ ਨਾਰਲਾ, ਹੀਰੋ ਜਾਮਨ ਮੋਰਚਾ, 2 ਸਾਲ ਕੈਦ

348. ਖੇਮ ਸਿੰਘ ,, ,, ਬੂਟਾ ਸਿੰਘ, ,, ਦਾਸੂਵਾਲ਼, ਕਾਂਗਰਸ ਲਹਿਰ 1930 ਵਿਚ, 1 ਸਾਲ ਕੈਦ

349. ਗੁਰਦਿਆਲ ਸਿੰਘ ਪੁੱਤਰ ਸ੍ਰ ਝੰਡਾ ਸਿੰਘ, ਪਿੰਡ ਸਰਾਂ ਅਮਾਨਤ ਖਾਂ, ਕਾਂਗਰਸ ਲਹਿਰ, 8 ਮਹੀਨੇ ਕੈਦ

350. ਗੁਰਮੁਖ ਸਿੰਘ ਪੁੱਤਰ ਸ੍ਰ ਵੀਰ ਸਿੰਘ, ਪਿੰਡ ਤੇ ਡਾ. ਖਾ. ਖੱਬੇ ਰਾਜਪੂਤਾਂ, ਜੈਤੋ ਦਾ ਮੋਰਚਾ, 9 ਮਹੀਨੇ ਕੈਦ

351. ਗੁਰਮੁਖ ਸਿੰਘ ਪੁੱਤਰ ਸ੍ਰ ਕਾਲ਼ਾ ਸਿੰਘ, ਪਿੰਡ ਤੇ ਡਾ. ਖਾ. ਸਰਲੀ ਕਲਾਂ, ਗੁਰੂ ਕੇ ਬਾਗ ਤੇ ਜੈਤੋ ਦਾ ਮੋਰਚਾ, 1 ਸਾਲ 9 ਮਹੀਨੇ

352. ਗੁਰਦਿੱਤ ਸਿੰਘ ਪੁੱਤਰ ਸ੍ਰ ਜਵਾਲਾ ਸਿੰਘ, ਪਿੰਡ ਤੇ ਡਾ. ਖਾ. ਤੁੜ, ਭਾਈ ਫੇਰੂ ਦਾ ਮੋਰਚਾ, 7 ਮਹੀਨੇ ਕੈਦ

353. ਗੁਰਦਿੱਤ ਸਿੰਘ ,, ,, ਜੇਠਾ ਸਿੰਘ ,, ਪਿੱਦੀ, ਅਜ਼ਾਦੀ ਲਹਿਰ, 1 ਸਾਲ 1 ਮਹੀਨਾ ਕੈਦ

354. ਗੁਰਦੀਪ ਕੌਰ ਪਤਨੀ ਸ੍ਰ ਸੰਤੋਖ ਸਿੰਘ, ,, ਨੁਸ਼ਹਿਰਾ ਢਾਲਾ, ਅਜ਼ਾਦੀ ਲਹਿਰ ਦੌਰਾਨ 6 ਮਹੀਨੇ ਕੈਦ

355. ਗੁਰਮੇਜ ਸਿੰਘ ਪੁੱਤਰ ਸ੍ਰ ਜਵੰਧ ਸਿੰਘ, ਪਿੰਡ ਮੂਸੇ, ਜੈਤੋ ਦਾ ਮੋਰਚਾ, 1 ਸਾਲ ਕੈਦ

356. ਗੋਪਾਲ ਸਿੰਘ ਪੁੱਤਰ ਸ੍ਰ ਹਾਕਮ ਸਿੰਘ, ਪਿੰਡ ਤੇ ਡਾ ਖਾ ਤੁੜ, ਗੁਰੂ ਕੇ ਬਾਗ ਦਾ ਮੋਰਚਾ, 7 ਮਹੀਨੇ ਕੈਦ

357. ਗੰਡਾ ਸਿੰਘ ਪੁੱਤਰ ਸ੍ਰ ਵਸਾਵਾ ਸਿੰਘ, ਪਿੰਡ ਤੇ ਡਾ. ਖਾ. ਲਹੁਕੇ, ਆਈ ਐਨ ਏ ----

358. ਗੰਡਾ ਸਿੰਘ ,, ,, ਟਹਿਲ ਸਿੰਘ ,, ਲਾਖਣਾ (ਰਾਜੋ ਕੇ) ,, ,, ਮੁਹਾਜ਼ ਤੇ ਫੜਿਆ, 1 ਸਾਲ ਕੈਦ

359. ਗੁਰਮੁਖ ਸਿੰਘ ਪੁੱਤਰ ਸ੍ਰ ਇੰਦਰ ਸਿੰਘ, ਪਿੰਡ ਜੌਹਲ ਢਾਏ ਵਾਲ਼ਾ, ਜੈਤੋ ਦਾ ਮੋਰਚਾ, 1 ਸਾਲ ਕੈਦ
360. ਗੰਡਾ ਸਿੰਘ ਪੁੱਤਰ ਸ੍ਰ ਕੱਥਾ ਸਿੰਘ, ਪਿੰਡ ਜਾਮਾ ਰਾਏ, ਭਾਈ ਫੇਰੂ ਦਾ ਮੋਰਚਾ, 6 ਮਹੀਨੇ ਕੈਦ
361. ਗੰਗਾ ਸਿੰਘ ਪੁੱਤਰ ਸ੍ਰ ਨਿਹਾਲ ਸਿੰਘ, ਪਿੰਡ ਭੋਜੀਆਂ, ਜੈਤੋ ਦਾ ਮੋਰਚਾ, 2 ਸਾਲ ਕੈਦ
362. ਗੰਗਾ ਸਿੰਘ ,, ,, ਦੇਸਾ ਸਿੰਘ ਰਾਮਗੜ੍ਹੀਆ, ,, ਮਾਣਕ ਪੁਰਾ, ਜੈਤੋ ਦਾ ਮੋਰਚਾ, 1 ਸਾਲ 6 ਮਹੀਨੇ ਕੈਦ
363. ਗੁਰਦਿਆਲ ਸਿੰਘ ਪੁੱਤਰ ਸ੍ਰ ਜਗਤ ਸਿੰਘ, ਬਜ਼ਾਰ ਨੂਰਦੀ, ਤਰਨਤਾਰਨ, ਗੁਰੂ ਕੇ ਬਾਗ ਦਾ ਮੋਰਚਾ, 6 ਮਹੀਨੇ ਕੈਦ
